
Listing and Selling Homes
From San Jose to Sacramento
JASSI GILL Broker/Owner
Ph:510-304-9292
Refinance Now
@ZERO COST
Call Sukhi Gill:510-207-9067
CA DRE Lic.#01180969 CA DRE# 00966763

Ad Space Available
Please call:
847-359-0746

Global Green INSURANCE AGENCY of the Bay Area, CA
Auto, Home, Business, Life, Workers Comp.
ਵਧੀਆ ਭਾਅ, ਚੰਗੀ ਕਵਰੇਜ ਤੇ ਵਧੀਆ ਸਰਵਿਸ
Mann Insurance Brokers Inc.
4123 Dyer St., #230, Union City, CA 94587
Ph: 510-487-1000
Lic.# 0F34231 MANN@GGIAUSA.COM



Eighteenth Year of Publication
ਕੈਲੀਫੋਰਨੀਆ ਐਡੀਸ਼ਨ Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 18, Issue 42, October 21, 2017 20451 N Plum Grove Rd., Palatine, IL 60074 Ph:847-359-0746, Fax:847-705-9388


# ਗੁਰਦਾਸਪੁਰ ਦੀ ਚੋਣ ਨੇ ਫਿਰ ਮਘਾਇਆ ਸਿਆਸੀ ਪਿੜ

## ਅਕਾਲੀ ਦਲ ਤੇ ਭਾਜਪਾ ਦੇ ਤੋੜ-ਵਿਛੋੜੇ ਦੀ ਗੱਲ ਫਿਰ ਉਭਰੀ

**ਚੰਡੀਗੜ੍ਹ (ਗੁਰਵਿੰਦਰ ਸਿੰਘ ਵਿਰਕ):** ਲੋਕ ਸਭਾ ਚੋਣਾਂ ਤੋਂ ਮਹਿਜ਼ ਡੇਢ ਸਾਲ ਪਹਿਲਾਂ ਗੁਰਦਾਸਪੁਰ ਸੰਸਦੀ ਹਲਕੇ ਦੀ ਜ਼ਿਮਨੀ ਚੋਣ ਵਿਚ ਅਕਾਲੀ ਭਾਜਪਾ ਗੱਠਜੋੜ ਨੂੰ ਨਮੋਸ਼ੀ ਵਾਲੀ ਹਾਰ ਨੇ ਸੂਬੇ ਵਿਚ ਵੱਡੀ ਸਿਆਸੀ ਹਿਲਜੁਲ ਦੇ ਸੰਕੇਤ ਦਿੱਤੇ ਹਨ। ਮੁਢਲੇ ਤੌਰ 'ਤੇ ਇਸ ਹਾਰ ਨੂੰ ਅਕਾਲੀਆਂ ਦੇ 'ਕਰਮਾਂ' ਦਾ ਫਲ ਦੱਸਿਆ ਜਾ ਰਿਹਾ ਹੈ। ਇਸ ਹਾਰ ਪਿੱਛੋਂ ਪੰਜਾਬ ਭਾਜਪਾ ਵਿਚ ਅਕਾਲੀ ਦਲ ਨਾਲੋਂ ਤੋੜ ਵਿਛੋੜੇ ਦੀ ਚਰਚਾ ਵੀ ਮੁੜ ਸ਼ੁਰੂ ਹੋ ਗਈ ਹੈ।

ਗੁਰਦਾਸਪੁਰ ਸੰਸਦੀ ਹਲਕੇ ਨੂੰ ਭਾਜਪਾ ਦਾ ਗੜ੍ਹ ਮੰਨਿਆ ਜਾਂਦਾ ਰਿਹਾ ਹੈ। ਮਰਹੂਮ ਫਿਲਮ ਕਲਾਕਾਰ ਅਤੇ ਸਿਆਸਤਦਾਨ ਵਿਨੋਦ ਖੰਨਾ ਚੌਥੀ ਵਾਰ ਇਸ ਹਲਕੇ ਵਿਚੋਂ ਲੋਕ ਸਭਾ ਲਈ ਚੋਣ ਜਿੱਤੇ ਸਨ। ਸਾਲ 2012 ਵਿਚ ਹੋਈਆਂ ਵਿਧਾਨ ਸਭਾ ਚੋਣਾਂ ਸਮੇਂ ਪਠਾਨਕੋਟ ਜ਼ਿਲ੍ਹੇ ਦੇ ਤਿੰਨੇ ਹਲਕਿਆਂ ਉਪਰ ਭਾਜਪਾ ਦਾ ਕਬਜ਼ਾ ਸੀ, ਪਰ ਸਾਲ 2017 ਦੀਆਂ ਵਿਧਾਨ ਸਭਾ ਚੋਣਾਂ ਵਿਚ ਸਿਰਫ ਸੁਜਾਨਪੁਰ ਹਲਕਾ ਹੀ ਭਾਜਪਾ ਕੋਲ ਬਰਕਰਾਰ ਰਿਹਾ। ਹੁਣ ਵਿਧਾਨ ਸਭਾ ਚੋਣਾਂ ਦੇ 7 ਮਹੀਨਿਆਂ ਬਾਅਦ ਹੀ ਲੋਕ ਸਭਾ ਜ਼ਿਮਨੀ ਚੋਣ ਵਿਚ ਭਾਜਪਾ ਤਿੰਨੇ ਹਲਕਿਆਂ ਵਿਚੋਂ ਹਾਰ ਗਈ। ਕਾਂਗਰਸ ਨੂੰ ਵੀ ਆਸ ਨਹੀਂ ਸੀ ਕਿ ਉਸ ਨੂੰ



1.93 ਲੱਖ ਵੋਟਾਂ ਦੇ ਫਰਕ ਨਾਲ ਜਿੱਤ ਮਿਲੇਗੀ। ਜ਼ਿਮਨੀ ਚੋਣ ਵਿਚ ਅਕਾਲੀ ਦਲ ਦੀ ਨੁਮਾਇੰਦਗੀ ਵਾਲੇ ਹਲਕਿਆਂ ਵਿਚ ਕਾਂਗਰਸੀ ਉਮੀਦਵਾਰ ਦਾ ਵੱਡੇ ਫਰਕ ਨਾਲ ਜਿੱਤਣ ਤੋਂ ਸੰਕੇਤ ਮਿਲਦਾ ਹੈ ਕਿ ਲੋਕ, ਵਿਧਾਨ ਸਭਾ ਚੋਣਾਂ ਵਾਂਗ ਅਜੇ ਵੀ ਅਕਾਲੀ ਲੀਡਰਸ਼ਿਪ ਦੇ ਖਿਲਾਫ ਹਨ। ਜਾਖੜ ਭਾਵੇਂ ਸਾਰੇ ਨੌਂ ਵਿਧਾਨ ਸਭਾ ਖੇਤਰਾਂ ਵਿਚ ਅੱਗੇ ਰਹੇ, ਪਰ ਵੱਡੀਆਂ ਲੀਡਾਂ ਉਨ੍ਹਾਂ ਨੂੰ ਅਕਾਲੀਆਂ ਵਾਲੇ ਖੇਤਰਾਂ ਵਿਚੋਂ ਮਿਲੀਆਂ।

ਡੇਰਾ ਬਾਬਾ ਨਾਨਕ ਵਿਧਾਨ ਸਭਾ ਹਲਕੇ ਦਾ ਨਤੀਜਾ ਤਾਂ ਅਕਾਲੀ ਲੀਡਰਸ਼ਿਪ ਲਈ ਖਤਰੇ ਦੀ ਘੰਟੀ ਵੀ ਹੈ। ਇਸ ਹਲਕੇ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਆਪਣੇ ਕਰੀਬੀ ਰਿਸ਼ਤੇਦਾਰ ਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਦੀ ਅਗਵਾਈ ਹੇਠ ਵੱਡੇ ਆਗੂਆਂ ਦੀ ਟੀਮ ਨੂੰ ਜ਼ਿੰਮੇਵਾਰੀ ਸੌਂਪੀ ਸੀ, ਪਰ ਇਸ ਵਿਧਾਨ ਸਭਾ ਹਲਕੇ ਤੋਂ ਕਾਂਗਰਸ ਨੇ ਸਭ ਤੋਂ ਵੱਡੀ 44074 ਵੋਟਾਂ ਦੀ ਲੀਡ ਪ੍ਰਾਪਤ ਕੀਤੀ। ਦੋ ਵਿਧਾਨ ਸਭਾ ਹਲਕਿਆਂ ਸੁਜਾਨਪੁਰ

*(ਬਾਕੀ ਸਫਾ 6 'ਤੇ)*

## ਭਾਜਪਾ ਦੇ 'ਅੱਛੇ ਦਿਨ' ਹੁਣ ਪੁੱਗਣ ਲੱਗੇ

**ਚੰਡੀਗੜ੍ਹ:** ਭਾਜਪਾ ਭਾਵੇਂ ਗੁਰਦਾਸਪੁਰ ਜ਼ਿਮਨੀ ਚੋਣ ਵਿਚ ਹਾਰ ਦਾ ਦੋਸ਼ ਅਕਾਲੀਆਂ ਸਿਰ ਮੜ੍ਹ ਰਹੀ ਹੈ, ਪਰ ਇਹ ਵੀ ਸੱਚ ਹੈ ਕਿ ਨੋਟਬੰਦੀ, ਜੀ.ਐਸ.ਟੀ., ਫਿਰਕੂ ਕੁੜੱਤਣ ਤੇ ਅੱਛੇ ਦਿਨਾਂ ਦਾ ਜੁਮਲਾ ਲੋਕਾਂ ਨੂੰ ਹਜ਼ਮ ਨਹੀਂ ਹੋਇਆ। ਪੰਜਾਬ ਵਿਚ ਭਾਜਪਾ ਦੇ ਸਿਰਫ ਦੋ ਹੀ ਸੰਸਦ ਮੈਂਬਰ ਸਨ ਜਿਨ੍ਹਾਂ ਵਿਚੋਂ ਇਕ ਦੀ ਹਾਰ ਨੇ ਸਪਸ਼ਟ ਕਰ ਦਿੱਤਾ ਹੈ ਕਿ ਅੱਗੇ 2019 ਦੀਆਂ ਲੋਕ ਸਭਾ ਚੋਣਾਂ ਵਿਚ ਵੀ ਅਕਾਲੀ-ਦਲ ਭਾਜਪਾ ਕੋਈ ਬਹੁਤੀ ਉਮੀਦ ਨਾ ਰੱਖੇ। ਸਿਰਫ ਪੰਜਾਬ ਹੀ ਨਹੀਂ ਇਸ ਤੋਂ ਪਹਿਲਾਂ ਕੁਝ ਸੂਬਿਆਂ ਵਿਚ ਹੋਈਆਂ ਜ਼ਿਮਨੀ ਚੋਣਾਂ ਵੀ ਭਾਜਪਾ ਲਈ ਨਮੋਸ਼ੀ ਵਾਲੀਆਂ ਰਹੀਆਂ। 2019 ਵਿਚ ਮੁੜ ਸੱਤਾ ਵਿਚ ਆਉਣ ਦੀਆਂ ਆਸਾਂ ਲਾਈ ਬੈਠੀ ਭਾਜਪਾ ਲਈ ਇਹ ਸ਼ੁਭ ਸੰਕੇਤ ਨਹੀਂ। ਹਾਲ ਹੀ ਵਿਚ ਨਾਂਦੇੜ-ਵਾਘਲਾ ਮਹਾਨਗਰ ਪਾਲਿਕਾ (ਐਨ.ਡਬਲਿਊ.ਸੀ.ਐਮ.ਸੀ.) ਦੀਆਂ 81

*(ਬਾਕੀ ਸਫਾ 6 'ਤੇ)*

## ਪਟਨਾ ਸਾਹਿਬ ਤੋਂ ਬੀਬੀਆਂ ਨੂੰ ਕੀਰਤਨ ਦੀ ਇਜਾਜ਼ਤ



**ਚੰਡੀਗੜ੍ਹ:** ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜਨਮ ਸਥਾਨ ਪਟਨਾ ਸਾਹਿਬ ਦੇ ਇਤਿਹਾਸਕ ਗੁਰਦੁਆਰੇ ਤੋਂ ਸਿੱਖ ਬੀਬੀਆਂ ਨੂੰ ਕੀਰਤਨ ਕਰਨ ਦੀ ਇਜਾਜ਼ਤ ਦੇ ਦਿੱਤੀ ਗਈ ਹੈ। ਇਹ ਜਾਣਕਾਰੀ ਤਖਤ ਦੀ ਪ੍ਰਬੰਧਕ ਕਮੇਟੀ ਦੇ ਨਵੇਂ ਚੁਣੇ ਪ੍ਰਧਾਨ ਹਰਵਿੰਦਰ ਸਿੰਘ ਸਰਨਾ ਨੇ ਦਿੱਤੀ।

ਉਨ੍ਹਾਂ ਦੱਸਿਆ ਕਿ ਸਿੱਖ ਬੀਬੀਆਂ ਨੇ ਤਾਂ ਤਖਤ ਤੋਂ ਸਵੇਰੇ ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਸ਼ੁਰੂ ਕਰ ਦਿੱਤਾ ਹੈ, ਜਿਸ ਦਾ ਪ੍ਰਸਾਰਨ ਰੋਜ਼ਾਨਾ ਇਕ ਪ੍ਰਾਈਵੇਟ ਟੀ.ਵੀ. ਤੋਂ ਸ਼ੁਰੂ ਹੋ ਗਿਆ ਹੈ। ਯਾਦ ਰਹੇ ਕਿ ਸ਼੍ਰੋਮਣੀ ਕਮੇਟੀ ਅੰਮ੍ਰਿਤਸਰ ਹੁਣ ਤੱਕ ਸ੍ਰੀ ਹਰਿਮੰਦਰ ਸਾਹਿਬ ਤੋਂ ਸਿੱਖ ਬੀਬੀਆਂ ਨੂੰ ਕੀਰਤਨ ਕਰਨ ਦੀ ਇਜਾਜ਼ਤ ਦੇਣ ਬਾਰੇ ਕੋਈ ਫੈਸਲਾ ਨਹੀਂ ਕਰ ਸਕੀ; ਹਾਲਾਂਕਿ ਇਹ ਮਾਮਲਾ ਪਿਛਲੇ ਕਈ ਸਾਲਾਂ ਤੋਂ ਵਿਚਾਰਿਆ ਜਾ ਰਿਹਾ ਹੈ।

ਬੀਬੀ ਜਗੀਰ ਕੌਰ ਜਦੋਂ ਸ਼੍ਰੋਮਣੀ ਕਮੇਟੀ ਦੀ ਪ੍ਰਧਾਨ ਸੀ ਤਾਂ ਉਨ੍ਹਾਂ ਵੀ ਬੜੀਆਂ ਕੋਸ਼ਿਸ਼ਾਂ ਕੀਤੀਆਂ ਸਨ, ਪਰ ਸਿੰਘ ਸਾਹਿਬਾਨ ਨਾਲ ਸਲਾਹ ਮਸ਼ਵਰਾ ਕਰਨ ਦੇ ਬਾਵਜੂਦ ਕਿਸੇ ਨਾ ਕਿਸੇ ਕਾਰਨ ਉਹ ਸਫਲ ਨਹੀਂ ਸਨ ਹੋ ਸਕੇ। ਮੌਜੂਦਾ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਤਾਂ ਇਸ ਮਾਮਲੇ ਬਾਰੇ ਚੁੱਪ ਧਾਰਨ ਕਰਨਾ ਹੀ ਉਚਿਤ ਸਮਝਿਆ ਹੈ।


We Do Real Estate in Bay Area & Central Valley
We do loans anywhere in California

Cell: 408-816-0408
Tel: 209-918-6464
Fax: 866-594-4680
email: realtoramanhundal@gmail.com
AMAN S. HUNDAL
Broker/Realtor/MBA
BRE# 01839828
NMLS# 162808
Alltime REALTY & MORTGAGE
16 Corning Ave, Ste. 230, Milpitas, CA 92035
3819 Northern Oak Dr., Ceres, CA 95307
CDPE, SFR *LAR 2010, 2011, 2012 Masters Club
Masters Emerald Award 2010, 2011


Raja SWEETS & CATERING
AUTHORIZED CATERER FOR MAJOR 5-STAR HOTELS
Follow us on:
Toll Free 1-866-FOR-RAJA
www.rajasweets.com
msbains@rajasweets.com
ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets
Items Serving: All kinds of Sweets, Snacks & Food, Chaat & Tikki Stall, Pani Poori Stall, Bhel Poori / Pav Bhaji, Falooda Kulfi
Catering Services: Wedding Ceremonies, Receptions, Birthday Parties, Religious Gatherings, Corporate Events, Picnics / Bar-b-que
Additional Services: Warmers, Chaffing Dishes, China & Silverware, Linen Rental, Waiters & Bartenders
Raja Sweets & Indian Cuisine
Raja Indian Cuisine & Bar
Call Makhan Bains or Ravinder Singh For Your Next Party
1-866-FOR-RAJA (367-7252)
www.RajaSweets.com

Law Office of Manpreet S. Gahra
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ

Manpreet S. Gahra
Attorny At Law
Criminal Defense (DUI, simple battery, domestic violence, immigration post-conviction relief)
Berkeley Office
2161 Shattuck Ave., 304, Berkeley
Ph:510-841-4582 Fax:510-217-6847
Sacramento Office
Call For Appointment
Ph:916-970-5611
Email: manpreet@gahralaw.com

ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ॥

# ਸਿੱਖ ਟੈਂਪਲ ਗੁਰਦੁਆਰਾ, ਯੂਬਾ ਸਿਟੀ

***2468 Tierra Buena Rd., Yuba City, CA 95993***

## ਜੁਗੋ ਜੁੱਗ ਅਟੱਲ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਤਾਗੱਦੀ ਦਿਵਸ ਨੂੰ ਸਮਰਪਿਤ

# 38ਵਾਂ ਮਹਾਨ ਨਗਰ ਕੀਰਤਨ

## ਅਤੇ ਗੁਰਮਤਿ ਸਮਾਗਮ

## 5 ਨਵੰਬਰ 2017

ਇਹ ਦਿਹਾੜਾ ਸੰਗਤਾਂ ਦੇ ਸਹਿਯੋਗ ਨਾਲ ਸ਼ਰਧਾ-ਭਾਵਨਾ ਨਾਲ ਮਨਾਇਆ ਜਾ ਰਿਹਾ ਹੈ। ਸਮੂਹ ਨਾਨਕ ਨਾਮ ਲੇਵਾ ਸੰਗਤਾਂ ਨੂੰ ਬੇਨਤੀ ਹੈ ਕਿ ਸਮੁੱਚੇ ਗੁਰਮਤਿ ਸਮਾਗਮਾਂ ਅਤੇ ਮਹਾਨ ਨਗਰ ਕੀਰਤਨ ਵਿਚ ਪਰਿਵਾਰਾਂ ਸਮੇਤ ਪਹੁੰਚ ਕੇ ਗੁਰੂ ਘਰ ਦੀਆਂ ਰੌਣਕਾਂ ਵਧਾਓ ਅਤੇ ਗੁਰੂ ਸਾਹਿਬ ਦੀਆਂ ਅਸੀਸਾਂ ਪ੍ਰਾਪਤ ਕਰੋ ਜੀ।



## ਪ੍ਰੋਗਰਾਮ ਦਾ ਵੇਰਵਾ

**ਅਖੰਡ ਪਾਠ ਸਾਹਿਬ ਦੀ ਲੜੀ:** ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਤਾਗੱਦੀ ਨੂੰ ਸਮਰਪਿਤ ਸ੍ਰੀ ਅਖੰਡ ਪਾਠ ਸਾਹਿਬ ਦੀ ਲੜੀ 2 ਸਤੰਬਰ ਤੋਂ ਸ਼ੁਰੂ ਹੈ, ਜਿਸ ਦੇ ਅਖੀਰਲੇ ਸ੍ਰੀ ਅਖੰਡ ਪਾਠ ਸਾਹਿਬ ਸਮੂਹ ਸੰਗਤ ਵੱਲੋਂ 3 ਨਵੰਬਰ ਸ਼ੁੱਕਰਵਾਰ ਤੋਂ ਅਰੰਭ ਹੋ ਕੇ 5 ਨਵੰਬਰ, ਦਿਨ ਐਤਵਾਰ ਸਵੇਰੇ 7.30 ਵਜੇ (ਨਵੇਂ ਸਮੇਂ ਮੁਤਾਬਕ) ਭੋਗ ਪੈਣਗੇ। ਸੋਮਵਾਰ, 2 ਅਕਤੂਬਰ ਤੋਂ ਐਤਵਾਰ 22 ਅਕਤੂਬਰ ਤੱਕ ਪੰਥ ਪ੍ਰਸਿੱਧ ਢਾਡੀ ਜਥਾ ਭਾਈ ਅਮਰਜੀਤ ਸਿੰਘ ਜੌਹਲ ਬਿਧੀਪੁਰ ਵਾਲੇ ਸ਼ਾਮ ਦੇ ਦੀਵਾਨਾਂ ਵਿਚ ਢਾਡੀ ਵਾਰਾਂ ਨਾਲ ਨਿਹਾਲ ਕਰਨਗੇ ਜੀ। ਸ਼ੁੱਕਰਵਾਰ 13 ਅਕਤੂਬਰ ਤੋਂ ਵੀਰਵਾਰ 26 ਅਕਤੂਬਰ ਤੱਕ ਤਖਤ ਸ੍ਰੀ ਦਮਦਮਾ ਸਾਹਿਬ ਦੇ ਸਾਬਕਾ ਹੈਡ ਗ੍ਰੰਥੀ ਭਾਈ ਇਕਬਾਲ ਸਿੰਘ ਸ਼ਾਮ ਦੇ ਦੀਵਾਨਾਂ ਵਿਚ ਕਥਾ ਵਿਚਾਰਾਂ ਨਾਲ ਸੰਗਤਾਂ ਨੂੰ ਨਿਹਾਲ ਕਰਨਗੇ ਜੀ। 16 ਅਕਤੂਬਰ, ਸੋਮਵਾਰ ਤੋਂ 26 ਅਕਤੂਬਰ, ਐਤਵਾਰ ਤੱਕ ਭਾਈ ਮਨਪ੍ਰੀਤ ਸਿੰਘ ਜੀ ਹਜੂਰੀ ਰਾਗੀ ਗੁਰਦੁਆਰਾ ਸ੍ਰੀ ਬੰਗਲਾ ਸਾਹਿਬ, ਦਿੱਲੀ ਵਾਲੇ ਕੀਰਤਨ ਨਾਲ ਨਿਹਾਲ ਕਰਨਗੇ ਜੀ।

**ਬੰਦੀ ਛੋੜ ਦਿਵਸ (ਦੀਵਾਲੀ):** ਵੀਰਵਾਰ, ਅਕਤੂਬਰ 19 ਨੂੰ ਸ਼ਾਮ 6 ਵਜੇ ਤੋਂ ਰਾਤ 10.30 ਵਜੇ ਤੱਕ ਵਿਸ਼ੇਸ਼ ਕੀਰਤਨ ਦੀਵਾਨ ਸਜਣਗੇ ਅਤੇ ਦੀਪਮਾਲਾ ਹੋਵੇਗੀ ਜੀ।

ਵਿਸ਼ੇਸ਼ ਕਵੀ ਦਰਬਾਰ: ਸਨਿਚਰਵਾਰ, 21 ਅਕਤੂਬਰ ਨੂੰ ਸ਼ਾਮ 6 ਵਜੇ ਤੋਂ 10 ਵਜੇ ਤੱਕ ਵਿਸ਼ੇਸ਼ ਕਵੀ ਦਰਬਾਰ ਸਜਣਗੇ ਜੀ।

27, 28 ਤੇ 29 ਅਕਤੂਬਰ (ਸ਼ੁੱਕਰਵਾਰ ਤੋਂ ਐਤਵਾਰ) ਤੱਕ ਗਿਆਨੀ ਕੁਲਵੰਤ ਸਿੰਘ ਜੀ ਲੁਧਿਆਣੇ ਵਾਲੇ ਕਥਾ ਵਿਆਖਿਆ ਰਾਹੀਂ ਸੰਗਤ ਨੂੰ ਗੁਰ ਸ਼ਬਦ ਨਾਲ ਜੋੜਨਗੇ।

**ਬੱਚਿਆਂ ਦਾ ਵਿਸ਼ੇਸ਼ ਕੀਰਤਨ ਦਰਬਾਰ:** ਸਨਿਚਰਵਾਰ, ਅਕਤੂਬਰ 28 ਨੂੰ ਬੱਚਿਆਂ ਦਾ ਵਿਸ਼ੇਸ਼ ਕੀਰਤਨ ਦਰਬਾਰ ਸ਼ਾਮ 6:30 ਵਜੇ ਤੋਂ ਰਾਤ 10 ਵਜੇ ਤੱਕ ਹੋਵੇਗਾ। ਇਸ ਵਿਚ ਬੱਚੇ ਰਾਗਾਂ ਵਿਚ ਕੀਰਤਨ ਕਰਨਗੇ।

**ਵਿਸ਼ੇਸ਼ ਢਾਡੀ ਦਰਬਾਰ:** ਮੰਗਲਵਾਰ, 31 ਅਕਤੂਬਰ ਨੂੰ ਸ਼ਾਮ 6 ਤੋਂ ਰਾਤ 10 ਵਜੇ ਤੱਕ ਸ਼ਹੀਦ ਭਾਈ ਬੇਅੰਤ ਸਿੰਘ, ਭਾਈ ਸਤਵੰਤ ਸਿੰਘ, ਭਾਈ ਕੇਹਰ ਸਿੰਘ ਸਮੇਤ ਸਮੂਹ ਸ਼ਹੀਦਾਂ ਨੂੰ ਸਮਰਪਿਤ ਵਿਸ਼ੇਸ਼ ਢਾਡੀ ਦਰਬਾਰ ਹੋਵੇਗਾ।

**ਆਤਿਸ਼ਬਾਜ਼ੀ:** ਨਗਰ ਕੀਰਤਨ ਦੀਆਂ ਖੁਸ਼ੀਆਂ ਵਿਚ ਸ਼ੁੱਕਰਵਾਰ, 3 ਨਵੰਬਰ ਨੂੰ ਰਾਤ 8 ਵਜੇ ਆਤਿਸ਼ਬਾਜ਼ੀ ਹੋਵੇਗੀ ਜੀ।

### ਸਨਿਚਰਵਾਰ, 4 ਨਵੰਬਰ ਦੇ ਪ੍ਰੋਗਰਾਮ

**ਅੰਮ੍ਰਿਤ ਸੰਚਾਰ:** ਸਵੇਰੇ 5 ਵਜੇ ਅੰਮ੍ਰਿਤ ਸੰਚਾਰ ਅਰੰਭ ਹੋਵੇਗਾ। ਅੰਮ੍ਰਿਤ ਅਭਿਲਾਖੀ ਸੰਗਤਾਂ ਆਪਣਾ ਨਾਂ ਹੈਡ ਗ੍ਰੰਥੀ ਭਾਈ ਸਾਹਿਬ ਸਿੰਘ ਕੋਲ ਲਿਖਾ ਕੇ ਕੱਕਾਰ ਪ੍ਰਾਪਤ ਕਰ ਸਕਦੀਆਂ ਹਨ।

**ਨਿਸ਼ਾਨ ਸਾਹਿਬ ਦੇ ਚੋਲੇ ਦੀ ਸੇਵਾ:** ਨਿਸ਼ਾਨ ਸਾਹਿਬ ਦੇ ਚੋਲੇ ਦੀ ਸੇਵਾ ਸਵੇਰੇ 9 ਵਜੇ ਸਮੂਹ ਸੰਗਤ ਵੱਲੋਂ ਹੋਵੇਗੀ ਜੀ।

**ਸਨਮਾਨ ਸਮਾਰੋਹ:** ਸਵੇਰੇ 11 ਵਜੇ ਪੰਥ ਦੀ ਸਿਰਮੌਰ ਹਸਤੀ ਸ. ਦੀਦਾਰ ਸਿੰਘ ਬੈਂਸ ਦਾ ਗੋਲਡ ਮੈਡਲ ਨਾਲ ਵਿਸ਼ੇਸ਼ ਸਨਮਾਨ ਕੀਤਾ ਜਾਵੇਗਾ। ਉਪਰੰਤ ਹੋਰ ਪਤਵੰਤੇ ਸੱਜਣਾਂ ਦਾ ਵੀ ਸਨਮਾਨ ਕੀਤਾ ਜਾਵੇਗਾ।

**ਲੈਕਚਰ ਸੈਸ਼ਨ:** ਦਸਮੇਸ਼ ਹਾਲ ਵਿਚ ਬਾਅਦ ਦੁਪਹਿਰ 1 ਤੋਂ 4 ਵਜੇ ਤੱਕ ਲੈਕਚਰ ਸੈਸ਼ਨ ਹੋਵੇਗਾ ਜਿਸ ਵਿਚ ਹੋਰਨਾਂ ਬੁਲਾਰਿਆਂ ਤੋਂ ਇਲਾਵਾ ਵਿਸ਼ੇਸ਼ ਸੱਦੇ 'ਤੇ ਇੰਡੀਆ ਤੋਂ ਡਾ. ਹਰਸ਼ਿੰਦਰ ਕੌਰ ਅਤੇ ਇੰਗਲੈਂਡ ਤੋਂ ਪਹੁੰਚ ਰਹੇ ਡਾ. ਇਕਤਿਦਾਰ ਚੀਮਾ ਵੀ ਹਿੱਸਾ ਲੈਣਗੇ।

**ਰੈਣ ਸਬਾਈ ਕੀਰਤਨ:** ਰੈਣ ਸਬਾਈ ਕੀਰਤਨ ਸ਼ਾਮ 6 ਤੋਂ ਰਾਤ ਇਕ ਵਜੇ ਤੱਕ ਹੋਵੇਗਾ, ਜਿਸ ਵਿਚ ਪੰਥ ਪ੍ਰਸਿੱਧ ਰਾਗੀ ਜਥੇ ਸੰਗਤਾਂ ਨੂੰ ਗੁਰਬਾਣੀ ਕੀਰਤਨ ਨਾਲ ਨਿਹਾਲ ਕਰਨਗੇ ਜੀ।

### ਪਹੁੰਚ ਰਹੇ ਰਾਗੀ ਜਥੇ ਅਤੇ ਪ੍ਰਚਾਰਕ

ਭਾਈ ਮਨਜੀਤ ਸਿੰਘ ਪਠਾਨਕੋਟ ਵਾਲੇ, ਭਾਈ ਹਰਚਰਨ ਸਿੰਘ ਖਾਲਸਾ (ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਸਾਹਿਬ), ਭਾਈ ਮਨੋਹਰ ਸਿੰਘ ਦਿੱਲੀ ਵਾਲੇ, ਹਜ਼ੂਰੀ ਰਾਗੀ ਗੁਰਦੁਆਰਾ ਸਾਹਿਬ ਯੂਬਾ ਸਿਟੀ ਗਿਆਨੀ ਲਖਵਿੰਦਰ ਸਿੰਘ ਸੋਹਲ ਦਾ ਢਾਡੀ ਜਥਾ ਅਤੇ ਭਾਈ ਮਹਿਲ ਸਿੰਘ ਦਾ ਕਵੀਸ਼ਰੀ ਜਥਾ ਸੰਗਤਾਂ ਨੂੰ ਨਿਹਾਲ ਕਰਨ ਲਈ ਪਹੁੰਚ ਰਹੇ ਹਨ ਜੀ।

**ਨੋਟ:** ਨਗਰ ਕੀਰਤਨ ਦਾ ਰੂਟ ਪਿਛਲੇ ਸਾਲ ਵਾਲਾ ਹੀ ਹੋਵੇਗਾ, ਗੱਡੀਆਂ ਦੀ ਪਾਰਕਿੰਗ ਸਿਰਫ ਨਿਯਤ ਜਗ੍ਹਾ ਉਤੇ ਹੀ ਕੀਤੀ ਜਾਵੇ ਜੀ। ਰਿਵਰ ਵੈਲੀ ਹਾਈ ਸਕੂਲ (801 EI Margarita Rd, Yuba City, CA 95993) ਤੋਂ ਗੁਰੂ ਘਰ ਲਈ ਸਵੇਰੇ 8 ਵਜੇ ਤੋਂ ਸ਼ਾਮ 6.30 ਵਜੇ ਤੱਕ ਮੁਫਤ ਬੱਸਾਂ ਦਾ ਪ੍ਰਬੰਧ ਹੋਵੇਗਾ।
ਹੈਂਡੀਕੈਪ ਪਾਰਕਿੰਗ ਦਾ ਵਿਸ਼ੇਸ਼ ਪ੍ਰਬੰਧ ਹੋਵੇਗਾ।

**ਸਮੂਹ ਨਾਨਕ ਨਾਮ ਲੇਵਾ ਸੰਗਤਾਂ ਨੂੰ ਸਮੁੱਚੇ ਗੁਰਮਤਿ ਸਮਾਗਮਾਂ ਅਤੇ ਮਹਾਨ ਨਗਰ ਕੀਰਤਨ ਵਿਚ ਪਰਿਵਾਰਾਂ ਸਮੇਤ ਹੁਮ ਹੁਮਾ ਕੇ ਪਹੁੰਚਣ ਦੀ ਬੇਨਤੀ ਹੈ ਜੀ।**

### ਹੋਰ ਜਾਣਕਾਰੀ ਲਈ ਇਨ੍ਹਾਂ ਫੋਨ ਨੰਬਰਾਂ ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ:

ਹੈਡ ਗ੍ਰੰਥੀ ਭਾਈ ਸਾਹਿਬ ਸਿੰਘ 530-673-9918
ਚੇਅਰਮੈਨ ਨਗਰ ਕੀਰਤਨ ਸ. ਗੁਰਨਾਮ ਸਿੰਘ ਪੰਮਾ 530-682-6444
ਪ੍ਰਧਾਨ ਸ. ਬਲਬੀਰ ਸਿੰਘ ਸੋਹਲ 530-682-9300
ਸੈਕਟਰੀ ਸ. ਹਰਮਨਦੀਪ ਸਿੰਘ ਸੰਧੂ 530-632-2899
ਖਜ਼ਾਨਚੀ ਸ. ਸੁਖਵਿੰਦਰ ਸਿੰਘ 530-713-2805

# ਹਨੀਪ੍ਰੀਤ ਨੇ ਖੋਲ੍ਹੇ ਪੰਚਕੂਲਾ ਦੰਗਿਆਂ ਦੇ ਰਾਜ਼



**ਪੰਚਕੂਲਾ:** ਹਨੀਪ੍ਰੀਤ ਨੇ 25 ਅਗਸਤ ਦੇ ਦੰਗਿਆਂ ਦੀ ਸਾਜਿਸ਼ ਵਿਚ ਸ਼ਮੂਲੀਅਤ ਕਬੂਲ ਲਈ ਹੈ। ਗੁਰਮੀਤ ਰਾਮ ਰਹੀਮ ਦੀ ਗੋਦ ਲਈ ਧੀ ਹਨੀਪ੍ਰੀਤ ਤੋਂ ਲਗਾਤਾਰ ਡੇਢ ਹਫਤੇ ਪੁੱਛਗਿੱਛ ਤੋਂ ਬਾਅਦ ਚੁੱਪ ਤੋੜਦਿਆਂ ਉਸ ਨੇ ਇਹ ਗੱਲ ਕਬੂਲ ਕਰ ਲਈ ਹੈ ਕਿ 25 ਅਗਸਤ ਨੂੰ ਪੰਚਕੂਲਾ ਸਥਿਤ ਹਰਿਆਣਾ ਦੀ ਵਿਸ਼ੇਸ਼ ਸੀ.ਬੀ.ਆਈ. ਅਦਾਲਤ ਵੱਲੋਂ ਰਾਮ ਰਹੀਮ ਨੂੰ ਦੋਸ਼ੀ ਕਰਾਰ ਦੇਣ ਤੋਂ ਬਾਅਦ ਹੋਏ ਦੰਗਿਆਂ ਦੀ ਸਾਜਿਸ਼ 'ਚ ਉਹ ਸ਼ਾਮਲ ਸੀ।

17 ਅਗਸਤ ਨੂੰ ਦੰਗਿਆਂ ਦੀ ਸਾਜਿਸ਼ ਰਚਣ ਸਬੰਧੀ ਕੀਤੀ ਗਈ ਮੀਟਿੰਗ 'ਚ ਵੀ ਉਹ ਸ਼ਾਮਲ ਸੀ। ਹਨੀਪ੍ਰੀਤ ਨੂੰ ਇਸ ਗੱਲ ਦੀ ਵੀ ਸਾਰੀ ਜਾਣਕਾਰੀ ਸੀ ਕਿ ਪੰਚਕੂਲਾ ਵਿਚ ਦੰਗੇ ਕਰਵਾਉਣ ਲਈ ਕਿਸ-ਕਿਸ ਨੂੰ ਭੇਜਿਆ ਜਾਣਾ ਹੈ। ਪੁਲਿਸ ਹੁਣ 25 ਅਗਸਤ ਨੂੰ ਪੰਚਕੂਲਾ ਵਿਚ ਵਾਪਰੇ ਘਟਨਾਕ੍ਰਮ ਦੀ ਸਾਜਿਸ਼ ਦੀ ਗੁੱਥੀ ਸੁਲਝਾਉਣ ਦੇ ਨੇੜੇ ਪਹੁੰਚੀ ਨਜ਼ਰ ਆ ਰਹੀ ਹੈ।

### 'ਪਾਪਾ' ਨੂੰ ਮਿਲਣ ਲਈ ਤਰਲਾ...

**ਸਿਰਸਾ:** ਹਨੀਪ੍ਰੀਤ ਅੰਬਾਲਾ ਕੇਂਦਰੀ ਜੇਲ੍ਹ ਪਹੁੰਚਣ ਤੋਂ ਬਾਅਦ ਵੀ ਡੇਰਾ ਮੁਖੀ ਰਾਮ ਰਹੀਮ ਨਾਲ ਮਿਲਵਾਉਣ ਦੀ ਜ਼ਿੱਦ 'ਤੇ ਅੜੀ ਰਹੀ। ਪੰਚਕੂਲਾ ਪੁਲਿਸ ਦੀ ਹਿਰਾਸਤ ਦੌਰਾਨ ਵੀ ਉਸ ਨੇ ਪੁਲਿਸ ਅਧਿਕਾਰੀਆਂ ਅੱਗੇ ਤਰਲੇ ਕੱਢੇ ਸਨ ਕਿ ਉਸ ਨੂੰ ਪਾਪਾ (ਡੇਰਾ ਮੁਖੀ) ਨਾਲ ਮਿਲਵਾਇਆ ਜਾਵੇ। ਅੰਬਾਲਾ ਲਿਆਂਦੇ ਜਾਣ ਤੋਂ ਬਾਅਦ ਹਨੀਪ੍ਰੀਤ ਸ਼ਾਇਦ ਇਹੀ ਸਮਝਦੀ ਰਹੀ ਕਿ ਉਸ ਨੂੰ ਵੀ ਰੋਹਤਕ ਦੀ ਸੁਨਾਰੀਆ ਜੇਲ੍ਹ ਭੇਜਿਆ ਗਿਆ ਹੈ। ਇਸੇ ਲਈ ਜਦੋਂ ਮਹਿਲਾ ਵਾਰਡਨ ਰੋਟੀ ਲੈ ਕੇ ਆਈ, ਤਾਂ ਉਸ ਨੇ ਕੁਝ ਵੀ ਖਾਣ ਤੋਂ ਇਨਕਾਰ ਕਰਦਿਆਂ ਬੱਸ 'ਪਾਪਾ ਨਾਲ ਮਿਲਾ ਦਿਓ' ਦੀ ਰਟ ਲਾਈ ਰੱਖੀ।

# ਕੇਜਰੀਵਾਲ ਦੀ ਚੋਰੀ ਹੋਈ ਕਾਰ ਬਰਾਮਦ

**ਨਵੀਂ ਦਿੱਲੀ:** ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਚੋਰੀ ਹੋਈ ਕਾਰ ਗਾਜ਼ੀਆਬਾਦ ਪੁਲਿਸ ਨੂੰ ਮੋਹਨਨਗਰ ਵਿਚ ਲਾਵਾਰਸ ਹਾਲਤ ਵਿਚ ਖੜ੍ਹੀ ਮਿਲੀ। ਕਾਰ ਦਿੱਲੀ ਸਕੱਤਰੇਤ ਸਾਹਮਣਿਉਂ ਦਿਨ-ਦਿਹਾੜੇ ਚੋਰੀ ਹੋ ਗਈ ਸੀ। ਇਸ ਇਲਾਕੇ ਵਿਚ ਸੁਰੱਖਿਆ ਦੇ ਪੁਖਤਾ ਪ੍ਰਬੰਧ ਰਹਿੰਦੇ ਹਨ ਪਰ ਫਿਰ ਵੀ ਚੋਰ ਕਾਰ ਨੂੰ ਚੋਰੀ ਕਰ ਕੇ ਯੂ.ਪੀ. ਵੱਲ ਚਲਾ ਗਿਆ। ਦੱਸਣਯੋਗ ਹੈ ਕਿ ਸੋਤੀਗੰਜ ਚੋਰੀ ਦੀਆਂ ਕਾਰਾਂ ਨੂੰ ਪੁਰਜ਼ਾ-ਪੁਰਜ਼ਾ ਕਰ ਕੇ ਵੇਚਣ ਲਈ ਬਦਨਾਮ ਹੈ ਤੇ ਐਨ.ਸੀ.ਆਰ. ਤੋਂ ਚੋਰੀ ਕੀਤੀਆਂ ਕਾਰਾਂ ਉਥੇ ਖਪਾ ਦਿੱਤੀਆਂ ਜਾਂਦੀਆਂ ਹਨ। ਇਸ ਕਾਰ 'ਤੇ ਹੀ ਸਵਾਰ ਹੋ ਕੇ ਸ੍ਰੀ ਕੇਜਰੀਵਾਲ ਪਹਿਲੀ ਵਾਰ ਮੁੱਖ ਮੰਤਰੀ ਦੇ ਅਹੁਦੇ ਦੀ ਸਹੁੰ ਚੁੱਕਣ ਰਾਮ ਲੀਲਾ ਮੈਦਾਨ ਗਏ ਸਨ।

# ਸਨਅਤ ਨੂੰ ਲੀਹੇ ਪਾਉਣ ਲਈ ਕੈਪਟਨ ਸਰਕਾਰ ਦੇ ਵੱਡੇ ਫੈਸਲੇ

**ਚੰਡੀਗੜ੍ਹ:** ਸੂਬੇ ਵਿਚ ਉਦਯੋਗੀਕਰਨ ਨੂੰ ਹੁਲਾਰਾ ਦੇਣ ਅਤੇ ਆਰਥਿਕ ਸਰਗਰਮੀ ਨੂੰ ਸੁਰਜੀਤ ਕਰਨ ਲਈ ਪੰਜਾਬ ਮੰਤਰੀ ਮੰਡਲ ਨੇ ਨਵੀਂ ਉਦਯੋਗਿਕ ਤੇ ਵਪਾਰਕ ਵਿਕਾਸ ਨੀਤੀ-2017 ਨੂੰ ਪ੍ਰਵਾਨਗੀ ਦੇ ਦਿੱਤੀ ਹੈ ਜਿਸ ਨਾਲ ਪਹਿਲੀ ਨਵੰਬਰ ਤੋਂ ਉਦਯੋਗਿਕ ਬਿਜਲੀ ਦਰ ਪੰਜ ਰੁਪਏ ਪ੍ਰਤੀ ਯੂਨਿਟ ਨਿਰਧਾਰਤ ਕਰਨ ਅਤੇ ਪੰਜਾਬ ਰਾਜ ਉਦਯੋਗਿਕ ਵਿਕਾਸ ਕਾਰਪੋਰੇਸ਼ਨ ਦੇ ਕਰਜ਼ੇ ਦੇ ਯਕਮੁਸ਼ਤ ਨਿਪਟਾਰੇ ਲਈ ਰਾਹ ਪੱਧਰਾ ਹੋ ਗਿਆ ਹੈ।

ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਪ੍ਰਧਾਨਗੀ ਹੇਠ ਹੋਈ ਮੰਤਰੀ ਮੰਡਲ ਦੀ ਮੀਟਿੰਗ ਵਿਚ ਨਵੀਂ ਨੀਤੀ ਉਤੇ ਮੋਹਰ ਲਾਈ ਗਈ ਹੈ। ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਮੀਟਿੰਗ ਤੋਂ ਬਾਅਦ ਦੱਸਿਆ ਕਿ ਨਵੀਂ ਨੀਤੀ ਵਿਚ ਮੌਜੂਦਾ ਇਕਾਈਆਂ ਨੂੰ ਨਵੀਆਂ ਇਕਾਈਆਂ ਦੇ ਬਰਾਬਰ ਪਾਸਾਰ, ਆਧੁਨਿਕੀਕਰਨ ਅਤੇ ਪੱਧਰ ਉਚਾ ਕਰਨ ਲਈ ਰਿਆਇਤਾਂ ਮੁਹੱਈਆ ਕਰਵਾਇਆ ਜਾਣਗੀਆਂ। ਯਕਮੁਸ਼ਤ ਨਿਪਟਾਰਾ ਸਕੀਮ-2017 ਨਾਲ ਰੁਕੇ ਹੋਏ ਸਨਅਤੀ ਨਿਵੇਸ਼ ਅਤੇ ਸੰਪਤੀ ਨੂੰ ਜਾਰੀ ਕਰਨ ਵਿੱਚ ਮਦਦ ਮਿਲੇਗੀ ਅਤੇ ਜਿਸ ਨਾਲ ਮੌਜੂਦਾ ਉਦਯੋਗ ਦੀ ਸੁਰਜੀਤੀ ਹੋਵੇਗੀ। ਇਸ ਵਿਚ ਸਰਹੱਦੀ ਜ਼ਿਲ੍ਹਿਆਂ, ਸਰਹੱਦੀ ਜ਼ੋਨਾਂ ਅਤੇ ਕੰਢੀ ਖੇਤਰਾਂ ਦੇ ਵਿਕਾਸ ਉਤੇ ਵੀ ਜ਼ੋਰ ਦਿੱਤਾ ਗਿਆ ਹੈ। ਸਰਹੱਦੀ ਖੇਤਰਾਂ ਵਿਚ ਮੌਜੂਦਾ ਉਦਯੋਗ ਨੂੰ ਰਿਆਇਤਾਂ 125 ਫੀਸਦੀ ਤੋਂ ਵਧਾ ਕੇ 140 ਫੀਸਦੀ ਕਰਨ ਦਾ ਪ੍ਰਸਤਾਵ ਪਾਸ ਕੀਤਾ।

### ਕੇਬਲ ਆਪ੍ਰੇਟਰ ਨੂੰ ਪਵੇਗੀ ਨੱਥ

**ਜਲੰਧਰ:** ਸਥਾਨਕ ਸਰਕਾਰਾਂ ਬਾਰੇ ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਮੰਤਰੀ ਮੰਡਲ ਵੱਲੋਂ ਮਨੋਰੰਜਨ ਕਰ ਨੂੰ ਦਿੱਤੀ ਗਈ ਪ੍ਰਵਾਨਗੀ ਨੂੰ ਲੋਕ ਹਿੱਤ ਵਿਚ ਲਿਆ ਗਿਆ ਇਕ ਵੱਡਾ ਫੈਸਲਾ ਦੱਸਦੇ ਹੋਏ ਕਿਹਾ ਕਿ ਇਸ ਨਾਲ ਡੀ.ਟੀ.ਐਚ. ਤੇ ਕੇਬਲ ਆਪ੍ਰੇਟਰ ਕਾਨੂੰਨ ਦੇ ਦਾਇਰੇ 'ਚ ਆਉਣਗੇ ਤੇ ਉਨ੍ਹਾਂ ਨੂੰ ਆਪਣੀ ਰਜਿਸਟ੍ਰੇਸ਼ਨ ਕਰਵਾਉਣੀ ਲਾਜ਼ਮੀ ਹੋਵੇਗੀ। ਉਨ੍ਹਾਂ ਕਿਹਾ ਕਿ ਕੇਬਲ ਆਪ੍ਰੇਟਰਾਂ 'ਤੇ ਕੋਈ ਟੈਕਸ ਨਾ ਹੋਣ ਕਾਰਨ ਇਹ ਮਨਮਰਜ਼ੀ ਕਰ ਰਹੇ ਸਨ ਤੇ ਉਨ੍ਹਾਂ ਬਾਰੇ ਸਰਕਾਰ ਕੋਲ ਕੋਈ ਸਹੀ ਜਾਣਕਾਰੀ ਉਪਲੱਬਧ ਨਾ ਹੋਣ ਕਾਰਨ ਵੱਡੇ ਪੱਧਰ 'ਤੇ ਕਰ ਚੋਰੀ ਵੀ ਹੋ ਰਹੀ ਸੀ। ਇਸ ਫੈਸਲੇ ਨਾਲ ਨਾ ਸਿਰਫ ਇਹ ਕਰ ਚੋਰੀ ਰੁਕੇਗੀ ਸਗੋਂ ਕੇਬਲ ਆਪ੍ਰੇਟਰ ਸਰਕਾਰ ਤੇ ਆਮ ਲੋਕਾਂ ਪ੍ਰਤੀ ਜੁਆਬਦੇਹ ਵੀ ਹੋਣਗੇ।

# ਗੁਰਮਿਹਰ ਨੂੰ ਨਵੀਂ ਪੀੜ੍ਹੀ ਦੀ ਆਗੂ ਚੁਣਿਆ



**ਜਲੰਧਰ:** ਦਿੱਲੀ ਯੂਨੀਵਰਸਿਟੀ ਦੀ ਬਹੁ-ਚਰਚਿਤ ਵਿਦਿਆਰਥਣ ਗੁਰਮਿਹਰ ਕੌਰ ਨੂੰ ਟਾਈਮ ਮੈਗਜ਼ੀਨ ਨੇ ਨੈਕਸਟ ਜੈਨਰੇਸ਼ਨ ਲੀਡਰਾਂ ਵਿਚ ਚੁਣਿਆ ਹੈ।

ਮੈਗਜ਼ੀਨ ਨੇ ਦੁਨੀਆਂ ਵਿਚ 10 ਅਜਿਹੇ ਨੌਜਵਾਨਾਂ ਦੀ ਚੋਣ ਕੀਤੀ ਹੈ ਜਿਸ ਵਿਚ ਭਾਰਤ ਵਿਚੋਂ ਇਕੱਲੀ ਗੁਰਮਿਹਰ ਕੌਰ ਚੁਣੀ ਗਈ ਹੈ, ਜਿਸ ਨੇ ਬੋਲਣ ਦੀ ਆਜ਼ਾਦੀ ਦੇ ਮੁੱਦੇ ਨੂੰ ਦੇਸ਼ ਭਰ ਵਿਚ ਉਠਾਇਆ ਸੀ। ਜਲੰਧਰ ਦੇ ਅਰਬਨ ਅਸਟੇਟ ਵਿਚ ਰਹਿਣ ਵਾਲੀ ਗੁਰਮਿਹਰ ਕੌਰ ਨੇ ਟਾਈਮ ਮੈਗਜ਼ੀਨ ਵੱਲੋਂ ਕੀਤੀ ਗਈ ਚੋਣ 'ਤੇ ਟਿੱਪਣੀ ਕਰਦਿਆਂ ਕਿਹਾ ਕਿ ਉਸ ਨੂੰ ਆਪਣੇ ਦੇਸ਼ ਦੇ ਲੋਕਾਂ ਨੇ ਤਾਂ ਮਾਣ ਬਖਸ਼ਿਆ ਨਹੀਂ ਪਰ ਬਾਹਰਲਿਆਂ ਨੇ ਉਸ ਨੂੰ ਪੂਰਾ ਆਦਰ ਸਤਿਕਾਰ ਦਿੱਤਾ ਹੈ।

ਕਾਰਗਿਲ ਦੇ ਸ਼ਹੀਦ ਕੈਪਟਨ ਦੀ ਧੀ ਗੁਰਮਿਹਰ ਕੌਰ ਨੇ ਕਿਹਾ ਕਿ ਇਸ ਚੋਣ ਨੇ ਉਸ ਵਿਚ ਨਵੀਂ ਊਰਜਾ ਭਰ ਦਿੱਤੀ ਹੈ। ਉਹ ਤਾਂ ਇਕ ਆਮ ਕਾਲਜ ਦੀ ਵਿਦਿਆਰਥਣ ਵਾਂਗ ਆਪਣਾ ਜੀਵਨ ਜਿਊਣਾ ਚਾਹੁੰਦੀ ਹੈ। ਜਦੋਂ ਵੀ ਉਸ ਦਾ ਜੀਵਨ ਆਮ ਵਰਗਾ ਹੁੰਦਾ ਹੈ ਤਾਂ ਕੋਈ ਨਾ ਕੋਈ ਅਜਿਹਾ ਵਾਪਰ ਜਾਂਦਾ ਹੈ ਜਿਸ ਨਾਲ ਉਹ ਮੁੜ ਸੁਰਖੀਆਂ ਵਿਚ ਆ ਜਾਂਦੀ ਹੈ।

ਜ਼ਿਕਰਯੋਗ ਹੈ ਕਿ ਗੁਰਮਿਹਰ ਨੇ ਆਰ.ਐਸ.ਐਸ. ਦੀ ਵਿਦਿਆਰਥੀ ਜਥੇਬੰਦੀ ਏ.ਬੀ.ਵੀ.ਪੀ. ਵੱਲੋਂ ਦਿੱਤੀਆਂ ਗਈਆਂ ਧਮਕੀਆਂ ਦਾ ਦਲੇਰੀ ਨਾਲ ਮੁਕਾਬਲਾ ਕੀਤਾ ਸੀ।

ਗੁਰਮਿਹਰ ਨੇ ਕਿਹਾ ਕਿ ਟਾਈਮ ਮੈਗਜ਼ੀਨ ਨੇ ਉਸ ਨੂੰ ਇਕ ਕੌਮਾਂਤਰੀ ਪਛਾਣ ਦਿੱਤੀ ਹੈ ਤੇ ਉਸ ਨੂੰ ਇਹ ਵੀ ਮਹਿਸੂਸ ਕਰਾਇਆ ਹੈ ਕਿ ਆਪਣੇ ਦੇਸ਼ ਨੇ ਤਾਂ ਉਸ ਨੂੰ ਸਮਝਿਆ ਨਹੀਂ ਪਰ ਦੂਜਿਆਂ ਨੇ ਉਸ ਨੂੰ ਬਾਖੂਬੀ ਪਛਾਣ ਲਿਆ ਹੈ। ਗੁਰਮਿਹਰ ਨੇ ਉਨ੍ਹਾਂ ਲੋਕਾਂ ਦਾ ਵੀ ਧੰਨਵਾਦ ਕੀਤਾ ਜਿਹੜੇ ਦੁੱਖ ਦੀ ਘੜੀ ਵਿਚ ਉਸ ਦੇ ਨਾਲ ਖੜ੍ਹੇ ਰਹੇ।


Charger logistics inc

ਡਰਾਈਵਰਾਂ ਦੀ ਲੋੜ ਹੈ

EXPERIENCED Over The Road &



*ਹੁੱਕ ਐਂਡ ਡਰਾਪ ਆਪਸ਼ਨ *ਲੌਂਗ ਹਾਲ ਤੇ ਸ਼ਾਰਟ ਹਾਲ
*ਡਾਇਰੈਕਟ ਡਿਪਾਜ਼ਿਟ
*ਇਕੱਲਾ ਡਰਾਈਵਰ 3000 ਮੀਲ ਹਫਤਾ ਅਤੇ ਟੀਮ 6000 ਮੀਲ ਹਫਤਾ ਪੱਕਾ
*ਨਵੇਂ ਨਕੋਰ ਫਲੀਟ ਆਟੋਮੈਟਿਕ ਟਰੱਕ ਅਤੇ 13 ਸਪੀਡ
*ਪ੍ਰੀਪਾਸ, ਈਜ਼ੀਪਾਸ, ਕੰਪਨੀ ਫਿਊਲ ਕਾਰਡ
*ਘੱਟੋ ਘੱਟ 6 ਮਹੀਨੇ ਦਾ ਤਜਰਬਾ ਜਰੂਰੀ

ਸੰਪਰਕ ਕਰੋ, ਗੁਰਿੰਦਰ ਮਾਂਗਟ

313-269-7634 ਜਾਂ 734-447-6159

42-



PERSONAL INJURY ATTORNEYS

LAW OFFICES OF MANPREET S. BAINS
LAW OFFICES OF WILLIAM E. WEISS

AN ASSOCIATION OF LAW FIRMS



Offering Joint Representation at No Additional Cost

No Fees Unless Recovery for Your Injuries is Made

Car Accidents • Motorcycle and Bicycle Accidents • Bus and Truck Accidents
Injured Pedestrian • Wrongful Death • Brain and Head Injuries • Burn Injuries
Spinal Cord Injuries • Fractures and Joint Injuries • Construction Injuries • Civil Rights

RECENT RECOVERIES OBTAINED:*
$4,000,000 Settlement for Motor Vehicle Accident
$10,100,000 Confidential Settlement for Motorcycle/Truck Accident
$4,200,000 Judgment for Premises Liability/Assault
*Past Performance Not a Guarantee of Future Results

Personal Injury matters are time sensitive!

For a free consultation, please call (510) 474-0028
E-mail: BainsWeiss@gmail.com

Serving the Bay Area and Beyond • Offices in San Francisco and Union City

# ਟਾਸਕ ਫੋਰਸ ਤੇ ਮੁਤਵਾਜ਼ੀ ਜਥੇਦਾਰਾਂ ਦੇ ਸਮਰਥਕ ਹੋਏ ਡਾਂਗੋ-ਡਾਂਗੀਂ




**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਦੀ ਟਾਸਕ ਫੋਰਸ ਅਤੇ ਮੁਤਵਾਜ਼ੀ ਜਥੇਦਾਰਾਂ ਦੇ ਸਮਰਥਕਾਂ ਵਿਚਾਲੇ ਖੁੱਲ੍ਹ ਕੇ ਡਾਂਗਾਂ ਸੋਟੇ ਚੱਲੇ। ਇਹ ਝੜਪ ਉਸ ਸਮੇਂ ਹੋਈ ਜਦੋਂ ਮੁਤਵਾਜ਼ੀ ਜਥੇਦਾਰ ਗੁਰਦੁਆਰਾ ਛੋਟਾ ਘੱਲੂਘਾਰਾ ਕਾਹਨੂੰਵਾਨ ਦੇ ਆਗੂ ਮਾਸਟਰ ਜੌਹਰ ਸਿੰਘ ਖਿਲਾਫ਼ ਕਾਰਵਾਈ ਲਈ ਮੀਟਿੰਗ ਵਾਸਤੇ ਸ੍ਰੀ ਅਕਾਲ ਤਖ਼ਤ ਉਤੇ ਜਾ ਰਹੇ ਸਨ। ਝੜਪ ਦੌਰਾਨ ਮੁਤਵਾਜ਼ੀ ਜਥੇਦਾਰਾਂ ਦੇ ਹਮਾਇਤੀ ਯੂਨਾਈਟਿਡ ਅਕਾਲੀ ਦਲ ਦੇ ਸਤਨਾਮ ਸਿੰਘ, ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਜਰਨੈਲ ਸਿੰਘ ਸਖੀਰਾ ਅਤੇ ਸ਼੍ਰੋਮਣੀ ਕਮੇਟੀ ਦੇ ਵਧੀਕ ਸਕੱਤਰ ਬਿਜੈ ਸਿੰਘ ਤੇ ਟਾਸਕ ਫੋਰਸ ਦੇ ਅਮਰੀਕ ਸਿੰਘ ਜ਼ਖ਼ਮੀ ਹੋ ਗਏ। ਦੋਵਾਂ ਧਿਰਾਂ ਵੱਲੋਂ ਪੁਲਿਸ ਕੋਲ ਸ਼ਿਕਾਇਤ ਵੀ ਕੀਤੀ ਗਈ ਹੈ।

ਮੁਤਵਾਜ਼ੀ ਜਥੇਦਾਰਾਂ ਭਾਈ ਧਿਆਨ ਸਿੰਘ ਮੰਡ, ਭਾਈ ਬਲਜੀਤ ਸਿੰਘ ਦਾਦੂਵਾਲ ਅਤੇ ਭਾਈ ਅਮਰੀਕ ਸਿੰਘ ਵੱਲੋਂ ਮਾਸਟਰ ਜੌਹਰ ਸਿੰਘ ਨੂੰ ਤਲਬ ਕੀਤਾ ਗਿਆ ਸੀ। ਵੇਰਵਿਆਂ ਮੁਤਾਬਕ ਮਾਸਟਰ ਜੌਹਰ ਸਿੰਘ ਪਹਿਲਾਂ ਹੀ ਸ੍ਰੀ ਅਕਾਲ ਤਖ਼ਤ ਉਤੇ ਪੁੱਜ ਗਿਆ ਸੀ।

ਸ਼੍ਰੋਮਣੀ ਕਮੇਟੀ ਦੇ ਅਧਿਕਾਰੀਆਂ ਨੂੰ ਜਦੋਂ ਜਾਣਕਾਰੀ ਮਿਲੀ ਤਾਂ ਉਨ੍ਹਾਂ ਮਾਸਟਰ ਜੌਹਰ ਸਿੰਘ ਨੂੰ ਜਬਰੀ ਸ੍ਰੀ ਹਰਿਮੰਦਰ ਸਾਹਿਬ ਸਮੂਹ ਤੋਂ ਬਾਹਰ ਲੈ ਆਂਦਾ। ਇਸ ਦੌਰਾਨ ਜੋੜਾ ਘਰ ਨੇੜੇ ਮੁਤਵਾਜ਼ੀ ਜਥੇਦਾਰ ਅਤੇ ਉਨ੍ਹਾਂ ਦੇ ਸਮਰਥਕ ਵੀ ਪੁੱਜ ਚੁੱਕੇ ਸਨ। ਸਤਨਾਮ ਸਿੰਘ ਮਨਾਵਾਂ ਜਦੋਂ ਮੁੜ ਮਾਸਟਰ ਜੌਹਰ ਸਿੰਘ ਨੂੰ ਕਾਰਵਾਈ ਲਈ ਅੰਦਰ ਲੈ ਕੇ ਜਾਣ ਲੱਗਾ ਤਾਂ ਟਾਸਕ ਫੋਰਸ ਵੱਲੋਂ ਉਸ ਨੂੰ ਰੋਕਿਆ ਗਿਆ, ਜਿਥੇ ਤਕਰਾਰ ਮਗਰੋਂ ਦੋਵਾਂ ਧਿਰਾਂ ਵਿਚਾਲੇ ਝੜਪ ਹੋ ਗਈ। ਇਸ ਵਿਚ ਫੈਡਰੇਸ਼ਨ ਆਗੂ ਭਾਈ ਬਲਵੰਤ ਸਿੰਘ ਗੋਪਾਲਾ ਦੀ ਦਸਤਾਰ ਹਿਲ ਗਈ, ਜਰਨੈਲ ਸਿੰਘ ਸਖੀਰਾ ਦੀ ਕਮੀਜ਼ ਫਟ ਗਈ ਅਤੇ ਸਤਨਾਮ ਸਿੰਘ ਮਨਾਵਾਂ ਦੇ ਹੱਥ ਉਤੇ ਸੱਟ ਲੱਗੀ।

ਮੁਤਵਾਜ਼ੀ ਜਥੇਦਾਰਾਂ ਦੇ ਸਮਰਥਕਾਂ ਨੇ ਕਿਰਪਾਨਾਂ ਬਾਹਰ ਖਿੱਚ ਲਈਆਂ ਜਿਸ ਕਾਰਨ ਸ਼੍ਰੋਮਣੀ ਕਮੇਟੀ ਅਧਿਕਾਰੀ ਬਿਜੈ ਸਿੰਘ ਤੇ ਅਮਰੀਕ ਸਿੰਘ ਨੂੰ ਵੀ ਸੱਟਾਂ ਲੱਗੀਆਂ। ਉਥੇ ਮੌਜੂਦ ਪੁਲਿਸ ਦੀ ਦਖਲ-ਅੰਦਾਜ਼ੀ ਨਾਲ ਇਕ ਵਾਰ ਮਾਮਲਾ ਠੱਲ੍ਹ ਗਿਆ। ਉਪਰੰਤ ਜਦੋਂ ਮੁਤਵਾਜ਼ੀ ਜਥੇਦਾਰ ਘੰਟਾ ਘਰ ਵਾਲੇ ਪਾਸੇ ਸ੍ਰੀ ਹਰਿਮੰਦਰ ਸਾਹਿਬ ਪਲਾਜ਼ਾ ਪੁੱਜੇ ਤਾਂ ਉਥੇ ਪਰਿਕਰਮਾ 'ਚ ਜਥੇਦਾਰ ਨੂੰ ਘੇਰਨ ਦਾ ਯਤਨ ਕੀਤਾ ਗਿਆ। ਇਸ ਦੌਰਾਨ ਉਹ ਵੀ ਟਾਸਕ ਫੋਰਸ ਦੇ ਸਾਥੀਆਂ ਸਮੇਤ ਨੇਜ਼ੇ ਲੈ ਕੇ ਬਾਹਰ ਆ ਗਏ। ਇਥੇ ਇਕ-ਦੂਜੇ ਨੂੰ ਵੰਗਾਰਿਆ ਗਿਆ ਪਰ ਪੁਲਿਸ ਦੀ ਦਖਲ-ਅੰਦਾਜ਼ੀ ਨਾਲ ਮਾਮਲਾ ਸ਼ਾਂਤ ਹੋ ਗਿਆ। ਦੋਵਾਂ ਧਿਰਾਂ ਦੀ ਇਸ ਕਾਰਵਾਈ ਦੌਰਾਨ ਉਥੋਂ ਲੰਘ ਰਹੇ ਗੈਰ ਪੰਜਾਬੀ ਸ਼ਰਧਾਲੂ ਡਰ ਗਏ।

ਸ਼੍ਰੋਮਣੀ ਕਮੇਟੀ ਦੇ ਸਕੱਤਰ ਡਾ. ਰੂਪ ਸਿੰਘ ਅਤੇ ਮੈਨੇਜਰ ਸੁਲੱਖਣ ਸਿੰਘ ਨੇ ਆਖਿਆ ਕਿ ਮੁਤਵਾਜ਼ੀ ਜਥੇਦਾਰਾਂ ਦੇ ਸਮਰਥਕਾਂ ਵੱਲੋਂ ਸ੍ਰੀ ਹਰਿਮੰਦਰ ਸਾਹਿਬ ਦੀ ਰੂਹਾਨੀ ਸ਼ਾਂਤੀ ਅਤੇ ਮਰਿਆਦਾ ਵਿਚ ਖਲਲ ਪਾਉਣ ਦਾ ਯਤਨ ਕੀਤਾ ਗਿਆ ਹੈ। ਉਨ੍ਹਾਂ ਆਖਿਆ ਕਿ ਇਹ ਘਟਨਾ ਸੀ.ਸੀ.ਟੀ.ਵੀ. ਕੈਮਰਿਆਂ ਵਿਚ ਕੈਦ ਹੋ ਚੁੱਕੀ ਹੈ ਅਤੇ ਹਿੰਸਾ ਲਈ ਜ਼ਿੰਮੇਵਾਰਾਂ ਦੀ ਪਛਾਣ ਹੋ ਜਾਵੇਗੀ। ਉਨ੍ਹਾਂ ਕਿਹਾ ਕਿ ਕਿਸੇ ਨੂੰ ਨੇਤਾਗਿਰੀ ਚਮਕਾਉਣ ਨਹੀਂ ਦਿੱਤੀ ਜਾਵੇਗੀ। ਮੁਤਵਾਜ਼ੀ ਜਥੇਦਾਰ ਭਾਈ ਧਿਆਨ ਸਿੰਘ ਮੰਡ ਨੇ ਹਿੰਸਕ ਕਾਰਵਾਈ ਲਈ ਸ਼੍ਰੋਮਣੀ ਕਮੇਟੀ ਨੂੰ ਜ਼ਿੰਮੇਵਾਰ ਠਹਿਰਾਇਆ ਹੈ। ਉਨ੍ਹਾਂ ਆਖਿਆ ਕਿ ਮਾਸਟਰ ਜੌਹਰ ਸਿੰਘ ਸ਼ਰਧਾਲੂ ਵਜੋਂ ਸ੍ਰੀ ਅਕਾਲ ਤਖ਼ਤ ਉਤੇ ਗਿਆ ਸੀ, ਜਿਸ ਨੂੰ ਮਸੰਦਾਂ ਵਰਗੀ ਕਾਰਵਾਈ ਰਾਹੀਂ ਜਬਰੀ ਅਤੇ ਅਪਮਾਨਜਨਕ ਢੰਗ ਨਾਲ ਬਾਹਰ ਕੱਢਿਆ ਗਿਆ।

## ਗੁਰੂ ਘਰਾਂ ਵਿਚ ਸਿਆਸਤ ਨਾ ਕੀਤੀ ਜਾਵੇ: ਜੀ.ਕੇ.

**ਨਵੀਂ ਦਿੱਲੀ:** ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀਕੇ ਨੇ ਕਿਹਾ ਕਿ ਅੰਮ੍ਰਿਤਸਰ ਵਿਚ ਦਰਬਾਰ ਸਾਹਿਬ ਦੇ ਗਲਿਆਰੇ ਵਿਚ ਮੁਤਵਾਜ਼ੀ ਜਥੇਦਾਰਾਂ ਦੇ ਹਮਾਇਤੀਆਂ ਅਤੇ ਸ਼੍ਰੋਮਣੀ ਕਮੇਟੀ ਦੀ ਟਾਸਕ ਫੋਰਸ ਵਿਚ ਟਕਰਾਅ ਹੋਣਾ ਸ਼ਰਮਨਾਕ ਵਰਤਾਰਾ ਹੈ। ਸ੍ਰੀ ਜੀਕੇ ਨੇ ਕਿਹਾ ਕਿ ਸਿੱਖ ਕੌਮ ਦਾ ਇਤਿਹਾਸ ਸ਼ਾਨਾਮੱਤਾ ਹੈ ਤੇ ਸਾਰੀ ਦੁਨੀਆਂ ਗੁਰੂ ਗ੍ਰੰਥ ਸਾਹਿਬ ਤੋਂ ਸੇਧ ਲੈਂਦੀ ਹੈ। ਅਜਿਹੇ ਵਿਚ ਸਿੱਖ ਮਰਿਆਦਾ ਤੇ ਕੌਮ ਦੀ ਸ਼ਾਨ ਬਰਕਰਾਰ ਰੱਖਣ ਲਈ ਸਿਆਸਤ ਨੂੰ ਗੁਰੂ ਘਰਾਂ ਤੋਂ ਪਰ੍ਹੇ ਰੱਖਣਾ ਚਾਹੀਦਾ ਹੈ।

## ਪੰਜ-ਸੱਤ ਸੌ ਬੰਦੇ ਜਥੇਦਾਰ ਨਹੀਂ ਚੁਣ ਸਕਦੇ: ਬਡੂੰਗਰ

**ਫਤਹਿਗੜ੍ਹ ਸਾਹਿਬ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਕਿਰਪਾਲ ਸਿੰਘ ਬਡੂੰਗਰ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਲਗਭਗ 55 ਲੱਖ ਸਿੱਖ ਵੋਟਰਾਂ ਵੱਲੋਂ ਚੁਣੀ ਗਈ ਹੈ। ਪੰਜ-ਸੱਤ ਸੌ ਬੰਦਿਆਂ ਦਾ ਇਕੱਠ ਅਕਾਲ ਤਖ਼ਤ ਦਾ ਜਥੇਦਾਰ ਨਹੀਂ ਚੁਣ ਸਕਦਾ। ਉਨ੍ਹਾਂ ਕਿਹਾ ਕਿ ਅਕਾਲ ਤਖ਼ਤ ਦਾ ਜਥੇਦਾਰ ਨਿਯੁਕਤ ਕਰਨ ਦੀ ਮਰਿਆਦਾ ਤੇ ਵਿਧੀ ਵਿਧਾਨ ਹੈ।

ਅਕਾਲ ਤਖ਼ਤ ਵਿਖੇ ਮੁਤਵਾਜ਼ੀ ਜਥੇਦਾਰਾਂ ਤੇ ਸ਼੍ਰੋਮਣੀ ਕਮੇਟੀ ਮੁਲਾਜ਼ਮਾਂ ਵਿਚਾਲੇ ਹੋਈ ਝੜਪ ਬਾਰੇ ਪ੍ਰੋ. ਬਡੂੰਗਰ ਨੇ ਕਿਹਾ ਕਿ ਇਨ੍ਹਾਂ ਆਪੂ ਬਣੇ ਜਥੇਦਾਰਾਂ ਵੱਲੋਂ ਸਮੇਂ-ਸਮੇਂ 'ਤੇ ਪੰਥ ਨੂੰ ਬਦਨਾਮ ਕਰਨ ਲਈ ਗੁਰਦੁਆਰਿਆਂ ਅੰਦਰ ਝਗੜੇ ਕਰ ਕੇ ਮਾਹੌਲ ਖਰਾਬ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ। ਇਨ੍ਹਾਂ ਨੇ ਅਜਿਹੀ ਹਰਕਤ ਕਰ ਕੇ ਸਾਬਤ ਕਰ ਦਿੱਤਾ ਹੈ ਕਿ ਇਹ ਹਮੇਸ਼ਾ ਅਕਾਲ ਤਖ਼ਤ ਦੀ ਮਰਿਆਦਾ ਨੂੰ ਢਾਹ ਲਾਉਣ ਹੀ ਆਉਂਦੇ ਹਨ। ਉਨ੍ਹਾਂ ਤਿੱਖੇ ਹਮਲੇ ਕਰਦਿਆਂ ਕਿਹਾ ਕਿ ਆਪੂ ਬਣੇ ਜਥੇਦਾਰ ਪੰਥ ਵਿਰੋਧੀ ਤਾਕਤਾਂ ਦੇ ਹੱਥਾਂ ਵਿਚ ਖੇਡ ਰਹੇ ਹਨ। ਉਨ੍ਹਾਂ ਸਵਾਲ ਕੀਤਾ ਕਿ ਜਦੋਂ ਲੰਗਰਾਂ ਉਤੇ ਜੀ.ਐਸ.ਟੀ. ਲੱਗਿਆ, ਗੁਰੂ ਘਰਾਂ 'ਤੇ ਹਮਲੇ ਹੋਏ ਤਾਂ ਇਹ 'ਜਥੇਦਾਰ' ਉਦੋਂ ਕਿਉਂ ਨਹੀਂ ਬੋਲੇ? ਜਸਟਿਸ ਰਣਜੀਤ ਸਿੰਘ ਕਮਿਸ਼ਨ ਸਾਹਮਣੇ ਪੇਸ਼ ਹੋਣ ਦੇ ਸਵਾਲ ਦੇ ਜਵਾਬ ਵਿਚ ਉਨ੍ਹਾਂ ਕਿਹਾ ਕਿ ਇਸ ਵਿਚ ਕੁਝ ਵੀ ਨਵਾਂ ਨਹੀਂ ਹੈ। ਬੇਅਦਬੀ ਮਾਮਲੇ ਦੀ ਜਾਂਚ ਕੇਂਦਰ ਸਰਕਾਰ ਨੂੰ ਕਿਸੇ ਨਿਰਪੱਖ ਏਜੰਸੀ ਤੋਂ ਕਰਵਾਉਣੀ ਚਾਹੀਦੀ ਹੈ ਤਾਂ ਜੋ ਸੱਚ ਲੋਕਾਂ ਦੀ ਕਚਹਿਰੀ ਵਿਚ ਆ ਸਕੇ। ਉਨ੍ਹਾਂ ਕਿਹਾ ਕਿ ਜਸਟਿਸ ਰਣਜੀਤ ਸਿੰਘ ਕਮਿਸ਼ਨ ਬਿਠਾਉਣ ਦੀ ਕੋਈ ਲੋੜ ਨਹੀਂ ਸੀ, ਕਿਉਂਕਿ ਸਰਕਾਰ ਹੀ ਬਦਲੀ ਹੈ, ਪ੍ਰਸ਼ਾਸਨ ਤੇ ਪੁਲਿਸ ਪਹਿਲਾਂ ਵਾਲੀ ਹੀ ਹੈ। ਉਨ੍ਹਾਂ ਜਸਟਿਸ ਜ਼ੋਰਾ ਸਿੰਘ ਕਮਿਸ਼ਨ ਦੀ ਰਿਪੋਰਟ ਜਨਤਕ ਕਰਨ ਦੀ ਮੰਗ ਕੀਤੀ।

# ਗਿਆਨੀ ਗੁਰਮੁਖ ਸਿੰਘ ਪੱਖ ਰੱਖਣ ਲਈ ਨਾ ਪੁੱਜੇ

**ਅੰਮ੍ਰਿਤਸਰ:** ਅਕਾਲ ਤਖ਼ਤ ਤੋਂ ਪੰਜ ਸਿੰਘ ਸਾਹਿਬਾਨ ਵੱਲੋਂ ਇਕ ਹੱਥ ਲਿਖਤ ਸਰੂਪ ਦੀ ਬਿਨਾਂ ਸੁਧਾਈ ਪ੍ਰਕਾਸ਼ ਕੀਤੇ ਜਾਣ ਦੇ ਮਾਮਲੇ ਵਿਚ ਸਪੱਸ਼ਟੀਕਰਨ ਲਈ ਸੱਦੇ ਸਾਬਕਾ ਜਥੇਦਾਰ ਗਿਆਨੀ ਗੁਰਮੁਖ ਸਿੰਘ ਇਕੱਤਰਤਾ ਸਮੇਂ ਨਹੀਂ ਪੁੱਜੇ ਹਨ। ਹੁਣ ਉਨ੍ਹਾਂ ਨੂੰ ਅਗਲੀ ਇਕੱਤਰਤਾ ਵਿਚ ਮੁੜ ਸੱਦੇ ਜਾਣ ਦੀ ਸੰਭਾਵਨਾ ਹੈ।



ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਦੱਸਿਆ ਕਿ ਸਾਬਕਾ ਜਥੇਦਾਰ ਗਿਆਨੀ ਗੁਰਮੁਖ ਸਿੰਘ ਨੂੰ ਆਪਣਾ ਪੱਖ ਪੇਸ਼ ਕਰਨ ਲਈ ਸੱਦਿਆ ਗਿਆ ਸੀ, ਪਰ ਉਹ ਨਹੀਂ ਆਏ ਹਨ ਤੇ ਨਾ ਹੀ ਕੋਈ ਸੁਨੇਹਾ ਭੇਜਿਆ ਹੈ। ਉਨ੍ਹਾਂ ਆਖਿਆ ਕਿ ਅਕਾਲ ਤਖ਼ਤ ਦੀ ਮਰਿਆਦਾ ਮੁਤਾਬਕ ਉਨ੍ਹਾਂ ਨੂੰ ਮੁੜ ਸਮਾਂ ਦਿੱਤਾ ਜਾਵੇਗਾ।

ਦੱਸਣਯੋਗ ਹੈ ਕਿ ਕੁਝ ਸਮਾਂ ਪਹਿਲਾਂ ਤਖ਼ਤ ਸ੍ਰੀ ਦਮਦਮਾ ਸਾਹਿਬ ਵਿਖੇ ਇਕ ਹੱਥ ਲਿਖਤ ਸਰੂਪ ਦਾ ਬਿਨਾਂ ਸੁਧਾਈ ਪ੍ਰਕਾਸ਼ ਕੀਤਾ ਗਿਆ ਸੀ। ਇਹ ਹੱਥ ਲਿਖਤ ਸਰੂਪ ਮਲੇਸ਼ੀਆ ਵਾਸੀ ਇਕ ਗੁਰਸਿੱਖ ਵਿਅਕਤੀ ਵੱਲੋਂ ਤਿਆਰ ਕੀਤਾ ਗਿਆ ਸੀ ਤੇ ਇਥੇ ਭੇਟ ਕੀਤਾ ਗਿਆ ਸੀ। ਇਸ ਮਾਮਲੇ ਦੀ ਜਾਂਚ ਦੇ ਆਦੇਸ਼ ਦਿੱਤੇ ਗਏ ਸਨ। ਇਸ ਸਬੰਧੀ ਮਲੇਸ਼ੀਆ ਵਾਸੀ ਜਸਵੰਤ ਸਿੰਘ ਖੋਸਾ ਨੂੰ ਵੀ ਸੱਦਿਆ ਗਿਆ ਸੀ। ਉਹ ਵੀ ਹਾਜ਼ਰ ਨਹੀਂ ਹੋਏ, ਪਰ ਉਨ੍ਹਾਂ ਨਾ ਆਉਣ ਬਾਰੇ ਸੁਨੇਹਾ ਭੇਜਿਆ ਹੈ।

# ਬੀਬੀ ਜਗੀਰ ਕੌਰ ਵੱਲੋਂ ਕਾਰਵਾਈ ਤੋਂ ਬਚਣ ਲਈ ਮਰਿਆਦਾ ਦੀ ਓਟ



**ਅੰਮ੍ਰਿਤਸਰ:** ਮੁਤਵਾਜ਼ੀ ਜਥੇਦਾਰਾਂ ਵੱਲੋਂ ਸੱਤ ਨਵੰਬਰ ਨੂੰ ਤਲਬ ਕੀਤੇ ਜਾਣ ਬਾਅਦ ਸ਼੍ਰੋਮਣੀ ਕਮੇਟੀ ਦੀ ਸਾਬਕਾ ਪ੍ਰਧਾਨ ਜਗੀਰ ਕੌਰ ਨੇ ਸ਼੍ਰੋਮਣੀ ਕਮੇਟੀ ਦੇ ਕੁਝ ਮੈਂਬਰਾਂ ਸਮੇਤ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੂੰ ਇਕ ਪੱਤਰ ਸੌਂਪ ਕੇ ਅਪੀਲ ਕੀਤੀ ਹੈ ਕਿ ਅਕਾਲ ਤਖ਼ਤ ਦੀ ਮਾਣ ਮਰਿਆਦਾ ਨੂੰ ਢਾਹ ਲਾਉਣ ਦੇ ਦੋਸ਼ ਹੇਠ ਮੁਤਵਾਜ਼ੀ ਜਥੇਦਾਰਾਂ ਖਿਲਾਫ਼ ਕਾਰਵਾਈ ਕੀਤੀ ਜਾਵੇ। ਇਸ ਦੌਰਾਨ ਸਵਾਲ ਕੀਤਾ ਜਾ ਰਿਹਾ ਹੈ ਕਿ ਇਹ ਕਾਰਵਾਈ ਅਕਾਲ ਤਖ਼ਤ ਸਾਹਿਬ ਦੀ ਮਰਿਆਦਾ ਨੂੰ ਬਚਾਉਣ ਲਈ ਹੈ ਜਾਂ ਜਗੀਰ ਕੌਰ ਨੂੰ ਬਚਾਉਣ ਵਾਸਤੇ?

ਜਥੇਦਾਰ ਕੋਲ ਜਾਣ ਤੋਂ ਪਹਿਲਾਂ ਇਥੇ ਗੁਰਦਾਸ ਹਾਲ ਵਿਚ ਇਕੱਠੇ ਹੋਏ ਸ਼੍ਰੋਮਣੀ ਕਮੇਟੀ ਦੇ ਲਗਭਗ 60 ਮੈਂਬਰਾਂ ਨੇ ਇਕ ਮਤਾ ਪਾਸ ਕੀਤਾ। ਇਹ ਮਤਾ ਸ਼੍ਰੋਮਣੀ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਬਲਦੇਵ ਸਿੰਘ ਕਿਆਮਪੁਰਾ ਨੇ ਪੜ੍ਹਿਆ। ਮਤੇ ਵਿਚ ਦੋਸ਼ ਲਾਇਆ ਗਿਆ ਕਿ ਮੁਤਵਾਜ਼ੀ ਜਥੇਦਾਰਾਂ ਵੱਲੋਂ ਅਕਾਲ ਤਖ਼ਤ ਸਾਹਿਬ ਦੇ ਬਰਾਬਰ ਕਾਰਵਾਈ ਕਰਨ, ਪ੍ਰਵੇਸ਼ ਦੁਆਰ ਪਲਾਜ਼ਾ ਵਿਚ ਖੜ੍ਹੇ ਹੋ ਕੇ ਹੁਕਮਨਾਮੇ ਜਾਰੀ ਕਰਨ ਨਾਲ ਅਕਾਲ ਤਖ਼ਤ ਸਾਹਿਬ ਦੀ ਮਾਣ ਮਰਿਆਦਾ ਨੂੰ ਢਾਹ ਲੱਗ ਰਹੀ ਹੈ ਅਤੇ ਕੌਮ ਵਿਚ ਦੁਬਿਧਾ ਪੈਦਾ ਕੀਤੀ ਜਾ ਰਹੀ ਹੈ। ਇਸ ਲਈ ਮੁਤਵਾਜ਼ੀ ਜਥੇਦਾਰਾਂ ਖਿਲਾਫ਼ ਪੰਥਕ ਮਰਿਆਦਾ ਅਨੁਸਾਰ ਸਖ਼ਤ ਕਾਰਵਾਈ ਕੀਤੀ ਜਾਵੇ। ਜਗੀਰ ਕੌਰ ਨੇ ਦੋਸ਼ ਲਾਇਆ ਕਿ ਮੁਤਵਾਜ਼ੀ ਜਥੇਦਾਰ ਕਾਂਗਰਸ ਦੇ ਹੱਥ ਠੋਕੇ ਹਨ ਅਤੇ ਉਸ ਦੇ ਇਸ਼ਾਰੇ 'ਤੇ ਸਾਜ਼ਿਸ਼ ਤਹਿਤ ਅਕਾਲ ਤਖ਼ਤ ਦੀ ਮਾਣ ਮਰਿਆਦਾ ਨੂੰ ਢਾਹ ਲਗਾ ਰਹੇ ਹਨ।

ਜਗੀਰ ਕੌਰ ਨੇ ਕਿਹਾ ਕਿ ਇਹ ਮਾਮਲਾ ਇਕੱਲਾ ਉਸ ਨਾਲ ਨਹੀਂ ਬਲਕਿ ਸਮੁੱਚੇ ਪੰਥ ਨਾਲ ਜੁੜਿਆ ਹੈ। ਉਨ੍ਹਾਂ ਕਿਹਾ ਕਿ ਮੁਤਵਾਜ਼ੀ ਜਥੇਦਾਰਾਂ ਦੀ ਕਾਰਵਾਈ ਸ਼ਾਂਤੀ ਭੰਗ ਕਰਨ ਵਾਲੀ ਅਤੇ ਮਰਿਆਦਾ ਨੂੰ ਚੁਣੌਤੀ ਦੇਣ ਵਾਲੀ ਹੈ।

# ਜੌਹਰ ਸਿੰਘ ਨੂੰ ਤਨਖਾਹ ਪੂਰੀ ਕਰ ਤੋਂ ਰੋਕਿਆ

**ਅੰਮ੍ਰਿਤਸਰ:** ਮੁਤਵਾਜ਼ੀ ਜਥੇਦਾਰਾਂ ਵੱਲੋਂ ਲਾਈ ਤਨਖਾਹ ਪੂਰੀ ਕਰਨ ਲਈ ਗੁਰਦੁਆਰਾ ਛੋਟਾ ਘੱਲੂਘਾਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਾਸਟਰ ਜੌਹਰ ਸਿੰਘ ਨੇ ਸ੍ਰੀ ਹਰਿਮੰਦਰ ਸਾਹਿਬ ਸਮੂਹ ਦੇ ਬਾਹਰ ਪ੍ਰਵੇਸ਼ ਦੁਆਰ ਪਲਾਜ਼ਾ ਵਿਚ ਝਾੜੂ ਮਾਰ ਕੇ ਅਤੇ ਕੀਰਤਨ ਸੁਣ ਕੇ ਸੇਵਾ ਦੀ ਸ਼ੁਰੂਆਤ ਕਰ ਦਿੱਤੀ। ਉਸ ਨੂੰ ਸ੍ਰੀ ਹਰਿਮੰਦਰ ਸਾਹਿਬ ਵਿਚ ਸੇਵਾ ਕਰ ਤੋਂ ਰੋਕ ਦਿੱਤਾ ਗਿਆ ਸੀ।



ਸ਼੍ਰੋਮਣੀ ਕਮੇਟੀ ਅਧਿਕਾਰੀਆਂ ਨੇ ਉਸ ਨੂੰ ਆਖਿਆ ਸੀ ਕਿ ਸ਼੍ਰੋਮਣੀ ਕਮੇਟੀ ਮੁਤਵਾਜ਼ੀ ਜਥੇਦਾਰਾਂ ਨੂੰ ਕੋਈ ਮਾਨਤਾ ਨਹੀਂ ਦਿੰਦੀ ਅਤੇ ਉਨ੍ਹਾਂ ਵੱਲੋਂ ਕੀਤੇ ਫੈਸਲੇ ਨੂੰ ਵੀ ਨਹੀਂ ਮੰਨਦੀ। ਪ੍ਰਵੇਸ਼ ਦੁਆਰ ਪਲਾਜ਼ਾ ਵਿਚ ਲਗਭਗ ਦੋ ਘੰਟੇ ਸੇਵਾ ਕਰਨ ਮਗਰੋਂ ਉਸ ਨੇ ਆਖਿਆ ਕਿ ਮੁਤਵਾਜ਼ੀ ਜਥੇਦਾਰਾਂ ਵੱਲੋਂ ਲਾਈ ਸੱਤ ਦਿਨ ਦੀ ਤਨਖਾਹ ਤਹਿਤ ਉਸ ਨੇ ਪ੍ਰਵੇਸ਼ ਦੁਆਰ ਪਲਾਜ਼ਾ ਵਿਚ ਝਾੜੂ ਮਾਰਨ ਦੀ ਸੇਵਾ ਕੀਤੀ ਅਤੇ ਕੀਰਤਨ ਸੁਣਿਆ। ਉਸ ਨੇ ਮੁੜ ਸ੍ਰੀ ਹਰਿਮੰਦਰ ਸਾਹਿਬ ਸਮੂਹ ਵਿਚ ਸੇਵਾ ਸ਼ੁਰੂ ਕਰਨ ਦਾ ਯਤਨ ਕੀਤਾ ਸੀ ਪਰ ਸ਼੍ਰੋਮਣੀ ਕਮੇਟੀ ਅਧਿਕਾਰੀਆਂ ਨੇ ਅੰਦਰ ਜਾਣ ਤੋਂ ਰੋਕ ਦਿੱਤਾ। ਇਸ ਲਈ ਉਸ ਨੇ ਪਲਾਜ਼ਾ ਵਿਚ ਝਾੜੂ ਮਾਰ ਕੇ ਸਫਾਈ ਦੀ ਸੇਵਾ ਕੀਤੀ ਅਤੇ ਬਾਹਰ ਬੈਠ ਕੇ ਹੀ ਗੁਰਬਾਣੀ ਦਾ ਕੀਰਤਨ ਸੁਣਿਆ। ਉਸ ਨੇ ਸਪੱਸ਼ਟ ਕੀਤਾ ਕਿ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਦੇ ਅਹੁਦੇ ਤੋਂ ਅਸਤੀਫਾ ਦੇਣ ਮਗਰੋਂ ਹੀ ਉਸ ਨੇ ਸੇਵਾ ਸ਼ੁਰੂ ਕੀਤੀ ਹੈ।

ਦੱਸਣਯੋਗ ਹੈ ਕਿ ਮੁਤਵਾਜ਼ੀ ਜਥੇਦਾਰਾਂ ਨੇ ਉਸ ਨੂੰ ਸੱਤ ਦਿਨ ਸ੍ਰੀ ਹਰਿਮੰਦਰ ਸਾਹਿਬ ਵਿਚ ਰੋਜ਼ਾਨਾ ਇਕ ਘੰਟਾ ਕੀਰਤਨ ਸੁਣਨ, ਇਕ ਘੰਟਾ ਜੂਠੇ ਭਾਂਡੇ ਮਾਂਜਣ ਅਤੇ ਇਕ ਘੰਟਾ ਜੋੜੇ ਝਾੜਨ ਦੀ ਸੇਵਾ ਲਾਈ ਸੀ। ਇਸ ਤੋਂ ਬਾਅਦ ਗੁਰਦੁਆਰਾ ਛੋਟਾ ਘੱਲੂਘਾਰਾ ਵਿਚ ਇਕ ਅਖੰਡ ਪਾਠ ਕਰਾਉਣ ਅਤੇ 5100 ਰੁਪਏ ਗੋਲਕ ਵਿਚ ਪਾਉਣ ਦੇ ਆਦੇਸ਼ ਦਿੱਤੇ ਸਨ। ਦੱਸ ਦਈਏ ਕਿ

ਗੁਰਦੁਆਰਾ ਕਾਹਨੂੰਵਾਨ ਛੰਭ ਛੋਟਾ ਘੱਲੂਘਾਰਾ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹੋਣ ਸਮੇਂ ਇਥੋਂ ਦੇ ਸਕੱਤਰ ਦਾ ਗੁਰਦੁਆਰੇ ਅੰਦਰ ਕਿਸੇ ਔਰਤ ਨਾਲ ਇਤਰਾਜ਼ਯੋਗ ਹਾਲਾਤ ਵਿਚ ਫੜੇ ਜਾਣ ਕਾਰਨ, ਜੌਹਰ ਸਿੰਘ ਨੂੰ ਤਨਖਾਹੀਆ ਕਰਾਰ ਦੇ ਦਿੱਤਾ ਗਿਆ ਹੈ। ਆਪਣੇ ਮੁਲਾਜ਼ਮ ਦੇ ਗੈਰ-ਜ਼ਿੰਮੇਵਾਰਾਨਾ ਵਰਤਾਰੇ ਕਾਰਨ ਜੌਹਰ ਸਿੰਘ ਨੂੰ ਪ੍ਰਧਾਨ ਹੋਣ ਨਾਤੇ ਜਵਾਬਤਲਬੀ ਲਈ ਸੱਦਿਆ ਗਿਆ ਸੀ।

ਜੌਹਰ ਸਿੰਘ ਨੂੰ ਭਲਕੇ 13 ਅਕਤੂਬਰ ਨੂੰ ਅਕਾਲ ਤਖ਼ਤ 'ਤੇ ਪੇਸ਼ ਹੋਣ ਲਈ ਕਿਹਾ ਗਿਆ ਸੀ ਪਰ ਉਹ ਅਕਾਲ ਤਖ਼ਤ ਦੇ ਜਥੇਦਾਰਾਂ ਦੀ ਥਾਂ ਸਰਬੱਤ ਖਾਲਸਾ ਵੱਲੋਂ ਥਾਪੇ ਜਥੇਦਾਰਾਂ ਦੇ ਸਾਹਮਣੇ ਪੇਸ਼ ਹੋਣ ਲਈ ਆ ਗਿਆ। ਇਸ ਬਾਰੇ ਅਕਾਲੀ ਦਲ ਦੇ ਆਗੂ ਸੇਵਾ ਸਿੰਘ ਸੇਖਵਾਂ, ਸਾਬਕਾ ਆਗੂ ਤੇ ਬਲਾਤਕਾਰ ਦੇ ਇਲਜ਼ਾਮਾਂ ਦਾ ਸਾਹਮਣਾ ਕਰ ਰਹੇ ਸੁੱਚਾ ਸਿੰਘ ਲੰਗਾਹ ਵੱਲੋਂ ਅਕਾਲ ਤਖ਼ਤ 'ਤੇ ਸ਼ਿਕਾਇਤ ਕੀਤੀ ਗਈ ਸੀ।

# ਗੁਰਦਾਸਪੁਰ ਚੋਣ: ਕੈਪਟਨ ਸਰਕਾਰ ਨੇ ਪਾਸ ਕੀਤੀ ਪਹਿਲੀ ਪ੍ਰੀਖਿਆ

**ਗੁਰਦਾਸਪੁਰ**: ਕੈਪਟਨ ਅਮਰਿੰਦਰ ਸਿੰਘ ਸਰਕਾਰ ਨੇ ਲੋਕ ਸਭਾ ਹਲਕਾ ਗੁਰਦਾਸਪੁਰ ਦੀ ਜ਼ਿਮਨੀ ਚੋਣ ਜਿੱਤ ਕੇ ਆਪਣੀ ਪਹਿਲੀ ਪ੍ਰੀਖਿਆ ਪਾਸ ਕਰ ਲਈ ਹੈ। ਕਾਂਗਰਸ ਪਾਰਟੀ ਦੇ ਉਮੀਦਵਾਰ ਸੁਨੀਲ ਜਾਖੜ ਨੇ ਵੱਡੇ ਫਰਕ ਨਾਲ ਜਿੱਤ ਹਾਸਲ ਕੀਤੀ ਹੈ। ਉਨ੍ਹਾਂ ਆਪਣੇ ਮੁੱਖ ਵਿਰੋਧੀ ਅਕਾਲੀ-ਭਾਜਪਾ ਦੇ ਉਮੀਦਵਾਰ ਸਵਰਨ ਸਲਾਰੀਆ ਨੂੰ 1,93,219 ਵੋਟਾਂ ਦੇ ਵੱਡੇ ਅੰਤਰ ਨਾਲ ਹਰਾਇਆ। ਲੋਕ ਸਭਾ ਹਲਕਾ ਗੁਰਦਾਸਪੁਰ ਦੀ ਹੋਈ ਚੋਣ ਵਿਚ ਕੁੱਲ 8,59,462 ਵੋਟਰਾਂ ਵੱਲੋਂ ਆਪਣੇ ਵੋਟ ਦੇ ਹੱਕ ਦੀ ਵਰਤੋਂ ਕੀਤੀ ਗਈ। ਸ੍ਰੀ ਸੁਨੀਲ ਜਾਖੜ ਨੂੰ ਕੁੱਲ 4,99,452, ਭਾਜਪਾ ਦੇ ਉਮੀਦਵਾਰ ਸਵਰਨ ਸਲਾਰੀਆ ਨੂੰ 3,06,533 ਵੋਟਾਂ ਅਤੇ 'ਆਪ' ਦੇ ਉਮੀਦਵਾਰ ਸੁਰੇਸ਼ ਖਜੂਰੀਆ ਨੂੰ 23579 ਵੋਟਾਂ ਮਿਲੀਆਂ ਹਨ। ਸਾਲ 2012 ਵਿਚ ਹੋਈਆਂ ਵਿਧਾਨ ਸਭਾ ਚੋਣਾਂ ਸਮੇਂ ਪਠਾਨਕੋਟ ਜ਼ਿਲ੍ਹੇ ਦੇ ਤਿੰਨੇ ਹਲਕਿਆਂ ਉਪਰ ਭਾਜਪਾ ਦਾ ਕਬਜ਼ਾ ਸੀ ਪਰ ਸਾਲ 2017 ਵਿਚ ਸਿਰਫ ਸੁਜਾਨਪੁਰ ਹਲਕਾ ਹੀ ਭਾਜਪਾ ਕੋਲ ਬਰਕਰਾਰ ਰਿਹਾ।

ਹੁਣ ਵਿਧਾਨ ਸਭਾ ਚੋਣਾਂ ਦੇ 7 ਮਹੀਨਿਆਂ ਬਾਅਦ ਹੀ ਲੋਕ ਸਭਾ ਜ਼ਿਮਨੀ ਚੋਣ ਵਿਚ ਭਾਜਪਾ ਤਿੰਨੇ ਹਲਕਿਆਂ ਵਿਚੋਂ ਹਾਰ ਗਈ। ਲੋਕਾਂ ਦਾ ਕਹਿਣਾ ਹੈ ਕਿ ਕਾਂਗਰਸ ਨੂੰ ਹੁਕਮਰਾਨ ਪਾਰਟੀ ਅਤੇ ਪ੍ਰਦੇਸ਼ ਪ੍ਰਧਾਨ ਸੁਨੀਲ ਜਾਖੜ ਨੂੰ ਮੈਦਾਨ ਵਿਚ ਉਤਾਰਨ ਦਾ ਲਾਭ ਮਿਲਿਆ। ਉਧਰ, ਸਲਾਰੀਆ ਦੀਆਂ ਅਸ਼ਲੀਲ ਫੋਟੋਆਂ ਸੋਸ਼ਲ ਮੀਡੀਆ ਵਿਚ ਨਸ਼ਰ ਹੋਣ ਨਾਲ ਉਸ ਦੀ ਚੋਣ ਮੁਹਿੰਮ ਨੂੰ ਝਟਕਾ ਲੱਗਾ। ਸਾਬਕਾ ਅਕਾਲੀ ਮੰਤਰੀ ਸੁੱਚਾ ਸਿੰਘ ਲੰਗਾਹ ਦੀ ਸੀਡੀ ਵੀ ਲੋਕਾਂ ਵਿਚ ਖੂਬ ਚਰਚਾ ਦਾ ਵਿਸ਼ਾ ਬਣੀ ਜਿਸ ਦਾ ਉਸ ਨੂੰ ਬੇਹੱਦ ਨੁਕਸਾਨ ਹੋਇਆ। ਪਠਾਨਕੋਟ ਵਿਚ ਭਾਜਪਾ ਪੂਰੀ ਤਰ੍ਹਾਂ ਫੁੱਟ ਦਾ ਸ਼ਿਕਾਰ ਦਿਖਾਈ ਦਿੱਤੀ ਅਤੇ ਵਰਕਰ ਖੁੱਲ੍ਹ ਕੇ ਸਵਰਨ ਸਲਾਰੀਆ ਦੇ ਨਾਲ ਨਹੀਂ ਚੱਲੇ। ਇਸ ਜ਼ਿਮਨੀ ਚੋਣ ਵਿਚ ਕਾਂਗਰਸ ਦੇ ਸੁਨੀਲ ਜਾਖੜ ਵੱਲੋਂ ਹਾਸਲ ਕੀਤੀ 1,93,219 ਦੀ ਲੀਡ ਨੇ ਸਾਲ 2014 ਵਿਚ ਅਕਾਲੀ-ਭਾਜਪਾ ਦੇ ਉਮੀਦਵਾਰ ਵਿਨੋਦ ਖੰਨਾ ਵੱਲੋਂ ਹਾਸਲ ਕੀਤੀ ਲੀਡ 1,36,065 ਨੂੰ ਪਿੱਛੇ ਪਾ ਦਿੱਤਾ ਹੈ।

## ਜ਼ਿਮਨੀ ਚੋਣ ਵਿਚ ਕਾਂਗਰਸ ਨੂੰ ਵੱਡੀ ਜਿੱਤ



## ਕਾਂਗਰਸ ਦੀ ਬਹਾਲੀ ਦਾ ਦੌਰ ਸ਼ੁਰੂ: ਕੈਪਟਨ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਗੁਰਦਾਸਪੁਰ ਸੰਸਦੀ ਹਲਕੇ ਦੇ ਮੈਂਬਰ ਸੁਨੀਲ ਜਾਖੜ ਨੇ ਕਿਹਾ ਹੈ ਕਿ ਇਸ ਜਿੱਤ ਨਾਲ ਕਾਂਗਰਸ ਪਾਰਟੀ ਦੀ ਬਹਾਲੀ ਦਾ ਦੌਰ ਸ਼ੁਰੂ ਹੋ ਗਿਆ ਹੈ ਤੇ ਲੋਕ ਸਭਾ ਦੀਆਂ 2019 ਦੀਆਂ ਚੋਣਾਂ ਦੌਰਾਨ ਕਾਂਗਰਸ ਦੀ ਜਿੱਤ ਦਾ ਰਾਹ ਪੱਧਰਾ ਹੋ ਗਿਆ ਹੈ। ਜਾਖੜ ਨੇ ਆਪਣੀ ਜਿੱਤ ਦੀ ਤੁਲਨਾ ਮਰਹੂਮ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਚਿੱਕ ਮੰਗਲੂਰ ਦੀ ਸੀਟ ਤੋਂ ਹੋਈ ਜਿੱਤ ਨਾਲ ਕੀਤੀ ਹੈ।

## ਨੌਂ ਉਮੀਦਵਾਰਾਂ ਦੀਆਂ ਹੋਈਆਂ ਜ਼ਮਾਨਤਾਂ ਜ਼ਬਤ

ਗੁਰਦਾਸਪੁਰ ਲੋਕ ਸਭਾ ਜ਼ਿਮਨੀ ਚੋਣ ਲਈ ਚੋਣ ਮੈਦਾਨ 'ਚ ਉਤਰੇ ਆਮ ਆਦਮੀ ਪਾਰਟੀ ਦੇ ਉਮੀਦਵਾਰ ਸੇਵਾ-ਮੁਕਤ ਮੇਜਰ ਜਨਰਲ ਸੁਰੇਸ਼ ਖਜੂਰੀਆ ਸਮੇਤ ਕੁੱਲ 9 ਉਮੀਦਵਾਰਾਂ ਦੀ ਜ਼ਮਾਨਤ ਜ਼ਬਤ ਹੋ ਗਈ। ਜਿਨ੍ਹਾਂ 'ਚ ਸ਼੍ਰੋਮਣੀ ਅਕਾਲੀ ਦਲ (ਅ) ਦੇ ਉਮੀਦਵਾਰ ਕੁਲਵੰਤ ਸਿੰਘ ਮਝੈਲ ਨੂੰ 3546, ਮੇਘ ਦੇਸ਼ਮ ਪਾਰਟੀ ਦੀ ਸੰਤੋਸ਼ ਕੁਮਾਰੀ ਨੂੰ 1011, ਹਿੰਦੁਸਤਾਨ ਸ਼ਿਵ ਸੈਨਾ ਦੇ ਰਜਿੰਦਰ ਸਿੰਘ ਨੂੰ 1891, ਆਜ਼ਾਦ ਉਮੀਦਵਾਰ ਸਤਨਾਮ ਸਿੰਘ ਨੂੰ 996, ਆਜ਼ਾਦ ਉਮੀਦਵਾਰ ਸੰਦੀਪ ਕੁਮਾਰ ਨੂੰ 1922, ਪ੍ਰਦੀਪ ਕੁਮਾਰ 2029, ਆਜ਼ਾਦ ਉਮੀਦਵਾਰ ਪਰਵਿੰਦਰ ਸਿੰਘ ਨੂੰ 6825 ਤੇ ਪਵਨ ਕੁਮਾਰ ਨੂੰ 3791 ਵੋਟਾਂ ਹੀ ਹਾਸਲ ਹੋਈਆਂ।

## ਜਾਖੜ ਨੂੰ ਸੰਸਦ ਮੈਂਬਰ ਵਜੋਂ ਪਹਿਲੀ ਵਾਰ ਫਤਿਹ

ਲੋਕ ਸਭਾ ਹਲਕਾ ਗੁਰਦਾਸਪੁਰ ਦੀ ਜ਼ਿਮਨੀ ਚੋਣ 'ਚ ਰਿਕਾਰਡ ਤੋੜ ਜਿੱਤ ਹਾਸਲ ਕਰਨ ਵਾਲੇ ਕਾਂਗਰਸੀ ਉਮੀਦਵਾਰ ਸੁਨੀਲ ਜਾਖੜ ਪਹਿਲੀ ਵਾਰ ਲੋਕ ਸਭਾ ਮੈਂਬਰ ਬਣੇ ਹਨ। ਜ਼ਿਕਰਯੋਗ ਹੈ ਕਿ ਜਾਖੜ ਨੇ ਆਪਣੇ ਰਾਜਨੀਤਕ ਜੀਵਨ ਦੀ ਸ਼ੁਰੂਆਤ ਸਾਲ 1996 ਵਿਚ ਆਪਣੇ ਜੱਦੀ ਲੋਕ ਸਭਾ ਹਲਕਾ ਫਿਰੋਜ਼ਪੁਰ ਤੋਂ ਚੋਣ ਲੜ ਕੇ ਕੀਤੀ ਸੀ। ਜਿਥੋਂ ਉਹ ਬਸਪਾ ਉਮੀਦਵਾਰ ਮੋਹਨ ਸਿੰਘ ਤੋਂ ਹਾਰੇ ਸਨ। ਇਸ ਦੇ ਬਾਅਦ ਆਪਣੇ ਜੱਦੀ ਵਿਧਾਨ ਸਭਾ ਹਲਕੇ ਅਬੋਹਰ ਤੋਂ 2002, 2007 ਅਤੇ 2012 ਵਿਚ ਬਤੌਰ ਵਿਧਾਇਕ ਰਹੇ ਪਰ ਮੁੜ 2014 ਦੀਆਂ ਲੋਕ ਸਭਾ ਚੋਣਾਂ ਵਿਚ ਫਿਰੋਜ਼ਪੁਰ ਤੋਂ ਦੂਜੀ ਵਾਰ ਅਕਾਲੀ ਦਲ ਦੇ ਉਮੀਦਵਾਰ ਸ਼ੇਰ ਸਿੰਘ ਘੁਬਾਇਆ ਤੋਂ ਹਾਰ ਗਏ ਸਨ। ਉਸ ਤੋਂ ਬਾਅਦ 2017 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਹਲਕਾ ਅਬੋਹਰ ਤੋਂ ਵੀ ਹਾਰ ਗਏ। ਇਸ ਵਾਰ ਆਪਣਾ ਹਲਕਾ ਛੱਡ ਕੇ



ਗੁਰਦਾਸਪੁਰ ਲੋਕ ਸਭਾ ਹਲਕੇ ਦੀ ਜ਼ਿਮਨੀ ਚੋਣ ਲੜ ਕੇ ਕਿਸਮਤ ਅਜ਼ਮਾਉਣ ਵਾਲੇ ਸੁਨੀਲ ਜਾਖੜ ਨੇ 193219 ਵੋਟਾਂ ਦੇ ਫਰਕ ਨਾਲ ਵਿਰੋਧੀ ਭਾਜਪਾ ਉਮੀਦਵਾਰ ਨੂੰ ਹਰਾਇਆ ਹੈ।

## 'ਆਪ' ਨੇ ਫਿਰ ਮਸ਼ੀਨਾਂ ਸਿਰ ਦੋਸ਼ ਮੜ੍ਹਿਆ

ਲੋਕ ਸਭਾ ਹਲਕਾ ਗੁਰਦਾਸਪੁਰ ਦੀ ਜ਼ਿਮਨੀ ਚੋਣ ਦੇ ਨਤੀਜੇ ਆਉਣ 'ਤੇ ਤੀਜੇ ਨੰਬਰ 'ਤੇ ਰਹੀ ਆਮ ਆਦਮੀ ਪਾਰਟੀ ਦੇ ਉਮੀਦਵਾਰ ਸਾਬਕਾ ਮੇਜਰ ਜਨਰਲ ਸੁਰੇਸ਼ ਖਜੂਰੀਆ ਨੇ ਕਾਂਗਰਸੀਆਂ ਉਪਰ ਨਿਸ਼ਾਨਾ ਕੱਸਦੇ ਹੋਏ ਪੂਰੀ ਚੋਣ ਪ੍ਰਕਿਰਿਆ ਵਿਚ ਕਾਂਗਰਸੀ ਆਗੂਆਂ ਅਤੇ ਵਿਧਾਇਕਾਂ 'ਤੇ ਧੱਕੇਸ਼ਾਹੀ ਦਾ ਦੋਸ਼ ਲਗਾਇਆ। ਉਨ੍ਹਾਂ ਕਿਹਾ ਕਿ ਕਾਂਗਰਸ ਵਲੋਂ 11 ਅਕਤੂਬਰ ਨੂੰ ਵੋਟਾਂ ਵਾਲੇ ਦਿਨ ਸ਼ਾਮ 4 ਤੋਂ 5 ਵਜੇ ਤੱਕ ਇਕ ਲੱਖ ਦੇ ਕਰੀਬ ਜਾਅਲੀ ਵੋਟ ਪਾਈ ਗਈ। ਇਸ ਤੋਂ ਇਲਾਵਾ ਉਨ੍ਹਾਂ ਨੇ ਵੀ.ਵੀ.ਪੈਟ ਮਸ਼ੀਨਾਂ ਸਬੰਧੀ ਕਿਹਾ ਕਿ ਕੁਝ ਮਸ਼ੀਨਾਂ ਨਾਲ ਵੀ ਛੇੜਛਾੜ ਕੀਤੀ ਹੋਈ ਸੀ ਅਤੇ ਚੋਣ ਨਿਸ਼ਾਨ ਝਾੜੂ ਵਾਲਾ ਬਟਨ ਦਬਾਉਣ 'ਤੇ ਵੀ ਉਹ ਦੱਬਿਆ ਨਹੀਂ ਸੀ ਜਾਂਦਾ।

## 7586 ਲੋਕਾਂ ਨੂੰ ਕੋਈ ਵੀ ਉਮੀਦਵਾਰ ਪਸੰਦ ਨਾ ਆਇਆ

ਵੋਟਿੰਗ ਦੌਰਾਨ 7586 ਲੋਕਾਂ ਨੇ 'ਨੋਟਾ' ਦਾ ਬਟਨ ਦਬਾਇਆ। ਪਹਿਲੀ ਵਾਰ ਕਿਸੇ ਚੋਣ ਵਿਚ ਐਨੇ ਵੱਡੇ ਪੱਧਰ ਉਤੇ ਵੋਟਰਾਂ ਨੇ ਇਸ ਬਟਨ 'ਚ ਦਿਲਚਸਪੀ ਦਿਖਾਈ ਹੈ।

# ਅਕਾਲੀ ਤੇ ਭਾਜਪਾ ਗੱਠਜੋੜ ਲਈ ਵੱਡੀਆਂ ਚੁਣੌਤੀਆਂ ਵੱਲ ਸੰਕੇਤ

**ਚੰਡੀਗੜ੍ਹ:** ਗੁਰਦਾਸਪੁਰ ਸੰਸਦੀ ਹਲਕੇ ਦੀ ਜ਼ਿਮਨੀ ਚੋਣ ਵਿਚ ਵੱਡੀ ਹਾਰ ਨਾਲ ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਗਠਜੋੜ ਲੀਡਰਸ਼ਿਪ ਲਈ ਵੱਡੀਆਂ ਚੁਣੌਤੀਆਂ ਖੜ੍ਹੀਆਂ ਹੋ ਗਈਆਂ ਹਨ ਜਦ ਕਿ 'ਆਪ' ਦੀ ਲੱਕ ਤੋੜਵੀਂ ਹਾਰ ਨਾਲ ਮਾਝੇ ਵਿਚ ਭਵਿੱਖ ਉਤੇ ਸੁਆਲੀਆ ਨਿਸ਼ਾਨ ਲੱਗ ਗਿਆ ਹੈ।

ਜ਼ਿਮਨੀ ਚੋਣ ਵਿਚ ਅਕਾਲੀ ਦਲ ਦੀ ਨੁਮਾਇੰਦਗੀ ਵਾਲੇ ਹਲਕਿਆਂ ਵਿਚ ਕਾਂਗਰਸ ਪਾਰਟੀ ਦੇ ਉਮੀਦਵਾਰ ਦਾ ਵੱਡੇ ਫਰਕ ਨਾਲ ਜਿੱਤਣ ਤੋਂ ਸੰਕੇਤ ਮਿਲਦਾ ਹੈ ਕਿ ਲੋਕ, ਵਿਧਾਨ ਸਭਾ ਚੋਣਾਂ ਵਾਂਗ ਅਜੇ ਵੀ ਅਕਾਲੀ ਲੀਡਰਸ਼ਿਪ ਦੇ ਖਿਲਾਫ਼ ਹਨ। ਡੇਰਾ ਬਾਬਾ ਨਾਨਕ ਵਿਧਾਨ ਸਭਾ ਹਲਕੇ ਦਾ ਨਤੀਜਾ ਤਾਂ ਅਕਾਲੀ ਲੀਡਰਸ਼ਿਪ ਲਈ ਖਤਰੇ ਦੀ ਘੰਟੀ ਹੈ। ਇਸ ਹਲਕੇ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਆਪਣੇ ਕਰੀਬੀ ਰਿਸ਼ਤੇਦਾਰ ਤੇ ਸਾਬਕਾ ਮੰਤਰੀ ਬਿਕਰਮ ਮਜੀਠੀਆ ਦੀ ਅਗਵਾਈ ਹੇਠ ਵੱਡੇ ਆਗੂਆਂ ਦੀ ਇਕ ਟੀਮ ਨੂੰ ਜ਼ਿੰਮੇਵਾਰੀ ਸੌਂਪੀ ਸੀ ਜਿਹੜੀ ਸੀਨੀਅਰ ਕਾਂਗਰਸ ਵਿਧਾਇਕ ਸੁਖਜਿੰਦਰ ਸਿੰਘ ਰੰਧਾਵਾ ਦੇ ਮੁਕਾਬਲੇ ਬਹੁਤ ਕਮਜ਼ੋਰ ਸਾਬਤ ਹੋਈ ਹੈ ਤੇ ਇਸ ਵਿਧਾਨ ਸਭਾ ਹਲਕੇ ਤੋਂ ਕਾਂਗਰਸ ਨੇ ਸਭ ਤੋਂ ਵੱਡੀ 44074 ਵੋਟਾਂ ਦੀ ਲੀਡ ਪ੍ਰਾਪਤ ਕਰ ਕੇ ਰੰਧਾਵਾ ਨੂੰ ਮਾਝੇ ਦੇ ਅਹਿਮ ਆਗੂ ਵਜੋਂ ਸਥਾਪਤ ਕਰ ਦਿੱਤਾ ਹੈ।

ਗੁਰਦਾਸਪੁਰ ਵਿਧਾਨ ਸਭਾ ਹਲਕੇ ਦੇ ਵਿਧਾਇਕ ਬਰਿੰਦਰਜੀਤ ਸਿੰਘ ਪਾਹੜਾ ਨੇ ਆਪਣੇ ਹਲਕੇ ਤੋਂ ਜਾਖੜ ਨੂੰ 29656 ਵੋਟਾਂ ਦੀ ਜਿੱਤ ਦਿਵਾ ਕੇ ਵਿਧਾਨ ਸਭਾ ਚੋਣਾਂ ਵਿਚ ਮਿਲੀ ਲੀਡ ਨੂੰ ਬਰਕਰਾਰ ਰੱਖਿਆ ਹੈ। ਗੁਰਦਾਸਪੁਰ ਲੋਕ ਸਭਾ ਸੀਟ ਵਿਚ ਪੈਂਦੇ ਦੋ ਵਿਧਾਨ ਸਭਾ ਹਲਕਿਆਂ ਸੁਜਾਨਪੁਰ ਅਤੇ ਬਟਾਲਾ ਤੋਂ ਵਿਰੋਧੀ ਧਿਰ ਭਾਜਪਾ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਜਿੱਤੇ ਸਨ ਪਰ ਦੋਵਾਂ ਹਲਕਿਆਂ ਕਾਂਗਰਸ ਨੇ ਵੱਡੀ ਲੀਡ ਲਈ ਹੈ। ਕੈਪਟਨ ਵਜ਼ਾਰਤ ਵਿਚ ਫਤਿਹਗੜ੍ਹ ਚੂੜੀਆ ਤੋਂ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਅਤੇ ਦੀਨਾ ਨਗਰ ਤੋਂ ਅਰੁਣਾ ਚੌਧਰੀ ਵਜ਼ੀਰ ਹਨ। ਫਤਿਹਗੜ੍ਹ ਚੂੜੀਆਂ ਤੋਂ 32,296 ਵੋਟਾਂ ਦੀ ਜਿੱਤ ਨੇ ਜਾਖੜ ਦੀ ਲੀਡ ਵਿਚ ਚੰਗਾ ਯੋਗਦਾਨ ਦਿੱਤਾ ਹੈ ਪਰ ਸਿੱਖਿਆ ਮੰਤਰੀ ਦੇ ਦੀਨਾਨਗਰ ਹਲਕੇ ਤੋਂ ਵਿਧਾਨ ਸਭਾ ਚੋਣਾਂ ਦੇ ਮੁਕਾਬਲੇ ਜਿੱਤ ਦਾ ਫਰਕ ਕਾਫੀ ਘੱਟ ਗਿਆ ਹੈ ਕੇ ਕਾਂਗਰਸ ਨੂੰ ਵਿਧਾਨ ਸਭਾ ਚੋਣਾਂ ਦੇ ਮੁਕਾਬਲੇ 21000 ਘੱਟ ਵੋਟਾਂ ਮਿਲੀਆ ਹਨ। ਕਾਦੀਆ ਵਿਧਾਨ ਸਭਾ ਹਲਕੇ ਵਿਚ ਕਾਂਗਰਸ ਨੇ 26,255 ਵੋਟਾਂ ਦੀ ਲੀਡ ਤੋਂ ਇਹ ਗੱਲ ਸਾਫ ਹੋ ਗਈ ਹੈ ਕਿ ਬਾਜਵਾ ਭਰਾਵਾਂ ਨੇ ਕਾਫੀ ਕੰਮ ਕੀਤਾ ਹੈ। ਵਿਧਾਨ ਸਭਾ ਚੋਣਾਂ ਦੇ ਮੁਕਾਬਲੇ ਭੋਆ ਤੇ ਪਠਾਨਕੋਟ ਵਿਧਾਨ ਸਭਾ ਹਲਕਿਆਂ ਵਿਚ ਕਾਂਗਰਸ ਦੀ ਲੀਡ ਘਟੀ ਹੈ ਤੇ ਭਾਜਪਾ ਲੀਡਰਸ਼ਿਪ ਇਸ ਨਾਲ ਹੀ ਸੰਤੁਸ਼ਟ ਹੈ। ਜ਼ਿਮਨੀ ਚੋਣ ਵਿਚ ਵੀ ਵਿਧਾਨ ਸਭਾ ਚੋਣਾਂ ਵਾਲੇ ਹੀ ਮੁੱਦੇ ਭਾਰੂ ਸਨ ਤੇ ਸਗੋਂ ਸਾਬਕਾ ਅਕਾਲੀ ਆਗੂ ਸੁੱਚਾ ਸਿੰਘ ਲੰਗਾਹ ਦੀ ਅਸ਼ਲੀਲ ਵੀਡੀਓ ਨੇ ਕਾਂਗਰਸ ਨੂੰ ਹਮਲੇ ਕਰਨ ਲਈ ਅਹਿਮ ਹਥਿਆਰ ਦੇ ਦਿੱਤਾ।



## ਕਵਿਤਾ ਖੰਨਾ ਨੇ ਚੋਣ ਨਤੀਜੇ 'ਤੇ ਪ੍ਰਗਟਾਈ ਨਿਰਾਸ਼ਾ

**ਪਠਾਨਕੋਟ:** ਗੁਰਦਾਸਪੁਰ ਦੇ ਮਰਹੂਮ ਸੰਸਦ ਮੈਂਬਰ ਤੇ ਭਾਜਪਾ ਆਗੂ ਵਿਨੋਦ ਖੰਨਾ ਦੀ ਪਤਨੀ ਕਵਿਤਾ ਖੰਨਾ ਨੇ ਜ਼ਿਮਨੀ ਚੋਣ ਦੇ ਨਤੀਜੇ 'ਤੇ ਨਿਰਾਸ਼ਾ ਪ੍ਰਗਟਾਈ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਪਤੀ ਵਿਨੋਦ ਖੰਨਾ ਨੇ ਗੁਰਦਾਸਪੁਰ ਚੋਣ ਜਿੱਤ ਕੇ ਕਾਂਗਰਸ ਦੇ ਗੜ੍ਹ ਨੂੰ ਤੋੜਿਆ ਸੀ ਅਤੇ ਭਾਜਪਾ ਦਾ ਗੜ੍ਹ ਬਣਾਇਆ ਸੀ। ਵਿਨੋਦ ਖੰਨਾ ਨੇ 20 ਸਾਲ ਗੁਰਦਾਸਪੁਰ ਹਲਕੇ ਦੀ ਸੇਵਾ ਕੀਤੀ ਤੇ ਹਲਕੇ ਨੂੰ ਆਪਣਾ ਪੁੱਤ ਮੰਨਿਆ ਸੀ। ਹੁਣ ਇਸ ਹਲਕੇ ਵਿਚ ਕਾਂਗਰਸ ਦਾ ਜਿੱਤਣਾ ਨਿਰਾਸ਼ਾਜਨਕ ਹੈ।

## ਕਾਂਗਰਸ ਨੇ ਭਾਜਪਾ ਦੇ ਗੜ੍ਹ ਸੁਜਾਨਪੁਰ 'ਚ ਸੰਨ੍ਹ ਲਾਈ

**ਬਟਾਲਾ:** ਪੰਜਾਬ ਦੇ ਸਿਹਤ ਮੰਤਰੀ ਬ੍ਰਹਮ ਮਹਿੰਦਰਾ ਸਮੇਤ ਸਮੁੱਚੀ ਲੀਡਰਸ਼ਿਪ ਵੱਲੋਂ ਵਿਧਾਨ ਸਭਾ ਹਲਕਾ ਸੁਜਾਨਪੁਰ ਵਿਚ ਕੀਤੀ ਮਿਹਨਤ ਰੰਗ ਲਿਆਈ ਹੈ ਅਤੇ ਭਾਜਪਾ ਦੇ ਇਸ ਗੜ੍ਹ ਵਿਚ ਕਾਂਗਰਸ ਨੇ ਲੋਕ ਸਭਾ ਜ਼ਿਮਨੀ ਚੋਣ 'ਚ ਸੰਨ੍ਹ ਲਾਈ ਹੈ। ਸੁਨੀਲ ਜਾਖੜ ਨੂੰ 6701 ਵੋਟਾਂ ਦੇ ਫਰਕ ਨਾਲ ਬੜਤ ਦਿਵਾਈ ਹੈ। ਦੱਸਣਯੋਗ ਹੈ ਕਿ ਇਸ ਹਲਕੇ ਤੋਂ ਭਾਜਪਾ ਦੇ ਦਿਨੇਸ਼ ਸਿੰਘ ਬੱਬੂ ਲਗਾਤਾਰ ਤੀਜੀ ਵਾਰ ਵਿਧਾਇਕ ਬਣੇ ਹਨ ਅਤੇ ਉਹ ਵਿਧਾਨ ਸਭਾ ਚੋਣਾਂ 2017 'ਚ ਕਾਂਗਰਸ ਦੇ ਉਮੀਦਵਾਰ ਅਮਿਤ ਸਿੰਘ ਨੂੰ ਪਈਆਂ 30,209 ਵੋਟਾਂ ਦੇ ਮੁਕਾਬਲੇ 48,910 ਵੋਟਾਂ ਲੈ ਕੇ ਜੇਤੂ ਰਹੇ ਸਨ, ਪਰ ਹੁਣ ਲੋਕ ਸਭਾ ਜ਼ਿਮਨੀ ਚੋਣ 'ਚ ਇਥੋਂ ਕਾਂਗਰਸ ਦੇ ਉਮੀਦਵਾਰ ਸੁਨੀਲ ਕੁਮਾਰ ਜਾਖੜ 6701 ਵੋਟਾਂ ਦੇ ਫਰਕ ਨਾਲ ਜੇਤੂ ਰਹੇ ਹਨ।

## ਮਜੀਠੀਆ ਦੀ ਕਮਾਨ ਵਾਲੇ ਹਲਕਿਆਂ ਵਿਚ ਰਗੜਾ

**ਬਟਾਲਾ:** ਜ਼ਿਮਨੀ ਚੋਣ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਸਮੇਤ ਹੋਰ ਸੀਨੀਅਰ ਲੀਡਰਸ਼ਿਪ ਵੱਲੋਂ ਵੱਖ-ਵੱਖ ਹਲਕਿਆਂ ਵਿਚ ਅਕਾਲੀ-ਭਾਜਪਾ ਉਮੀਦਵਾਰ ਸਵਰਨ ਸਲਾਰੀਆ ਦੇ ਹੱਕ ਵਿਚ ਕੀਤੇ ਧੂੰਆਂਧਾਰ ਪ੍ਰਚਾਰ ਦਾ ਅਸਰ ਵੋਟਰਾਂ ਨੇ ਬੇਅਸਰ ਕਰ ਦਿੱਤਾ। ਸ੍ਰੀ ਬਾਦਲ ਅਤੇ ਮਜੀਠੀਆ ਹਲਕੇ ਵਿਚ ਲਗਭਗ ਹਫਤੇ ਭਰ ਤੋਂ ਉਪਰ ਰਹੇ। ਹੈਰਾਨੀ ਦੀ ਗੱਲ ਇਹ ਰਹੀ ਕਿ ਸ੍ਰੀ ਬਾਦਲ ਨੇ ਜਿਸ ਹਲਕੇ ਡੇਰਾ ਬਾਬਾ ਨਾਨਕ ਤੋਂ ਮਜੀਠੀਆ ਨੂੰ ਕਮਾਨ ਦਿੱਤੀ ਸੀ, ਉਸ ਹਲਕੇ ਵਿਚ ਸ੍ਰੀ ਸਲਾਰੀਆ ਨੂੰ ਸਭ ਤੋਂ ਵੱਡੀ ਹਾਰ ਦਾ ਸਾਹਮਣਾ ਕਰਨਾ ਪਿਆ। ਇਸ ਹਲਕੇ ਤੋਂ ਕਾਂਗਰਸ ਦੇ ਸੁਨੀਲ ਜਾਖੜ ਨੇ 44074 ਵੋਟਾਂ ਨਾਲ ਸਲਾਰੀਆ ਨੂੰ ਪਛਾੜਿਆ। ਵਿਧਾਨ ਸਭਾ ਚੋਣਾਂ ਵਿਚ ਇਸ ਹਲਕੇ ਤੋਂ ਕਾਂਗਰਸ ਵਿਧਾਇਕ ਸੁਖਜਿੰਦਰ ਸਿੰਘ ਰੰਧਾਵਾ ਨੇ ਅਕਾਲੀ ਦਲ ਦੇ ਜ਼ਿਲ੍ਹਾ ਪ੍ਰਧਾਨ ਤੇ ਸਾਬਕਾ ਮੰਤਰੀ ਸੁੱਚਾ ਸਿੰਘ ਲੰਗਾਹ ਨੂੰ ਕੁਝ ਮਹੀਨੇ ਪਹਿਲਾਂ 1130 ਵੋਟਾਂ ਦੇ ਫਰਕ ਨਾਲ ਹਰਾਇਆ ਸੀ।



ਹਲਕਾ ਫਤਹਿਗੜ੍ਹ ਚੂੜੀਆਂ ਤੋਂ ਸ੍ਰੀ ਜਾਖੜ ਨੇ 32296 ਵੋਟਾਂ ਦੀ ਲੀਡ ਲਈ। ਇਸ ਹਲਕੇ ਤੋਂ ਅਕਾਲੀ ਦਲ ਦੇ ਸਾਬਕਾ ਮੰਤਰੀ ਨਿਰਮਲ ਸਿੰਘ ਕਾਹਲੋਂ ਨੂੰ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਨੇ ਕੁਝ ਮਹੀਨੇ ਪਹਿਲਾਂ ਹੀ ਮਹਿਜ਼ ਦੋ ਹਜ਼ਾਰ ਤੋਂ ਘੱਟ ਵੋਟਾਂ ਨਾਲ ਹਰਾਇਆ ਸੀ। ਸ੍ਰੀ ਸੁਖਬੀਰ ਸਿੰਘ ਬਾਦਲ ਅਤੇ ਮਜੀਠੀਆ ਨੇ ਇਨ੍ਹਾਂ ਦੋਵਾਂ ਹਲਕਿਆਂ ਵਿੱਚ ਅੱਧੀ ਦਰਜਨ ਤੋਂ ਵੱਧ ਜਨਤਕ ਸਭਾਵਾਂ ਨੂੰ ਸੰਬੋਧਨ ਕੀਤਾ ਸੀ।

## ਕਾਂਗਰਸ ਨਹੀਂ, ਜਾਖੜ ਜਿੱਤਿਆ: ਭਾਜਪਾ

**ਸ੍ਰੀ ਮੁਕਤਸਰ ਸਾਹਿਬ:** ਸਾਬਕਾ ਕੇਂਦਰੀ ਮੰਤਰੀ ਅਤੇ ਭਾਜਪਾ ਦੇ ਕੌਮੀ ਬੁਲਾਰੇ ਸ਼ਾਹਨਵਾਜ਼ ਹੁਸੈਨ ਨੇ ਕਿਹਾ ਹੈ ਕਿ ਗੁਰਦਾਸਪੁਰ ਲੋਕ ਸਭਾ ਹਲਕੇ ਦੀ ਜ਼ਿਮਨੀ ਚੋਣ ਵਿਚ ਜਿੱਤ ਅਸਲ ਵਿਚ ਕਾਂਗਰਸ ਦੀ ਨਹੀਂ, ਸਗੋਂ ਸੁਨੀਲ ਜਾਖੜ ਦੀ ਨਿੱਜੀ ਸ਼ਖ਼ਸੀਅਤ ਦੀ ਜਿੱਤ ਹੈ। ਉਨ੍ਹਾਂ ਕਿਹਾ ਕਿ ਉਹ ਗੁਰਦਾਸਪੁਰ ਵਿਚ ਮਿਲੇ ਲੋਕ ਫਤਵੇ ਨੂੰ ਪ੍ਰਵਾਨ ਕਰਦਿਆਂ ਹਾਰ ਕਬੂਲ ਕਰਦੇ ਹਨ।

**Punjab Times**

**Established in 2000**
**18th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ਼ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਇਕ ਹੋਰ ਆਰ.ਐਸ.ਐਸ. ਆਗੂ ਦੀ ਹੱਤਿਆ

**ਲੁਧਿਆਣਾ:** ਬਸਤੀ ਜੋਧੇਵਾਲ ਦੇ ਕੈਲਾਸ਼ ਨਗਰ ਰੋਡ 'ਤੇ ਗਗਨਦੀਪ ਕਾਲੋਨੀ ਵਿਚ ਮੋਟਰਸਾਈਕਲ ਸਵਾਰ ਦੋ ਨੌਜਵਾਨਾਂ ਨੇ ਆਰ.ਐਸ.ਐਸ. ਦੇ ਆਗੂ ਰਵਿੰਦਰ ਗੋਸਾਈਂ (58) ਨੂੰ ਗੋਲੀਆਂ ਮਾਰ ਕੇ ਹਲਾਕ ਕਰ ਦਿੱਤਾ। ਗੋਸਾਈਂ ਭਾਜਪਾ ਆਗੂ ਵੀ ਸਨ, ਜੋ ਆਰ.ਐਸ.ਐਸ. ਸ਼ਾਖਾ ਲਗਾ ਕੇ ਘਰ ਪਰਤੇ ਸਨ। ਹਮਲਾਵਰਾਂ ਨੇ ਚਾਰ ਗੋਲੀਆਂ ਚਲਾਈਆਂ, ਜਿਨ੍ਹਾਂ ਵਿਚੋਂ ਦੋ ਗੋਸਾਈਂ ਨੂੰ ਲੱਗੀਆਂ।

ਹਮਲੇ ਸਮੇਂ ਇਹ ਆਗੂ ਆਪਣੀ ਚਾਰ ਸਾਲ ਦੀ ਪੋਤੀ ਨੂੰ ਗੋਦੀ ਚੁੱਕੀ ਖਲੋਤਾ ਸੀ। ਉਨ੍ਹਾਂ ਹਮਲਾਵਰਾਂ ਦੀ ਆਵਾਜ਼ ਸੁਣ ਜਿਉਂ ਹੀ ਪੋਤੀ ਨੂੰ ਥੱਲੇ ਉਤਾਰਿਆ, ਹਮਲਾਵਰਾਂ ਨੇ ਫੌਰੀ ਉਨ੍ਹਾਂ ਨੂੰ ਧੌਣ ਦੇ ਪਿੱਛੇ ਤੇ ਪਿੱਠ 'ਤੇ ਗੋਲੀਆਂ ਮਾਰ ਦਿੱਤੀਆਂ। ਵਾਰਦਾਤ ਨੂੰ ਅੰਜਾਮ ਦੇਣ ਵਾਲੇ ਮੁਲਜ਼ਮ ਇਲਾਕੇ 'ਚ ਲੱਗੇ ਸੀ.ਸੀ.ਟੀ.ਵੀ. ਕੈਮਰੇ 'ਚ ਕੈਦ ਹੋ ਗਏ।



ਲੁਧਿਆਣਾ ਤੇ ਇਸ ਦੇ 60 ਕਿਲੋਮੀਟਰ ਦੇ ਦਾਇਰੇ 'ਚ ਬੀਤੇ ਦੋ ਸਾਲਾਂ ਦੌਰਾਨ ਲਗਭਗ ਇਕੋ ਤਰ੍ਹਾਂ ਕਤਲਾਂ ਦੀਆਂ ਕਰੀਬ ਸੱਤ ਘਟਨਾਵਾਂ ਵਾਪਰਨ ਦੇ ਬਾਵਜੂਦ ਪੁਲਿਸ ਇਨ੍ਹਾਂ ਦਾ ਸੁਰਾਗ ਲਾਉਣ ਵਿਚ ਨਾਕਾਮ ਰਹੀ ਹੈ। ਇਹ ਭਾਵੇਂ ਜਲੰਧਰ 'ਚ ਆਰ.ਐਸ.ਐਸ. ਆਗੂ ਜਗਦੀਸ਼ ਗਗਨੇਜਾ ਦਾ ਕਤਲ ਹੋਵੇ ਜਾਂ ਨਾਮਧਾਰੀ ਮਾਤਾ ਚੰਦ ਕੌਰ ਅਤੇ ਡੇਰਾ ਪ੍ਰੇਮੀ ਪਿਉ-ਪੁੱਤ ਦੇ ਕਤਲ ਹੋਣ। ਇਨ੍ਹਾਂ ਲਈ ਹਮਲਾਵਰਾਂ ਨੇ ਲਗਭਗ ਇਕੋ ਤਰੀਕਾ ਅਪਣਾਇਆ, ਜਿਨ੍ਹਾਂ 'ਚ ਨਕਾਬਪੋਸ਼ ਮੁਲਜ਼ਮ ਮੋਟਰਸਾਈਕਲਾਂ 'ਤੇ ਸਵਾਰ ਸਨ। ਪੁਲਿਸ ਦੇ ਹੱਥ ਕਾਤਲਾਂ ਦੀਆਂ ਸੀ.ਸੀ.ਟੀ.ਵੀ. ਫੁਟੇਜਾਂ ਲੱਗਣ ਦੇ ਬਾਵਜੂਦ ਕੋਈ ਕੇਸ ਹੱਲ ਨਹੀਂ ਹੋ ਸਕਿਆ।

## ਭਾਰਤੀ ਮੂਲ ਦਾ ਲੜਕਾ ਬਣਿਆ ਸਭ ਤੋਂ ਛੋਟੀ ਉਮਰ ਦਾ ਕਰੋੜਪਤੀ

**ਲੰਡਨ:** ਭਾਰਤੀ ਮੂਲ ਦਾ 19 ਸਾਲਾ ਲੜਕਾ ਆਪਣੇ 1.20 ਕਰੋੜ ਪੌਂਡ ਦੇ ਆਨਲਾਈਨ ਪ੍ਰਾਪਰਟੀ ਵਪਾਰ ਸਦਕਾ ਸਿਰਫ ਇਕ ਸਾਲ ਵਿਚ ਹੀ ਬ੍ਰਿਟੇਨ 'ਚ ਸਭ ਤੋਂ ਛੋਟੀ ਉਮਰ ਦਾ ਕਰੋੜਪਤੀ ਬਣ ਗਿਆ ਹੈ। ਅਕਸ਼ੈ ਰੂਪਰੇਲੀਆ ਨਾਂ ਦੇ ਇਸ ਲੜਕੇ ਨੇ ਆਪਣੇ ਸਕੂਲ ਦੌਰਾਨ ਹੀ ਪ੍ਰਾਪਰਟੀ ਦਾ ਕਾਰੋਬਾਰ ਛੋਟੇ ਪੱਧਰ 'ਤੇ ਸ਼ੁਰੂ ਕੀਤਾ ਅਤੇ ਉਸ ਨੇ ਸਥਾਪਤ ਕਾਰੋਬਾਰੀਆਂ ਨਾਲੋਂ ਘੱਟ ਹਿੱਸਾ ਰੱਖਦੇ ਹੋਏ ਪ੍ਰਾਪਰਟੀ ਦੇ ਕਾਰੋਬਾਰ ਲਈ ਪੇਸ਼ਕਸ਼ ਕੀਤੀ। ਅਕਸ਼ੈ ਦੀ ਕਾਰੋਬਾਰ ਵਾਲੀ ਵੈੱਬਸਾਈਟ ਡੋਰਸਟੈਪਸ.ਕੋ.ਯੂਕੇ. ਸਥਾਪਤ ਹੋਣ ਤੋਂ ਸਿਰਫ 16 ਮਹੀਨਿਆਂ ਬਾਅਦ ਯੂ.ਕੇ. ਦੀ 18ਵੀਂ ਸਭ ਤੋਂ ਵੱਡੀ ਅਸਟੇਟ ਏਜੰਸੀ ਬਣ ਗਈ। ਅਕਸ਼ੈ ਦਾ ਕਹਿਣਾ ਹੈ ਕਿ ਉਹ ਹੁਣ ਤੱਕ 10 ਕਰੋੜ ਪੌਂਡ ਦੀ ਪ੍ਰਾਪਰਟੀ ਵੇਚ ਚੁਕਾ ਹੈ।

## ਮਾਂ ਬੋਲੀ ਬਾਰੇ ਪੰਜਾਬ ਸਰਕਾਰ ਤਲਬ

**ਲਾਹੌਰ:** ਮਾਂ-ਬੋਲੀ ਪੰਜਾਬੀ ਨੂੰ ਬਣਦਾ ਹੱਕ ਦਿਵਾਉਣ ਲਈ ਪਾਕਿਸਤਾਨ ਦੀ ਪੰਜਾਬੀ ਪ੍ਰਚਾਰ ਸੰਸਥਾ ਤਰਫ਼ੋਂ ਵਕੀਲ ਤਾਹਿਰ ਸਿੱਧੂ ਅਤੇ ਕਾਜ਼ੀ ਇਮਰਾਨ ਜ਼ਾਹਦ ਵਲੋਂ ਲਾਹੌਰ ਹਾਈਕੋਰਟ ਵਿਚ ਪਟੀਸ਼ਨ ਦਾਇਰ ਕੀਤੀ ਗਈ।

ਪੰਜਾਬੀ ਪ੍ਰਚਾਰ ਸੰਸਥਾ ਦੇ ਸਦਰ ਅਹਿਮਦ ਰਜ਼ਾ ਖ਼ਾਨ ਨੇ ਦੱਸਿਆ ਕਿ ਪੰਜਾਬ ਸੂਬੇ ਵਿਚ ਮਾਂ-ਬੋਲੀ ਦੇ ਸਨਮਾਨ ਲਈ ਸੂਬਾ ਸਰਕਾਰ ਵਲੋਂ ਕੋਈ ਸਾਰਥਕ ਕਾਰਵਾਈ ਨਾ ਕੀਤੇ ਜਾਣ ਕਰ ਕੇ ਅਤੇ ਸਿੱਖਿਆ ਮੰਤਰੀ ਵਲੋਂ ਵਾਰ-ਵਾਰ ਭਰੋਸਾ ਦਿਵਾਉਣ ਦੇ ਬਾਵਜੂਦ ਸਕੂਲਾਂ ਕਾਲਜਾਂ ਦੀ ਪੜ੍ਹਾਈ ਵਿਚ ਪੰਜਾਬੀ ਨੂੰ ਨਾ ਸ਼ਾਮਲ ਕੀਤੇ ਜਾਣ ਕਰ ਕੇ ਸੰਸਥਾ ਨੇ ਅਦਾਲਤ ਪਾਸੋਂ ਇਨਸਾਫ ਲੈਣ ਹਿਤ ਕਾਰਵਾਈ ਆਰੰਭੀ ਹੈ। ਪ੍ਰੋ. ਤਾਰਿਕ ਜਟਾਲਾ ਨੇ ਕਿਹਾ ਕਿ ਸਰਕਾਰ ਵਲੋਂ ਇਸ ਮਾਮਲੇ ਨੂੰ ਲਗਾਤਾਰ ਨਜ਼ਰ ਅੰਦਾਜ਼ ਕੀਤਾ ਜਾਂਦਾ ਰਿਹਾ ਹੈ। ਹੁਣ ਲਾਹੌਰ ਹਾਈ ਕੋਰਟ ਦੇ ਜਸਟਿਸ ਮਨਸੂਰ ਅਲੀ ਸ਼ਾਹ ਨੇ ਸਰਕਾਰੀ ਵਕੀਲ ਨੂੰ ਪਾਕਿਸਤਾਨ ਦੇ ਦੂਸਰੇ ਸੂਬਿਆਂ ਵਿਚ ਉਥੋਂ ਦੀ ਸਥਾਨਕ ਭਾਸ਼ਾ ਦੇ ਸਟੇਟਸ ਬਾਰੇ ਮੁਕੰਮਲ ਜਾਣਕਾਰੀ ਅਦਾਲਤ ਨੂੰ ਮੁਹੱਈਆ ਕਰਵਾਉਣ ਦੇ ਆਦੇਸ਼ ਜਾਰੀ ਕੀਤੇ ਹਨ। ਕੇਸ ਦੀ ਅਗਲੀ ਸੁਣਵਾਈ 28 ਨਵੰਬਰ ਨੂੰ ਹੋਵੇਗੀ।

## ਹੁਣ ਤਾਜ ਮਹੱਲ ਢਾਹੇਗੀ ਭਾਜਪਾ?

**ਨਵੀਂ ਦਿੱਲੀ:** ਭਾਜਪਾ ਨੇ ਤਾਜ ਮਹੱਲ ਨੂੰ ਭਾਰਤ ਦੇ ਚਿਹਰੇ 'ਤੇ ਬਦਨੁਮਾ ਦਾਗ ਦੱਸ ਕੇ ਇਸ ਦਾ ਨਾਮੋ-ਨਿਸ਼ਾਨ ਮਿਟਾਉਣ ਬਾਰੇ ਟਿੱਪਣੀ ਕਰ ਕੇ ਨਵਾਂ ਵਿਵਾਦ ਸਹੇੜ ਲਿਆ ਹੈ। ਭਾਜਪਾ ਦਾ ਤਰਕ ਹੈ ਕਿ ਤਾਜ ਮਹੱਲ ਨੂੰ ਬਣਵਾਉਣ ਵਾਲਾ ਮੁਗਲ ਬਾਦਸ਼ਾਹ ਸ਼ਾਹਜਹਾਂ ਵਿਦੇਸ਼ੀ ਧਾੜਵੀ ਸੀ ਜਿਸ ਨੇ ਆਪਣੇ ਪਿਤਾ ਨੂੰ ਕੈਦ ਕਰ ਕੇ ਰੱਖਿਆ ਅਤੇ ਉਤਰ ਪ੍ਰਦੇਸ਼ ਵਿਚ ਹਜ਼ਾਰਾਂ ਹਿੰਦੂਆਂ ਦਾ ਖ਼ੂਨ ਵਹਾਇਆ।

ਭਾਰਤੀ ਜਨਤਾ ਪਾਰਟੀ ਨੇ ਭਾਵੇਂ ਪਾਰਟੀ ਵਿਧਾਇਕ ਸੰਗੀਤ ਸੋਮ ਦੀਆਂ ਇਨ੍ਹਾਂ ਟਿੱਪਣੀਆਂ ਨਾਲੋਂ ਅਲਹਿਦਾ ਹੋਣ ਵਿਚ ਦੇਰ ਨਹੀਂ ਲਾਈ, ਪਰ ਇਨ੍ਹਾਂ ਟਿੱਪਣੀਆਂ ਤੋਂ ਉਭਰੀ ਤਲਖੀ ਮੱਠੀ ਨਹੀਂ ਪਈ। ਇਹ ਪਹਿਲੀ ਵਾਰ ਨਹੀਂ ਜਦੋਂ ਭਾਜਪਾ ਨੇ ਇਤਿਹਾਸ ਨੂੰ ਨਵੇਂ ਸਿਰਿਉਂ ਪ੍ਰੀਭਾਸ਼ਿਤ ਕਰਨ ਦਾ ਯਤਨ ਕੀਤਾ। ਉਸ ਵੱਲੋਂ ਉਤਰ ਪ੍ਰਦੇਸ਼, ਰਾਜਸਥਾਨ ਤੇ ਮਹਾਰਾਸ਼ਟਰ ਵਿਚ ਇਤਿਹਾਸ ਦਾ ਮੁਹਾਂਦਰਾ ਬਦਲਣ ਤੇ ਇਸ ਨੂੰ ਹਿੰਦੂਤਵੀ ਦਿੱਖ ਦੇਣ ਦੇ ਹੀਲੇ ਲਗਾਤਾਰ ਜਾਰੀ ਹਨ।

ਉਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿਤਿਆਨਾਥ ਨੇ ਤਾਜ ਮਹੱਲ ਨੂੰ ਭਾਰਤੀ ਕਿਰਤੀਆਂ ਤੇ ਕਾਰੀਗਰਾਂ ਦੇ ਖ਼ੂਨ-ਪਸੀਨੇ ਤੋਂ ਉਪਜਿਆ ਸਮਾਰਕ ਦੱਸ ਕੇ ਸੰਗੀਤ ਸੋਮ ਵਿਵਾਦ 'ਤੇ ਮਿੱਟੀ ਪਾਉਣ ਦਾ ਯਤਨ ਕੀਤਾ ਹੈ। ਇਸ ਦੇ ਬਾਵਜੂਦ ਵਿਰੋਧੀ ਧਿਰਾਂ ਦੇ ਸਵਾਲਾਂ ਦਾ ਜਵਾਬ ਦੇਣਾ ਭਾਜਪਾ ਲਈ ਔਖਾ ਹੋਇਆ ਹੈ। ਸਮਾਜਵਾਦੀ ਪਾਰਟੀ ਦੇ ਸੀਨੀਅਰ ਆਗੂ ਆਜ਼ਮ ਖਾਨ ਨੇ ਕਿਹਾ ਕਿ ਰਾਸ਼ਟਰਪਤੀ ਭਵਨ, ਸੰਸਦ ਭਵਨ ਤੇ ਦਿੱਲੀ ਦਾ ਲਾਲ ਕਿਲ੍ਹਾ ਤੇ ਕੁਤਬ ਮੀਨਾਰ ਵੀ ਭਾਰਤ ਦੀ 'ਗੁਲਾਮੀ ਦੀਆਂ ਨਿਸ਼ਾਨੀਆਂ' ਹਨ।

ਅਸਦ-ਉਦ-ਦੀਨ ਓਵੈਸੀ ਨੇ ਟਵੀਟ ਕਰਦਿਆਂ ਕਿਹਾ ਕਿ ਲਾਲ ਕਿਲ੍ਹੇ ਨੂੰ ਵੀ 'ਗੱਦਾਰਾਂ' ਨੇ ਬਣਵਾਇਆ ਸੀ, ਤਾਂ ਕੀ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਲਾਲ ਕਿਲ੍ਹੇ 'ਤੇ ਤਿਰੰਗਾ ਲਹਿਰਾਉਣਾ ਛੱਡ ਦੇਣਗੇ?

## ਉਘੇ ਫਿਲਮਸਾਜ਼ ਲੇਖ ਟੰਡਨ ਦਾ ਦੇਹਾਂਤ

**ਮੁੰਬਈ:** ਫਿਲਮਸਾਜ਼ ਲੇਖ ਟੰਡਨ ਦਾ ਦੇਹਾਂਤ ਹੋ ਗਿਆ। ਉਹ 88 ਸਾਲ ਦੇ ਸਨ। ਉਹ ਵਧਦੀ ਉਮਰ ਦੇ ਰੋਗਾਂ ਤੋਂ ਪੀੜਤ ਸਨ। ਉਨ੍ਹਾਂ ਮੁੰਬਈ ਦੇ ਬਾਹਰੀ ਖੇਤਰ ਪੋਵਾਈ ਵਿਚ ਆਪਣੇ ਘਰ ਆਖਰੀ ਸਾਹ ਲਿਆ। ਉਨ੍ਹਾਂ 1966 ਵਿਚ 'ਅਮਰਪਾਲੀ', 1977 ਵਿਚ 'ਦੁਲਹਨ ਵਹੀ ਜੋ ਪੀਆ ਮਨ ਭਾਏ' ਵਰਗੀਆਂ ਯਾਦਗਾਰੀ ਫਿਲਮਾਂ ਦਾ ਨਿਰਦੇਸ਼ਨ ਦਿੱਤਾ।

## ਭਾਜਪਾ ਦੇ 'ਅੱਛੇ ਦਿਨ' ਪੁੱਗਣ ਲੱਗੇ

*(ਸਫਾ ਇਕ ਦੀ ਬਾਕੀ)*

ਸੀਟਾਂ ਵਿਚੋਂ 73 'ਤੇ ਕਾਂਗਰਸ ਨੇ ਜਿੱਤ ਕਰ ਕੇ ਭਗਵਾ ਧਿਰ ਨੂੰ ਕਰਾਰਾ ਝਟਕਾ ਦਿੱਤਾ ਹੈ। ਸਭ ਤੋਂ ਵੱਧ ਰੋਹ ਨੌਜਵਾਨ ਵਰਗ ਵਿਚ ਹੈ। ਦੇਸ਼ ਦੀਆਂ ਕਈ ਯੂਨੀਵਰਸਿਟੀਆਂ ਅਤੇ ਹੋਰ ਸਿੱਖਿਅਕ ਅਦਾਰਿਆਂ ਵਿਚ ਪਿਛਲੇ ਦਿਨੀਂ ਹੋਈਆਂ ਚੋਣਾਂ ਇਸ ਦਾ ਸਪਸ਼ਟ ਸੰਕੇਤ ਹਨ। ਦਿੱਲੀ ਦੀ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ (ਜੇ.ਐਨ.ਯੂ.) ਅਤੇ ਦਿੱਲੀ ਯੂਨੀਵਰਸਿਟੀ (ਡੀ.ਯੂ.) ਤੋਂ ਇਲਾਵਾ ਉਤਰ ਪ੍ਰਦੇਸ਼, ਪੰਜਾਬ, ਰਾਜਸਥਾਨ, ਉਤਰਾਖੰਡ, ਆਸਾਮ, ਤ੍ਰਿਪੁਰਾ ਆਦਿ ਸੂਬਿਆਂ ਵਿਚ ਹੋਈਆਂ ਵਿਦਿਆਰਥੀ ਯੂਨੀਅਨਾਂ ਦੀਆਂ ਚੋਣਾਂ ਦੇ ਨਤੀਜੇ ਇਕ ਵਾਰ ਫਿਰ ਦੇਸ਼ ਦੀ ਰਾਜਨੀਤਕ ਫਿਜ਼ਾ ਵਿਚ ਤਬਦੀਲੀ ਦਾ ਸੰਕੇਤ ਦੇ ਰਹੇ ਹਨ। ਜਿਹੜੇ ਸੂਬਿਆਂ ਵਿਚ ਵਿਦਿਆਰਥੀ ਯੂਨੀਅਨਾਂ ਦੀਆਂ ਚੋਣਾਂ ਹੋਈਆਂ ਹਨ, ਉਨ੍ਹਾਂ ਵਿਚ ਦਿੱਲੀ ਅਤੇ ਤ੍ਰਿਪੁਰਾ ਵਰਗੇ ਛੋਟੇ ਰਾਜਾਂ ਤੋਂ ਇਲਾਵਾ ਲਗਭਗ ਹਰ ਜਗ੍ਹਾ 'ਤੇ ਭਾਜਪਾ ਦੀਆਂ ਸਰਕਾਰਾਂ ਹਨ। ਇਸ ਸਾਲ ਦੇ ਅੰਤ ਤੱਕ ਦੇਸ਼ ਦੀ ਸੱਤਾਧਾਰੀ ਭਾਰਤੀ ਜਨਤਾ ਪਾਰਟੀ ਨੂੰ 6 ਹੋਰ ਲੋਕ ਸਭਾ ਦੀਆਂ ਜ਼ਿਮਨੀ ਚੋਣਾਂ ਦਾ ਟਾਕਰਾ ਕਰਨਾ ਪੈ ਸਕਦਾ ਹੈ।

# ਗੁਰਦਾਸਪੁਰ ਚੋਣ ਨੇ ਸਿਆਸੀ ਪਿੜ ਮਘਾਇਆ

*(ਸਫਾ ਇਕ ਦੀ ਬਾਕੀ)*

ਅਤੇ ਬਟਾਲਾ ਤੋਂ ਵਿਰੋਧੀ ਧਿਰ ਭਾਜਪਾ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਜਿੱਤੇ ਸਨ, ਪਰ ਦੋਵਾਂ ਹਲਕਿਆਂ ਕਾਂਗਰਸ ਨੇ ਵੱਡੀ ਲੀਡ ਲਈ ਹੈ। ਕਾਦੀਆਂ ਵਿਧਾਨ ਸਭਾ ਹਲਕੇ ਤੋਂ ਅਕਾਲੀਆਂ ਨੂੰ ਵੱਡੀ ਮਾਰ ਪਈ।

ਅਸਲ ਵਿਚ, ਅਕਾਲੀਆਂ ਵੱਲੋਂ ਚੋਣ ਪ੍ਰਚਾਰ ਦੀ ਸਾਰੀ ਜ਼ਿੰਮੇਵਾਰੀ ਸੁਖਬੀਰ ਤੇ ਮਜੀਠੀਆ ਦੇ ਜ਼ਿੰਮੇ ਸੀ, ਪ੍ਰਕਾਸ਼ ਸਿੰਘ ਬਾਦਲ ਇਨ੍ਹਾਂ ਚੋਣਾਂ ਤੋਂ ਦੂਰ ਹੀ ਰਹੇ। ਦੱਸਿਆ ਜਾ ਰਿਹਾ ਹੈ ਕਿ ਉਨ੍ਹਾਂ ਦੀ ਸਿਹਤ ਠੀਕ ਨਾ ਹੋਣ ਕਾਰਨ ਉਹ ਚੋਣ ਪ੍ਰਚਾਰ ਵਿਚ ਨਹੀਂ ਕੁੱਦੇ, ਪਰ ਚਰਚਾ ਹੈ ਕਿ ਸੁੱਚਾ ਸਿੰਘ ਲੰਗਾਹ ਦੇ ਬਲਾਤਕਾਰ ਕੇਸ ਵਿਚ ਫਸਣ ਕਾਰਨ ਉਹ ਇਨ੍ਹਾਂ ਚੋਣਾਂ ਤੋਂ ਦੂਰ ਹੀ ਰਹੇ।

ਸੁਖਬੀਰ ਨੇ ਚੋਣ ਰੈਲੀਆਂ ਵਿਚ ਬਥੇਰੀਆਂ ਫੜ੍ਹਾਂ ਮਾਰੀਆਂ ਤੇ ਸਿਰਫ ਇਕ ਹਫਤੇ ਵਿਚ ਪੰਜਾਬ ਦਾ ਖਜ਼ਾਨਾ ਭਰਨ ਦਾ ਦਾਅਵਾ ਵੀ ਕਰ ਦਿੱਤਾ, ਪਰ ਹਲਕੇ ਦੇ ਲੋਕਾਂ ਨੇ ਉਨ੍ਹਾਂ ਨੂੰ ਉਕਾ ਹੀ ਮੂੰਹ ਨਾ ਲਾਇਆ। ਗੱਠਜੋੜ ਦੇ ਉਮੀਦਵਾਰ ਦਾ ਸਾਰਾ ਦਾਰੋਮਦਾਰ ਛੋਟੇ ਬਾਦਲ ਦੁਆਲੇ ਕੇਂਦਰਿਤ ਸੀ। ਪੰਜਾਬ ਵਿਚ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਹੇਠ ਸਰਕਾਰ ਨੂੰ ਬਣਿਆਂ ਮਹਿਜ਼ ਸੱਤ ਮਹੀਨੇ ਦਾ ਸਮਾਂ ਹੋਇਆ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਪੰਜਾਬ ਦੇ ਲੋਕਾਂ ਦੀ ਕੈਪਟਨ ਸਰਕਾਰ ਪ੍ਰਤੀ ਨਿਰਾਸ਼ਾ ਵਧੀ ਹੈ।

ਲੋਕਾਂ ਵਿਚ ਵਧਦੀ ਨਿਰਾਸ਼ਾ ਕਾਰਨ ਹੀ ਅਕਾਲੀ ਦਲ ਦੇ ਨੇਤਾਵਾਂ ਖਾਸ ਕਰ ਸੁਖਬੀਰ ਅਤੇ ਮਜੀਠੀਆ ਨੇ ਸਰਗਰਮੀਆਂ ਵਧਾ ਦਿੱਤੀਆਂ ਸਨ, ਪਰ ਨਤੀਜੇ ਤੋਂ ਇਹ ਗੱਲ ਸਾਹਮਣੇ ਆਈ ਕਿ ਅਕਾਲੀ ਨੇਤਾਵਾਂ ਨੇ ਬੀਤੇ ਤੋਂ ਸਬਕ ਨਹੀਂ ਸਿੱਖਿਆ। ਸਪਸ਼ਟ ਹੈ ਕਿ ਪੰਜਾਬ ਦੇ ਲੋਕ ਕੈਪਟਨ ਸਰਕਾਰ ਤੋਂ ਨਿਰਾਸ਼ ਹਨ, ਪਰ ਹਾਲ ਦੀ ਘੜੀ ਲੋਕਾਂ ਦਾ ਅਕਾਲੀ ਦਲ ਵਿਚ ਵੀ ਭਰੋਸਾ ਵਧਿਆ ਨਹੀਂ। ਹਾਰ ਪਿੱਛੋਂ ਭਾਵੇਂ ਪ੍ਰਚਾਰ ਕੀਤਾ ਜਾ ਰਿਹਾ ਹੈ ਕਿ ਇਹ ਜਿੱਤ ਕਾਂਗਰਸ ਦੀ ਨਹੀਂ, ਸੁਨੀਲ ਜਾਖੜ ਦੀ ਹੈ, ਪਰ ਜਾਖੜ ਆਪਣੇ ਜੱਦੀ ਇਲਾਕੇ-ਫਿਰੋਜ਼ਪੁਰ ਲੋਕ ਸਭਾ ਹਲਕੇ ਤੇ ਅਬੋਹਰ ਵਿਧਾਨ ਸਭਾ ਸੀਟ ਤੋਂ ਪਿਛਲੀਆਂ ਦੋ ਚੋਣਾਂ ਹਾਰ ਗਏ ਸਨ, ਪਰ ਗੁਰਦਾਸਪੁਰ ਉਨ੍ਹਾਂ ਉਤੇ ਮਿਹਰਬਾਨ ਰਿਹਾ।

## 'ਆਪ' ਵਾਲੇ ਤਾਂ ਗਏ!

**ਚੰਡੀਗੜ੍ਹ:** ਗੁਰਦਾਸਪੁਰ ਜ਼ਿਮਨੀ ਚੋਣ ਵਿਚ ਆਮ ਆਦਮੀ ਪਾਰਟੀ ਦਾ ਗਰਾਫ ਪਿਛਲੀ ਲੋਕ ਸਭਾ ਅਤੇ ਵਿਧਾਨ ਸਭਾ ਚੋਣਾਂ ਦੇ ਮੁਕਾਬਲੇ ਹੋਰ ਹੇਠਾਂ ਗਿਆ ਹੈ। ਜ਼ਿਮਨੀ ਚੋਣ ਵਿਚ 'ਆਪ' ਉਮੀਦਵਾਰ ਸੁਰੇਸ਼ ਖਜੂਰੀਆ ਦੀ ਜ਼ਮਾਨਤ ਜ਼ਬਤ ਹੋ ਗਈ ਹੈ, ਜਦੋਂ ਕਿ 2014 ਦੀਆਂ ਲੋਕ ਸਭਾ ਚੋਣਾਂ ਦੌਰਾਨ ਸੁੱਚਾ ਸਿੰਘ ਛੋਟੇਪੁਰ ਨੇ ਇਸ ਹਲਕੇ ਵਿਚ 'ਆਪ' ਦੀ ਟਿਕਟ ਤੋਂ ਚੋਣ ਲੜ ਕੇ 1.72 ਲੱਖ ਦੇ ਕਰੀਬ ਵੋਟਾਂ ਹਾਸਲ ਕੀਤੀਆਂ ਸਨ। ਪੰਜਾਬ ਵਿਧਾਨ ਸਭਾ ਚੋਣਾਂ ਦੌਰਾਨ ਜਿਥੇ ਹਾਈ ਕਮਾਂਡ ਦਾ ਦਿੱਲੀ ਪੱਤਾ ਨਹੀਂ ਚੱਲਿਆ ਸੀ, ਉਥੇ ਹੁਣ 'ਆਪ' ਲੀਡਰਸ਼ਿਪ ਦਾ ਸੂਬਾਈ ਪੱਤਾ ਵੀ ਝੜ ਗਿਆ।

ਦੱਸਣਯੋਗ ਹੈ ਕਿ ਵਿਧਾਨ ਸਭਾ ਚੋਣਾਂ ਹਾਰਨ ਤੋਂ ਬਾਅਦ ਆਪ ਆਗੂ ਭਗਵੰਤ ਮਾਨ ਅਤੇ ਸੁਖਪਾਲ ਖਹਿਰਾ ਨੇ ਦੋਸ਼ ਲਾਏ ਸਨ ਕਿ ਸੂਬਾਈ ਸਿਆਸਤ ਵਿਚ ਹਾਈ ਕਮਾਨ ਦੀ ਵਾਧੂ ਦਖਲਅੰਦਾਜ਼ੀ ਤੇ ਟਿਕਟਾਂ ਦੀ ਗਲਤ ਵੰਡ ਕਾਰਨ ਹਾਰ ਹੋਈ ਹੈ।

ਹੁਣ ਗੁਰਦਾਸਪੁਰ ਚੋਣ ਦੌਰਾਨ ਪੰਜਾਬ ਲੀਡਰਸ਼ਿਪ ਨੇ ਹਾਈ ਕਮਾਨ ਨੂੰ ਪੂਰੀ ਤਰ੍ਹਾਂ ਲਾਂਭੇ ਕਰ ਕੇ ਸ੍ਰੀ ਖਜੂਰੀਆ ਨੂੰ ਉਮੀਦਵਾਰ ਚੁਣਿਆ ਸੀ ਤੇ ਚੋਣ ਪ੍ਰਚਾਰ ਦਾ ਬੀੜਾ ਵੀ ਆਪਣੇ ਮੋਢਿਆਂ 'ਤੇ ਚੁੱਕਿਆ ਸੀ। ਇਸ ਕਾਰਨ ਪੰਜਾਬ ਇਕਾਈ ਦੇ ਤਿੰਨ ਸਿਖਰਲੇ ਆਗੂਆਂ ਲਈ ਇਹ ਹਾਰ ਵੱਡਾ ਸਿਆਸੀ ਝਟਕਾ ਹੈ। ਸ੍ਰੀ ਮਾਨ ਤਕਰੀਬਨ ਪੂਰੇ ਚੋਣ ਪ੍ਰਚਾਰ ਵਿਚ ਡਟੇ ਰਹੇ। ਯਾਦ ਰਹੇ ਕਿ ਦਹਾਕਿਆਂ ਤੋਂ ਇਕ-ਦੂਜੇ ਦਾ ਮੁਕਾਬਲਾ ਕਰਦੀਆਂ ਆ ਰਹੀਆਂ ਰਵਾਇਤੀ ਪਾਰਟੀਆਂ ਕਾਂਗਰਸ ਅਕਾਲੀ ਤੇ ਭਾਜਪਾ ਦੇ ਬਦਲ ਵਜੋਂ ਆਮ ਆਦਮੀ ਪਾਰਟੀ ਵੀ ਸੂਬੇ ਦੀ ਰਾਜਨੀਤੀ ਵਿਚ ਹਨੇਰੀ ਵਾਂਗ ਦਾਖਲ ਹੋਈ ਸੀ। 2014 ਦੀਆਂ ਲੋਕ ਸਭਾ ਚੋਣਾਂ ਵਿਚ ਇਸ ਪਾਰਟੀ ਨੇ ਆਪਣਾ ਪ੍ਰਭਾਵ ਬਣਾਇਆ ਸੀ।

ਪਾਰਟੀ ਵਲੋਂ ਚੁਣੇ ਗਏ ਦੋ ਮੈਂਬਰਾਂ ਨੇ ਦਿੱਲੀ ਬੈਠੀ ਲੀਡਰਸ਼ਿਪ ਪ੍ਰਤੀ ਨਿਰਾਸ਼ਾ ਪ੍ਰਗਟਾਉਣੀ ਸ਼ੁਰੂ ਕਰ ਦਿੱਤੀ ਸੀ, ਜਿਸ ਨਾਲ ਪਾਰਟੀ ਅੰਦਰ ਵੱਡੀਆਂ ਤਰੇੜਾਂ ਉਭਰ ਕੇ ਸਾਹਮਣੇ ਆ ਗਈਆਂ ਸਨ। ਇਸ ਦੇ ਆਗੂ ਇਕ-ਦੂਜੇ ਦੇ ਪਰ ਕੱਟਣ ਹੀ ਲੱਗੇ ਰਹੇ। ਬਹੁਤੇ ਆਗੂ ਨਿਰਾਸ਼ਾ ਦੇ ਆਲਮ ਵਿਚ ਪਾਰਟੀ ਛੱਡ ਗਏ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਵਰਿੰਦਰ ਕੌਰ ਗਿੱਲ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ

# ਪੰਜਾਬੀ ਵਿਰੋਧੀ ਮੋਹਤਬਰਾਂ ਦੇ ਸਿਰੋਪੇ ਨਹੀਂ, ਗਲੀਂ ਰੱਸੇ ਪਾਉਣੇ ਚਾਹੀਦੇ ਹਨ- ਗੁਰਭਜਨ ਗਿੱਲ

**ਫਰਿਜ਼ਨੋ (ਬਿਊਰੋ):** ਇਥੇ ਸੈਂਟਰਲ ਵੈਲੀ ਦੇ ਪੰਜਾਬੀ ਹਿਤੈਸ਼ੀ ਉਦਮੀਆਂ, ਲੇਖਕਾਂ ਅਤੇ ਸਮਾਜ ਸੇਵੀਆਂ ਨੂੰ ਸੰਬੋਧਨ ਕਰਦਿਆਂ ਇੰਡੀਆਂ ਤੋਂ ਆਏ ਕਵੀ ਗੁਰਭਜਨ ਗਿੱਲ ਨੇ ਕਿਹਾ ਕਿ ਕਿਸੇ ਵੀ ਭੇਖ ਵਿਚ ਫੰਡ ਉਗਰਾਹੀ ਲਈ ਪੰਜਾਬੋਂ ਆਏ ਪੰਜਾਬੀ ਵਿਰੋਧੀਆਂ ਦੇ ਸਿਰੋਪੇ ਨਹੀਂ, ਗਲੀਂ ਰੱਸੇ ਪਾਉਣੇ ਚਾਹੀਦੇ ਹਨ। ਉਨ੍ਹਾਂ ਦਾ ਇਸ਼ਾਰਾ ਸਿਆਸੀ ਆਗੂਆਂ ਦੀ ਮਿਲੀਭੁਗਤ ਨਾਲ ਗੁਰੂਆਂ ਦੇ ਨਾਂ 'ਤੇ ਪਬਲਿਕ ਸਕੂਲ ਪਾਰਟੀਆਂ ਦੀਆਂ ਸਰਕਾਰਾਂ ਪੰਜਾਬੀ ਤੋਂ ਬੇਮੁੱਖ ਹੋ ਗਈਆਂ ਹਨ। ਆਪਣੀ ਗੱਲ ਦੀ ਪੁਸ਼ਟੀ ਲਈ ਉਨ੍ਹਾਂ ਕਿਹਾ ਕਿ ਪੰਜਾਬ ਵਿਚ ਚਲਦੇ ਸਾਰੇ ਪਬਲਿਕ ਸਕੂਲ ਸੀ. ਬੀ. ਐਸ. ਈ. ਨਾਲ ਜੁੜੇ ਹੋਏ ਹਨ ਅਤੇ ਉਥੇ ਪੰਜਾਬੀ ਵਿਚ ਗੱਲਬਾਤ ਕਰਨ 'ਤੇ ਜੁਰਮਾਨਾ ਕੀਤਾ ਜਾਂਦਾ ਹੈ। ਪਰ ਪੰਜਾਬ 'ਚ ਬਣਦੀਆਂ ਵੱਖ ਵੱਖ ਪਾਰਟੀਆਂ ਦੀਆਂ ਸਰਕਾਰਾਂ ਉਨ੍ਹਾਂ ਨੂੰ ਮਾਨਤਾ ਦੇਣ ਵੇਲੇ ਪੰਜਾਬੀ ਦਾ ਬਣਦਾ ਥਾਂ ਦੇਣ ਲਈ ਜੋਰ ਨਹੀਂ ਪਾਉਂਦੀਆਂ। ਸਰਕਾਰਾਂ ਕਰਨੀ ਚਾਹੀਦੀ। ਫੰਡ ਉਗਰਾਹੀ ਕਰਨ ਵਾਲਿਆਂ ਨੂੰ ਪੁੱਛਣਾ ਚਾਹੀਦਾ ਹੈ ਕਿ ਪੰਜਾਬੀ ਦੇ ਨਾਂ 'ਤੇ ਬਣੇ ਸੂਬੇ ਦੇ ਮੀਲ ਪੱਥਰਾਂ, ਬੱਸਾਂ, ਕੋਟ ਕਚਹਿਰੀਆਂ ਵਿਚ ਪੰਜਾਬੀ ਨੂੰ ਥੱਲੇ ਕਿਉਂ ਲਾਇਆ ਜਾ ਰਿਹਾ ਹੈ?

ਰੇਡੀਓ ਹੋਸਟ ਸੰਤੋਖ ਮਿਨਹਾਸ ਨੇ ਦਰਜਨ ਦੇ ਕਰੀਬ ਪੁਸਤਕਾਂ ਦੇ ਰਚੈਤਾ ਡਾ. ਗੁਰਭਜਨ ਗਿੱਲ ਦੇ ਸਾਹਿਤਕ ਸਫਰ ਦੀ ਜਾਣਕਾਰੀ ਦਿੰਦਿਆਂ ਕਿਹਾ ਕਿ ਉਹ ਸਿਰਫ ਸਾਹਿਤਕਾਰ ਨਹੀਂ, ਉਹ



ਚਲਾਉਂਦੇ ਉਨ੍ਹਾਂ ਪ੍ਰਬੰਧਕਾਂ ਵੱਲ ਸੀ, ਜਿੱਥੇ ਸਿੱਖਿਆ ਅੰਗਰੇਜ਼ੀ ਮਾਧਿਅਮ ਰਾਹੀਂ ਦਿੱਤੀ ਜਾਂਦੀ ਹੈ ਅਤੇ ਪੰਜਾਬੀ ਨੂੰ ਛੁਟਿਆਇਆ ਜਾਂਦਾ ਹੈ।

ਇੰਡੋ ਅਮੈਰੀਕਨ ਹੈਰੀਟੇਜ ਐਸੋਸੀਏਸ਼ਨ ਦੇ ਮੈਂਬਰਾਂ ਵੱਲੋਂ ਪੰਜਾਬੀ ਬੋਲੀ ਅਤੇ ਸਭਿਆਚਾਰ ਦੀ ਚੜ੍ਹਦੀ ਕਲਾ ਲਈ ਉਠਾਏ ਸੁਆਲਾਂ ਦੇ ਜੁਆਬ ਦਿੰਦਿਆਂ ਡਾ. ਗਿੱਲ ਨੇ ਕਿਹਾ ਕਿ ਪੰਜਾਬੀ ਸਾਹਿਤ ਤੇ ਬੋਲੀ ਦੀ ਤਰੱਕੀ ਲਈ ਕੰਮ ਕਰਦੇ ਸਰਕਾਰੀ ਅਦਾਰਿਆਂ ਕੋਲ ਕੋਈ ਫੰਡ ਨਹੀਂ ਹੈ ਅਤੇ ਸਭ 'ਤੇ ਟੇਕ ਰੱਖਣ ਦੀ ਥਾਂ ਸਾਨੂੰ ਨਿਜੀ ਅਤੇ ਸਮੂਹਕ ਕੋਸ਼ਿਸ਼ਾਂ ਕਰਨੀਆਂ ਚਾਹੀਦੀਆਂ ਹਨ।

ਡਾ. ਗਿੱਲ ਨੇ ਕਿਹਾ ਕਿ ਹਰ ਪੰਜਾਬੀ ਹਿਤੈਸ਼ੀ ਹਰ ਸਾਲ ਬਾਰਾਂ ਕਿਤਾਬਾਂ ਖਰੀਦਣ ਦਾ ਪ੍ਰਣ ਕਰੇ ਅਤੇ ਸੋਸ਼ਲ ਮੀਡੀਏ ਰਾਹੀਂ ਸਰਕਾਰੀ ਅਦਾਰਿਆਂ 'ਤੇ ਦਬਾ ਪਾਵੇ ਅਤੇ ਆਪਣੇ ਸੁਝਾਅ ਘੱਲੇ। ਪਰਵਾਸੀਆਂ ਦੀ ਆਉਭਗਤ ਵਿਚਲੇ ਕਾਣ 'ਤੇ ਉਂਗਲੀ ਧਰਦਿਆਂ ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਪੰਜਾਬੋਂ ਆਏ ਹਰ ਜਣੇ ਖਣੇ ਦੀ ਵਾਹ ਵਾਹ ਨਹੀਂ ਨਵੇਂ ਲੇਖਕਾਂ ਅਤੇ ਸੱਭਿਆਚਾਰਕ ਸਰਗਰਮੀਆਂ ਦਾ ਪ੍ਰੇਰਕ ਵੀ ਹੈ। ਮਿਨਹਾਸ ਦਾ ਕਹਿਣਾ ਸੀ ਕਿ ਡਾ. ਗਿੱਲ ਦੀ ਪ੍ਰੇਰਨਾ ਸਦਕਾ ਹੀ ਕੈਨੇਡਾ ਵਿਚ 'ਪੰਜਾਬ ਭਵਨ' ਦੀ ਉਸਾਰੀ ਹੋ ਚੁੱਕੀ ਹੈ ਜਿੱਥੇ ਹਾਲ ਹੀ 'ਚ ਕੌਮਾਂਤਰੀ ਪੰਜਾਬੀ ਕਾਨਫਰੰਸ ਕੀਤੀ ਗਈ ਅਤੇ ਹੁਣ ਬੇਕਰਜ਼ਫੀਲਡ ਵਿਚ ਵੀ ਇਸੇ ਤਰ੍ਹਾਂ ਦਾ ਭਵਨ ਬਣਾਉਣ ਦਾ ਫੈਸਲਾ ਕੀਤਾ ਗਿਆ ਹੈ। ਉਸ ਨੇ ਹਾਜਰ ਉਦਮੀਆਂ ਨੂੰ ਸੱਦਾ ਦਿੱਤਾ ਕਿ ਫਰਿਜ਼ਨੋ ਵਿਚ ਅਜਿਹਾ ਭਵਨ ਬਣਾਇਆ ਜਾਵੇ, ਜਿੱਥੇ ਪੰਜਾਬੀ ਬੋਲੀ ਅਤੇ ਸੱਭਿਆਚਾਰਕ ਸਰਗਰਮੀਆਂ ਲਈ ਥੜ੍ਹਾ ਮੁਹੱਈਆ ਹੋ ਸਕੇ।


ਵਿਸ਼ਵ ਪੰਜਾਬੀ ਸਾਹਿਤ ਅਕਾਦਮੀ ਦੇ ਚੇਅਰਮੈਨ ਡਾ. ਗੁਰੂਮੇਲ ਸਿੱਧੂ, ਕਹਾਣੀਕਾਰ ਕਰਮ ਸਿੰਘ ਮਾਨ ਅਤੇ ਸ਼ਾਇਰ ਹਰਜਿੰਦਰ ਕੰਗ ਵੀ ਇਸ ਮੌਕੇ ਮੌਜੂਦ ਸਨ। ਗੁਰਭਜਨ ਗਿੱਲ ਦੇ ਗੇੜਿਆਂ ਨੂੰ 'ਸਾਹਿਤਕ ਉਦਾਸੀਆਂ' ਦਾ ਨਾਂ ਦਿੰਦਿਆਂ ਹਰਜਿੰਦਰ ਕੰਗ ਨੇ ਕਿਹਾ ਕਿ ਡਾ. ਗਿੱਲ ਪੁਰਾਣੇ ਤੇ ਪੁੰਗਰ ਰਹੇ ਲੇਖਕਾਂ 'ਚ ਪੁਲ ਹੈ। ਇਸ ਮੌਕੇ ਗੁਰਭਜਨ ਗਿੱਲ ਦੀ ਨਵ ਪ੍ਰਕਾਸ਼ਿਤ ਕਾਵਿ ਪੁਸਤਕ 'ਰਾਵੀ' ਦੀ ਘੁੰਡ ਚੁਕਾਈ ਕੀਤੀ ਗਈ।

ਐਸੋਸੀਏਸ਼ਨ ਦੇ ਸਕੱਤਰ ਨਿੰਦੀ ਸੰਧੂ ਨੇ ਆਪਣੀਆਂ ਪੁਰਾਣੀਆਂ ਯਾਦਾਂ ਸਾਂਝੀਆਂ ਕਰਦਿਆਂ ਕਿਹਾ ਕਿ ਡਾ. ਗਿੱਲ ਨਾਲ ਉਸ ਦਾ ਮੇਲ ਬਹੁਤ ਪੁਰਾਣਾ ਹੈ, ਜਦੋਂ ਉਹ ਮਿੰਨੀ ਪਰਚਾ 'ਜ਼ਫਰ' ਕੱਢਦੇ ਹੁੰਦੇ ਸਨ। ਰੇਡੀਓ ਹੋਸਟ ਮਹਿੰਦਰ ਸਿੰਧ ਸੰਧਾਵਾਲੀਆ, ਰਣਜੀਤ ਸਿਧਾਰੀਆ, ਰਾਜ ਬਰਾੜ, ਗੁਰਦੀਪ ਸਿੰਘ, ਅਵਤਾਰ ਗਿੱਲ, ਡਾ. ਅਰਜਨ ਜੋਸਨ ਅਤੇ ਨਾਟਕਕਾਰ ਅਸ਼ੋਕ ਤਾਂਗੜੀ ਨੇ ਵੀ ਚਰਚਾ ਵਿਚ ਹਿੱਸਾ ਲਿਆ।

ਇਸ ਸਮਾਗਮ ਨੂੰ ਸਫਲ ਬਣਾਉਣ ਵਿਚ ਹੋਰਨਾਂ ਤੋਂ ਇਲਾਵਾ ਐਸੋਸੀਏਸ਼ਨ ਦੇ ਮੈਂਬਰਾਂ ਅਜਮੇਰ ਨਾਹਲ, ਸੁਖਜੀਤ ਸਿੰਘ ਭੁੱਲਰ, ਗੁਰਨੇਕ ਸਿੰਘ ਰਾਏ, ਚਰਨਜੀਤ ਸਿੰਘ ਭੰਗੂ, ਜੱਸ ਮਾਨ, ਔਜਲਾ ਅਤੇ ਅਵਤਾਰ ਗੋਂਦਾਰਾ ਨੇ ਵਿਸ਼ੇਸ਼ ਸਹਿਯੋਗ ਦਿੱਤਾ।

## ਬਰਮਾ ਦੀ ਲਾਮ ਦੇ ਪੈਨਸ਼ਨੀਏ ਤ੍ਰਿਲੋਕ ਸਿੰਘ ਦਾ ਦੇਹਾਂਤ

**ਨਵਾਂ ਸ਼ਹਿਰ (ਬਿਊਰੋ):** ਅੰਗਰੇਜ਼ਾਂ ਦੇ ਰਾਜ ਸਮੇਂ ਲੱਗੀ ਬਰਮਾ ਦੀ ਲਾਮ ਵਿਚ ਗਏ ਸ. ਤ੍ਰਿਲੋਕ ਸਿੰਘ ਸ਼ੇਖੂਪੁਰ ਲੰਘੀ 9



ਅਕਤੂਬਰ ਨੂੰ ਅਕਾਲ ਚਲਾਣਾ ਕਰ ਗਏ। ਜਿਲ੍ਹਾ ਨਵਾਂ ਸ਼ਹਿਰ ਦੇ ਪਿੰਡ ਸ਼ੇਖੂਪੁਰਾ ਬਾਗ ਦੇ ਵਾਸੀ ਤ੍ਰਿਲੋਕ ਸਿੰਘ ਆਖਰੀ ਸਾਹ ਲੈਣ ਸਮੇਂ ਆਸ-ਪਾਸ ਦੇ ਪਿੰਡਾਂ ਵਿਚ ਸਭ ਤੋਂ ਵੱਡੀ ਉਮਰ ਦੇ ਸਨ। 13 ਅਪਰੈਲ 1918 ਨੂੰ ਜਨਮੇ ਸ. ਸ਼ੇਖੂਪੁਰ, ਜੇ ਪੰਜ ਕੁ ਮਹੀਨੇ ਹੋਰ ਜੀਵਤ ਰਹਿੰਦੇ ਤਾਂ ਚੜ੍ਹਦੇ ਸਾਲ ਦੀ ਵਿਸਾਖੀ ਨੂੰ ਸੈਂਚਰੀ ਪੂਰੀ ਹੋ ਜਾਣੀ ਸੀ।

ਸ. ਤ੍ਰਿਲੋਕ ਸਿੰਘ ਆਪਣੇ ਹੀ ਪਿੰਡ ਦੇ ਇਕ ਹੋਰ ਸਾਥੀ ਨਾਲ ਅੰਗਰੇਜ਼ੀ ਫੌਜ ਵਿਚ ਭਰਤੀ ਹੋਏ ਸਨ। ਇਨ੍ਹਾਂ ਦਾ ਸਾਥੀ ਤਾਂ ਜੰਗ ਵਿਚ ਲਾਪਤਾ ਹੀ ਹੋ ਗਿਆ ਸੀ ਪਰ ਜੰਗੀ ਮਸ਼ਕਾਂ ਦੌਰਾਨ ਇਨ੍ਹਾਂ ਦੀਆਂ ਅੱਖਾਂ ਨੁਕਸਾਨੀਆਂ ਗਈਆਂ ਹੋਣ ਕਾਰਨ ਇਹ ਵੀ ਪੈਨਸ਼ਨ ਲੈ ਕੇ ਘਰ ਆ ਗਏ। ਗ੍ਰਿਹਸਥੀ ਜੀਵਨ ਵਿਚ ਵੀ ਪੂਰੇ ਫੌਜੀ ਡਿਸਿਪਲਿਨ ਨੂੰ ਪ੍ਰਣਾਏ ਰਹਿਣ ਵਾਲੇ ਇਹ ਬਜ਼ੁਰਗ ਪਿੰਡ ਦੇ ਪੰਚ, ਸਰਪੰਚ ਅਤੇ ਖਾਨਗੀ ਪੰਚਾਇਤ ਵਿਚ ਸਰਗਰਮ ਭੂਮਿਕਾ ਨਿਭਾਉਂਦੇ ਰਹੇ। ਉਹ ਥੋੜ੍ਹਾ ਸਮਾਂ ਆਪਣੇ ਪੁੱਤਰਾਂ ਕੋਲ ਹਾਲੈਂਡ ਵੀ ਰਹੇ ਪਰ ਜ਼ਿਆਦਾ ਸਮਾਂ ਪਿੰਡ ਹੀ ਬਤੀਤ ਕੀਤਾ। ਬੀਤੀ 16 ਅਕਤੂਬਰ ਨੂੰ ਨਵਾਂ ਸ਼ਹਿਰ ਵਿਚ ਵਿਛੜੀ ਆਤਮਾ ਨਮਿਤ ਅੰਤਿਮ ਅਰਦਾਸ ਕੀਤੀ ਗਈ।


## Matrimonials

### ਲੜਕੀ ਦੀ ਲੋੜ ਹੈ

Looking for a suitable girl for 31 yrs, 5'-10" Ramgarhia Sikh boy on H1 Visa, working in a very reputed IT company in San Jose, California. Caste No Bar. Please contact: psingh03850@gmail.com or 512-806-4053 k Singh 41-44

Ramgariah family looking for a suitable Ramgariah match for their U. S. born son, Sr. Financial Analyst 34 years, 5'-10". Please contact: jsnov1973@aol.com 42/4

### Boy Wanted

**Brother-in-law Seeks Match for Punjabi Girl (Visiting Chicago), never married 42 years, 5'-3", beautiful, educated girl worked- JC Penney-Air France-Wealth Management firm. Parents Doctors Practicing Medicine New Delhi.**

**Boy must be educated and well settled.**

**Call Mr./Mrs. Saluja (630) 351-2121**

**or E-mail bio data/photo Saluja868@yahoo.com** 39-46


## ਨਸ਼ਈ ਪੁੱਤ ਵੱਲੋਂ ਪਿਤਾ ਦਾ ਕਹੀ ਨਾਲ ਕਤਲ

**ਹੁਸ਼ਿਆਰਪੁਰ:** ਪਿੰਡ ਚੇਲਾ ਵਿਚ ਪੁੱਤ ਨੇ ਆਪਣੇ ਪਿਉ ਦਾ ਤੇਜ਼ਧਾਰ ਹਥਿਆਰਾਂ ਨਾਲ ਕਤਲ ਕਰ ਦਿੱਤਾ। ਮੁਲਜ਼ਮ ਚਰਨਜੀਤ ਸਿੰਘ ਨਸ਼ੇ ਕਰਨ ਦਾ ਆਦੀ ਹੈ। ਚਰਨਜੀਤ ਸਿੰਘ ਤੇ ਉਸ ਦੇ ਪਿਤਾ ਕਸ਼ਮੀਰ ਸਿੰਘ ਦਾ ਕਿਸੇ ਗੱਲੋਂ ਤਕਰਾਰ ਹੋ ਗਿਆ ਤੇ ਉਸ ਨੇ ਕਹੀ ਲੈ ਕੇ ਕਸ਼ਮੀਰ ਸਿੰਘ ਦਾ ਕਤਲ ਕਰ ਦਿੱਤਾ।


## ਡਿਸ਼ ਵਾਸ਼ਰ ਅਤੇ ਹੈਲਪਰ ਦੀ ਲੋੜ ਹੈ

**ਕੈਨਸਸ ਵਿਚ ਭਾਰਤੀ ਰੈਸਟੋਰੈਂਟ ਲਈ ਡਿਸ਼ ਵਾਸ਼ਰ ਅਤੇ ਹੈਲਪਰ ਦੀ ਲੋੜ ਹੈ**

**ਫੋਨ: 316-518-5382** 41-42

## ਸੂਝਵਾਨ ਗ੍ਰੰਥੀ ਸਿੰਘ ਦੀ ਲੋੜ ਹੈ

**ਗੁਰਦੁਆਰਾ ਗੁਰਦੁਆਰਾ ਸੰਤ ਸਾਗਰ, ਬੈਲਰੋਜ਼, ਨਿਊ ਯਾਰਕ ਲਈ ਚੰਗੇ ਸੂਝਵਾਨ ਗ੍ਰੰਥੀ ਸਿੰਘ ਦੀ ਲੋੜ ਹੈ। ਗੁਰਬਾਣੀ ਗਿਆਨ ਦੀ ਅੰਗਰੇਜ਼ੀ ਵਿਚ ਵਿਆਖਿਆ ਕਰ ਸਕਣ ਯੋਗ ਅਤੇ ਗਰੀਨ ਕਾਰਡ ਹੋਲਡਰ ਨੂੰ ਪਹਿਲ।**

*ਸੰਪਰਕ ਕਰੋ: ਭਾਈ ਸੱਜਣ ਸਿੰਘ*

**ਫੋਨ: 718-347-5659**

## ਵਰਕਰਾਂ ਦੀ ਲੋੜ ਹੈ

**ਕਲੀਵਲੈਂਡ, ਓਹਾਇਓ ਵਿਚ ਗੈਸ ਸਟੇਸ਼ਨ 'ਤੇ ਕੰਮ ਕਰਨ ਵਾਲੇ ਭਰੋਸੇਮੰਦ ਤੇ ਮਿਹਨਤੀ ਵਰਕਰਾਂ ਦੀ ਲੋੜ ਹੈ**

**ਚੰਗੀ ਤਨਖਾਹ, ਮੁਫਤ ਰਿਹਾਇਸ਼**

**ਸੰਪਰਕ ਕਰੋ:**

**ਫੋਨ: 440-319-6879**

**40-381-7633** 41-42

## ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ

**ਫੋਨ (408) 687-1899**

**Gurdip Singh Sandhu**

Homeopathic Practitioner/Consultant Since 1973

DHMS-Gold Medalist, BAMS, MDEh.- India

**Well Experienced as:**

Director, Principal, Professor and Chief Medical Officer in Medical Colleges and Hospitals of Punjab (India)

Practice Under State of California Act SB 577

**EX Member:** The California Homeopathic Society

National Center For Homeopathy- USA



*Gurdip Singh Sandhu*


***Live on Jas TV***

**Saturday 9:30AM and Sunday 4PM (Pacific Time)**

**7021 Village Park Way, Dublin, CA 94568**

Email: Homeomedicine@yahoo.com

## ਭਗਤ ਸਿੰਘ ਦੇ ਦਫਤਰ ਦੀ ਸੰਭਾਲ ਲਈ ਵਿੱਢੀ ਕਾਨੂੰਨੀ ਲੜਾਈ



**ਚੰਡੀਗੜ੍ਹ:** ਸ਼ਹੀਦ ਭਗਤ ਸਿੰਘ ਅਤੇ ਹੋਰ ਕ੍ਰਾਂਤੀਕਾਰੀਆਂ ਦੇ ਫਿਰੋਜ਼ਪੁਰ ਦੇ ਤੂੜੀ ਬਾਜ਼ਾਰ ਵਿਚ ਸਥਿਤ ਦਫਤਰ ਨੂੰ ਇਤਿਹਾਸਕ ਸਮਾਰਕ ਨਾ ਐਲਾਨੇ ਜਾਣ ਦਾ ਮਾਮਲਾ ਮੁੜ ਹਾਈ ਕੋਰਟ ਪਹੁੰਚ ਗਿਆ ਹੈ।

ਐਡਵੋਕੇਟ ਐਚ.ਸੀ. ਅਰੋੜਾ ਨੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਚ ਚੱਲੀ ਉਲੰਘਣਾ ਪਟੀਸ਼ਨ ਨੂੰ ਮੁੜ ਸ਼ੁਰੂ ਕਰਨ ਲਈ ਅਰਜ਼ੀ ਦਾਖਲ ਕੀਤੀ ਹੈ। ਅਰਜ਼ੀ ਵਿਚ ਕਿਹਾ ਗਿਆ ਹੈ ਕਿ ਹਾਈ ਕੋਰਟ ਨੇ 17 ਅਕਤੂਬਰ 2016 ਨੂੰ ਸਰਕਾਰ ਨੂੰ ਹਦਾਇਤ ਕੀਤੀ ਸੀ ਕਿ ਸ਼ਹੀਦ ਭਗਤ ਸਿੰਘ ਦੇ ਉਕਤ ਦਫਤਰ ਨੂੰ ਇਤਿਹਾਸਕ ਸਮਾਰਕ ਐਲਾਨਣ ਅਤੇ ਇਸ ਦੀ ਸਾਂਭ-ਸੰਭਾਲ ਕਰਨ ਲਈ ਹਰ ਉਪਰਾਲਾ ਕੀਤਾ ਜਾਵੇ।

ਅਰਜ਼ੀ ਵਿਚ ਕਿਹਾ ਗਿਆ ਸੀ ਇਸ ਹਦਾਇਤ ਉਪਰੰਤ ਉਕਤ ਦਫਤਰ ਦੀ ਇਮਾਰਤ ਦੇ ਮਾਲਕ ਨਾਲ ਇਸ ਇਮਾਰਤ ਦੀ ਸਾਂਭ-ਸੰਭਾਲ ਕਰਨ ਅਤੇ ਇਸ ਨੂੰ ਇਤਿਹਾਸਕ ਸਮਾਰਕ ਐਲਾਨਣ ਲਈ ਸਰਕਾਰ ਨੂੰ ਕਰਾਰਨਾਮਾ ਕਰਨਾ ਚਾਹੀਦਾ ਸੀ ਪਰ ਇਕ ਸਾਲ ਬੀਤਣ ਦੇ ਬਾਵਜੂਦ ਅਜਿਹਾ ਕੋਈ ਉਪਰਾਲਾ ਨਹੀਂ ਕੀਤਾ ਗਿਆ। ਇਸ ਤੱਥ ਨਾਲ ਹਾਈ ਕੋਰਟ ਨੂੰ ਬੇਨਤੀ ਕੀਤੀ ਗਈ ਹੈ ਕਿ ਸਬੰਧਤ ਅਫਸਰ ਵਿਰੁੱਧ ਉਲੰਘਣਾ ਕਾਰਵਾਈ ਕੀਤੀ ਜਾਵੇ।

# ਹੁਣ ਸੁਖਬੀਰ ਦੇ ਸੁਪਨਈ ਪ੍ਰਾਜੈਕਟ 'ਤੇ ਫੁੱਲ ਚੜ੍ਹਾਏਗੀ ਕੈਪਟਨ ਸਰਕਾਰ



**ਚੰਡੀਗੜ੍ਹ:** ਕੈਪਟਨ ਅਮਰਿੰਦਰ ਸਿੰਘ ਸਰਕਾਰ ਹੁਣ ਸੁਖਬੀਰ ਸਿੰਘ ਬਾਦਲ ਦੇ 'ਘੋੜਿਆਂ ਉਤੇ ਸ਼ਰਤਾਂ' ਲਾਉਣ ਵਾਲੇ ਸੁਪਨਈ ਪ੍ਰਾਜੈਕਟ ਨੂੰ ਸਿਰੇ ਚਾੜ੍ਹੇਗੀ। ਅਕਾਲੀ ਭਾਜਪਾ ਸਰਕਾਰ ਸਮੇਂ ਇਹ ਪ੍ਰਾਜੈਕਟ ਢੁਕਵੇਂ ਬੋਲੀਕਾਰ ਨਾ ਮਿਲਣ ਕਾਰਨ ਸਿਰੇ ਨਹੀਂ ਸੀ ਚੜ੍ਹ ਸਕਿਆ। ਕੈਪਟਨ ਸਰਕਾਰ ਨੇ ਇਸ ਨੂੰ ਸਿਰੇ ਚੜ੍ਹਾਉਣ ਲਈ ਹੁਣ ਨਵੇਂ ਸਿਰਿਉਂ ਪ੍ਰਕਿਰਿਆ ਆਰੰਭ ਦਿੱਤੀ ਹੈ। ਘੋੜਿਆਂ ਦੇ ਇਸ ਸ਼ਾਹੀ ਕਾਰੋਬਾਰ ਤੋਂ ਇਕੱਤਰ ਹੋਣ ਵਾਲੇ ਮਾਲੀਏ ਬਾਰੇ ਸੋਚ ਕੇ ਅਕਾਲੀ-ਭਾਜਪਾ ਸਰਕਾਰ ਨੇ ਲੁਧਿਆਣੇ ਦੇ ਮੱਤੇਵਾੜਾ ਵਿਚ 'ਟਰਫ (ਘੋੜ-ਦੌੜ) ਕਲੱਬ' ਸਥਾਪਤ ਕਰਨ ਦੀ ਯੋਜਨਾ ਬਣਾਈ ਸੀ।

ਸਰਕਾਰ ਨੇ ਇਸ ਸ਼ਾਹੀ ਪ੍ਰਾਜੈਕਟ ਨੂੰ ਸਿਰੇ ਚਾੜ੍ਹਨ ਲਈ ਮੱਤੇਵਾੜਾ ਸਥਿਤ ਪਸ਼ੂ ਪਾਲਣ ਮਹਿਕਮੇ ਦੀ ਲਗਭਗ 171 ਏਕੜ ਜ਼ਮੀਨ ਵੀ ਅਲਾਟ ਕਰ ਦਿੱਤੀ ਸੀ, ਪਰ ਕਲੱਬ ਵਿਚ ਘੋੜਿਆਂ ਦੀ ਦੌੜ ਲਈ ਬਣਨ ਵਾਲੇ 'ਰੇਸ ਕੋਰਸ' ਵਾਸਤੇ ਵਾਰ-ਵਾਰ ਬੋਲੀਆਂ ਮੰਗੇ ਜਾਣ ਦੇ ਬਾਵਜੂਦ ਕੋਈ ਬੋਲੀਕਾਰ ਨਹੀਂ ਸੀ ਲੱਭ ਰਿਹਾ।

ਸਾਲ 2015 ਵਿਚ ਸਰਕਾਰ ਨੇ ਇਸ ਪ੍ਰਾਜੈਕਟ ਨੂੰ ਸ਼ੁਰੂ ਕਰਨ ਲਈ ਕਾਫੀ ਯਤਨ ਕੀਤੇ, ਪਰ ਗੱਲ ਨਾ ਬਣੀ। ਹੁਣ ਕਾਂਗਰਸ ਸਰਕਾਰ ਨੇ ਪੰਜਾਬ ਬੁਨਿਆਦੀ ਢਾਂਚਾ ਵਿਕਾਸ ਬੋਰਡ (ਪੀ.ਆਈ.ਡੀ.ਬੀ.) ਰਾਹੀਂ ਇਹ ਪ੍ਰਾਜੈਕਟ ਸਿਰੇ ਲਾਉਣ ਲਈ ਯਤਨ ਆਰੰਭੇ ਹਨ। ਸਰਕਾਰ ਦੀ ਯੋਜਨਾ ਹੈ ਕਿ ਦੌੜ ਵਾਲੇ ਘੋੜਿਆਂ 'ਤੇ ਲੱਗਣ ਵਾਲੀਆਂ ਸ਼ਰਤਾਂ ਤੋਂ ਇਲਾਵਾ ਇਸ ਕਲੱਬ ਦੀ ਮੈਂਬਰਸ਼ਿਪ ਫੀਸ, ਉਥੇ ਬਣਨ ਵਾਲੇ ਰੈਸਤਰਾਂ, ਐਂਟਰੀ ਫੀਸ ਆਦਿ ਤੋਂ ਮਾਲੀਏ ਵਜੋਂ ਮੋਟੀ ਕਮਾਈ ਹੋਵੇਗੀ। ਇਸ ਤੋਂ ਇਲਾਵਾ ਸਰਕਾਰ ਦੀ ਇਸ ਦੌੜ-ਪੱਟੀ ਦੁਆਲੇ 9 ਹਜ਼ਾਰ ਲੋਕਾਂ ਦੇ ਬੈਠ ਸਕਣ ਦੀ ਸਮਰੱਥਾ ਅਤੇ ਘੋੜਿਆਂ 'ਤੇ ਸ਼ਰਤਾਂ ਲਾਉਣ ਵਾਲਿਆਂ (ਬੁਕੀਜ਼) ਦੇ ਬੈਠਣ ਲਈ ਵਿਸ਼ੇਸ਼ ਸਥਾਨ, ਘੋੜਿਆਂ ਦੀ ਸਾਂਭ ਸੰਭਾਲ ਲਈ ਕੇਂਦਰ ਸਥਾਪਤ ਕਰਨ ਦੀ ਯੋਜਨਾ ਹੈ। ਸੂਤਰਾਂ ਅਨੁਸਾਰ ਇਸ ਪ੍ਰਾਜੈਕਟ ਲਈ ਪਿਛਲੀ ਸਰਕਾਰ ਨੂੰ ਐਨਾ ਜਨੂੰਨ ਸੀ ਕਿ ਸਰਕਾਰ ਨੇ ਬਾਕਾਇਦਾ ਪੰਜਾਬ ਵਿਧਾਨ ਸਭਾ ਵਿਚ ਇਸ ਪ੍ਰਾਜੈਕਟ ਸਬੰਧੀ ਬਿੱਲ 'ਪੰਜਾਬ ਘੋੜ-ਦੌੜ ਐਕਟ-2013' ਨੂੰ ਪ੍ਰਵਾਨਗੀ ਦਿਵਾਈ ਸੀ ਅਤੇ ਇਸ ਪ੍ਰਾਜੈਕਟ ਨੂੰ ਅਮਲੀ ਰੂਪ ਦੇਣ ਦਾ ਜ਼ਿੰਮਾ ਪੰਜਾਬ ਬੁਨਿਆਦੀ ਢਾਂਚਾ ਵਿਕਾਸ ਬੋਰਡ ਨੂੰ ਸੌਂਪ ਦਿੱਤਾ ਸੀ। ਬੋਰਡ ਨੇ ਇਸ ਲਈ ਸਭ ਤੋਂ ਪਹਿਲਾਂ 2 ਫਰਵਰੀ 2015 ਤਰੀਕ ਤੈਅ ਕਰਦਿਆਂ ਬੋਲੀਕਾਰਾਂ ਤੋਂ ਟੈਂਡਰ ਮੰਗੇ ਗਏ ਸਨ।

### ਲੱਖ ਕੋਸ਼ਿਸ਼ਾਂ ਦੇ ਬਾਵਜੂਦ ਸਿਰੇ ਨਹੀਂ ਸੀ ਲੱਗਾ ਪ੍ਰਾਜੈਕਟ

**ਚੰਡੀਗੜ੍ਹ:** ਸੁਖਬੀਰ ਬਾਦਲ ਨੇ ਇਸ ਘੋੜ ਦੌੜ ਪ੍ਰਾਜੈਕਟ ਨੂੰ ਸਿਰੇ ਚਾੜ੍ਹਨ ਲਈ ਪੂਰਾ ਟਿੱਲ ਲਾਇਆ, ਪਰ ਟੈਂਡਰਾਂ ਦੀ ਮੰਗ ਨੂੰ ਕੋਈ ਹੁੰਗਾਰਾ ਨਹੀਂ ਸੀ ਮਿਲਿਆ। ਉਸ ਵੇਲੇ ਚੋਣ ਬੋਰਡ ਦਾ ਕਹਿਣਾ ਸੀ ਕਿ ਪਹੁੰਚੀਆਂ ਟੈਂਡਰ ਦਰਖਾਸਤਾਂ ਤਸੱਲੀਬਖਸ਼ ਨਹੀਂ, ਜਿਸ ਕਾਰਨ ਬੋਰਡ ਨੇ ਆਖਰੀ ਤਰੀਕ 2 ਫਰਵਰੀ ਤੋਂ ਵਧਾ ਕੇ 27 ਫਰਵਰੀ 2015 ਕਰ ਦਿੱਤੀ ਸੀ, ਉਸ ਤੋਂ ਬਾਅਦ ਇਹ ਤਰੀਕ ਵਧਾ ਕੇ 23 ਅਪਰੈਲ ਕਰ ਦਿੱਤੀ ਗਈ ਅਤੇ ਉਸ ਤੋਂ ਬਾਅਦ 18 ਮਈ, ਫਿਰ 16 ਜੂਨ ਅਤੇ ਫਿਰ 16 ਜੁਲਾਈ ਤੈਅ ਕੀਤੀ ਗਈ, ਪਰ ਢੁਕਵੇਂ ਬੋਲੀਕਾਰ ਨਹੀਂ ਪਹੁੰਚੇ।

# ਮੂਰਥਲ ਕਾਂਡ ਦਾ ਸੱਚ ਸਾਹਮਣੇ ਆਉਣ ਦੀ ਆਸ ਬੱਝੀ

### ਜਾਟ ਰਾਖਵਾਂਕਰਨ ਅੰਦੋਲਨ ਦੌਰਾਨ ਨੌਂ ਬਲਾਤਕਾਰ ਹੋਣ ਦਾ ਦਾਅਵਾ



**ਚੰਡੀਗੜ੍ਹ:** ਹਰਿਆਣਾ ਵਿਚ ਬੀਤੇ ਸਾਲ ਜਾਟ ਰਾਖਵਾਂਕਰਨ ਅੰਦੋਲਨ ਦੌਰਾਨ ਹੋਏ ਮੂਰਥਲ ਬਲਾਤਕਾਰ ਕਾਂਡ ਸਬੰਧੀ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਚ ਸੁਣਵਾਈ ਦੌਰਾਨ ਅਦਾਲਤ ਦੇ ਮਿੱਤਰ ਵਕੀਲ ਨੇ ਡਿਵੀਜ਼ਨ ਬੈਂਚ ਨੂੰ ਦੱਸਿਆ ਕਿ ਇਸ ਮੌਕੇ ਬਲਾਤਕਾਰ ਦੀਆਂ ਨੌਂ ਘਟਨਾਵਾਂ ਵਾਪਰੀਆਂ ਸਨ। ਮਿੱਤਰ ਵਕੀਲ ਅਨੁਪਮ ਗੁਪਤਾ ਨੇ ਹਾਈ ਕੋਰਟ ਦੇ ਬੈਂਚ ਨੂੰ ਦੱਸਿਆ ਕਿ ਹਰਿਆਣਾ ਦੇ ਸਾਬਕਾ ਡੀ.ਜੀ.ਪੀ. ਨੇ ਖੁਦ ਬਲਾਤਕਾਰਾਂ ਦੀ ਗੱਲ ਕਬੂਲੀ ਸੀ। ਐਡਵੋਕੇਟ ਗੁਪਤਾ ਨੇ ਕਿਹਾ ਕਿ ਇਸ ਬਾਰੇ ਉਨ੍ਹਾਂ ਨੂੰ ਸੀਨੀਅਰ ਆਈ.ਏ.ਐਸ. ਅਫਸਰ ਵਿਜੇ ਵਰਧਨ ਨੇ ਜਾਣਕਾਰੀ ਦਿੱਤੀ ਸੀ। ਉਨ੍ਹਾਂ ਦੱਸਿਆ ਕਿ ਉਹ ਉਸ ਦਿਨ ਹਾਈ ਕੋਰਟ ਵਿਚ ਹੀ ਸਨ, ਜਦੋਂ ਇਕ ਹੋਰ ਆਈ.ਏ.ਐਸ. ਅਫਸਰ ਅਸ਼ੋਕ ਖੇਮਕਾ ਦਾ ਫੋਨ ਆਇਆ ਕਿ ਸ੍ਰੀ ਵਰਧਨ ਉਨ੍ਹਾਂ ਨੂੰ ਮਿਲਣਾ ਚਾਹੁੰਦੇ ਸਨ।

ਸ੍ਰੀ ਗੁਪਤਾ ਮੁਤਾਬਕ ਸ੍ਰੀ ਵਰਧਨ ਨੇ ਉਨ੍ਹਾਂ ਨੂੰ ਫੋਨ 'ਤੇ ਦੱਸਿਆ ਕਿ (ਸਾਬਕਾ) ਡੀ.ਜੀ.ਪੀ ਕੇ.ਪੀ. ਸਿੰਘ ਨੇ ਖੁਦ ਉਨ੍ਹਾਂ ਨੂੰ ਦੱਸਿਆ ਸੀ ਕਿ ਮੂਰਥਲ ਵਿਚ ਨੌਂ ਬਲਾਤਕਾਰ ਹੋਏ ਸਨ। ਉਨ੍ਹਾਂ ਕਿਹਾ ਕਿ ਸ੍ਰੀ ਵਰਧਨ ਤੇ ਸ੍ਰੀ ਕੇ.ਪੀ. ਸਿੰਘ ਦਰਮਿਆਨ ਇਹ ਗੱਲਬਾਤ ਪ੍ਰਕਾਸ਼ ਕਮੇਟੀ ਦੀ ਰਿਪੋਰਟ ਨੂੰ ਅੰਤਿਮ ਰੂਪ ਦਿੱਤੇ ਜਾਣ ਤੋਂ ਪਹਿਲਾਂ ਹੋਈ ਸੀ। ਬਾਅਦ ਵਿਚ ਮੁੱਖ ਮੰਤਰੀ ਨੇ ਇਹ ਗੱਲ ਦੱਸਣ ਲਈ ਸ੍ਰੀ ਵਰਧਨ ਦੀ ਝਾੜ-ਝੰਬ ਕੀਤੀ ਸੀ। ਗੌਰਤਲਬ ਹੈ ਕਿ ਸ੍ਰੀ ਵਰਧਨ ਪਹਿਲਾਂ ਹੀ ਸ੍ਰੀ ਗੁਪਤਾ ਨਾਲ ਅਜਿਹੀ ਗੱਲ ਕਰਨ ਦਾ ਖੰਡਨ ਕਰ ਚੁੱਕੇ ਹਨ। ਸ੍ਰੀ ਗੁਪਤਾ ਨੇ ਕਿਹਾ ਕਿ ਮੂਰਥਲ ਦੇ ਸੁਖਦੇਵ ਢਾਬੇ ਦੇ ਮਾਲਕ ਅਮਰੀਕ ਸਿੰਘ ਨੇ ਵੀ ਮੀਡੀਆ ਕੋਲ ਬਲਾਤਕਾਰਾਂ ਦੀ ਗੱਲ ਮੰਨੀ ਸੀ ਪਰ ਵਿਸ਼ੇਸ਼ ਜਾਂਚ ਟੀਮ ਅੱਗੇ ਮੁੱਕਰ ਗਿਆ। ਉਨ੍ਹਾਂ ਕਿਹਾ ਕਿ ਜੇ ਮਾਮਲਾ ਸੀ.ਬੀ.ਆਈ. ਹਵਾਲੇ ਕੀਤਾ ਜਾਂਦਾ ਹੈ ਤਾਂ ਢਾਬਾ ਮਾਲਕ ਇਸ ਬਾਰੇ 'ਖੁੱਲ੍ਹ ਕੇ' ਬੋਲੇਗਾ। ਸ੍ਰੀ ਗੁਪਤਾ ਨੇ ਤਾਰਿਕ ਅਨਵਰ ਨਾਮੀ ਪੱਤਰਕਾਰ ਉਤੇ ਵੀ ਮੁਕੱਦਮਾ ਚਲਾਏ ਜਾਣ ਦੀ ਮੰਗ ਕੀਤੀ, ਜਿਨ੍ਹਾਂ ਆਪਣੇ ਆਪ ਨੂੰ ਇੰਜ ਪੇਸ਼ ਕਰਦਿਆਂ ਜਾਅਲੀ ਆਡੀਓ ਟੇਪ ਬਣਾਈ ਸੀ, ਜਿਵੇਂ ਉਹ ਇਕ ਪੀੜਤਾ ਦੀ ਮਾਤਾ ਨਾਲ ਗੱਲਬਾਤ ਕਰ ਰਿਹਾ ਸੀ।

### ਦੋਸ਼ੀਆਂ ਨੂੰ ਸਜ਼ਾ ਮਿਲਣੀ ਹੀ ਚਾਹੀਦੀ: ਹਾਈ ਕੋਰਟ

**ਚੰਡੀਗੜ੍ਹ:** ਪੰਜਾਬ ਤੇ ਹਰਿਆਣਾ ਹਾਈ ਕੋਰਟ ਪਹਿਲਾਂ ਹੀ ਆਖ ਚੁੱਕੀ ਹੈ ਕਿ ਮੂਰਥਲ ਵਿਚ ਘਟਨਾ ਵਾਲੀ ਰਾਤ ਬਲਾਤਕਾਰ ਹੋਣ ਦੇ ਦੋਸ਼ ਬੇਬੁਨਿਆਦ ਨਹੀਂ ਸਨ। ਅਦਾਲਤ ਨੇ ਕਿਹਾ ਸੀ ਕਿ ਉਥੇ ਬਲਾਤਕਾਰ ਹੋਏ ਸਨ ਅਤੇ ਅਜਿਹਾ ਕਰਨ ਵਾਲੇ ਦੋਸ਼ੀਆਂ ਨੂੰ ਸਜ਼ਾ ਮਿਲਣੀ ਚਾਹੀਦੀ ਹੈ ਤਾਂ ਕਿ ਆਮ ਲੋਕਾਂ ਦਾ ਕਾਨੂੰਨ ਵਿਚ ਭਰੋਸਾ ਬਣ ਸਕੇ।

### ਲੰਗਰ ਇੰਚਾਰਜ ਸ਼ਰਾਬੀ ਹਾਲਤ ਵਿਚ ਮਿਲਿਆ

**ਸ੍ਰੀ ਆਨੰਦਪੁਰ ਸਾਹਿਬ:** ਤਖਤ ਕੇਸਗੜ੍ਹ ਸਾਹਿਬ ਦਾ ਲੰਗਰ ਇੰਚਾਰਜ ਸ਼ਰਾਬੀ ਹਾਲਤ ਵਿਚ ਮਿਲਿਆ, ਜਿਸ ਨੂੰ ਮੈਨੇਜਰ ਵੱਲੋਂ ਪੁਲਿਸ ਹਵਾਲੇ ਕਰ ਦਿੱਤਾ ਗਿਆ। ਪੁਲਿਸ ਵੱਲੋਂ ਲੰਗਰ ਇੰਚਾਰਜ ਦਾ ਮੈਡੀਕਲ ਕਰਵਾਇਆ ਗਿਆ ਹੈ। ਸ਼੍ਰੋਮਣੀ ਕਮੇਟੀ ਵੱਲੋਂ ਲੰਗਰ ਪ੍ਰਬੰਧਾਂ ਦੀ ਦੇਖ-ਰੇਖ ਲਈ ਨਿਯੁਕਤ ਕੀਤਾ ਜਥੇਦਾਰ ਕੁਆਰਟਰ 'ਚੋਂ ਸ਼ਰਾਬੀ ਹਾਲਤ ਵਿਚ ਮਿਲਿਆ।

# ਕੈਪਟਨ ਦੀ ਮਜੀਠੀਆ ਨਾਲ ਲਿਹਾਜ਼ਦਾਰੀ ਖਿਲਾਫ ਨਿੱਤਰੇ ਕਾਂਗਰਸੀਏ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦਾ ਰਿਸ਼ਤੇਦਾਰ ਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਹੁਣ ਕਾਂਗਰਸੀ ਆਗੂਆਂ ਦੇ ਨਿਸ਼ਾਨੇ ਉਤੇ ਹੈ। ਕਾਂਗਰਸ ਆਗੂਆਂ ਨੇ ਆਪਣੀ ਲੀਡਰਸ਼ਿਪ ਨੂੰ ਸਪੱਸ਼ਟ ਸੰਕੇਤ ਦਿੱਤੇ ਹਨ ਕਿ ਉਸ ਨੂੰ ਮਜੀਠੀਆ ਵਿਰੁੱਧ ਕਾਰਵਾਈ ਕਰਨੀ ਚਾਹੀਦੀ ਹੈ।

ਗੁਰਦਾਸਪੁਰ ਚੋਣ ਪ੍ਰਚਾਰ ਦੌਰਾਨ ਕਈ ਥਾਈਂ ਕਾਂਗਰਸੀ ਵਰਕਰਾਂ ਨੇ ਆਗੂਆਂ ਨੂੰ ਸੁਆਲ ਕੀਤੇ ਕਿ ਵਿਧਾਨ ਸਭਾ ਚੋਣਾਂ ਵੇਲੇ ਅਕਾਲੀਆਂ ਦੀਆਂ ਨਾਜਾਇਜ਼ ਬੱਸਾਂ ਬੰਦ ਕਰਾਉਣ, ਚਿੱਟੇ ਦੇ ਕਾਰੋਬਾਰੀਆਂ ਨੂੰ ਅੰਦਰ ਕਰਨ, ਭ੍ਰਿਸ਼ਟਾਚਾਰ ਨੂੰ ਠੱਲ੍ਹ ਪਾਉਣ ਸਬੰਧੀ ਕਾਰਵਾਈ ਕਰਨ ਦੇ ਦਾਅਵੇ ਕੀਤੇ ਸਨ, ਪਰ ਛੇ ਮਹੀਨੇ ਤੋਂ ਵੱਧ ਸਮਾਂ ਹੋ ਗਿਆ ਹੈ, ਅਜੇ ਤੱਕ ਕਾਰਵਾਈ ਕਿਉਂ ਨਹੀਂ ਕੀਤੀ?

ਇਸ 'ਤੇ ਆਗੂਆਂ ਨੇ ਇਹ ਕਹਿ ਕੇ ਖਹਿੜਾ ਛੁਡਾਇਆ ਕਿ ਸਰਕਾਰ ਵੱਲੋਂ ਛੇਤੀ ਕਾਰਵਾਈ ਕੀਤੀ ਜਾਵੇਗੀ। ਦੂਜੇ ਪਾਸੇ, ਅਕਾਲੀ ਆਗੂਆਂ ਦਾ ਦਾਅਵਾ ਸੀ ਕਿ ਜੇਕਰ ਕੈਪਟਨ ਸਰਕਾਰ ਕੋਲ ਉਨ੍ਹਾਂ ਖਿਲਾਫ਼ ਠੋਸ ਸਬੂਤ ਹੁੰਦੇ ਤਾਂ ਹੁਣ ਤੱਕ ਕਾਰਵਾਈ ਹੋ ਜਾਣੀ ਸੀ। ਉਨ੍ਹਾਂ ਦਾ ਕਹਿਣਾ ਸੀ ਕਿ ਇਸ ਤੋਂ ਸਪਸ਼ਟ ਹੈ ਕਿ ਸਰਕਾਰ ਕੋਲ ਅਕਾਲੀਆਂ ਖਿਲਾਫ਼ ਕੋਈ ਸਬੂਤ ਨਹੀਂ ਹੈ।

ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਤੇ ਵਿਧਾਇਕ ਸੁਖਜਿੰਦਰ ਸਿੰਘ ਰੰਧਾਵਾ ਨੇ ਖੁੱਲ੍ਹ ਕੇ ਬਾਦਲਾਂ ਤੇ ਮਜੀਠੀਆ ਨੂੰ ਰਗੜੇ ਲਾਏ। ਕਾਂਗਰਸ ਦੇ ਕੁਝ ਹੋਰ ਆਗੂਆਂ ਕੈਬਨਿਟ ਮੰਤਰੀ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਤੇ ਵਿੱਤ ਮੰਤਰੀ ਮਨਪ੍ਰੀਤ ਬਾਦਲ ਆਦਿ ਨੇ ਵੀ ਪੰਜਾਬ ਦੇ ਵਿੱਤੀ ਸੰਕਟ ਲਈ ਪਿਛਲੀ ਅਕਾਲੀ-ਭਾਜਪਾ ਸਰਕਾਰ, ਖਾਸ ਕਰ ਕੇ ਅਕਾਲੀ ਲੀਡਰਸ਼ਿਪ ਨੂੰ ਜ਼ਿੰਮੇਵਾਰ ਠਹਿਰਾਇਆ।

ਕੈਬਨਿਟ ਮੰਤਰੀ ਸਿੱਧੂ ਨੇ ਰੈਲੀਆਂ ਤੇ ਮੀਟਿੰਗਾਂ ਵਿਚ ਕਾਂਗਰਸ ਪਾਰਟੀ ਦੇ ਚਾਲੀ-ਪੰਜਾਹ ਵਿਧਾਇਕਾਂ ਵੱਲੋਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਮਜੀਠੀਆ ਵਿਰੁੱਧ ਕਾਰਵਾਈ ਲਈ ਦਿੱਤੇ ਮੰਗ ਪੱਤਰ ਦਾ ਜ਼ਿਕਰ ਕਰਦਿਆਂ ਕਿਹਾ ਕਿ ਇਸ ਮੰਗ ਪੱਤਰ ਪਿੱਛੇ ਇਕੱਲੇ ਵਿਧਾਇਕ ਨਹੀਂ, ਸਗੋਂ ਸੂਬੇ ਦੇ ਡੇਢ ਕਰੋੜ ਲੋਕ ਵੀ ਹਨ। ਇਸ ਲਈ ਮੁੱਖ ਮੰਤਰੀ ਨੂੰ ਮਜੀਠੀਆ ਵਿਰੁੱਧ ਕਾਰਵਾਈ ਕਰਨੀ ਚਾਹੀਦੀ ਹੈ। ਇਸ ਮਸਲੇ ਸਬੰਧੀ ਕਾਂਗਰਸ ਵਿਚ ਕਤਾਰਬੰਦੀ ਵੀ ਸਾਹਮਣੇ ਆ ਸਕਦੀ ਹੈ।

### ਨਵਜੋਤ ਸਿੱਧੂ ਵੱਲੋਂ ਸੁਖਬੀਰ ਤੇ ਮਜੀਠੀਆ ਉਤੇ ਸ਼ਬਦੀ ਹਮਲੇ ਜਾਰੀ



**ਚੰਡੀਗੜ੍ਹ:** ਪੰਜਾਬ ਦੇ ਸਥਾਨਕ ਸਰਕਾਰਾਂ ਬਾਰੇ ਵਿਭਾਗ ਦੇ ਮੰਤਰੀ ਨਵਜੋਤ ਸਿੰਘ ਸਿੱਧੂ ਵੱਲੋਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਤੇ ਸਾਬਕਾ ਮਾਲ ਮੰਤਰੀ ਬਿਕਰਮ ਸਿੰਘ ਮਜੀਠੀਆ 'ਤੇ ਸ਼ਬਦੀ ਹਮਲੇ ਜਾਰੀ ਹਨ। ਸ. ਸਿੱਧੂ ਨੇ ਕਿਹਾ ਕਿ ਟਕਸਾਲੀ ਅਕਾਲੀ ਆਗੂਆਂ ਨੂੰ ਨੁੱਕਰੇ ਲਾ ਕੇ ਪਾਰਟੀ ਪ੍ਰਧਾਨ ਦੇ ਰਿਸ਼ਤੇਦਾਰ ਨੂੰ ਮੋਹਰੀ ਬਣਾਇਆ ਹੋਇਆ ਹੈ, ਜੋ ਪਾਰਟੀ ਦੇ ਨਿਘਾਰ ਦਾ ਕਾਰਨ ਬਣਿਆ ਹੈ। ਉਨ੍ਹਾਂ ਕਿਹਾ ਕਿ ਅਕਾਲੀ ਦਲ ਪਰਿਵਾਰਕ ਪਾਰਟੀ ਬਣਨ ਕਾਰਨ ਹੀ ਲੰਘੀਆਂ ਵਿਧਾਨ ਸਭਾ ਚੋਣਾਂ ਦੌਰਾਨ 15 ਸੀਟਾਂ 'ਤੇ ਸਿਮਟ ਗਿਆ। ਸੁਖਬੀਰ ਸਿੰਘ ਬਾਦਲ ਨੇ ਅਕਾਲੀ ਦਲ ਦੇ ਵੱਡੇ ਨੇਤਾਵਾਂ ਸੁਖਦੇਵ ਸਿੰਘ ਢੀਂਡਸਾ, ਰਣਜੀਤ ਸਿੰਘ ਬ੍ਰਹਮਪੁਰਾ ਤੇ ਰਤਨ ਸਿੰਘ ਅਜਨਾਲਾ ਵਰਗਿਆਂ ਦੀਆਂ ਕੁਰਬਾਨੀਆਂ ਨੂੰ ਨਜ਼ਰ ਅੰਦਾਜ਼ ਕਰ ਕੇ ਆਪਣੇ ਰਿਸ਼ਤੇਦਾਰ ਨੂੰ ਮੋਹਰੀ ਭੂਮਿਕਾ ਦਿੱਤੀ ਹੈ। ਉਨ੍ਹਾਂ ਕਿਹਾ ਕਿ ਜੇਕਰ ਬਿਕਰਮ ਸਿੰਘ ਮਜੀਠੀਆ, ਸੁਖਬੀਰ ਸਿੰਘ ਬਾਦਲ ਦਾ ਕਰੀਬੀ ਰਿਸ਼ਤੇਦਾਰ ਨਾ ਹੁੰਦਾ ਤਾਂ ਉਸ ਦੀ ਅਕਾਲੀ ਸਿਆਸਤ ਵਿਚ ਕੋਈ ਥਾਂ ਨਹੀਂ ਹੋਣੀ ਸੀ।



# ਬਹਿਬਲ ਕਾਂਡ: ਪੰਥਕ ਆਗੂਆਂ ਵਲੋਂ ਕੈਪਟਨ ਸਰਕਾਰ ਨੂੰ ਘੇਰਾ

**ਕੋਟਕਪੂਰਾ:** ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਮਾਮਲਿਆਂ ਅਤੇ 2015 ਵਿਚ ਬਹਿਬਲ ਕਲਾਂ ਵਿਚ ਪੰਜਾਬ ਪੁਲਿਸ ਦੀਆਂ ਗੋਲੀਆਂ ਨਾਲ ਮਾਰੇ ਦੋ ਸਿੱਖ ਨੌਜਵਾਨਾਂ ਦੇ ਪਰਿਵਾਰਾਂ ਨੂੰ ਅਜੇ ਤੱਕ ਇਨਸਾਫ ਨਾ ਮਿਲਣ ਦੇ ਰੋਸ ਵਜੋਂ ਸਿੱਖ ਸ਼ਰਧਾਲੂਆਂ ਨੇ ਪੰਜਾਬ ਸਰਕਾਰ ਵਿਰੁੱਧ ਤਿੰਨ ਘੰਟੇ ਰੋਸ ਪ੍ਰਦਰਸ਼ਨ ਕੀਤਾ।

ਇਸ ਰੋਸ ਪ੍ਰਦਰਸ਼ਨ ਦੀ ਅਗਵਾਈ ਸਰਬੱਤ ਖਾਲਸਾ ਵੱਲੋਂ ਥਾਪੇ ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਭਾਈ ਧਿਆਨ ਸਿੰਘ ਮੰਡ, ਤਖਤ ਦਮਦਮਾ ਸਾਹਿਬ ਦੇ ਮੁਤਵਾਜ਼ੀ ਜਥੇਦਾਰ ਭਾਈ ਬਲਜੀਤ ਸਿੰਘ ਦਾਦੂਵਾਲ ਤੇ ਤਖਤ ਕੇਸਗੜ੍ਹ ਸਾਹਿਬ ਦੇ ਮੁਤਵਾਜ਼ੀ ਜਥੇਦਾਰ ਭਾਈ ਅਮਰੀਕ ਸਿੰਘ ਅਜਨਾਲਾ ਨੇ ਕੀਤੀ। ਇਸ ਮੌਕੇ ਸੈਂਕੜਿਆਂ ਦੀ ਗਿਣਤੀ ਵਿਚ ਸੰਗਤ ਨੇ ਕਾਲੀ ਝੰਡੀਆਂ ਨਾਲ ਰੋਸ ਪ੍ਰਗਟਾਇਆ।

ਇਸ ਮੌਕੇ ਸਿੱਖ ਆਗੂਆਂ ਨੇ ਦੋਸ਼ ਲਾਇਆ ਕਿ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਮਾਮਲਿਆਂ ਵਿਚ ਪਹਿਲਾਂ ਅਕਾਲੀ-ਭਾਜਪਾ ਸਰਕਾਰ ਤੇ ਹੁਣ ਕੈਪਟਨ ਸਰਕਾਰ ਸਿਆਸਤ ਕਰ ਰਹੀ ਹੈ। ਉਨ੍ਹਾਂ



ਕੈਪਟਨ ਸਰਕਾਰ ਦੀ ਤਿੱਖੀ ਆਲੋਚਨਾ ਕਰਦਿਆਂ ਆਖਿਆ ਕਿ ਕੈਪਟਨ ਨੇ ਮੁੱਖ ਮੰਤਰੀ ਬਣਨ ਤੋਂ ਪਹਿਲਾਂ ਪੰਜਾਬ ਦੀ ਜਨਤਾ ਨਾਲ ਵਾਅਦਾ ਕੀਤਾ ਸੀ ਕਿ ਉਹ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਨ ਵਾਲਿਆਂ ਨੂੰ ਕਾਬੂ ਕਰ ਕੇ ਜੇਲ੍ਹ ਦੀਆਂ ਸੀਖਾਂ ਪਿੱਛੇ ਭੇਜਣਗੇ, ਪਰ ਸੱਤਾ ਵਿਚ ਆਉਣ ਤੋਂ ਬਾਅਦ ਉਹ ਇਸ ਮਸਲੇ ਤੋਂ ਮੂੰਹ ਮੋੜ ਗਏ। ਆਗੂਆਂ ਨੇ ਦੱਸਿਆ ਕਿ ਉਹ ਇਸ ਮਾਮਲੇ ਸਬੰਧੀ 27 ਅਕਤੂਬਰ ਨੂੰ ਮੁੱਖ ਮੰਤਰੀ ਨੂੰ ਮਿਲਣਗੇ।

21 ਮੈਂਬਰੀ ਵਫਦ ਨੂੰ ਮੁੱਖ ਮੰਤਰੀ ਤੋਂ 2 ਘੰਟਿਆਂ ਤੱਕ ਦਾ ਸਮਾਂ ਮਿਲਿਆ ਹੈ। ਇਸ ਮੁਲਾਕਾਤ ਦੌਰਾਨ ਉਹ ਪੰਥਕ ਮਸਲਿਆਂ ਦੇ ਹੱਲ ਲਈ ਮੁੱਖ ਮੰਤਰੀ 'ਤੇ ਠੋਸ ਕਾਰਵਾਈ ਲਈ ਜ਼ੋਰ ਪਾਉਣਗੇ। ਪੰਥਕ ਆਗੂਆਂ ਨੇ ਸਰਕਾਰ ਨੂੰ ਚਿਤਾਵਨੀ ਦਿੱਤੀ ਕਿ ਜੇ ਇਨ੍ਹਾਂ ਮਸਲਿਆਂ 'ਤੇ ਕਾਰਵਾਈ ਨਾ ਕੀਤੀ ਤਾਂ ਤਿੱਖਾ ਸੰਘਰਸ਼ ਕੀਤਾ ਜਾਵੇਗਾ।

## ਸ਼੍ਰੋਮਣੀ ਕਮੇਟੀ ਦੀ ਬਾਦਲਾਂ ਤੋਂ 'ਮੁਕਤੀ' ਲਈ ਰਣਨੀਤੀ

**ਸ੍ਰੀ ਮੁਕਤਸਰ ਸਾਹਿਬ:** ਅਖੰਡ ਅਕਾਲੀ ਦਲ 1920 ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਬਾਦਲਾਂ ਤੋਂ 'ਮੁਕਤ' ਕਰਾਉਣ ਲਈ ਰਣਨੀਤੀ ਉਲੀਕੀ ਹੈ। ਇਸ ਤਹਿਤ ਦਲ ਦੇ ਸਰਪ੍ਰਸਤ ਜਥੇਦਾਰ ਬਲਵੰਤ ਸਿੰਘ ਨੰਦਗੜ੍ਹ ਤੇ ਪ੍ਰਧਾਨ ਰਵੀਇੰਦਰ ਸਿੰਘ ਨੇ ਪੰਜਾਬ ਭਰ ਵਿਚ ਅਹੁਦੇਦਾਰ ਥਾਪਣ ਅਤੇ ਪਿੰਡ ਪਿੰਡ ਪਹੁੰਚ ਕਰਨ ਦਾ ਸਿਲਸਿਲਾ ਸ਼ੁਰੂ ਕਰ ਦਿੱਤਾ ਹੈ। ਰਵੀਇੰਦਰ ਸਿੰਘ ਨੇ ਦੋਸ਼ ਲਾਇਆ ਕਿ ਸ਼੍ਰੋਮਣੀ ਕਮੇਟੀ ਦੇ ਅਹੁਦੇਦਾਰ ਬਾਦਲ ਪਰਿਵਾਰ ਦੇ ਮੁਲਾਜ਼ਮ ਬਣ ਕੇ ਰਹਿ ਗਏ ਹਨ। ਜੇ ਇਹ ਸਿਲਸਿਲਾ ਜਾਰੀ ਰਿਹਾ ਤਾਂ ਸਿੱਖ ਧਰਮ ਲਈ ਖਤਰਾ ਪੈਦਾ ਹੋ ਜਾਵੇਗਾ। ਉਨ੍ਹਾਂ ਕਿਹਾ ਕਿ ਅਖੰਡ ਅਕਾਲੀ ਦਲ 1920 ਹੁਣ ਸ਼੍ਰੋਮਣੀ ਕਮੇਟੀ ਲਈ ਨੈਤਿਕ ਅਤੇ ਉਚੇ-ਸੁੱਚੇ ਕਿਰਦਾਰ ਵਾਲੇ ਆਗੂ ਲੈ ਕੇ ਆਵੇਗਾ। ਉਹ ਭਵਿੱਖ ਵਿਚ ਸਿੱਖ ਵਿਦਵਾਨਾਂ ਨਾਲ ਹਰਿਮੰਦਰ ਸਾਹਿਬ ਵਿਖੇ ਬੀਬੀਆਂ ਦੇ ਕੀਰਤਨ ਕਰਨ, ਦਸਮ ਗ੍ਰੰਥ ਤੇ ਨਾਨਕਸ਼ਾਹੀ ਕੈਲੰਡਰ ਵਰਗੇ ਵਿਵਾਦਾਂ ਦੇ ਹੱਲ ਬਾਰੇ ਮਸ਼ਵਰਾ ਕਰਨਗੇ।

## ਰਣਜੀਤ ਕਮਿਸ਼ਨ ਵੱਲੋਂ ਉਮਰਾਨੰਗਲ ਤੋਂ ਪੁੱਛ-ਪੜਤਾਲ

**ਚੰਡੀਗੜ੍ਹ:** ਧਾਰਮਿਕ ਗ੍ਰੰਥਾਂ ਦੀ ਬੇਅਦਬੀ ਦੇ ਮਾਮਲਿਆਂ ਦੀ ਜਾਂਚ ਲਈ ਬਣਾਏ ਗਏ ਜਸਟਿਸ ਰਣਜੀਤ ਸਿੰਘ ਕਮਿਸ਼ਨ ਨੇ ਇੰਸਪੈਕਟਰ ਜਨਰਲ ਪਰਮਰਾਜ ਉਮਰਾਨੰਗਲ ਤੋਂ ਬਹਿਬਲ ਗੋਲੀ ਕਾਂਡ ਅਤੇ ਧਾਰਮਿਕ ਗ੍ਰੰਥਾਂ ਦੀ ਬੇਅਦਬੀ ਦੇ ਮਾਮਲਿਆਂ ਬਾਰੇ ਤਿੰਨੇ ਘੰਟੇ ਪੁੱਛ-ਪੜਤਾਲ ਕੀਤੀ। ਕਮਿਸ਼ਨ ਨੇ ਮੋਗਾ ਦੇ ਤਤਕਾਲੀ ਐਸ.ਐਸ.ਪੀ. ਚਰਨਜੀਤ ਸ਼ਰਮਾ ਨੂੰ 30 ਅਕਤੂਬਰ ਤੱਕ ਕਮਿਸ਼ਨ ਸਾਹਮਣੇ ਪੇਸ਼ ਹੋਣ ਲਈ ਕਿਹਾ ਹੈ। ਦੱਸਣਯੋਗ ਹੈ ਕਿ ਪੰਜਾਬ ਦੀ ਕਾਂਗਰਸ ਸਰਕਾਰ ਨੇ ਸੱਤਾ ਵਿਚ ਆਉਣ ਤੋਂ ਬਾਅਦ ਚੋਣ ਵਾਅਦੇ ਅਨੁਸਾਰ ਧਾਰਮਿਕ ਗ੍ਰੰਥਾਂ ਦੀ ਬੇਅਬਦੀ ਅਤੇ ਬਹਿਬਲ ਕਲਾਂ ਗੋਲੀ ਕਾਂਡ ਦੀ ਉਚ ਪੱਧਰੀ ਜਾਂਚ ਕਰਵਾਉਣ ਲਈ ਇਸ ਸਾਲ 14 ਅਪਰੈਲ ਨੂੰ ਜਸਟਿਸ ਰਣਜੀਤ ਸਿੰਘ ਦੀ ਅਗਵਾਈ ਹੇਠ ਕਮਿਸ਼ਨ ਕਾਇਮ ਕੀਤਾ ਸੀ।

# ਗੁਰਮੀਤ ਪਿੰਕੀ ਤੋਂ ਬਹਾਦਰੀ ਦਾ ਤਗਮਾ ਖੁੱਸਿਆ

**ਨਵੀਂ ਦਿੱਲੀ:** ਭ੍ਰਿਸ਼ਟਾਚਾਰ ਤੇ ਕਈ ਹੋਰਨਾਂ ਕੇਸਾਂ ਵਿਚ ਸ਼ਮੂਲੀਅਤ ਕਾਰਨ ਪੰਜਾਬ ਪੁਲਿਸ ਦੇ ਸਬ ਇੰਸਪੈਕਟਰ ਗੁਰਮੀਤ ਪਿੰਕੀ ਸਮੇਤ ਤਿੰਨ ਪੁਲਿਸ ਮੁਲਾਜ਼ਮਾਂ ਦੇ ਬਹਾਦਰੀ ਮੈਡਲ ਵਾਪਸ ਲੈ ਲਏ ਗਏ ਹਨ। ਇਨ੍ਹਾਂ ਮੁਲਾਜ਼ਮਾਂ ਵਿਚ ਮੱਧ ਪ੍ਰਦੇਸ਼ ਦੇ ਏ.ਸੀ.ਪੀ. ਧਰਮਿੰਦਰ ਚੌਧਰੀ ਅਤੇ ਝਾਰਖੰਡ ਦੇ ਸਬ ਇੰਸਪੈਕਟਰ ਲਲਿਤ ਕੁਮਾਰ ਵੀ ਸ਼ਾਮਲ ਹਨ।



ਚੌਧਰੀ ਦਾ ਬਹਾਦਰੀ ਮੈਡਲ ਸਤੰਬਰ ਵਿਚ ਵਾਪਸ ਲਿਆ ਗਿਆ ਹੈ ਜਦਕਿ ਪਿੰਕੀ ਤੇ ਲਲਿਤ ਕੁਮਾਰ ਦੇ ਤਗਮੇ ਕ੍ਰਮਵਾਰ ਮਈ ਤੇ ਜੂਨ ਵਿਚ ਵਾਪਸ ਲੈ ਲਏ ਗਏ ਸਨ। ਗੁਰਮੀਤ ਪਿੰਕੀ ਨੂੰ ਇਹ ਮੈਡਲ ਨੌਕਰੀ ਦੌਰਾਨ ਉਸ ਵੱਲੋਂ ਦਿਖਾਈ ਦਲੇਰੀ ਲਈ ਸੰਨ 1997 ਵਿਚ ਉਸ ਵੇਲੇ ਦੀ ਪੰਜਾਬ ਸਰਕਾਰ ਦੇ ਪ੍ਰਸਤਾਵ 'ਤੇ ਦਿੱਤਾ ਗਿਆ ਸੀ। ਸੰਨ 2006 ਵਿਚ ਉਹ ਇਕ ਕਤਲ ਕੇਸ ਵਿਚ ਦੋਸ਼ੀ ਸਿੱਧ ਹੋ ਗਿਆ ਤੇ ਉਸ ਨੂੰ ਉਮਰ ਕੈਦ ਹੋ ਗਈ। ਬਾਅਦ ਵਿਚ ਉਸ ਨੂੰ ਬਰਤਰਫ਼ ਕਰ ਦਿੱਤਾ ਗਿਆ ਸੀ।

ਹਾਲਾਂਕਿ ਕੇਂਦਰੀ ਗ੍ਰਹਿ ਮੰਤਰਾਲੇ ਨੂੰ ਇਸ ਸਬੰਧੀ ਜਾਣਕਾਰੀ ਜੁਲਾਈ 2015 ਵਿਚ ਮਿਲੀ ਤੇ ਮਾਮਲਾ ਪੰਜਾਬ ਸਰਕਾਰ ਕੋਲ ਉਠਾਇਆ ਗਿਆ। ਸੂਬਾ ਸਰਕਾਰ ਨੇ ਸਜ਼ਾ ਹੋਣ ਦੀ ਪੁਸ਼ਟੀ ਕਰਦਿਆਂ ਮੈਡਲ ਵਾਪਸ ਲਏ ਜਾਣ ਦੀ ਪ੍ਰਕਿਰਿਆ ਸ਼ੁਰੂ ਕਰਨ ਦੀ ਸਲਾਹ ਦਿੱਤੀ ਸੀ। ਧਰਮਿੰਦਰ ਚੌਧਰੀ ਦਾ ਮੈਡਲ ਝੂਠੇ ਪੁਲਿਸ ਮੁਕਾਬਲੇ ਅਤੇ ਲਲਿਤ ਕੁਮਾਰ ਦਾ ਮੈਡਲ ਭ੍ਰਿਸ਼ਟਾਚਾਰ ਦੇ ਕੇਸ ਕਰ ਕੇ ਵਾਪਸ ਲਿਆ ਗਿਆ ਹੈ।

## ਪੁਸਤਕ 'ਬੱਬਰ ਅਕਾਲੀਆਂ ਦੀਆਂ ਜੀਵਨੀਆਂ' ਦਾ ਰਿਲੀਜ਼ ਸਮਾਰੋਹ 29 ਨੂੰ

**ਕੈਂਟ, ਵਾਸ਼ਿੰਗਟਨ (ਬਿਊਰੋ):** ਪੰਜਾਬੀ ਲਿਖਾਰੀ ਸਭਾ ਸਿਆਟਲ ਵਲੋਂ ਸ. ਵਾਸਦੇਵ ਸਿੰਘ ਪਰਹਾਰ ਦੀ ਖੋਜ ਪੁਸਤਕ 'ਬੱਬਰ ਅਕਾਲੀਆਂ ਦੀਆਂ ਜੀਵਨੀਆਂ' 29 ਅਕਤੂਬਰ, ਐਤਵਾਰ ਨੂੰ 2 ਵਜੇ ਕੈਂਟ ਕਾਨਫਰੰਸ ਅਤੇ ਈਵੈਂਟ ਸੈਂਟਰ (10120 ਸਾਊਥ ਈਸਟ 260ਵੀਂ ਸਟਰੀਟ) ਵਿਚ ਰਿਲੀਜ਼ ਕੀਤੀ ਜਾਵੇਗੀ।

ਸ. ਪਰਹਾਰ ਅਨੁਸਾਰ ਪੁਸਤਕ ਵਿਚ ਹਿੰਦੁਸਤਾਨ ਦੀ ਆਜ਼ਾਦੀ ਲਈ ਕੁਰਬਾਨੀਆਂ ਕਰਨ ਵਾਲੇ ਉਨ੍ਹਾਂ ਅਨੇਕਾਂ ਬੱਬਰਾਂ ਦਾ ਜ਼ਿਕਰ ਹੈ ਜਿਨ੍ਹਾਂ ਦੀ ਅਹਿਮ ਭੂਮਿਕਾ ਨੂੰ ਇਤਿਹਾਸ ਵਿਚ ਅਣਗੋਲਿਆਂ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਇਸ ਪੁਸਤਕ ਵਿਚ ਬੱਬਰਾਂ ਦੇ ਇਤਿਹਾਸ ਨਾਲ ਇਨਸਾਫ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਇਸ ਮੌਕੇ ਕਵੀ ਦਰਬਾਰ ਵੀ ਹੋਵੇਗਾ। ਹੋਰ ਜਾਣਕਾਰੀ ਬਲਿਹਾਰ ਸਿੰਘ ਲੇਹਲ ਪਾਸੋਂ ਫੋਨ: 206-244-4663 ਰਾਹੀਂ ਲਈ ਜਾ ਸਕਦੀ ਹੈ।


ਵੇਟਰ ਅਤੇ ਹੈਲਪਰ ਦੀ ਲੋੜ ਹੈ

ਮੈਡੀਸਨ, ਵਿਸਕਾਨਸਿਨ 'ਚ ਭਾਰਤੀ ਰੈਸਟੋਰੈਂਟ ਲਈ ਵੇਟਰ ਅਤੇ ਹੈਲਪਰ ਦੀ ਲੋੜ ਹੈ।
ਰਿਹਾਇਸ਼ ਫਰੀ, ਚੰਗੀ ਤਨਖਾਹ
ਸੰਪਰਕ ਕਰੋ: ਸੰਨੀ, ਫੋਨ: 608-630-0287
39-42

Prince's Barber Shop
37477 Fremont Blvd, suite C, Fremont, CA 94536
Men & Children's Hair Cut
*Threading *Custom Text
*Men's Facials *Hair Coler
*Custom Designing *Shave &
*Line-ups *Head Massage
ਫੁੱਲ ਟਾਈਮ ਬਾਰਬਰ ਦੀ ਲੋੜ ਹੈ
ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ
Business hours:
Mon thru Thursday 9am to 6pm (Appointment only)
Friday, Sat- Sunday- 9am to 6pm (Walk in only)
(Tuesday Closed)

Cell: (510)-677-9942
Shop: (510)-505-9605
www.princebarbershop.com


ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ
ਪਿਛਲੇ 9 ਸਾਲਾਂ ਤੋਂ ਤੁਹਾਡੀ ਸੇਵਾ ਵਿਚ
ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ
SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।
ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।
STOCKTON ਵਿੱਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150
Special Price for Truck Wash Grand Opening
• 8 Drive Tires For $3300 Kelly KDA
• Two Steer Tire Michelin $1150 Including Balancing (22.5 LP)
ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205
Ph: 209.547.9210
FAX: 209.547.9211
www.gfbontime.com, raj@gfbontime.com

REPAIR SHOP
ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 50 ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।
TEL: 209.547.9210
FAX: 209.547.9211

REGISTRATION SERVICES
ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।
TEL: 209.982.9996
FAX: 209.982.9997

# ਅਮਨ ਕਾਨੂੰਨ ਬਾਰੇ ਕੈਪਟਨ ਸਰਕਾਰ ਦਾ ਬਾਦਲਾਂ ਤੋਂ ਵੀ ਮੰਦਾ ਹਾਲ



**ਚੰਡੀਗੜ੍ਹ:** ਵਿਧਾਨ ਸਭਾ ਚੋਣਾਂ ਸਮੇਂ ਪੰਜਾਬ ਵਿਚ ਅਪਰਾਧਿਕ ਗਤੀਵਿਧੀਆਂ ਸਭ ਤੋਂ ਵੱਡਾ ਮੁੱਦਾ ਸਨ ਤੇ ਕਾਂਗਰਸ ਨੇ ਇਸ ਨੂੰ ਅਕਾਲੀ ਭਾਜਪਾ ਸਰਕਾਰ ਵਿਰੁੱਧ ਖੁੱਲ੍ਹ ਕੇ ਵਰਤਿਆ ਸੀ। ਕਾਂਗਰਸ ਨੇ ਵਾਅਦਾ ਵੀ ਕੀਤਾ ਸੀ ਕਿ ਜੇਕਰ ਉਨ੍ਹਾਂ ਦੀ ਸਰਕਾਰ ਆਈ ਤਾਂ ਸੂਬੇ ਵਿਚ ਅਮਨ ਕਾਨੂੰਨ ਦੀ ਬਹਾਲੀ ਲਈ ਹਰ ਹੀਲਾ ਵਰਤਿਆ ਜਾਵੇਗਾ, ਪਰ ਸੱਤਾ ਮਿਲਣ ਤੋਂ ਬਾਅਦ ਕੈਪਟਨ ਸਰਕਾਰ ਨੇ ਇਸ ਨੂੰ ਬਿਲਕੁਲ ਵਿਸਾਰ ਦਿੱਤਾ। ਪਤਾ ਲੱਗਾ ਹੈ ਕਿ ਸੂਬਾਈ ਪੱਧਰ ਉਤੇ ਅਪਰਾਧ ਦੀ ਸਮੀਖਿਆ ਲਈ ਜ਼ਿਲ੍ਹਾ ਪੁਲਿਸ ਮੁਖੀਆਂ ਦੀ ਖਿਚਾਈ ਲਈ ਸੱਦੀ ਜਾਂਦੀ 'ਅਪਰਾਧ ਮੀਟਿੰਗ' ਤਕਰੀਬਨ ਸੱਤ ਮਹੀਨਿਆਂ ਵਿਚ ਸੱਦੀ ਹੀ ਨਹੀਂ ਗਈ। ਸ਼ੁਰੂਆਤੀ ਦਿਨਾਂ ਵਿਚ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਡੀ.ਜੀ.ਪੀ. ਸੁਰੇਸ਼ ਅਰੋੜਾ ਨੇ ਜ਼ਿਲ੍ਹਾ ਪੱਧਰੀ ਤੇ ਆਈ.ਜੀ. ਪੱਧਰ ਤੱਕ ਸਾਧਾਰਨ ਮੀਟਿੰਗਾਂ ਜ਼ਰੂਰ ਕੀਤੀਆਂ ਸਨ।

ਇਸੇ ਕਾਰਨ ਸੂਬੇ ਵਿਚ ਅਪਰਾਧਿਕ ਵਾਰਦਾਤਾਂ ਵਿਚ ਵਾਧਾ ਹੋਇਆ ਹੈ। ਪੰਜਾਬ ਵਿਚ ਕਾਰਾਂ ਖੋਹਣ ਦੀਆਂ ਰਿਕਾਰਡਤੋੜ ਵਾਰਦਾਤਾਂ ਕਾਰਨ ਲੋਕਾਂ ਵਿਚ ਦਹਿਸ਼ਤ ਹੈ। ਸੂਬਾਈ ਪੁਲਿਸ ਦੀ ਇਕ ਖੁਫੀਆ ਰਿਪੋਰਟ ਮੁਤਾਬਕ ਇਸ ਸਾਲ ਪਹਿਲੀ ਮਈ ਤੋਂ 9 ਅਕਤੂਬਰ ਤੱਕ 33 ਵਾਹਨ ਖੋਹੇ ਗਏ ਹਨ। ਵਾਹਨ ਖੋਹਣ ਦੀਆਂ ਜ਼ਿਆਦਾਤਰ ਵਾਰਦਾਤਾਂ ਅੰਮ੍ਰਿਤਸਰ ਜ਼ਿਲ੍ਹੇ ਵਿਚ ਹੋਈਆਂ ਹਨ। ਖੋਹੇ ਵਾਹਨ ਬਰਾਮਦ ਕਰਨ ਵਿਚ ਪੁਲਿਸ ਨਾਕਾਮ ਰਹੀ ਹੈ। ਜ਼ਿਆਦਾਤਰ ਵਾਹਨ ਦਿਨ ਦਿਹਾੜੇ ਖੋਹੇ ਗਏ ਹਨ।

ਪੁਲਿਸ ਅਧਿਕਾਰੀਆਂ ਦਾ ਮੰਨਣਾ ਹੈ ਕਿ ਇਸ ਤਰ੍ਹਾਂ ਵਾਹਨ ਖੋਹਣਾ ਬੇਹੱਦ ਖਤਰਨਾਕ ਰੁਝਾਨ ਹੈ। ਇਸ ਨੂੰ ਠੱਲ੍ਹਣ ਲਈ ਪੁਲਿਸ ਨੇ ਕੋਈ ਰਣਨੀਤੀ ਨਹੀਂ ਘੜੀ ਹੈ। ਖੋਹੀਆਂ ਕਾਰਾਂ ਦੀ ਤਫਤੀਸ਼ ਨਾਲ ਜੁੜੇ ਇਕ ਪੁਲਿਸ ਅਧਿਕਾਰੀ ਨੇ ਦੱਸਿਆ ਕਿ ਇਹ ਵਾਹਨ ਆਮ ਤੌਰ ਉਤੇ ਸੰਗੀਨ ਅਪਰਾਧਾਂ ਵਿਚ ਵਰਤੇ ਜਾਂਦੇ ਹਨ। ਸ਼ਾਤਰ ਅਪਰਾਧੀਆਂ ਵੱਲੋਂ ਗੰਭੀਰ ਅਪਰਾਧਾਂ 'ਚ ਖੋਹੇ ਵਾਹਨ ਵਰਤੇ ਜਾਂਦੇ ਹਨ। ਨਾਭਾ ਜੇਲ੍ਹ ਕਾਂਡ ਬਾਅਦ ਉਤਰ ਪ੍ਰਦੇਸ਼ ਵਿਚੋਂ ਫੜੇ ਗਏ ਨਾਮੀ ਗੈਂਗਸਟਰ ਪਿੰਦਾ ਤੋਂ ਪੁਲਿਸ ਨੇ ਜਿਹੜੀ ਫਾਰਚੂਨਰ ਬਰਾਮਦ ਕੀਤੀ ਸੀ ਉਹ ਲੁਧਿਆਣਾ ਤੋਂ ਖੋਹੀ ਗਈ ਸੀ।

ਕਈ ਥਾਈਂ ਮੋਟਰਸਾਈਕਲ ਵੀ ਖੋਹੇ ਗਏ ਹਨ। ਇਸ ਪੁਲਿਸ ਅਧਿਕਾਰੀ ਨੇ ਦੱਸਿਆ ਕਿ ਕਈ ਥਾਈਂ ਵਾਹਨ ਮਾਲਕ ਦੇ ਸੱਟਾਂ ਵੀ ਮਾਰੀਆਂ ਗਈਆਂ ਹਨ। ਕਈ ਵਾਹਨ ਤਾਂ ਭਰੇ ਬਾਜ਼ਾਰ ਵਿਚੋਂ ਖੋਹੇ ਗਏ। ਮਿਸਾਲ ਵਜੋਂ ਅੰਮ੍ਰਿਤਸਰ ਕਚਹਿਰੀਆਂ ਨੇੜਿਓਂ 29 ਮਈ ਨੂੰ ਸਵਿਫਟ ਕਾਰ ਖੋਹੀ ਗਈ ਸੀ। ਲੁਧਿਆਣਾ ਦੇ ਸਮਰਾਲਾ ਚੌਕ ਵਿਚੋਂ ਪਹਿਲੀ ਸਤੰਬਰ ਨੂੰ ਸਵਿਫਟ ਕਾਰ ਖੋਹੀ ਗਈ। ਇਹ ਵਾਰਦਾਤਾਂ ਸਾਬਤ ਕਰਦੀਆਂ ਹਨ ਕਿ ਲੁਟੇਰਿਆਂ ਨੂੰ ਪੁਲਿਸ ਤੇ ਕਾਨੂੰਨ ਦਾ ਕੋਈ ਭੈਅ ਨਹੀਂ ਹੈ। ਬੀਮਾ ਕੰਪਨੀਆਂ ਵੀ ਵਾਹਨ ਮਾਲਕ ਨੂੰ ਲੰਮਾ ਸਮਾਂ ਰਾਸ਼ੀ ਦਾ ਭੁਗਤਾਨ ਨਹੀਂ ਕਰਦੀਆਂ।

## ਜੇਲ੍ਹਾਂ ਵਿਚ ਗੈਂਗਸਟਰਾਂ ਦੀਆਂ ਸਰਗਰਮੀਆਂ ਨੇ ਸੁੱਕਣੇ ਪਾਈ ਪੁਲਿਸ

**ਚੰਡੀਗੜ੍ਹ:** ਖੁਫੀਆ ਏਜੰਸੀਆਂ ਨੇ ਪੰਜਾਬ ਦੇ ਜੇਲ੍ਹ ਵਿਭਾਗ ਨੂੰ ਚੌਕਸ ਕੀਤਾ ਹੈ ਕਿ ਅਦਾਲਤਾਂ ਵਿਚ ਪੇਸ਼ੀਆਂ ਭੁਗਤਣ ਜਾਂਦੇ ਗੈਂਗਸਟਰਾਂ ਦੇ ਹਿਰਾਸਤ ਵਿਚੋਂ ਦੌੜਨ ਦਾ ਪੂਰਾ ਖਦਸ਼ਾ ਬਣਿਆ ਹੋਇਆ ਹੈ। ਪੁਲੀਸ ਦੇ ਖੁਫੀਆ ਵਿੰਗ ਮੁਤਾਬਕ ਕਪੂਰਥਲਾ ਜੇਲ੍ਹ ਵਿਚ ਬੰਦ ਕੁਲਪ੍ਰੀਤ ਸਿੰਘ ਨੀਟਾ ਅਤੇ ਗੁਰਪ੍ਰੀਤ ਸਿੰਘ ਸੇਖੋਂ ਨੂੰ ਪੁਲਿਸ ਦੀ ਗ੍ਰਿਫਤ ਵਿਚੋਂ ਛੁਡਾਉਣ ਲਈ ਜੁਗਤਾਂ ਘੜੀਆਂ ਜਾ ਰਹੀਆਂ ਹਨ। ਖੁਫੀਆ ਵਿੰਗ ਨੇ ਇਨ੍ਹਾਂ ਗੈਂਗਸਟਰਾਂ ਸਮੇਤ ਹੋਰਨਾਂ 'ਤੇ ਖਾਸ ਤੌਰ ਉਤੇ ਨਿਗ੍ਹਾ ਰੱਖਣ ਅਤੇ ਜੇਲ੍ਹ ਤੋਂ ਬਾਹਰ ਜਾਣ ਸਮੇਂ ਖਾਸ ਇਹਤਿਆਤ ਵਰਤਣ ਲਈ ਕਿਹਾ ਹੈ।



ਪੰਜਾਬ ਦੀਆਂ ਜੇਲ੍ਹਾਂ ਵਿਚ ਇਸ ਸਮੇਂ 200 ਤੋਂ ਵੱਧ ਅਜਿਹੇ ਅਪਰਾਧੀ ਹਨ, ਜਿਨ੍ਹਾਂ ਨੂੰ ਪੁਲਿਸ ਤੇ ਜੇਲ੍ਹ ਵਿਭਾਗ ਨੇ ਗੈਂਗਸਟਰਾਂ ਵਾਲੀ ਸੂਚੀ ਵਿਚ ਰੱਖਿਆ ਹੋਇਆ ਹੈ। ਪੁਲਿਸ ਅਧਿਕਾਰੀਆਂ ਦਾ ਦਾਅਵਾ ਹੈ ਕਿ ਇਨ੍ਹਾਂ ਵਿਚੋਂ 100 ਤੋਂ ਵੱਧ 'ਏ ਕੈਟਾਗਿਰੀ' ਦੇ ਗੈਂਗਸਟਰ ਹਨ, ਜਿਨ੍ਹਾਂ ਖਿਲਾਫ਼ ਇਕ ਤੋਂ ਵੱਧ ਸੰਗੀਨ ਕੇਸ ਦਰਜ ਹਨ ਤੇ ਹਰ ਵੇਲੇ ਦੌੜਨ ਦੀ ਤਾਕ ਵਿਚ ਰਹਿੰਦੇ ਹਨ। ਜੇਲ੍ਹ ਵਿਭਾਗ ਵੱਲੋਂ ਗੈਂਗਸਟਰਾਂ ਨੂੰ ਆਮ ਤੌਰ ਉਤੇ ਕੇਂਦਰੀ ਜੇਲ੍ਹਾਂ ਜਾਂ ਨਾਭਾ ਦੀ ਅਤਿ ਸੁਰੱਖਿਆ ਵਾਲੀ ਜੇਲ੍ਹ ਵਿਚ ਰੱਖਿਆ ਜਾਂਦਾ ਹੈ ਪਰ ਸਾਲ 2016 ਵਿਚ ਨਾਭਾ ਜੇਲ੍ਹ ਵਿਚੋਂ ਵੀ ਗੈਂਗਸਟਰਾਂ ਦੇ ਫਿਲਮੀ ਸਟਾਈਲ ਵਿਚ ਭੱਜਣ ਦੀ ਘਟਨਾ ਨੇ ਪੁਲਿਸ ਤੇ ਜੇਲ੍ਹ ਪ੍ਰਬੰਧਾਂ ਦੀ ਪੋਲ ਖੋਲ੍ਹ ਦਿੱਤੀ ਸੀ। ਜੇਲ੍ਹਾਂ ਵਿਚ ਗੈਂਗਸਟਰਾਂ ਦੀਆਂ ਗਤੀਵਿਧੀਆਂ ਅਤੇ ਅਪਰਾਧੀਆਂ ਦੇ ਹਿਰਾਸਤ ਵਿਚੋਂ ਫਰਾਰ ਹੋਣ ਦੇ ਮਾਮਲੇ 'ਤੇ ਪੁਲਿਸ ਨੂੰ ਲਗਾਤਾਰ ਨਮੋਸ਼ੀ ਝੱਲਣੀ ਪੈਂਦੀ ਹੈ।

ਪੁਲਿਸ ਦੇ ਰਿਕਾਰਡ ਮੁਤਾਬਕ ਨਾਮੀ ਗੈਂਗਸਟਰ ਪੁਲਿਸ ਦੀ ਹਿਰਾਸਤ 'ਚੋਂ ਸੌਖਿਆਂ ਨਿਕਲ ਜਾਂਦੇ ਹਨ। ਮਿਸਾਲ ਵਜੋਂ ਪਿਛਲੇ ਸਮੇਂ ਦੌਰਾਨ ਪੁਲਿਸ ਮੁਕਾਬਲੇ 'ਚ ਮਾਰੇ ਗਏ ਦਵਿੰਦਰ ਬੰਬੀਹਾ ਅਤੇ ਪੁਲਿਸ ਹਿਰਾਸਤ ਵਿਚ ਗੈਂਗਟਸਰਾਂ ਦੇ ਵਿਰੋਧੀ ਗਰੁੱਪ ਨੇ ਕਤਲ ਕੀਤੇ ਸੁੱਖਾ ਕਾਹਲਵਾਂ ਪੁਲਿਸ ਦੀ ਹਿਰਾਸਤ ਵਿਚੋਂ ਸੌਖਿਆਂ ਹੀ ਨਿਕਲ ਗਏ ਸਨ। ਸਾਲ 2016 ਦੌਰਾਨ ਨਾਭਾ ਜੇਲ੍ਹ ਵਿਚੋਂ ਫਰਾਰ ਹੋਏ ਵਿੱਕੀ ਗੌਂਡਰ ਬਾਰੇ ਪੁਲਿਸ ਅਜੇ ਤੱਕ ਕੋਈ ਸੂਹ ਨਹੀਂ ਲਾ ਸਕੀ। ਇਸੇ ਤਰ੍ਹਾਂ ਦਿਲਪ੍ਰੀਤ ਸਿੰਘ ਅਤੇ ਹਰਿੰਦਰ ਸਿੰਘ, ਜੋ ਹਿਰਾਸਤ ਵਿਚੋਂ ਫਰਾਰ ਹੋਏ ਸਨ, ਨੇ ਫਰਾਰ ਹੋਣ ਤੋਂ ਬਾਅਦ ਕਈ ਵਾਰਦਾਤਾਂ ਕੀਤੀਆਂ ਪਰ ਪੁਲਿਸ ਦੇ ਹੱਥ ਪੂਰੀ ਤਰ੍ਹਾਂ ਖਾਲੀ ਹਨ। ਇਥੋਂ ਤੱਕ ਕਿ ਪੁਲਿਸ ਅਫਸਰਾਂ ਨੂੰ ਵੀ ਗੈਂਗਸਟਰਾਂ ਨੇ ਧਮਕੀਆਂ ਦਿੱਤੀਆਂ ਹਨ। ਗੈਂਗਸਟਰਾਂ ਦੇ ਹਮਲਿਆਂ ਤੋਂ ਡਰਦਿਆਂ ਪੁਲੀਸ ਦੇ ਕਈ ਅਫਸਰਾਂ ਦੀ ਸੁਰੱਖਿਆ ਸਖਤ ਕੀਤੀ ਹੋਈ ਹੈ।

### ਪੰਜਾਬ ਵਿਚ ਗੈਂਗਸਟਰਾਂ ਦੇ 55 ਗਰੋਹ ਸਰਗਰਮ

ਪੰਜਾਬ ਪੁਲਿਸ ਦਾ ਮੰਨਣਾ ਹੈ ਕਿ ਸੂਬੇ ਵਿਚ ਗੈਂਗਸਟਰਾਂ ਦੇ ਤਕਰੀਬਨ 55 ਗਰੋਹ ਸਰਗਰਮ ਹਨ। ਇਨ੍ਹਾਂ ਦੇ ਮੈਂਬਰਾਂ ਦੀ ਗਿਣਤੀ 500 ਤੋਂ ਵਧੇਰੇ ਹੈ। ਇਸ ਤਰ੍ਹਾਂ ਨਾਲ 300 ਦੇ ਕਰੀਬ ਪੁਲਿਸ ਦੀ ਗ੍ਰਿਫਤ ਤੋਂ ਬਾਹਰ ਹਨ। ਇਹ ਗੈਂਗਸਟਰ ਫਿਰੌਤੀ ਲੈਣ ਅਤੇ ਕਤਲ ਦੀਆਂ ਘਟਨਾਵਾਂ 'ਚ ਲੋੜੀਂਦੇ ਹਨ। ਗੈਂਗਸਟਰਾਂ ਨੂੰ ਸਿਆਸੀ ਆਗੂਆਂ ਦੀ ਸਰਪ੍ਰਸਤੀ ਹੋਣ ਦੇ ਦੋਸ਼ ਵੀ ਅਕਸਰ ਲੱਗਦੇ ਹਨ।

## ਬੇਅੰਤ ਦੇ ਪੋਤੇ ਨੂੰ ਡੀ.ਐਸ.ਪੀ. ਲਾਉਣ 'ਤੇ ਫਸੀ ਸਰਕਾਰ

**ਚੰਡੀਗੜ੍ਹ:** ਮੁੱਖ ਮੰਤਰੀ ਬੇਅੰਤ ਸਿੰਘ ਦੀ ਹੱਤਿਆ ਦੇ 22 ਸਾਲਾਂ ਬਾਅਦ ਉਨ੍ਹਾਂ ਦੇ ਪੋਤੇ ਗੁਰਇਕਬਾਲ ਸਿੰਘ ਦੀ ਤਰਸ ਦੇ ਆਧਾਰ ਉਤੇ ਪੰਜਾਬ ਪੁਲਿਸ ਵਿਚ ਡੀ.ਐਸ.ਪੀ. ਵਜੋਂ ਨਿਯੁਕਤੀ ਕਰ ਕੇ ਕੈਪਟਨ ਸਰਕਾਰ ਕਸੂਤੀ ਘਿਰ ਗਈ ਹੈ। ਖਾਲੜਾ ਮਿਸ਼ਨ ਆਰਗੇਨਾਈਜੇਸ਼ਨ ਦੇ ਮੈਂਬਰ ਪ੍ਰਵੀਨ ਕੁਮਾਰ ਨੇ ਇਸ ਨਿਯੁਕਤੀ ਨੂੰ ਹਾਈ ਕੋਰਟ ਵਿਚ ਚੁਣੌਤੀ ਦਿੱਤੀ ਹੈ। ਇਸ ਅਹੁਦੇ ਲਈ ਗੁਰਇਕਬਾਲ ਦੇ ਅਯੋਗ ਹੋਣ ਬਾਰੇ ਪਟੀਸ਼ਨ ਉਤੇ ਹਾਈ ਕੋਰਟ ਦੇ ਜਸਟਿਸ ਰਾਕੇਸ਼ ਕੁਮਾਰ ਜੈਨ ਨੇ ਅਗਲੀ ਸੁਣਵਾਈ 5 ਦਸੰਬਰ ਤੈਅ ਕੀਤੀ ਹੈ।



ਨਿਯੁਕਤੀ ਨੂੰ ਰੱਦ ਕਰਨ ਦੀ ਮੰਗ ਕਰਦਿਆਂ ਤਰਨ ਤਾਰਨ ਦੇ ਪ੍ਰਵੀਨ ਕੁਮਾਰ ਨੇ ਦਾਅਵਾ ਕੀਤਾ ਕਿ ਕਿਸੇ ਵੀ ਹਾਲਤ 'ਚ ਉਨ੍ਹਾਂ ਦੇ ਪਰਿਵਾਰ ਨੂੰ ਤਰਸ ਦੇ ਆਧਾਰ ਉਤੇ ਨੌਕਰੀ ਦੀ ਲੋੜ ਨਹੀਂ ਕਿਉਂਕਿ ਉਨ੍ਹਾਂ ਦਾ ਵਿੱਤੀ ਤੇ ਰਾਜਸੀ ਰੁਤਬਾ ਕਾਫੀ ਉਚਾ ਹੈ। ਪ੍ਰਵੀਨ ਕੁਮਾਰ ਨੇ ਦੱਸਿਆ ਕਿ ਗੁਰਇਕਬਾਲ ਲੁਧਿਆਣਾ ਤੋਂ ਸੰਸਦ ਮੈਂਬਰ ਰਵਨੀਤ ਬਿੱਟੂ ਦਾ ਛੋਟਾ ਭਰਾ ਹੈ ਤੇ ਖੰਨਾ ਤੋਂ ਵਿਧਾਇਕ ਗੁਰਕੀਰਤ ਕੋਟਲੀ ਉਸ ਦੇ ਤਾਏ ਦਾ ਪੁੱਤ ਹੈ।

ਪਟੀਸ਼ਨਰ ਨੇ ਦਾਅਵਾ ਕੀਤਾ ਕਿ ਗੁਰਇਕਬਾਲ ਦੀ ਨਿਯੁਕਤੀ ਨੂੰ ਕੈਪਟਨ ਅਮਰਿੰਦਰ ਸਿੰਘ ਨੇ ਖੁਦ ਹਰੀ ਝੰਡੀ ਦਿੱਤੀ ਹੈ। ਇਸ ਨਿਯੁਕਤੀ ਲਈ ਨਿਯਮਾਂ ਨੂੰ ਛਿੱਕੇ ਟੰਗਿਆ ਗਿਆ ਹੈ। ਪੰਜਾਬ ਵਿਚ ਡੀ.ਐਸ.ਪੀ. ਦੀ ਸਿੱਧੀ ਭਰਤੀ ਲਈ ਵੱਧ ਤੋਂ ਵੱਧ ਉਮਰ 28 ਸਾਲ ਹੈ, ਜਿਸ ਦੀ ਉਲੰਘਣਾ ਹੋਈ ਹੈ। ਉਸ ਨੇ ਕਿਹਾ ਕਿ ਇਸ ਨਿਯੁਕਤੀ 'ਤੇ ਵਿੱਤ ਵਿਭਾਗ ਨੇ ਵੀ ਇਤਰਾਜ਼ ਕੀਤਾ ਸੀ ਕਿ ਇਹ ਨਿਯੁਕਤੀ ਕਾਨੂੰਨੀ ਤੌਰ ਉਤੇ ਜਾਇਜ਼ ਨਹੀਂ ਹੋ ਸਕਦੀ।

## ਅੰਮ੍ਰਿਤਸਰ ਦੇ ਨੇੜੇ ਪਰਮਾਣੂ ਹਥਿਆਰਾਂ ਦਾ ਟਿਕਾਣਾ ਬਣਾ ਰਿਹੈ ਪਾਕਿਸਤਾਨ

**ਨਵੀਂ ਦਿੱਲੀ:** ਆਪਣੇ ਪਰਮਾਣੂ ਹਥਿਆਰਾਂ ਨੂੰ ਸੁਰੱਖਿਅਤ ਰੱਖਣ ਲਈ ਪਾਕਿਸਤਾਨ ਸੁਰੰਗਾਂ ਬਣਾ ਰਿਹਾ ਹੈ। ਰਿਪੋਰਟਾਂ ਅਨੁਸਾਰ ਇਹ ਸੁਰੰਗਾਂ ਦਿੱਲੀ ਤੋਂ 750 ਕਿਲੋਮੀਟਰ ਅਤੇ ਅੰਮ੍ਰਿਤਸਰ ਤੋਂ ਸਿਰਫ 350 ਕਿਲੋਮੀਟਰ ਦੂਰ ਸਥਿਤ ਹਨ। ਇਕ ਮੀਡੀਆ ਰਿਪੋਰਟ ਅਨੁਸਾਰ ਅੰਮ੍ਰਿਤਸਰ ਤੋਂ ਤਕਰੀਬਨ 350 ਕਿਲੋਮੀਟਰ ਦੂਰ ਪਾਕਿਸਤਾਨ ਦੇ ਮੀਆਂਵਾਲੀ ਜ਼ਿਲ੍ਹੇ 'ਚ ਇਨ੍ਹਾਂ ਸੁਰੰਗਾਂ ਦਾ ਨਿਰਮਾਣ ਕੀਤਾ ਜਾ ਰਿਹਾ ਹੈ। ਸੁਰੰਗਾਂ ਵਿਚ ਸੰਭਾਵਿਤ ਹਮਲੇ ਨੂੰ ਦੇਖਦੇ ਹੋਏ ਪਰਮਾਣੂ ਹਥਿਆਰ ਰੱਖੇ ਜਾਣਗੇ। ਰਿਪੋਰਟ ਅਨੁਸਾਰ ਇਨ੍ਹਾਂ ਸੁਰੰਗਾਂ ਦੀ ਲੰਬਾਈ ਅਤੇ ਚੌੜਾਈ 10 ਮੀਟਰ ਹੈ। ਸੁਰੰਗਾਂ ਚੌੜੀਆਂ ਸੜਕਾਂ ਨਾਲ ਜੁੜੀਆਂ ਹਨ ਅਤੇ ਇਨ੍ਹਾਂ 'ਚ ਆਉਣ ਤੇ ਜਾਣ ਦੇ ਵੱਖ-ਵੱਖ ਰਸਤੇ ਹਨ। ਹਰ ਸੁਰੰਗ ਵਿਚ 12 ਤੋਂ 24 ਪਰਮਾਣੂ ਹਥਿਆਰ ਰੱਖੇ ਜਾ ਸਕਦੇ ਹਨ। ਅਮਰੀਕਾ ਨੇ ਹਾਲ ਹੀ 'ਚ ਕਿਹਾ ਸੀ ਕਿ ਜੇਕਰ ਪਾਕਿਸਤਾਨ ਦੇ ਪਰਮਾਣੂ ਹਥਿਆਰ ਅਤਿਵਾਦੀ ਸੰਗਠਨਾਂ ਦੇ ਹੱਥ ਲੱਗ ਗਏ ਤਾਂ ਤਬਾਹੀ ਮੱਚ ਜਾਵੇਗੀ। 140 ਪਰਮਾਣੂ ਹਥਿਆਰ ਰੱਖਣ ਦਾ ਦਾਅਵਾ ਕਰਨ ਵਾਲਾ ਪਾਕਿਸਤਾਨ ਆਪਣੇ ਹਥਿਆਰਾਂ ਦਾ ਭੰਡਾਰ ਕਰਨ 'ਚ ਲੱਗਾ ਹੋਇਆ ਹੈ। ਹਾਲ ਹੀ 'ਚ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸ਼ਾਹਿਦ ਖੱਕਾਨ ਅੱਬਾਸੀ ਨੇ ਕਿਹਾ ਸੀ ਕਿ ਸਾਡੇ ਕੋਲ ਭਾਰਤੀ ਫੌਜ ਨਾਲ ਲੜਨ ਲਈ ਘੱਟ ਦੂਰੀ ਦੇ ਪਰਮਾਣੂ ਹਥਿਆਰ ਹਨ।

## ਸਰਕਾਰੀ ਥਰਮਲ ਬੰਦ ਕਰਨ ਖਿਲਾਫ 'ਆਪ' ਨੇ ਬੁਲੰਦ ਕੀਤੀ ਆਵਾਜ਼

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਸੁਖਪਾਲ ਸਿੰਘ ਖਹਿਰਾ ਨੇ ਸਰਕਾਰ ਵੱਲੋਂ ਬਠਿੰਡਾ, ਲਹਿਰਾ ਮੁਹੱਬਤ ਤੇ ਰੂਪਨਗਰ ਦੇ ਥਰਮਲ ਪਲਾਂਟ ਬੰਦ ਕਰਨ ਦੀ ਤਜਵੀਜ਼ ਦਾ ਵਿਰੋਧ ਕੀਤਾ ਹੈ।

ਉਨ੍ਹਾਂ ਕਿਹਾ ਕਿ ਭਾਰਤ ਸਰਕਾਰ ਨੇ ਬਠਿੰਡਾ ਥਰਮਲ ਪਲਾਂਟ ਦੀ ਮੁਰੰਮਤ ਅਤੇ ਨਵੀਨੀਕਰਨ 'ਤੇ 750 ਕਰੋੜ ਰੁਪਏ ਖਰਚੇ ਹਨ, ਜਿਸ ਨਾਲ 2025 ਤੱਕ ਬਿਜਲੀ ਪੈਦਾ ਕੀਤੀ ਜਾ ਸਕਦੀ ਹੈ, ਪਰ ਕੈਪਟਨ ਸਰਕਾਰ ਇਸ ਨੂੰ ਬੰਦ ਕਰਨ ਲਈ ਬਜ਼ਿੱਦ ਹੈ। ਉਨ੍ਹਾਂ ਕਿਹਾ ਕਿ ਸਰਕਾਰੀ ਥਰਮਲ ਪਲਾਂਟਾਂ ਦੇ ਬੰਦ ਹੋਣ ਨਾਲ ਹਜ਼ਾਰਾਂ ਕੱਚੇ ਤੇ ਪੱਕੇ ਕਾਮਿਆਂ ਹੱਥੋਂ ਰੁਜ਼ਗਾਰ ਖੁੱਸ ਜਾਵੇਗਾ। ਉਨ੍ਹਾਂ ਪੰਜਾਬ ਸਰਕਾਰ ਨੂੰ ਚਿਤਾਵਨੀ ਦਿੱਤੀ ਕਿ ਪਾਵਰਕੌਮ ਤੇ ਪ੍ਰਾਈਵੇਟ ਥਰਮਲ ਪਲਾਂਟ ਕੰਪਨੀਆਂ ਦਰਮਿਆਨ ਹੋਏ ਸਮਝੌਤੇ ਤਹਿਤ ਪੀ.ਪੀ.ਏ. ਦੀ ਸ਼ਰਤ ਕਾਰਨ ਪਾਵਰ ਟੈਰਿਫ ਬਹੁਤ ਤੇਜ਼ੀ ਨਾਲ ਵਧਣਗੇ, ਕਿਉਂਕਿ ਜੇਕਰ ਸੂਬਾ ਬਿਲਕੁਲ ਵੀ ਬਿਜਲੀ ਨਹੀਂ ਵਰਤਦਾ ਤਾਂ ਵੀ ਘੱਟੋ-ਘੱਟ ਰਕਮ ਦੇਣੀ ਪੈ ਰਹੀ ਹੈ।

## ਕਿਰਤ ਦਾ ਸੁਨੇਹਾ ਦੇਣ ਬਦਲੇ ਬੱਚਿਆਂ ਨੂੰ ਜਾਣਾ ਪਿਆ ਥਾਣੇ

**ਬਠਿੰਡਾ:** ਇਕ ਪਾਸੇ ਜਦੋਂ 'ਬਾਲ ਦਿਵਸ' ਸਮਾਗਮ ਕੀਤੇ ਜਾ ਰਹੇ ਸਨ, ਇਸ ਦੌਰਾਨ ਪੰਜ ਬੱਚੇ ਥਾਣਾ ਥਰਮਲ ਦੀ ਪੁਲਿਸ ਕੋਲ ਸਫਾਈ ਦੇ ਰਹੇ ਸਨ। ਇਨ੍ਹਾਂ ਬੱਚਿਆਂ ਦਾ ਇੰਨਾ ਕਸੂਰ ਹੀ ਸੀ ਕਿ ਉਨ੍ਹਾਂ ਨੇ 'ਰੱਬ ਜੀ ਥੱਲੇ ਆਓ' ਨਾਟਕ ਖੇਡ ਕੇ ਸੱਚੀ-ਸੁੱਚੀ ਕਿਰਤ ਕਰਨ ਦਾ ਸੁਨੇਹਾ ਦਿੱਤਾ ਸੀ। ਕੁਝ ਲੋਕਾਂ ਨੇ ਬੱਚਿਆਂ ਦੀ ਨਾਟਕ ਮੰਡਲੀ ਉਤੇ ਕੇਸ ਦਰਜ ਕਰਾ ਦਿੱਤਾ। ਕੇਸ ਦਰਜ ਕਰਾਉਣ ਵਾਲਿਆਂ ਨੇ ਇਲਜ਼ਾਮ ਲਾਇਆ ਕਿ ਇਨ੍ਹਾਂ ਬੱਚਿਆਂ ਵੱਲੋਂ ਖੇਡੇ ਨਾਟਕ ਨੇ ਉਨ੍ਹਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਸੱਟ ਮਾਰੀ ਹੈ।

ਥਾਣਾ ਥਰਮਲ ਦੀ ਪੁਲਿਸ ਦਾ ਤਫਤੀਸ਼ੀ ਅਫਸਰ ਇਨ੍ਹਾਂ ਬੱਚਿਆਂ ਤੋਂ ਪਾਤਰ 'ਰੱਬ' ਦੇ ਕੱਪੜੇ ਮੰਗ ਰਿਹਾ ਸੀ ਜਦੋਂ ਕਿ ਬੱਚਿਆਂ ਨੇ ਆਖਿਆ ਕਿ ਉਹ ਤਾਂ ਕਿਰਾਏ ਉਤੇ ਕੱਪੜੇ ਲੈ ਕੇ ਆਉਂਦੇ ਹਨ। ਤਫਤੀਸ਼ੀ ਅਫਸਰ ਨੇ ਵਾਰੋ-ਵਾਰੀ ਸਾਰੇ ਬੱਚਿਆਂ ਤੋਂ ਕੱਪੜੇ ਮੰਗੇ। ਕੁਝ ਪਾਤਰਾਂ ਦੇ ਪਾਏ ਕੱਪੜੇ ਬੱਚਿਆਂ ਨੇ ਪੁਲਿਸ ਦੇ ਹਵਾਲੇ ਵੀ ਕਰ ਦਿੱਤੇ। ਜ਼ਿਲ੍ਹਾ ਅਦਾਲਤ ਦੇ ਹੁਕਮਾਂ ਉਤੇ ਇਹ ਬੱਚੇ ਥਾਣਾ ਥਰਮਲ 'ਚ ਜਾਂਚ ਲਈ ਹਾਜ਼ਰ ਹੋਏ।



ਤਫਤੀਸ਼ੀ ਅਫਸਰ ਨੇ ਦਸ ਸਾਲ ਦੇ ਬੱਚੇ ਗੁਰਨੂਰ ਸਿੰਘ ਜਿਸ ਉਤੇ ਧਾਰਾ 295 ਤਹਿਤ ਕੇਸ ਦਰਜ ਕਰ ਦਿੱਤਾ ਸੀ, ਤੋਂ ਨਾਟਕ ਦੇ ਪਾਤਰਾਂ ਦੇ ਕੱਪੜਿਆਂ ਬਾਰੇ ਪੁੱਛਗਿੱਛ ਕੀਤੀ। ਗੁਰਨੂਰ ਸਿੰਘ ਨਾਟਕ ਮੰਡਲੀ ਦਾ ਬਾਲ ਕਲਾਕਾਰ ਹੈ। ਨਾਟਕ ਮੰਡਲੀ ਦੇ ਗੁਰਨੂਰ ਤੋਂ ਇਲਾਵਾ ਅਨਮੋਲਦੀਪ (16) ਪਿੰਡ ਡੋਡ, ਸਟਾਲਿਨਜੀਤ ਸਿੰਘ (17) ਵਾਸੀ ਡੋਡ, ਗੁਰਬਿੰਦਰ ਸਿੰਘ ਅਤੇ ਹਰਜੋਤ ਸਿੰਘ ਵਾਸੀ ਫਰੀਦਕੋਟ ਨੂੰ ਤਫਤੀਸ਼ 'ਚ ਸ਼ਾਮਲ ਹੋਏ। ਇਨ੍ਹਾਂ ਬੱਚਿਆਂ ਤੇ ਨਾਟਕ ਦੇ ਡਾਇਰੈਕਟਰ ਕੀਰਤੀ ਕਿਰਪਾਲ ਸਿੰਘ ਉਤੇ ਪੁਲਿਸ ਨੇ ਧਾਰਾ 295,34 ਤਹਿਤ ਲੰਘੀ 28 ਸਤੰਬਰ ਨੂੰ ਕੇਸ ਦਰਜ ਕਰ ਲਿਆ ਸੀ। ਇਸ ਟੀਮ ਵੱਲੋਂ 25 ਸਤੰਬਰ ਨੂੰ ਬਠਿੰਡਾ ਵਿਚ ਨਾਟਕ ਖੇਡਿਆ ਗਿਆ ਸੀ।

ਆਖਰੀ ਸੁਣਵਾਈ 16 ਨਵੰਬਰ ਨੂੰ ਹੋਣੀ ਹੈ। ਇਹ ਬੱਚੇ ਘਬਰਾਏ ਹੋਏ ਸਨ। ਉਨ੍ਹਾਂ ਦਾ ਕਹਿਣਾ ਸੀ ਕਿ ਪਹਿਲੀ ਦਫਾ ਹੈ ਕਿ ਉਨ੍ਹਾਂ ਵੱਲੋਂ 'ਬਾਲ ਦਿਵਸ' ਮੌਕੇ ਕੋਈ ਨਾਟਕ ਨਹੀਂ ਖੇਡਿਆ ਗਿਆ ਹੈ। ਬੱਚਿਆਂ ਦੇ ਕੇਸ ਦੀ ਪੈਰਵੀ ਕਰ ਰਹੇ ਐਡਵੋਕੇਟ ਐਨ.ਕੇ.ਜੀਤ ਦਾ ਕਹਿਣਾ ਸੀ ਕਿ ਜੁਵੇਨਾਇਲ ਜਸਟਿਸ ਐਕਟ ਅਨੁਸਾਰ ਜਿਨ੍ਹਾਂ ਕੇਸਾਂ 'ਚ ਸੱਤ ਸਾਲ ਤੋਂ ਘੱਟ ਦੀ ਸਜ਼ਾ ਹੈ, ਉਨ੍ਹਾਂ ਕੇਸਾਂ ਵਿਚ ਬੱਚਿਆਂ ਉਤੇ ਐਫ.ਆਈ.ਆਰ ਹੀ ਦਰਜ ਨਹੀਂ ਹੋ ਸਕਦੀ ਅਤੇ ਨਾ ਹੀ ਪੁਲਿਸ ਗ੍ਰਿਫਤਾਰ ਕਰ ਸਕਦੀ ਹੈ। ਉਨ੍ਹਾਂ ਦਾ ਕਹਿਣਾ ਸੀ ਕਿ ਪੁਲਿਸ ਨੇ ਕਿਸੇ ਐਕਟ ਦੀ ਕੋਈ ਪਰਵਾਹ ਨਹੀਂ ਕੀਤੀ ਹੈ।

# ਕਿਸਾਨਾਂ ਦੀ ਅੜੀ ਤੇ ਟ੍ਰਿਬਿਊਨਲ ਦੀ ਸਖਤੀ ਨੇ ਸੋਚੀਂ ਪਾਈ ਸਰਕਾਰ



**ਚੰਡੀਗੜ੍ਹ:** ਪਰਾਲੀ ਸਾੜਨ ਤੋਂ ਰੋਕਣ ਦਾ ਕੋਈ ਠੋਸ ਬਦਲ ਨਾ ਹੋਣ ਕਾਰਨ ਕੌਮੀ ਗ੍ਰੀਨ ਟ੍ਰਿਬਿਊਨਲ (ਐਨ.ਜੀ.ਟੀ.) ਵੱਲੋਂ ਸ਼ੁਰੂ ਕੀਤੇ ਗਏ ਤਰੀਕ ਦਰ ਤਰੀਕ ਦੇ ਸਿਲਸਿਲੇ ਨੇ ਕੈਪਟਨ ਸਰਕਾਰ ਨੂੰ ਸੁੱਕਣੇ ਪਾਇਆ ਹੋਇਆ ਹੈ। ਪੰਜਾਬ ਸਰਕਾਰ ਨੇ ਦਾਅਵਾ ਕੀਤਾ ਸੀ ਕਿ ਉਹ ਕਿਸਾਨਾਂ ਨੂੰ ਸਮਝਾਉਣ ਵਿਚ ਸਫਲ ਹੋਈ ਹੈ ਪਰ ਟ੍ਰਿਬਿਊਨਲ ਨੇ ਸਰਕਾਰ ਉਤੇ ਇਤਬਾਰ ਕਰਨ ਤੋਂ ਵੀ ਨਾ ਕਰ ਦਿੱਤੀ ਤੇ ਅਜਿਹੇ ਕਿਸਾਨਾਂ ਨੂੰ ਪੇਸ਼ ਕਰਨ ਦਾ ਹੁਕਮ ਦੇ ਦਿੱਤਾ। ਦਿੱਲੀ ਵਿਚ ਪੇਸ਼ੀ ਦੌਰਾਨ ਪਟਿਆਲਾ ਜ਼ਿਲ੍ਹੇ ਦੇ ਕੱਲਰ ਮਾਜਰੀ ਪਿੰਡ ਦੇ ਤਕਰੀਬਨ ਇਕ ਦਰਜਨ ਕਿਸਾਨਾਂ ਨੇ ਖੇਤੀ ਵਿਭਾਗ ਦੇ ਪੱਖ ਵਿਚ ਭੁਗਤ ਕੇ ਸਰਕਾਰ ਨੂੰ ਕੁਝ ਰਾਹਤ ਤਾਂ ਦਿੱਤੀ ਪਰ ਟ੍ਰਿਬਿਊਨਲ ਨੇ ਮੁੜ ਇਕ ਹੋਰ ਸੁਆਲ ਦਾ ਜਵਾਬ ਲੱਭ ਕੇ ਆਉਣ ਦਾ ਹੁਕਮ ਦੇ ਦਿੱਤਾ।

ਐਨ.ਜੀ.ਟੀ. ਨੇ ਵਿਭਾਗ ਨੂੰ ਕਿਹਾ ਹੈ ਕਿ ਉਹ ਬਾਇਓਮਾਸ ਪ੍ਰੋਜੈਕਟਾਂ ਅਤੇ ਹੁਣ ਤੱਕ ਦੀ ਮੌਜੂਦਾ ਮਸ਼ੀਨਰੀ ਨਾਲ ਪਰਾਲੀ ਸਾਂਭਣ ਦੇ ਪ੍ਰਬੰਧਾਂ ਦਾ ਅਨੁਮਾਨ ਲਗਾ ਕੇ ਇਸ ਦੀ ਜਾਣਕਾਰੀ ਜਾਵੇ। ਉਨ੍ਹਾਂ ਨੈਸ਼ਨਲ ਥਰਮਲ ਪਾਵਰ ਕਾਰਪੋਰੇਸ਼ਨ, ਕੇਂਦਰ ਸਰਕਾਰ ਅਤੇ ਕਈ ਹੋਰਾਂ ਨੂੰ ਵੀ ਨੋਟਿਸ ਜਾਰੀ ਕੀਤਾ। ਟ੍ਰਿਬਿਊਨਲ ਦੇ ਹੁਕਮਾਂ ਅਨੁਸਾਰ ਪੰਜਾਬ ਸਰਕਾਰ ਨੇ ਕੱਲਰ ਮਾਜਰੀ ਪਿੰਡ ਦੇ ਇਕ ਦਰਜਨ ਕਿਸਾਨਾਂ ਸਮੇਤ ਸੰਗਰੂਰ ਅਤੇ ਅੰਮ੍ਰਿਤਸਰ ਤੋਂ ਲਗਭਗ ਦੋ ਦਰਜਨ ਕਿਸਾਨਾਂ ਨੂੰ ਪੇਸ਼ ਕੀਤਾ। ਇਕ ਪੜ੍ਹੇ-ਲਿਖੇ ਨੌਜਵਾਨ ਕਿਸਾਨ ਨੇ ਜਦੋਂ ਅੰਗਰੇਜ਼ੀ ਵਿਚ ਗੱਲ ਸ਼ੁਰੂ ਕੀਤੀ ਤਾਂ ਜਸਟਿਸ ਸਵਤੰਤਰ ਕੁਮਾਰ ਨੂੰ ਉਸ ਉਤੇ ਕਿਸਾਨ ਨਾ ਹੋਣ ਦਾ ਸ਼ੱਕ ਪੈਦਾ ਹੋਇਆ ਅਤੇ ਠੇਠ ਪੰਜਾਬੀ ਵਿਚ ਗੱਲ ਕਰਨ ਵਾਲੇ ਕਿਸਾਨ ਤੋਂ ਉਨ੍ਹਾਂ ਜਾਣਕਾਰੀ ਹਾਸਲ ਕੀਤੀ।

ਉਨ੍ਹਾਂ ਕਿਹਾ ਕਿ ਹੁਣ ਤੱਕ ਵੱਢੇ ਗਏ ਝੋਨੇ ਦੀ ਪਰਾਲੀ ਬੇਲਰ ਨਾਲ ਕੱਟ ਕੇ ਸ਼ਾਮਲਾਟ ਜ਼ਮੀਨ ਵਿਚ ਲਗਾ ਦਿੱਤੀ ਹੈ। ਸੂਬੇ ਵਿਚ ਪੈਦਾ ਹੋਣ ਵਾਲੀ ਲਗਭਗ 2 ਸੌ ਲੱਖ ਟਨ ਪਰਾਲੀ ਨੂੰ ਕਿਥੇ ਰੱਖਿਆ ਜਾਵੇਗਾ ਅਤੇ ਬਾਇਓਮਾਸ ਪਲਾਂਟ ਕਿੰਨੀ ਕੁ ਪਰਾਲੀ ਦੀ ਖਪਤ ਕਰ ਸਕਣਗੇ, ਇਸ ਬਾਰੇ ਕਿਸੇ ਕੋਲ ਕੋਈ ਠੋਸ ਜਵਾਬ ਨਹੀਂ ਸੀ। ਕੱਲਰ ਮਾਜਰੀ ਪਿੰਡ ਦੇ ਕੁਝ ਕਿਸਾਨਾਂ ਨੇ ਵਿਭਾਗ ਵੱਲੋਂ ਪੂਰੀ ਮੱਦਦ ਕਰਨ ਦੀ ਗੱਲ ਕਰਨ ਤੋਂ ਬਾਅਦ ਯੂਨੀਅਨ ਆਗੂਆਂ ਨੂੰ ਕਿਸਾਨਾਂ ਦੇ ਹੋ ਰਹੇ ਵੱਧ ਖਰਚੇ ਦੀ ਭਰਪਾਈ ਦੀ ਦਲੀਲ ਕਮਜ਼ੋਰ ਪੈਂਦੀ ਦਿਖਾਈ ਦਿੱਤੀ।

### ਪੰਜਾਬ ਦੀ ਪਰਾਲੀ ਦਾ ਧੂੰਆਂ ਹੀ ਖਤਰਨਾਕ ਕਿਉਂ?

**ਪਟਿਆਲਾ:** ਕਿਸਾਨ ਜਥੇਬੰਦੀਆਂ ਨੇ ਇਹ ਮੁੱਦਾ ਉਠਾਉਣ ਦੀ ਵੀ ਕੋਸ਼ਿਸ਼ ਕੀਤੀ ਕਿ ਸਿਰਫ ਪੰਜਾਬ ਦੀ ਪਰਾਲੀ ਦਾ ਧੂੰਆਂ ਹੀ ਜ਼ਿਆਦਾ ਖਤਰਨਾਕ ਕਿਉਂ ਹੈ ਜਦਕਿ ਹਰਿਆਣਾ, ਰਾਜਸਥਾਨ ਅਤੇ ਯੂ.ਪੀ. ਵਿਚ ਉਸ ਤਰ੍ਹਾਂ ਦੀ ਸਰਗਰਮੀ ਦਿਖਾਈ ਨਹੀਂ ਦਿੰਦੀ।

### ਪੰਜਾਬ ਦੀ ਆਬੋ-ਹਵਾ ਹੋਈ ਪਲੀਤ

**ਪਟਿਆਲਾ:** ਪ੍ਰਦੂਸ਼ਣ ਦੀ ਰੋਕਥਾਮ ਲਈ ਯਤਨਾਂ ਬਾਰੇ ਭਾਵੇਂ ਐਤਕੀਂ ਵੱਡੀ ਚਰਚਾ ਛਿੜੀ ਹੋਈ ਹੈ ਪਰ ਪੰਜਾਬ ਵਿਚ ਵਾਤਾਵਰਣ ਵੱਡੇ ਪੱਧਰ ਉਤੇ ਪਲੀਤ ਹੋਣ ਲੱਗਿਆ ਹੈ। ਪੰਜਾਬ ਦਾ ਏਅਰ ਕੁਆਲਿਟੀ ਇੰਡੈਕਸ (ਹਵਾ ਦਾ ਮਿਆਰ) 285 ਦੇ ਅੰਕੜੇ ਨੂੰ ਛੂਹਣ ਤੋਂ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਚਿੰਤਤ ਹੈ। ਦੱਸਣਯੋਗ ਹੈ ਕਿ ਪੰਜਾਬ ਵਿਚ ਸਹੀ ਤੇ ਢੁਕਵੇਂ ਵਾਤਾਵਰਣ ਦਾ ਅੰਕੜਾ 100 ਏਅਰ ਕੁਆਲਿਟੀ ਇੰਡੈਕਸ ਤੱਕ ਵਾਜਬ ਮੰਨਿਆ ਜਾਂਦਾ ਹੈ। ਜੇਕਰ ਇਹ ਅੰਕੜਾ ਸੌ ਤੋਂ ਹੇਠਾਂ ਰਹੇ ਤਾਂ ਹਵਾ ਸਾਫ ਹੁੰਦੀ ਹੈ ਪਰ ਪੰਜਾਬ ਵਿਚ ਅਜਿਹੇ ਅੰਕੜੇ ਨੇ ਕੁਝ ਦਿਨਾਂ ਤੋਂ ਰਫਤਾਰ ਫੜੀ ਹੋਈ ਹੈ। ਲੰਘੀ 10 ਅਕਤੂਬਰ ਨੂੰ ਪੰਜਾਬ ਦਾ ਏਅਰ ਕੁਆਲਿਟੀ ਇੰਡੈਕਸ 285 ਦੇ ਅੰਕੜੇ ਨੂੰ ਛੂਹ ਗਿਆ। ਕਿਸਾਨਾਂ ਵੱਲੋਂ ਪਰਾਲੀ ਸਾੜਨ ਦੀ ਬੇਖੌਫ ਪ੍ਰਵਿਰਤੀ ਕਰਕੇ ਵੀ ਅਜਿਹੇ ਅੰਕੜੇ ਵਿਚ ਬੇਹਿਸਾਬਾ ਵਾਧਾ ਹੋਇਆ ਹੈ।

ਯੂਨੀਅਨ ਦੇ ਪ੍ਰਧਾਨ ਬਲਵੀਰ ਸਿੰਘ ਰਾਜੇਵਾਲ ਨੇ ਕਿਹਾ ਕਿ ਇਸ ਨਾਲ ਅਸਲ ਮੁੱਦਾ ਕਿਨਾਰੇ ਹੋ ਗਿਆ ਹੈ। ਹੁਣ ਤੱਕ ਇਹ ਮੁੱਖ ਮੁੱਦਾ ਸੀ ਕਿ ਸਰਕਾਰ ਪਰਾਲੀ ਦੀ ਸਾਂਭ ਸੰਭਾਲ ਲਈ ਕਿਸਾਨਾਂ ਦੇ ਹੋ ਰਹੇ ਵਾਧੂ ਖਰਚ ਦੀ ਭਰਪਾਈ ਕਿੰਨੀ ਅਤੇ ਕਿਸ ਤਰ੍ਹਾਂ ਕਰੇਗੀ। ਹੁਣ ਮੁੱਦਾ ਮੁੜ ਬਾਇਓਮਾਸ ਪਲਾਂਟ ਅਤੇ ਮਸ਼ੀਨਰੀ ਉਤੇ ਖੜ੍ਹ ਗਿਆ ਹੈ।

# ਨਾਬਾਲਗ ਪਤਨੀ ਨਾਲ ਸਰੀਰਕ ਸਬੰਧ ਬਲਾਤਕਾਰ ਕਰਾਰ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਇਕ ਇਤਿਹਾਸਕ ਫੈਸਲੇ ਵਿਚ 15 ਤੋਂ 18 ਸਾਲ ਦੀ ਨਾਬਾਲਗ ਪਤਨੀ ਨਾਲ ਵੀ ਸਰੀਰਕ ਸਬੰਧ ਬਣਾਏ ਜਾਣ ਨੂੰ ਜੁਰਮ ਕਰਾਰ ਦੇ ਦਿੱਤਾ ਹੈ। ਸਿਖਰਲੀ ਅਦਾਲਤ ਨੇ ਕਿਹਾ ਕਿ ਸਬੰਧਤ ਕਾਨੂੰਨ ਵਿਚ ਇਸ ਉਮਰ ਦੀ ਪਤਨੀ ਨਾਲ ਸਰੀਰਕ ਸਬੰਧਾਂ ਦੀ ਦਿੱਤੀ ਗਈ ਛੋਟ ਆਪਹੁਦਰੀ ਅਤੇ ਸੰਵਿਧਾਨ ਦਾ ਉਲੰਘਣ ਹੈ। ਗੌਰਤਲਬ ਹੈ ਕਿ ਆਈ.ਪੀ.ਸੀ. ਦੀ ਦਫਾ 375, ਜਿਸ ਵਿਚ ਬਲਾਤਕਾਰ ਦੀ ਪਰਿਭਾਸ਼ਾ ਦਿੱਤੀ ਗਈ ਹੈ, ਵਿਚ ਅਪਵਾਦ ਵਜੋਂ ਸ਼ਾਮਲ ਧਾਰਾ ਵਿਚ ਇਹ ਗੱਲ ਕਹੀ ਗਈ ਹੈ।

ਇਸ ਮੁਤਾਬਕ ਆਪਣੀ ਵਿਆਹੁਤਾ ਪਤਨੀ, ਜੋ 15 ਸਾਲ ਤੋਂ ਘੱਟ ਨਾ ਹੋਵੇ, ਨਾਲ ਸਰੀਰਕ ਸਬੰਧ ਬਲਾਤਕਾਰ ਨਹੀਂ ਹੈ। ਸੁਪਰੀਮ ਕੋਰਟ ਨੇ ਸਾਫ ਕੀਤਾ ਕਿ ਬਲਾਤਕਾਰ ਰੋਕੂ ਕਾਨੂੰਨ ਵਿਚ ਇਹ ਅਪਵਾਦ ਕਾਨੂੰਨ ਦੀ ਸੋਚ ਦੀ ਖ਼ਿਲਾਫ਼ਵਰਜ਼ੀ ਹੈ ਅਤੇ ਇਹ ਇਕ ਬੱਚੀ ਦੀ ਸਰੀਰਕ ਪਵਿੱਤਰਤਾ ਦਾ ਉਲੰਘਣ ਕਰਦੀ ਹੈ।

# ਵਜ਼ੀਰੀਆਂ ਦੀ ਝਾਕ ਵਾਲਿਆਂ ਦੀ ਉਡੀਕ ਹੋਈ ਲੰਮੇਰੀ

**ਜਲੰਧਰ:** ਵਜ਼ੀਰੀਆਂ ਹਾਸਲ ਕਰਨ ਲਈ ਉਤਾਵਲੇ ਵਿਧਾਇਕਾਂ ਲਈ ਗੁਰਦਾਸਪੁਰ ਚੋਣਾਂ ਵੱਡੇ ਫਰਕ ਨਾਲ ਜਿੱਤ ਲੈਣ ਦੇ ਬਾਵਜੂਦ ਨਿਰਾਸ਼ ਕਰਨ ਵਾਲੀ ਖਬਰ ਇਹ ਹੈ ਕਿ 7 ਮਹੀਨੇ ਤੋਂ ਲਟਕਦਾ ਆ ਰਿਹਾ ਵਜ਼ਾਰਤ ਵਿਚ ਵਾਧਾ ਹੁਣ ਫਿਰ ਅਗਲੇ ਸਾਲ ਹੀ ਹੋਣ ਦੇ ਆਸਾਰ ਬਣ ਗਏ ਹਨ। ਵਜ਼ਾਰਤ ਦੇ ਗਠਨ ਤੋਂ ਬਾਅਦ ਵਜ਼ਾਰਤ ਵਿਚ ਵਾਧਾ ਬਜਟ ਸੈਸ਼ਨ ਤੋਂ ਬਾਅਦ ਜੂਨ ਮਹੀਨੇ ਕਰਨ ਲਈ ਕਿਹਾ ਗਿਆ ਸੀ, ਉਦੋਂ ਤੋਂ ਹੀ ਵਜ਼ਾਰਤੀ ਵਾਧੇ ਦਾ ਮਾਮਲਾ ਲਟਕਦਾ ਆ ਰਿਹਾ ਹੈ।

ਲੋਕ ਸਭਾ ਉਪ ਚੋਣਾਂ ਪਿਛੋਂ ਮੁੜ ਵਜ਼ਾਰਤੀ ਵਾਧਾ ਹੋਣ ਦੇ ਆਸਾਰ ਨਜ਼ਰ ਨਹੀਂ ਆ ਰਹੇ। ਕਾਂਗਰਸ ਨੇੜਲੇ ਸੂਤਰਾਂ ਦਾ ਕਹਿਣਾ ਹੈ ਕਿ 9 ਨਵੰਬਰ ਨੂੰ ਹਿਮਾਚਲ ਪ੍ਰਦੇਸ਼ ਵਿਧਾਨ ਸਭਾ ਦੀਆਂ ਚੋਣਾਂ ਹੋਣ ਜਾ ਰਹੀਆਂ ਹਨ ਤੇ ਕਾਂਗਰਸ ਦੇ ਬਹੁਤ ਸਾਰੇ ਆਗੂ ਤੇ ਵਿਧਾਇਕ ਇਨ੍ਹਾਂ ਚੋਣਾਂ ਵਿਚ ਕਾਂਗਰਸ ਦੀ ਮਦਦ ਲਈ ਜਾਣਗੇ। ਇਸ ਤੋਂ ਵੀ ਅਹਿਮ ਗੱਲ ਇਹ ਕਿ ਕਾਂਗਰਸ ਦੀ ਕੇਂਦਰੀ ਲੀਡਰਸ਼ਿਪ ਦਾ ਸਾਰਾ ਧਿਆਨ ਇਸ ਵੇਲੇ ਰਾਹੁਲ ਗਾਂਧੀ ਨੂੰ ਪਾਰਟੀ ਦਾ ਪ੍ਰਧਾਨ ਥਾਪੇ ਜਾਣ ਦੁਆਲੇ ਕੇਂਦਰਤ ਹੈ ਤੇ ਵੱਖ-ਵੱਖ ਸੂਬਾਈ ਕਮੇਟੀਆਂ ਉਨ੍ਹਾਂ ਦੇ ਹੱਕ ਮਤੇ ਵੀ ਪਾ ਕੇ ਭੇਜ ਰਹੀਆਂ ਹਨ।

ਇਸ ਦੇ ਨਾਲ ਹੀ ਪੰਜਾਬ ਦੀਆਂ ਚਾਰ ਅਹਿਮ ਤੇ ਵੱਡੀਆਂ ਨਗਰ ਨਿਗਮ ਦੀਆਂ ਚੋਣਾਂ ਵੀ ਸਮੇਂ ਸਿਰ ਨਹੀਂ ਕਰਵਾਈਆਂ ਜਾ ਸਕੀਆਂ। ਇਹ ਚੋਣਾਂ ਜੁਲਾਈ ਮਹੀਨੇ ਦੇ ਆਸ-ਪਾਸ ਹੋਈਆਂ ਸਨ, ਪਰ ਚਾਰੇ ਸ਼ਹਿਰਾਂ ਵਿਚ ਨਵੀਂ ਵਾਰਡਬੰਦੀ ਦਾ ਕੰਮ ਅਰੰਭ ਲੈਣ ਕਾਰਨ ਇਹ ਚੋਣਾ ਪਛੜ ਗਈਆਂ ਸਨ। ਪੰਜਾਬ ਸਰਕਾਰ ਲਈ ਰਾਜ ਦੇ ਚਾਰ ਵੱਡੇ ਸ਼ਹਿਰਾਂ ਜਲੰਧਰ, ਅੰਮ੍ਰਿਤਸਰ, ਲੁਧਿਆਣਾ ਤੇ ਪਟਿਆਲਾ ਦੀ ਇਹ ਚੋਣ ਰਾਜਸੀ ਤੌਰ ਉਤੇ ਬੜੀ ਵੱਡੀ ਅਹਿਮੀਅਤ ਰੱਖਦੀ ਹੈ, ਪਰ ਹਾਲੇ ਤੱਕ ਕਿਸੇ ਵੀ ਸ਼ਹਿਰ ਦੀ ਵਾਰਡਬੰਦੀ ਹੀ ਮੁਕੰਮਲ ਨਹੀਂ ਹੋਈ। ਇਸ ਕਰ ਕੇ ਇਸ ਵਰ੍ਹੇ ਵਿਚ ਇਹ ਚੋਣਾਂ ਹੋਣ ਦੀ ਸੰਭਾਵਨਾ ਨਜ਼ਰ ਨਹੀਂ ਆ ਰਹੀ। 7 ਦੇ ਮਹੀਨੇ ਕਰੀਬ ਕਾਂਗਰਸ ਦੇ ਰਾਜ ਦੌਰਾਨ ਇਸ ਸ਼ਹਿਰਾਂ ਦੇ ਵਿਕਾਸ ਕਾਰਜ ਲਗਭਗ ਠੱਪ ਹੀ ਰਹਿਣ ਕਾਰਨ ਵੀ ਕਾਂਗਰਸ ਆਗੂ ਚਿੰਤਤ ਹਨ। ਸਰਕਾਰ ਨੇ ਚੋਣਾ ਨਿਗਮਾਂ 'ਚ ਪੈਂਦੇ ਵਿਧਾਇਕਾਂ ਦੇ ਖੇਤਰਾਂ ਲਈ ਵਿਕਾਸ ਕਾਰਜਾਂ ਲਈ ਫੰਡ ਜਾਰੀ ਕੀਤੇ ਹਨ।

ਇਸ ਸਮੇਂ ਚਾਰਾਂ ਨਿਗਮਾਂ ਵਿਚ ਨਗਰ ਨਿਗਮਾਂ ਦੀ ਮਿਆਦ ਪੁੱਗ ਜਾਣ ਕਾਰਨ ਪ੍ਰਸ਼ਾਸਕ ਲੱਗੇ ਹੋਏ ਹਨ। ਕਾਂਗਰਸ ਵਿਧਾਇਕ ਇਨ੍ਹਾਂ ਸ਼ਹਿਰਾਂ ਦੇ ਮਨਮਰਜ਼ੀ ਨਾਲ ਕੰਮ ਕਰਵਾਉਣ ਲਈ ਅਧਿਕਾਰੀਆਂ 'ਤੇ ਦਬਾਅ ਪਾ ਰਹੇ ਹਨ। ਨਿਗਮ ਅਧਿਕਾਰੀਆਂ ਨੂੰ ਪਿਛਲੀ ਸਰਕਾਰ ਸਮੇਂ ਚੋਣਾਂ ਤੋਂ ਕੁਝ ਸਮਾਂ ਪਹਿਲਾਂ ਗਲ ਗੂਠਾ ਦੇ ਕੇ ਕਰਵਾਏ ਵਿਕਾਸ ਕਾਰਜਾਂ ਮੌਕੇ ਪਾਈਆਂ ਗਈਆਂ ਬੇਨਿਯਮੀਆਂ ਲਈ ਚਾਰਾਂ ਨਿਗਮਾਂ ਦੇ ਸੁਪਰਡੈਂਟ ਇੰਜੀਨੀਅਰਾਂ ਨੂੰ ਜ਼ਿੰਮੇਵਾਰ ਠਹਿਰਾ ਨੇ ਮੁਅੱਤਲ ਕਰਨ ਦਾ ਮਾਮਲਾ ਅਜੇ ਭੁੱਲਿਆ ਨਹੀਂ।

## ਬੀਬੀ ਬਲਰਾਜ ਕੌਰ ਸੁਰਗਵਾਸ

**ਸੈਕਰਾਮੈਂਟੋ (ਬਿਊਰੋ):** ਨਾਮੀ ਪਤਵੰਤੇ ਰਾਣਾ ਕਾਹਲੋਂ ਦੇ ਵੱਡੇ ਭਰਾ ਦਰਸ਼ਨ ਸਿੰਘ ਕਾਹਲੋਂ ਦੀ ਸੁਪਤਨੀ ਬੀਬੀ ਬਲਰਾਜ ਕੌਰ ਲੰਘੀ 15 ਅਕਤੂਬਰ ਨੂੰ ਸਵਰਗ ਸਧਾਰ ਗਏ। ਉਹ ਆਪਣੇ ਪਿੱਛੇ ਇਕ ਸਪੁੱਤਰ ਰੂਪਇੰਦਰ ਸਿੰਘ, ਦੋ ਧੀਆਂ ਸਨੀ ਕੌਰ (ਜਵਾਈ ਦਲਵਿੰਦਰ ਸਿੰਘ ਪੱਡਾ) ਤੇ ਸਿਮਰਨ ਕੌਰ (ਜਵਾਈ ਰਣਵੀਰ ਸਿੰਘ ਸੰਧੂ) ਅਤੇ ਇਕ ਪੋਤੇ ਤੇ ਪੋਤੀਆਂ ਦਾ ਭਰਿਆ ਪਰਿਵਾਰ ਛੱਡ ਗਏ ਹਨ।



ਬੀਬੀ ਬਲਰਾਜ ਕੌਰ ਦਾ ਸਸਕਾਰ 21 ਅਕਤੂਬਰ ਨੂੰ ਨਾਰਥ ਸੈਕਰਾਮੈਂਟੋ ਫਿਊਨਰਲ ਹੋਮ (725 ਐਲ ਕਮੀਨੋ ਐਵੇਨਿਊ) ਵਿਖੇ ਸਵੇਰੇ 10 ਵਜੇ ਹੋਵੇਗਾ। ਉਪਰੰਤ ਅੰਤਿਮ ਅਰਦਾਸ ਗੁਰਦੁਆਰਾ ਦਸਮੇਸ਼ ਦਰਬਾਰ (7733 ਐਲਕ ਗਰੂਵ, ਫਲੋਰਿਨ ਰੋਡ, ਸੈਕਰਾਮੈਂਟੋ) ਵਿਖੇ ਹੋਵੇਗੀ। ਕਾਹਲੋਂ ਪਰਿਵਾਰ ਨਾਲ ਸੰਪਰਕ ਫੋਨ: 510-378-8560, 916-420-0642 ਜਾਂ ਸੰਧੂ ਪਰਿਵਾਰ ਨਾਲ ਸੰਪਰਕ ਫੋਨ: 916-370-1554 ਤੇ 408-313-9670 ਰਾਹੀਂ ਕੀਤਾ ਜਾ ਸਕਦਾ ਹੈ।


WEBSITE - DHOLRADIO.CO
DHOL RADIO
ਪਿੰਡ ਤੋਂ ਚੱਲਣ ਵਾਲਾ ਦੁਨੀਆਂ ਦਾ ਪਹਿਲਾ ਪੰਜਾਬੀ ਰੇਡੀਓ
REQUEST SONG
MUSIC 24/7
LISTEN ON PHONE
ਹੁਣ ਸ਼ਿਕਾਗੋ ਤੋਂ
Application For Android and iPhone - Dhol Radio
LIVE CALLS → USA 951-824-6365
skype - DHOLRADIO.ORG
LISTEN BY CALL → USA 702-489-0211
Sukhpal Gill 10 pm to 12 am (IST)
Puran singh waraich 2:30 pm to 4 pm (IST)



ਨੈਸ਼ਨਲ ਟਰੱਕ ਡਰਾਈਵਿੰਗ ਸਕੂਲ
National Truck Driving School
1816 Main Ave., Secramento CA, 95838
ਸੈਕਰਾਮੈਂਟੋ, ਕੈਲੀਫੋਰਨੀਆ
*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ
ਨੈਸ਼ਨਲ ਟਰਾਂਸਪੋਰਟ ਕੰਪਨੀ ਲਈ ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 42 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ

ਕੰਪਨੀ ਦੇ ਟਰੱਕ ਤੇ ਟਰੇਲਰ ਲੀਜ਼ 'ਤੇ ਲੈ ਸਕਦੇ ਹੋ
Call For Special Price
Kashmir S. Thandi
Office: (866) 933-3038
Balhar S. Ranu Cell:916-502-7733

ਪੰਜਾਬ ਟਾਈਮਜ਼

*ਸਨਿਚਰਵਾਰ, 21 ਅਕਤੂਬਰ 2017*

## ਗੁਰਦਾਸਪੁਰ ਚੋਣ ਦੇ ਸਿਆਸੀ ਮਾਇਨੇ

ਲੋਕ ਸਭਾ ਹਲਕਾ ਗੁਰਦਾਸਪੁਰ ਦੀ ਉਪ ਚੋਣ, ਜਿਸ ਵਿਚ ਕਾਂਗਰਸ ਨੇ ਵੱਡੀ ਜਿੱਤ ਹਾਸਲ ਕੀਤੀ ਹੈ, ਦਾ ਅਰਥ ਵੱਖ ਵੱਖ ਧਿਰਾਂ ਵੱਖ ਵੱਖ ਢੰਗ ਨਾਲ ਕੱਢ ਰਹੀਆਂ ਹਨ। ਇਹ ਠੀਕ ਹੈ ਕਿ ਇੰਨੀ ਵੱਡੀ ਜਿੱਤ ਦੀ ਆਸ ਖੁਦ ਕਾਂਗਰਸੀ ਆਗੂਆਂ ਨੂੰ ਵੀ ਨਹੀਂ ਸੀ। ਜਿੱਤ ਦਾ ਫਰਕ 2 ਲੱਖ ਵੋਟਾਂ ਨੂੰ ਜਾ ਢੁੱਕਿਆ ਹੈ। ਇਨ੍ਹਾਂ ਆਗੂਆਂ ਨੂੰ ਜਿੱਤ ਦੀ ਆਸ ਤਾਂ ਸੀ, ਕਿਉਂਕਿ ਦੂਜੀਆਂ ਦੋ ਮੁੱਖ ਧਿਰਾਂ- ਸ਼੍ਰੋਮਣੀ ਅਕਾਲੀ ਦਲ-ਭਾਜਪਾ ਗਠਜੋੜ ਤੇ ਆਮ ਆਦਮੀ ਪਾਰਟੀ ਦੀ ਚੋਣ ਮੁਹਿੰਮ ਅਰੰਭ ਤੋਂ ਹੀ ਪੈਰੋਂ ਉਖੜੀ ਹੋਈ ਸੀ ਅਤੇ ਇਸ ਦਾ ਸਾਰਾ ਲਾਹਾ ਸੂਬੇ ਵਿਚ ਸੱਤਾਧਾਰੀ ਕਾਂਗਰਸ ਨੂੰ ਹੀ ਮਿਲਿਆ। ਕਾਂਗਰਸੀ ਆਗੂਆਂ ਨੇ ਇਸ ਜਿੱਤ ਨੂੰ ਮੋਦੀ ਦੀਆਂ ਨੀਤੀਆਂ ਖਿਲਾਫ ਫਤਵਾ ਕਰਾਰ ਦਿੰਦਿਆਂ ਦਾਅਵਾ ਕੀਤਾ ਹੈ ਕਿ ਇਹ ਮੁਲਕ ਵਿਚ ਕਾਂਗਰਸ ਦੇ ਪੈਰ ਮੁੜ ਲੱਗਣ ਦੀ ਸ਼ੁਰੂਆਤ ਹੈ। ਕਾਂਗਰਸੀ ਆਗੂਆਂ ਦਾ ਇਹ ਦਾਅਵਾ ਬਹੁਤ ਵਧਾ-ਚੜ੍ਹਾ ਕੇ ਕੀਤਾ ਗਿਆ ਹੈ। ਹਾਲ ਹੀ ਵਿਚ ਜਿੰਨੀਆਂ ਕੁ ਚੋਣਾਂ, ਖਾਸ ਕਰ ਕੇ ਮੁਲਕ ਦੇ ਵੱਖ ਵੱਖ ਹਿੱਸਿਆਂ ਵਿਚ ਹੋਈਆਂ ਵਿਦਿਆਰਥੀ ਚੋਣਾਂ, ਵਿਚ ਨੌਜਵਾਨ ਵਰਗ ਨੇ ਆਰ.ਐਸ.ਐਸ. ਦੀ ਵਿਦਿਆਰਥੀ ਜਥੇਬੰਦੀ- ਅਖਿਲ ਭਾਰਤੀ ਵਿਦਿਆਰਥੀ ਪ੍ਰੀਸ਼ਦ (ਏ.ਬੀ.ਵੀ.ਪੀ.) ਨੂੰ ਮੂੰਹ ਨਹੀਂ ਲਾਇਆ ਹੈ ਅਤੇ ਨੋਟਬੰਦੀ ਤੇ ਜੀ.ਐਸ.ਟੀ. ਵਰਗੇ ਮੁੱਦਿਆਂ 'ਤੇ ਮੋਦੀ ਸਰਕਾਰ ਦੀ ਬਹੁਤ ਤੋਏ ਤੋਏ ਹੋਈ ਹੈ, ਇਸ ਦੇ ਬਾਵਜੂਦ ਗੁਰਦਾਸਪੁਰ ਵਾਲੀ ਚੋਣ ਨੂੰ ਇਉਂ ਮੋਦੀ ਸਰਕਾਰ ਖਿਲਾਫ ਫਤਵਾ ਨਹੀਂ ਕਿਹਾ ਜਾ ਸਕਦਾ। ਪੰਜਾਬ ਵਿਚ ਮੋਦੀ ਦਾ ਜਾਦੂ ਤਾਂ ਉਸ ਵਕਤ ਵੀ ਬੇਅਸਰ ਹੀ ਰਿਹਾ ਸੀ ਜਦੋਂ 2014 ਵਾਲੀਆਂ ਲੋਕ ਸਭਾ ਚੋਣਾਂ ਵਿਚ ਸਮੁੱਚੇ ਮੁਲਕ ਵਿਚ ਉਸ ਤੇ ਉਸ ਦੀ ਪਾਰਟੀ ਦਾ ਡੰਕਾ ਵੱਜ ਗਿਆ ਸੀ। ਉਸ ਵਕਤ ਅਰੁਣ ਜੇਤਲੀ ਵਰਗਾ ਵੱਡੇ ਕੱਦ-ਕਾਠ ਵਾਲਾ ਭਾਜਪਾਈ ਲੀਡਰ ਵੀ ਅੰਮ੍ਰਿਤਸਰ ਤੋਂ ਚੋਣ ਹਾਰ ਗਿਆ ਸੀ। ਬਾਦਲਾਂ ਵੱਲੋਂ ਵੱਡੇ ਵੱਡੇ ਵਾਅਦਿਆਂ ਤੇ ਦਾਅਵਿਆਂ ਦੇ ਬਾਵਜੂਦ ਪੰਜਾਬ ਦੇ ਲੋਕਾਂ ਨੇ ਮੋਦੀ ਨੂੰ ਅਸਲ ਥਾਂ ਦਿਖਾ ਦਿੱਤੀ ਸੀ, ਹਾਲਾਂਕਿ ਮੋਦੀ ਨੇ ਆਪਣੀ ਉਸ ਚੋਣ ਮੁਹਿੰਮ ਦਾ ਆਗਾਜ਼ ਪੰਜਾਬ ਤੋਂ ਹੀ ਕੀਤਾ ਸੀ, ਉਹ ਵੀ ਗੁਰਦਾਸਪੁਰ ਹਲਕੇ ਤੋਂ ਹੀ। ਜ਼ਾਹਰ ਹੈ ਕਿ ਕਾਂਗਰਸ ਦੀ ਇਸ ਵੱਡੀ ਜਿੱਤ ਵਿਚ ਸ਼੍ਰੋਮਣੀ ਅਕਾਲੀ ਦਲ-ਭਾਜਪਾ ਗਠਜੋੜ ਤੇ ਆਮ ਆਦਮੀ ਪਾਰਟੀ ਦੀ ਨਾ-ਅਹਿਲੀਅਤ ਸ਼ਾਮਲ ਹੈ।

ਖੈਰ, ਸਿਆਸਤ ਅੰਦਰ ਅਜਿਹੀਆਂ ਉਪਰਲੀਆਂ-ਹੇਠਲੀਆਂ ਹੁੰਦੀਆਂ ਹੀ ਰਹਿੰਦੀਆਂ ਹਨ। ਉਂਜ, ਸਭ ਤੋਂ ਉਪਰਲੀ ਹੇਠ, ਆਮ ਆਦਮੀ ਪਾਰਟੀ ਨਾਲ ਹੋਈ ਹੈ। ਲੋਕ ਸਭਾ ਚੋਣਾਂ ਜਿਸ ਵਿਚ ਇਸ ਪਾਰਟੀ ਨੂੰ 13 ਵਿਚੋਂ 4 ਸੀਟਾਂ ਮਿਲੀਆਂ ਸਨ ਤੇ ਬਾਕੀ ਕੁਝ ਸੀਟਾਂ ਉਤੇ ਵੀ ਇਸ ਦੀ ਕਾਰਗੁਜ਼ਾਰੀ ਖੂਬ ਰਹੀ ਸੀ, ਤੋਂ ਬਾਅਦ ਤਕਰੀਬਨ ਸਾਰਾ ਪੰਜਾਬ ਇਸ ਪਾਰਟੀ ਦੇ ਪਿੱਛੇ ਲੱਗਣ ਨੂੰ ਤਿਆਰ ਸੀ, ਪਰ ਪਾਰਟੀ ਦੇ ਫੈਸਲਿਆਂ ਨਾਲ ਇਕ ਇਕ ਕਰ ਕੇ ਲੋਕ ਇਸ ਤੋਂ ਦੂਰ ਹੁੰਦੇ ਗਏ। ਪਾਰਟੀ ਦੇ ਕੇਂਦਰੀ ਆਗੂਆਂ ਵੱਲੋਂ ਪੰਜਾਬ ਇਕਾਈ ਨੂੰ ਦਿੱਲੀ ਤੋਂ ਹੀ ਚਲਾਉਣ ਦਾ ਫੈਸਲਾ ਬਹੁਤ ਮਹਿੰਗਾ ਪਿਆ। ਸਭ ਤੋਂ ਵੱਡਾ ਨੁਕਸਾਨ ਇਹ ਹੋਇਆ ਕਿ ਪੰਜਾਬ ਅੰਦਰ ਇਸ ਪਾਰਟੀ ਦੀ ਨਵੀਂ ਲੀਡਰਸ਼ਿਪ ਉਭਰ ਨਹੀਂ ਸਕੀ ਅਤੇ ਜਿਹੜੇ ਲੀਡਰ ਸਾਹਮਣੇ ਆਏ ਵੀ, ਉਨ੍ਹਾਂ ਨੂੰ ਕਿਸੇ ਨਾ ਕਿਸੇ ਬਹਾਨੇ ਲਾਂਭੇ ਕਰ ਦਿੱਤਾ ਗਿਆ। ਅਜਿਹੇ ਫੈਸਲਿਆਂ ਦਾ ਹੀ ਨਤੀਜਾ ਸੀ ਕਿ ਪੰਜਾਬ ਵਿਚ ਸਰਕਾਰ ਬਣਾਉਣ ਦਾ ਦਾਅਵਾ ਕਰਨ ਵਾਲੀ ਇਹ ਪਾਰਟੀ ਵਿਧਾਨ ਸਭਾ ਚੋਣਾਂ ਮੌਕੇ ਸੀਟਾਂ ਹਾਸਲ ਕਰਨ ਦੇ ਮਾਮਲੇ ਵਿਚ ਬਹੁਤ ਪਛੜ ਗਈ ਅਤੇ ਹੁਣ ਗੁਰਦਾਸਪੁਰ ਉਪ ਚੋਣ ਵਿਚ ਜੋ ਹਾਲ ਹੋਇਆ ਹੈ, ਉਸ ਤੋਂ ਜਾਪਦਾ ਨਹੀਂ ਕਿ ਪਾਰਟੀ ਪਹਿਲਾਂ ਹੋਏ ਵੱਡੇ ਨੁਕਸਾਨ ਦੀ ਛੇਤੀ ਕਿਤੇ ਭਰਪਾਈ ਕਰ ਸਕੇਗੀ। ਅਕਾਲੀ ਦਲ-ਭਾਜਪਾ ਗਠਜੋੜ ਨੇ ਇਸ ਚੋਣ ਨੂੰ ਕੈਪਟਨ ਅਮਰਿੰਦਰ ਸਰਕਾਰ ਦੀ ਛੇ ਮਹੀਨੇ ਦੀ ਕਾਰਗੁਜ਼ਾਰੀ ਨਾਲ ਜੋੜ ਕੇ ਆਪਣਾ ਪ੍ਰਚਾਰ ਵਿੱਢਿਆ ਸੀ, ਪਰ ਅਕਾਲੀ ਆਗੂ ਸੁੱਚਾ ਸਿੰਘ ਲੰਗਾਹ ਅਤੇ ਭਾਜਪਾ ਉਮੀਦਵਾਰ ਸਵਰਨ ਸਲਾਰੀਆਂ ਦੇ 'ਕਾਲੇ' ਕਾਰਨਾਮੇ ਉਜਾਗਰ ਹੋਣ ਨਾਲ ਇਸ ਪ੍ਰਚਾਰ ਦਾ ਕੋਈ ਤੁੱਕ ਬਣ ਹੀ ਨਾ ਸਕਿਆ। ਹੁਣ ਤਾਂ ਜਿਸ ਪ੍ਰਕਾਰ ਦੀਆਂ ਰਿਪੋਰਟਾਂ ਆ ਰਹੀਆਂ ਹਨ, ਉਨ੍ਹਾਂ ਅਨੁਸਾਰ ਤਾਂ ਇਸ ਗਠਜੋੜ ਦੇ ਭਵਿਖ ਉਤੇ ਇਕ ਵਾਰ ਫਿਰ ਸਵਾਲੀਆ ਨਿਸ਼ਾਨ ਲੱਗ ਗਿਆ ਹੈ। ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਭਾਜਪਾ ਦੀ ਪੰਜਾਬ ਇਕਾਈ ਦਾ ਇਕ ਧੜਾ ਸ਼੍ਰੋਮਣੀ ਅਕਾਲੀ ਦਲ ਨਾਲੋਂ ਗਠਜੋੜ ਤੋੜਨ ਲਈ ਕਾਹਲਾ ਪਿਆ ਹੋਇਆ ਸੀ। ਉਦੋਂ ਮੋਦੀ ਲਹਿਰ ਦੀ ਆਸ ਉਤੇ ਸਵਾਰ ਇਹ ਧੜਾ ਗੁਰਦਾਸਪੁਰ ਉਪ ਚੋਣ ਨਤੀਜਿਆਂ ਤੋਂ ਬਾਅਦ ਇਕ ਵਾਰ ਸਰਗਰਮ ਹੋ ਗਿਆ ਹੈ। ਇਸ ਧੜੇ ਦੀ ਪਹਿਲਾਂ ਵਾਲੀ ਇਕ ਹੀ ਦਲੀਲ ਹੈ ਕਿ ਅਕਾਲੀ ਦਲ ਦੇ ਪ੍ਰਛਾਵੇਂ ਹੇਠ ਪਾਰਟੀ ਦੇ ਪੰਜਾਬ ਵਿਚ ਪੈਰ ਨਹੀਂ ਲੱਗ ਸਕਦੇ। ਆਮ ਆਦਮੀ ਪਾਰਟੀ ਨੇ ਭਾਵੇਂ ਇਕ ਵਾਰ ਫਿਰ ਭਾਂਡਾ ਵੋਟ ਮਸ਼ੀਨਾਂ ਸਿਰ ਭੰਨਿਆ ਹੈ, ਪਰ ਹਕੀਕਤ ਇਹ ਨਹੀਂ ਹੈ। ਹਕੀਕਤ ਇਹ ਹੈ ਕਿ ਪੰਜਾਬ ਵਿਚ ਮੁੱਖ ਧਿਰ ਬਣਨ ਦਾ ਦਾਅਵਾ ਕਰਨ ਵਾਲੀ ਪਾਰਟੀ ਨੂੰ ਬਹੁਤ ਘੱਟ ਵੋਟਾਂ ਮਿਲੀਆਂ ਹਨ ਅਤੇ ਇਸ ਦਾ ਉਮੀਦਵਾਰ ਤਾਂ ਆਪਣੀ ਜ਼ਮਾਨਤ ਵੀ ਨਹੀਂ ਬਚਾ ਸਕਿਆ ਹੈ।

ਹੁਣ ਜੇ ਇਨ੍ਹਾਂ ਚਾਰ ਪਾਰਟੀਆਂ ਦੇ ਦਾਅਵੇ ਪਾਸੇ ਛੱਡ ਕੇ ਇਸ ਉਪ ਚੋਣ ਦੀ ਪੁਣ-ਛਾਣ ਕੀਤੀ ਜਾਵੇ ਤਾਂ ਸਪਸ਼ਟ ਹੁੰਦਾ ਹੈ ਕਿ ਦਰਅਸਲ, ਇਸ ਚੋਣ ਵਿਚ ਆਮ ਲੋਕਾਂ ਦੀ ਹਾਰ ਹੋਈ ਹੈ। ਸਿਆਸੀ ਪਾਰਟੀਆਂ ਦੀ ਆਪਸੀ ਖਹਿ ਤੇ ਦੂਸ਼ਣਬਾਜ਼ੀ ਨੇ ਇਲਾਕੇ ਦਾ ਇਕ ਵੀ ਮੁੱਦਾ ਉਜਾਗਰ ਨਹੀਂ ਹੋਣ ਦਿੱਤਾ, ਨਹੀਂ ਤਾਂ ਇਸ ਸਰਹੱਦੀ ਇਲਾਕੇ ਦੇ ਲੋਕ ਔਕੜਾਂ ਵਿਚ ਵਾਲ ਵਾਲ ਵਿੰਨ੍ਹੇ ਪਏ ਹਨ ਅਤੇ ਇਨ੍ਹਾਂ ਦੀ ਸੁਣਨ ਵਾਲਾ ਕੋਈ ਨਹੀਂ। ਅਸਲ ਵਿਚ ਸਮੁੱਚਾ ਤਾਣਾ-ਬਾਣਾ ਵੋਟ ਸਿਸਟਮ ਦੁਆਲੇ ਘੁੰਮਣ ਕਰ ਕੇ ਲੋਕ ਮਸਲੇ ਪਿਛਾਂਹ ਛੁੱਟ ਜਾਂਦੇ ਰਹੇ ਹਨ। ਜਿੰਨਾ ਚਿਰ ਲੋਕ ਆਪਣੇ ਮਸਲਿਆਂ ਬਾਰੇ ਚੇਤੰਨ ਨਹੀਂ ਹੁੰਦੇ ਅਤੇ ਚੋਣਾਂ ਲੋਕਾਂ ਦੇ ਮਸਲਿਆਂ 'ਤੇ ਕੇਂਦਰਤ ਨਹੀਂ ਹੁੰਦੀਆਂ, ਕਿਸੇ ਵੱਡੀ ਤਬਦੀਲੀ ਦੀ ਆਸ ਕਰਨਾ ਸੁਪਨਾ ਹੀ ਰਹਿਣਾ ਹੈ।

### ਠਾਹ-ਸੋਟਾ

-ਚਾਚਾ ਬੇਲਿਹਾਜ਼

#### *ਜਿੱਤ ਦੀ ਮਿਸਾਲ!*

ਚੋਰੀ ਡਾਕਾ ਮਾਰ ਜਾਵੇ ਭਾਵੇਂ ਕੋਈ ਬਾਹਰਲਾ ਈ, ਪਿੰਡ ਦੇ ਹੀ ਕਿਸੇ 'ਬਦਨਾਮ' ਨਾਂਵੇਂ ਲੱਗਦੀ।
ਉਤੇ ਵੱਲ ਭਾਰੀ ਚੀਜ਼ ਹੁੰਦੀ ਏ ਚੜ੍ਹਾਉਣੀ ਔਖੀ, ਰੱਖ ਦਿਓ ਰੇੜ੍ਹ 'ਤੇ ਉਹ ਆਪੇ ਜਾਵੇ ਭੱਜਦੀ।
ਹੋਰ ਭਾਵੇਂ ਮੁੰਡੇ ਹੁੰਦੇ ਸੈਂਕੜੇ ਬਰਾਤ ਵਿਚ, ਕਲਗੀ ਤਾਂ ਯਾਰੋ ਇਕੋ ਲਾੜੇ ਸਿਰ ਸਜਦੀ।
ਪੈਂਟ ਤੇ ਕਮੀਜ ਨਾ ਪਜਾਮੇ ਨੂੰ ਫਰਕ ਪੈਂਦਾ, ਸ਼ਾਨ ਹੈ ਘਟਾਉਂਦੀ ਕਰਤੂਤ ਇਕੋ ਪੱਗ ਦੀ।
ਬੇਹੀਆਂ ਜਾਣਕਾਰੀਆਂ 'ਤੇ ਧਰੇ ਨਾ ਨਜ਼ਰ ਕੋਈ, ਉਹੀ ਖਿੱਚ ਪਾਉਂਦੀ ਜਿਹੜੀ ਗੱਲ ਹੋਵੇ ਅੱਜ ਦੀ।
ਉਪ-ਚੋਣ ਵਾਲੀ ਜਿੱਤ ਉਸੇ ਮੱਝ ਵਾਂਗ ਜਾਣੋ, ਜਿਹਦੇ ਹੱਥ 'ਲਾਠੀ' ਉਹਦੀ 'ਖੁਰਲੀ' 'ਤੇ ਬੱਝਦੀ!

# ਕੈਟੇਲੋਨੀਆ ਦੀ ਆਜ਼ਾਦੀ ਤੇ ਸਿਆਸਤ ਦਾ ਪਹੀਆ

***ਕੈਟੇਲੋਨੀਆ ਸਪੇਨ ਦਾ ਖੁਦਮੁਖਤਾਰ ਸੂਬਾ ਹੈ ਅਤੇ ਹੁਣ ਸਪੇਨ ਤੋਂ ਆਜ਼ਾਦ ਹੋਣਾ ਚਾਹੁੰਦਾ ਹੈ। ਆਰਥਿਕ ਪੱਖ ਤੋਂ ਇਹ ਸੂਬਾ ਬਹੁਤ ਮਜ਼ਬੂਤ ਹੈ, ਇਹੀ ਇਕ ਵੱਡਾ ਕਾਰਨ ਹੈ ਕਿ ਸਪੇਨ ਇਸ ਨੂੰ ਛੱਡਣਾ ਨਹੀਂ ਚਾਹੁੰਦਾ। ਇਸੇ ਕਰ ਕੇ ਇਹਨੇ ਕੈਟੇਲੋਨੀਆ ਦੀ ਆਜ਼ਾਦੀ ਬਾਰੇ ਬੜਾ ਸਖਤ ਪੈਂਤੜਾ ਮੱਲਿਆ ਹੈ। ਹੁਣ ਇਹ ਕੈਟੇਲੋਨੀਆ ਦੇ ਲੀਡਰਾਂ ਉਤੇ ਨਿਰਭਰ ਹੈ ਕਿ ਉਹ ਇਸ ਮਸਲੇ ਨਾਲ ਕਿਵੇਂ ਨਜਿੱਠਦੇ ਹਨ। ਇਸ ਬਾਰੇ ਚਰਚਾ ਪ੍ਰੋ. ਪ੍ਰੀਤਮ ਸਿੰਘ ਨੇ ਆਪਣੇ ਇਸ ਲੇਖ ਵਿਚ ਕੀਤੀ ਹੈ। -ਸੰਪਾਦਕ***

ਕੈਟੇਲੋਨੀਆ ਦੇ ਆਜ਼ਾਦੀ ਦੀ ਮੰਗ ਨਾਲ ਸਬੰਧਤ ਤਾਜ਼ਾ ਘਟਨਾਕ੍ਰਮ ਦੌਰਾਨ, ਕੈਟੇਲੋਨੀਆ ਦੀ ਸਿਆਸੀ ਲੀਡਰਸ਼ਿਪ ਨੇ ਆਜ਼ਾਦੀ ਦੀ ਮੰਗ ਦੇ ਸਪੇਨੀ ਕੇਂਦਰ ਸਰਕਾਰ ਵੱਲੋਂ ਕੀਤੀ ਜਾ ਰਹੇ ਵਿਰੋਧ ਨਾਲ ਨਜਿਠਣ ਵਿਚ ਪ੍ਰਸ਼ੰਸਾਯੋਗ ਸਿਆਣਪ ਤੇ ਪੁਖਤਗੀ ਦਾ ਪ੍ਰਦਰਸ਼ਨ ਕੀਤਾ ਹੈ। ਕੈਟੇਲੋਨੀਆ ਦੀ ਸੰਸਦ ਨੇ ਦਸ ਅਕਤੂਬਰ ਨੂੰ ਸੱਦੇ ਗਏ ਵਿਸ਼ੇਸ਼ ਇਜਲਾਸ ਦੌਰਾਨ ਇਹ ਗੱਲ ਰਸਮੀ ਤੌਰ 'ਤੇ ਰਿਕਾਰਡ ਉਤੇ ਲਿਆਂਦੀ ਕਿ ਪਹਿਲੀ ਅਕਤੂਬਰ ਨੂੰ ਕੈਟੇਲੋਨੀਆ ਸਰਕਾਰ ਵੱਲੋਂ ਕਰਵਾਏ ਗਏ ਆਜ਼ਾਦੀ ਸਬੰਧੀ ਜਨਮਤ ਵਿਚ 93 ਫੀਸਦੀ ਵੋਟਰਾਂ ਨੇ ਆਜ਼ਾਦੀ ਦੇ ਹੱਕ ਵਿਚ ਵੋਟ ਪਾਈ। ਇਸ ਦੇ ਆਧਾਰ 'ਤੇ ਕੈਟੇਲੋਨੀਆ ਦੇ ਰਾਸ਼ਟਰਪਤੀ ਕਾਰਲਸ ਪੂਚਦਾਮੋਨ ਨੇ ਐਲਾਨ ਕੀਤਾ ਸੀ ਕਿ ਕੈਟੇਲੋਨੀਆ ਆਜ਼ਾਦ ਅਤੇ ਖੁਦਮੁਖਤਿਆਰ ਰਾਜ ਹੈ, ਪਰ ਨਾਲ ਹੀ ਉਨ੍ਹਾਂ ਨੇ ਸ਼ਾਨਦਾਰ ਸਿਆਸੀ ਹੁਨਰਮੰਦੀ ਦਾ ਪ੍ਰਦਰਸ਼ਨ ਕਰਦਿਆਂ ਆਜ਼ਾਦੀ ਦੇ ਇਸ ਐਲਾਨ ਨੂੰ ਉਸੇ ਵਕਤ ਲਾਗੂ ਨਾ ਕਰ ਕੇ, ਤਣਾਓ ਘੱਟ ਕਰਨ ਅਤੇ ਸਹਿਮਤੀ ਬਣਾਉਣ ਲਈ, ਗੱਲਬਾਤ ਰਾਹੀਂ ਅੱਗੇ ਵਧਣ ਦਾ ਰਾਹ ਚੁਣਿਆ। ਅਜਿਹਾ ਕਰ ਕੇ ਕੈਟੇਲੋਨੀਆ ਦੀ ਲੀਡਰਸ਼ਿਪ ਨੇ ਸਪੇਨ ਦੀ ਕੇਂਦਰੀ ਲੀਡਰਸ਼ਿਪ 'ਤੇ ਇਖਲਾਕੀ ਜਿੱਤ ਹਾਸਲ ਕੀਤੀ, ਜਿਸ ਨੇ ਟਕਰਾਅ ਦਾ ਰਾਹ ਚੁਣਦਿਆਂ ਪੂਰਾ ਜ਼ੋਰ ਲਾ ਕੇ ਪਹਿਲੀ ਅਕਤੂਬਰ ਨੂੰ ਹੋਏ ਜਨਮਤ ਦਾ ਵਿਰੋਧ ਕੀਤਾ ਸੀ, ਪਰ ਜਨਮਤ ਨੂੰ ਰੋਕ ਸਕਣ ਵਿਚ ਅਸਮਰੱਥ ਰਹੀ ਸੀ। ਹੁਣ ਜੇ ਸਪੇਨ ਦੀ ਸਰਕਾਰ ਬਦਲੇ ਦੀ ਭਾਵਨਾ ਨਾਲ ਕੈਟੇਲੋਨੀਆ ਦੀ ਮੌਜੂਦਾ ਖੇਤਰੀ ਖੁਦਮੁਖਤਾਰੀ ਖ਼ਤਮ ਕਰ ਕੇ ਇਸ ਨੂੰ ਸਿੱਧਾ ਸਪੇਨ ਦੇ ਕੇਂਦਰੀ ਸ਼ਾਸਨ ਅਧੀਨ ਕਰ ਲੈਂਦੀ ਹੈ ਤਾਂ ਨੈਤਿਕ ਰੂਪ ਵਿਚ ਇਸ ਦਾ ਪੱਖ ਹੋਰ ਵੀ ਕਮਜ਼ੋਰ ਪੈ ਜਾਵੇਗਾ। ਇਹ ਭਾਵੇਂ ਕਾਨੂੰਨੀ ਅਤੇ ਸੰਵਿਧਾਨਕ ਰੂਪ ਵਿਚ ਸਹੀ ਹੈ, ਫਿਰ ਵੀ ਸਿਆਸੀ ਰੂਪ ਵਿਚ ਅਜਿਹੇ ਬਦਲੇ ਬਹੁਤ ਮਹਿੰਗੇ ਸਾਬਤ ਹੁੰਦੇ ਹਨ ਕਿਉਂਕਿ ਇਹ ਕੁਝ, ਕੈਟੇਲੋਨੀਆ ਵਾਸੀਆਂ ਵਿਚਲੇ ਘੱਟ-ਰਾਸ਼ਟਰਵਾਦੀ ਤੱਤਾਂ ਨੂੰ ਵੀ ਪ੍ਰਤੀਬੱਧ ਕੈਟੇਲਾਨ ਰਾਸ਼ਟਰਵਾਦੀਆਂ ਦੇ ਖੇਮੇ ਵੱਲ ਧੱਕਣ ਦਾ ਕੰਮ ਕਰੇਗਾ। ਕੈਟੇਲੋਨੀਆ ਦੀ ਲੀਡਰਸ਼ਿਪ ਵੱਲੋਂ ਕੁਝ ਚਿਰ ਲਈ ਆਜ਼ਾਦੀ ਦੇ ਏਜੰਡੇ ਨੂੰ ਪਿੱਛੇ ਰੱਖ ਕੇ ਗੰਭੀਰ ਗੱਲਬਾਤ ਕਰਨ ਦੇ ਫੈਸਲੇ ਨਾਲ ਇਸ ਆਜ਼ਾਦੀ ਦੀ ਲਹਿਰ ਵਿਚਲੇ ਕੁਝ ਉਤਾਵਲੇ ਅਨਸਰ ਬੇਸ਼ੱਕ ਨਿਰਾਸ਼ ਹੋਏ ਹੋਣਗੇ, ਪਰ ਇਹ ਫੈਸਲਾ ਮੌਜੂਦਾ ਯੁਗ ਵਿਚ ਵੱਖਵਾਦੀ ਸ਼ਕਤੀਆਂ ਨੂੰ ਜਮਹੂਰੀ ਢੰਗ ਨਾਲ ਹੱਲ ਕਰਨ ਦੇ ਵਧ ਰਹੇ ਆਲਮੀ ਰੁਝਾਨ ਨਾਲ ਮੇਲ ਖਾਂਦਾ ਹੈ।



**ਪ੍ਰੋ. ਪ੍ਰੀਤਮ ਸਿੰਘ**
ਆਕਸਫੋਰਡ ਬਰੁੱਕਸ ਵਰਸਿਟੀ, ਯੂ.ਕੇ.

ਦੂਜੇ ਵਿਸ਼ਵ ਯੁੱਧ ਤੋਂ ਬਾਅਦ ਵਿਕਾਸਸ਼ੀਲ ਦੇਸ਼ਾਂ ਵਿਚ ਬਹੁਤ ਸਾਰੇ ਰਾਸ਼ਟਰ ਰਾਜ, ਯੂਰਪੀ ਬਸਤੀਵਾਦੀ ਸਾਮਰਾਜ ਦੀ ਸਮਾਪਤੀ ਦੀ ਉਪਜ ਹਨ, ਪਰ ਵਿਕਾਸਸ਼ੀਲ ਤੇ ਵਿਕਸਤ ਦੇਸ਼ਾਂ ਵਿਚ ਨਵੇਂ ਉਭਰ ਰਹੇ ਜਾਂ ਉਭਰਨ ਦੀ ਕੋਸ਼ਿਸ਼ ਕਰ ਰਹੇ ਨਵੇਂ ਰਾਸ਼ਟਰੀ ਰਾਜ, ਮੌਜੂਦਾ ਰਾਸ਼ਟਰਾਂ ਵਿਚਲੇ ਰਾਸ਼ਟਰਵਾਦੀ ਅਪਵਾਦਾਂ ਦੀ ਉਪਜ ਹਨ। ਕੁਝ ਮਾਮਲਿਆਂ ਵਿਚ ਬਸਤੀਵਾਦੀ ਤਾਕਤਾਂ ਨੇ ਆਪਣੀਆਂ ਬਸਤੀਆਂ ਖਾਲੀ ਕਰਨ ਸਮੇਂ ਜੋ ਸਰਹੱਦਾਂ ਵਾਹੀਆਂ, ਉਹ ਕੁਝ ਕੌਮੀਅਤੀ ਸ਼ਨਾਖਤਾਂ ਪ੍ਰਤੀ ਹੱਕ-ਬਜਾਨਬ ਨਹੀਂ ਸਨ। ਮਸਲਨ ਕੁਰਦਿਸ਼ ਕੌਮੀਅਤ ਦੇ ਲੋਕ ਚਾਰ ਰਾਸ਼ਟਰਾਂ ਵਿਚ ਵੰਡੇ ਗਏ। ਇਹ ਸਨ- ਇਰਾਕ, ਇਰਾਨ, ਸੀਰੀਆ ਤੇ ਤੁਰਕੀ। ਸ਼ਾਇਦ ਬਸਤੀਵਾਦੀ ਤਾਕਤਾਂ ਰਾਹੀਂ ਮੱਧ ਏਸ਼ੀਆ ਦੀ ਪੱਖਪਾਤੀ ਵੰਡ ਕਾਰਨ ਬਣੇ ਰਾਸ਼ਟਰਾਂ ਦਾ ਇਹ ਸਭ ਤੋਂ ਮੰਦਭਾਗਾ ਸਿੱਟਾ ਹਨ। ਕੁਰਦਿਸ਼ ਲੋਕ ਕਈ ਦਹਾਕਿਆਂ ਤੋਂ ਇੱਕਜੁੱਟ ਕੁਰਦਿਸ਼ ਰਾਜ ਦੀ ਸਥਾਪਨਾ ਲਈ ਹਥਿਆਰਬੰਦ ਸੰਘਰਸ਼ ਕਰ ਰਹੇ ਹਨ, ਪਰ ਹੁਣ ਉਹ ਲੋਕਤੰਤਰੀ ਢੰਗਾਂ ਦੀ ਵਰਤੋਂ ਦੀ ਰਣਨੀਤੀ ਵੱਲ ਵਧ ਰਹੇ ਹਨ। ਇਰਾਕ ਦੇ ਕੁਰਦਿਸ਼ ਲੋਕਾਂ ਵੱਲੋਂ ਕੰਟਰੋਲ ਕੀਤੇ ਖੇਤਰ ਵਿਚ ਪ੍ਰਸ਼ਾਸਨ ਵੱਲੋਂ ਕੀਤਾ ਗਿਆ ਆਜ਼ਾਦੀ-ਪੱਖੀ ਜਨਮਤ ਸਪਸ਼ਟ ਤੌਰ 'ਤੇ ਉਨ੍ਹਾਂ ਦੀ ਰਾਸ਼ਟਰਵਾਦੀ ਖਾਹਿਸ਼ ਲਈ ਜਮਹੂਰੀ ਪ੍ਰਮਾਣਿਕਤਾ ਹਾਸਲ ਕਰਨ ਦੀ ਦਿਸ਼ਾ ਵੱਲ ਇੱਕ ਕਦਮ ਹੈ।

ਆਜ਼ਾਦੀ ਅੰਦੋਲਨਾਂ ਨੂੰ ਸ਼ਕਤੀ ਦੇਣ ਵਾਲਾ ਵਿਸ਼ਾਲ ਸਿਆਸੀ-ਆਰਥਿਕ ਮਾਹੌਲ ਅਸਲ ਵਿਚ ਵਿਸ਼ਵੀਕਰਨ ਦਾ ਸਿੱਟਾ ਹੈ, ਜੋ ਆਪ ਯੂਰਪ ਦੇ ਪ੍ਰਸੰਗ ਵਿਚ ਆਪਣੇ ਆਪ ਨੂੰ ਯੂਰਪੀ ਯੂਨੀਅਨ ਦੇ ਵਿਸਥਾਰ ਵਿਚ ਉਜਾਗਰ ਕਰਦਾ ਹੈ। ਯੂਰਪੀਕਰਨ ਅਤੇ ਵਿਸ਼ਵੀਕਰਨ ਦਾ ਆਰਥਿਕ ਪਹਿਲੂ ਪੂੰਜੀ, ਮਜ਼ਦੂਰੀ, ਤਕਨੀਕ, ਵਸਤਾਂ ਅਤੇ ਜੀਵਨ-ਸ਼ੈਲੀਆਂ ਦੀ ਗਤੀਸ਼ੀਲਤਾ ਦੇ ਬੇਰੋਕ ਪ੍ਰਸਾਰ ਵਿਚ ਰਾਜਾਂ ਦੀਆਂ ਭੂਗੋਲਿਕ ਸੀਮਾਵਾਂ ਦਾ ਕਮਜ਼ੋਰ ਹੋਣਾ ਹੈ। ਵਿਸ਼ਵੀਕਰਨ ਦੀ ਇਸ ਪ੍ਰਕਿਰਿਆ ਨੂੰ ਕਿਸੇ ਹੱਦ ਤਕ ਕੌਮਾਂਤਰੀਕਰਨ ਵੱਲ ਵਧਣ ਅਤੇ ਰਾਸ਼ਟਰਵਾਦ ਦੀ ਅਪੀਲ ਨੂੰ ਕਮਜ਼ੋਰ ਕਰਨ ਵਜੋਂ ਦੇਖਿਆ ਜਾ ਸਕਦਾ ਹੈ, ਪਰ ਇਹ ਪ੍ਰਕਿਰਿਆ ਆਪਣੇ ਆਪ ਵਿਚ ਵਿਸ਼ਵ ਇਕਰੂਪਤਾ ਦਾ ਡਰ ਵੀ ਲੈ ਕੇ ਚੱਲ ਰਹੀ ਹੈ, ਜਿਸ ਨੂੰ ਘੱਟ ਗਿਣਤੀ ਸਭਿਆਚਾਰਾਂ ਅਤੇ ਪਛਾਣਾਂ ਵੱਲੋਂ ਖ਼ਤਰੇ ਵਜੋਂ ਅਨੁਭਵ ਕੀਤਾ ਜਾ ਰਿਹਾ ਹੈ। ਇਹ ਖ਼ਤਰਾ ਮੋੜਵੇਂ ਰੂਪ ਵਿਚ ਘੱਟ ਗਿਣਤੀਆਂ ਦੀਆਂ ਕੌਮੀਅਤੀ ਪਛਾਣਾਂ ਦੇ ਬਚਾਅ ਦੀ ਖਾਹਿਸ਼ ਨੂੰ ਹੁਲਾਰਾ ਦਿੰਦਾ ਹੈ। ਆਰਥਿਕ ਲੈਣ-ਦੇਣ ਦੇ ਵਿਸ਼ਵੀਕਰਨ ਅਤੇ ਸੂਚਨਾ ਤਕਨੀਕ ਦਾ ਵਿਕਾਸ ਛੋਟੇ ਭੂਗੋਲਿਕ ਖਿੱਤਿਆਂ ਅੰਦਰ ਰਾਸ਼ਟਰ ਬਣਨ ਦੀ ਖਾਹਿਸ਼ ਨੂੰ ਉਭਾਰਦਾ ਹੈ ਅਤੇ ਤਾਕਤ ਵੀ ਦਿੰਦਾ ਹੈ, ਕਿਉਂਕਿ ਆਲਮੀ ਦੇ ਆਰਥਿਕ ਅਖਾੜੇ ਵਿਚ ਆਰਥਿਕ ਵਿਹਾਰਕਤਾ ਹੁਣ ਕਿਸੇ ਰਾਸ਼ਟਰ ਦੇ ਭੂਗੋਲਿਕ ਆਕਾਰ ਜਾਂ ਆਬਾਦੀ 'ਤੇ ਨਿਰਭਰ ਨਹੀਂ ਕਰਦੀ। ਉਦਾਹਰਣ ਵਜੋਂ ਸਕਾਟਲੈਂਡ, ਯੂ.ਕੇ. ਨਾਲੋਂ ਰਲੇਵੇਂ ਮਿਟਾ ਕੇ ਕੈਟੇਲੋਨੀਆ ਸਪੇਨ ਤੋਂ ਅਲਹਿਦਾ ਹੋ ਕੇ ਵੀ ਯੂਰਪੀ ਯੂਨੀਅਨ ਦੇ ਹਿੱਸਾ ਬਣੇ ਰਹਿ ਸਕਦੇ ਹਨ ਅਤੇ ਅਜਿਹਾ ਹੋਣ 'ਤੇ ਵੀ ਇਹ ਆਰਥਿਕ ਪੱਖੋਂ ਮਜ਼ਬੂਤ ਰਹਿ ਸਕਦੇ ਹਨ।

ਸਿਆਸੀ ਭੂ-ਦ੍ਰਿਸ਼ 'ਤੇ ਆਜ਼ਾਦੀ ਦੀਆਂ ਲਹਿਰਾਂ ਵਿਚ ਜਿਹੜਾ ਨਾਟਕੀ ਰੂਪ ਬਦਲਾਓ ਆਇਆ ਹੈ, ਉਹ ਹੈ ਤੌਰ ਤਰੀਕੇ ਦਾ, ਜੋ ਫਰਾਂਸੀਸੀ ਬੋਲਣ ਵਾਲੇ ਕਿਊਬੈਕ ਸੂਬੇ ਵੱਲੋਂ ਕੈਨੇਡਾ ਤੋਂ ਆਜ਼ਾਦ ਹੋਣ ਦੀ ਖਾਹਿਸ਼ ਅਤੇ ਸਕਾਟਲੈਂਡ ਦੀ ਇੰਗਲੈਂਡ ਤੋਂ ਆਜ਼ਾਦ ਹੋਣ ਦੀ ਖਾਹਿਸ਼ ਵਿਚ ਵਰਤੇ ਗਏ ਸਨ। ਇਨ੍ਹਾਂ ਦੋਵੇਂ ਮਾਮਲਿਆਂ ਵਿਚ ਕੇਂਦਰੀ ਸਰਕਾਰ ਵੱਲੋਂ ਖੇਤਰੀ ਸਰਕਾਰ ਨਾਲ ਇੱਕ ਸਮਝੌਤਾ ਹੈ, ਜਿਸ ਤਹਿਤ ਜਨਮਤ ਰਾਹੀਂ ਇਸ ਮਸਲੇ ਦਾ ਹੱਲ ਕੱਢਿਆ ਗਿਆ ਕਿ ਉਕਤ ਖਿੱਤਾ ਆਜ਼ਾਦੀ ਪ੍ਰਾਪਤ ਕਰੇਗਾ ਜਾਂ ਯੂਨੀਅਨ ਦਾ ਇੱਕ ਹਿੱਸਾ ਬਣ ਕੇ ਹੀ ਰਹੇਗਾ। ਦੋਵਾਂ ਮਾਮਲਿਆਂ ਵਿਚ ਸਰਕਾਰਾਂ ਵੱਲੋਂ ਵੋਟਾਂ ਰਾਹੀਂ ਸਾਹਮਣੇ ਆਉਣ ਵਾਲੇ ਨਤੀਜਿਆਂ ਨੂੰ ਮੰਨਣ ਦੀ ਸਹਿਮਤੀ ਪ੍ਰਗਟਾਈ ਗਈ। ਦੋਵੇਂ ਹੀ ਮਾਮਲਿਆਂ ਵਿਚ ਬਹੁਤ ਥੋੜ੍ਹੇ ਅੰਤਰ ਨਾਲ ਵੋਟਾਂ ਵੱਖ ਨਾ ਹੋਣ ਦੇ ਫ਼ੈਸਲੇ ਵੱਲ ਭੁਗਤੀਆਂ। ਖੇਤਰੀ ਸਰਕਾਰਾਂ ਵੱਲੋਂ ਅਤੇ ਸਿਆਸੀ ਪਾਰਟੀਆਂ ਵੱਲੋਂ ਫ਼ੈਸਲੇ ਨੂੰ ਮਨਜ਼ੂਰ ਕਰ ਲਿਆ ਗਿਆ ਅਤੇ ਦੋਵੇਂ ਹੀ ਕੇਂਦਰ ਸਰਕਾਰਾਂ ਵੱਲੋਂ ਇਸ ਗੱਲ 'ਤੇ ਜ਼ੋਰ ਨਹੀਂ ਦਿੱਤਾ ਗਿਆ ਕਿ ਭਵਿਖ ਵਿਚ ਕਦੇ ਵੀ ਅਜਿਹਾ ਕੋਈ ਜਨਮੱਤ ਨਹੀਂ ਹੋ ਸਕੇਗਾ, ਜੋ ਵੱਖ ਹੋਣ ਦੇ ਪੱਖ ਵਿਚ ਭੁਗਤ ਸਕਦਾ ਹੋਵੇ।

ਇਸ ਵਿਚ ਵਿਸ਼ੇਸ਼ ਇਹ ਹੈ ਕਿ ਆਜ਼ਾਦੀ ਦੀ ਮੰਗ ਕਰਨ ਵਾਲਿਆਂ ਵੱਲੋਂ ਕੇਂਦਰ ਸਰਕਾਰ ਖਿਲਾਫ਼ ਹਥਿਆਰਬੰਦ ਵਿਰੋਧ ਜਾਂ ਕੇਂਦਰ ਸਰਕਾਰਾਂ ਵੱਲੋਂ ਹਥਿਆਰਾਂ ਰਾਹੀਂ ਆਜ਼ਾਦੀ ਦੀ ਮੰਗ ਕਰਨ ਵਾਲਿਆਂ ਨੂੰ ਦਬਾਉਣ ਦੀ ਕੋਸ਼ਿਸ਼ ਕਰਨ ਦੀ ਥਾਂ ਇਹ ਸਹਿਮਤੀ ਪ੍ਰਗਟਾਈ ਗਈ ਕਿ ਕਿਸੇ ਵੀ ਮਸਲੇ ਦੇ ਹੱਲ ਲਈ ਲੋਕਤੰਤਰਿਕ ਤਰੀਕੇ ਨਾਲ ਪਾਈਆਂ ਵੋਟਾਂ ਰਾਹੀਂ ਹੱਲ ਕੱਢਿਆ ਜਾਵੇਗਾ। ਇੰਜ ਲੱਗਦਾ ਹੈ ਕਿ ਕੈਟੇਲਾਨ ਸਰਕਾਰ ਨੂੰ ਇਹ ਅਹਿਸਾਸ ਹੋ ਗਿਆ ਹੈ ਕਿ ਪਹਿਲੀ ਅਕਤੂਬਰ ਨੂੰ ਪਾਈਆਂ ਵੋਟਾਂ ਨੂੰ ਮਿਲੇ ਸਮਰਥਨ, ਜਿਸ ਵਿਚ ਉਨ੍ਹਾਂ ਦਾ ਸਮਰਥਨ ਵੀ ਸ਼ਾਮਿਲ ਸੀ ਜੋ ਸਪੇਨ ਦੇ ਕੈਟੇਲਾਨ ਦੀ ਆਜ਼ਾਦੀ ਦੇ ਖ਼ਿਲਾਫ ਸਨ, ਦੇ ਬਾਵਜੂਦ ਵੀ ਇੱਕ ਵੱਡੀ ਗੜਬੜੀ ਹੋਈ ਸੀ। ਇਹ ਗੜਬੜੀ ਸੀ ਕਿ ਇਹ ਜਨਮਤ ਮੈਡਰਿਡ ਸਥਿਤ ਕੇਂਦਰ ਸਰਕਾਰ ਨਾਲ ਆਪਸੀ ਸਲਾਹ ਮਸ਼ਵਰੇ ਰਾਹੀਂ ਨਹੀਂ ਸੀ ਕਰਵਾਇਆ ਗਿਆ। ਸਿੱਟੇ ਵਜੋਂ ਕਾਨੂੰਨੀ ਤੌਰ 'ਤੇ ਇਹ ਪ੍ਰਮਾਣਿਕ ਨਹੀਂ ਹੈ। ਸਪੇਨ ਸਰਕਾਰ ਨੇ ਵੀ ਕੈਨੇਡੀਅਨ ਅਤੇ ਬ੍ਰਿਟਿਸ਼ ਸਰਕਾਰ ਦੇ ਤਜਰਬੇ ਤੋਂ ਸੇਧ ਲੈ ਕੇ ਸਹਿਮਤੀ ਨਾਲ ਵੋਟਾਂ ਦਾ ਰਾਹ ਨਾ ਚੁਣ ਕੇ ਗਲਤੀ ਕੀਤੀ ਹੈ। ਉਸ ਨੇ ਜਨਮਤ ਲਈ ਵੋਟਾਂ ਦੇ ਅਮਲ ਨੂੰ ਦਮਨਕਾਰੀ ਢੰਗ ਨਾਲ ਰੋਕਣਾ ਚਾਹਿਆ। ਇਹ ਢੰਗ ਤਰੀਕਾ, ਜਾਂ ਵਿਕਾਸਸ਼ੀਲ ਦੇਸ਼ਾਂ ਵਿਚ ਆਮ ਹੀ ਵਰਤੇ ਜਾਂਦੇ ਵੱਧ ਵਹਿਸ਼ਿਆਨਾ ਤੌਰ ਤਰੀਕੇ, ਯੂਰਪ ਵਿਚ ਵਿਕਸਿਤ ਹੋਏ ਜਮਹੂਰੀ ਸਭਿਆਚਾਰ ਨਾਲ ਮੇਲ ਨਹੀਂ ਖਾਂਦੇ। ਉਥੇ ਮਨੁੱਖੀ ਅਧਿਕਾਰਾਂ ਦਾ ਮਿਆਰ ਹੀ ਏਨਾ ਉਚਾ ਹੈ। ਹੁਣ ਜੇ ਸਪੇਨ ਸਰਕਾਰ, ਗੱਲਬਾਤ ਕਰਨ ਦੀ ਕੈਟੇਲਾਨ ਪੇਸ਼ਕਸ਼ ਨੂੰ ਰੱਦ ਕਰਦੀ ਹੈ ਅਤੇ ਕੈਟੇਲਾਨ ਖਿੱਤੇ ਨੂੰ ਮਿਲੀ ਖੁਦਮੁਖਤਾਰੀ ਵਾਪਸ ਲੈਂਦੀ ਹੈ ਤਾਂ ਇਹ ਖੁਦ ਨੂੰ ਇਖਲਾਕੀ ਤੇ ਸਿਆਸੀ ਤੌਰ 'ਤੇ ਕਸੂਤੀ ਸਥਿਤੀ ਵਿਚ ਫਸਾ ਲਵੇਗੀ।

ਜਿਸ ਤਰ੍ਹਾਂ ਦਾ ਵਰਤਮਾਨ ਰੇਤਕਾ ਹੈ, ਉਸ ਦੇ ਮੱਦੇਨਜ਼ਰ ਸਿਰਫ਼ ਯੂਰਪੀ ਸੰਘ (ਈ.ਯੂ.) ਦਾ ਦਖ਼ਲ ਹੀ ਗੱਲਬਾਤ ਦਾ ਰਾਹ ਖੋਲ੍ਹ ਸਕਦਾ ਹੈ। ਮਸਲੇ ਦਾ ਹੱਲ ਨਾ ਤਾਂ ਕੈਟੇਲੋਨੀਆ ਦੀ ਪੂਰਨ ਆਜ਼ਾਦੀ ਅਤੇ ਨਾ ਹੀ ਸਪੇਨ ਦੇ ਮੁਕੰਮਲ ਕੰਟਰੋਲ ਦੇ ਰੂਪ ਵਿਚ ਹੋ ਸਕਦਾ ਹੈ। ਹੱਲ ਤਾਂ ਸਪੇਨ ਨੂੰ ਕਨਫੈਡਰੇਸ਼ਨ ਦਾ ਰੂਪ ਦੇਣ ਵਿਚ ਹੋਵੇਗਾ ਜਿਸ ਵਿਚ ਕੈਟੇਲੋਨੀਆ ਨੂੰ ਵੱਧ ਅੰਦਰੂਨੀ ਆਰਥਿਕ, ਸਿਆਸੀ ਤੇ ਸਭਿਆਚਾਰਕ ਖੁਦਮੁਖਤਾਰੀ ਹੋਵੇ ਅਤੇ ਸ਼ਾਇਦ ਇਹੋ ਹੀ ਹੱਕ ਬਾਸਕ ਤੇ ਗੈਲਿਸ਼ੀਆ ਖਿੱਤਿਆਂ ਨੂੰ ਵੀ ਮਿਲਣ।

***ਆਜ਼ਾਦੀ ਅੰਦੋਲਨਾਂ ਨੂੰ ਸ਼ਕਤੀ ਦੇਣ ਵਾਲਾ ਵਿਸ਼ਾਲ ਸਿਆਸੀ-ਆਰਥਿਕ ਮਾਹੌਲ ਅਸਲ ਵਿਚ ਵਿਸ਼ਵੀਕਰਨ ਦਾ ਸਿੱਟਾ ਹੈ, ਜੋ ਆਪ ਯੂਰਪ ਦੇ ਪ੍ਰਸੰਗ ਵਿਚ ਆਪਣੇ ਆਪ ਨੂੰ ਯੂਰਪੀ ਯੂਨੀਅਨ ਦੇ ਵਿਸਥਾਰ ਵਿਚ ਉਜਾਗਰ ਕਰਦਾ ਹੈ। ਵਿਸ਼ਵੀਕਰਨ ਦੀ ਇਸ ਪ੍ਰਕਿਰਿਆ ਨੂੰ ਕਿਸੇ ਹੱਦ ਤਕ ਕੌਮਾਂਤਰੀਕਰਨ ਵੱਲ ਵਧਣ ਅਤੇ ਰਾਸ਼ਟਰਵਾਦ ਦੀ ਅਪੀਲ ਨੂੰ ਕਮਜ਼ੋਰ ਕਰਨ ਵਜੋਂ ਦੇਖਿਆ ਜਾ ਸਕਦਾ ਹੈ, ਪਰ ਇਹ ਪ੍ਰਕ੍ਰਿਆ ਆਪਣੇ ਆਪ 'ਚ ਵਿਸ਼ਵ ਇਕਰੂਪਤਾ ਦਾ ਡਰ ਵੀ ਲੈ ਕੇ ਚੱਲ ਰਹੀ ਹੈ, ਜਿਸ ਨੂੰ ਘੱਟ ਗਿਣਤੀ ਸਭਿਆਚਾਰਾਂ ਅਤੇ ਪਛਾਣਾਂ ਵੱਲੋਂ ਖ਼ਤਰੇ ਵਜੋਂ ਅਨੁਭਵ ਕੀਤਾ ਜਾ ਰਿਹਾ ਹੈ।***

# ਨੋਟਬੰਦੀ: ਸੌ ਤੋਂ ਵੱਧ ਮੌਤਾਂ ਦੀ ਪਹਿਲੀ ਬਰਸੀ

ਮੋਦੀ ਸਰਕਾਰ ਨੌਂ ਨਵੰਬਰ ਨੂੰ ਨੋਟਬੰਦੀ ਦੀ ਪਹਿਲੀ ਵਰ੍ਹੇਗੰਢ ਮਨਾਏਗੀ। ਸਾਨੂੰ ਦੱਸਿਆ ਗਿਆ ਸੀ ਕਿ ਨੋਟਬੰਦੀ ਨਾਲ ਦੇਸ਼ ਦਾ ਕਾਲਾ ਧਨ ਅਰਥ-ਵਿਵਸਥਾ ਵਿਚੋਂ ਬਾਹਰ ਹੋ ਜਾਵੇਗਾ ਜਾਂ ਮਿਥੇ ਨੇਮਾਂ ਅਧੀਨ ਇਸ ਦਾ ਹਿੱਸਾ ਬਣੇਗਾ ਤੇ ਸਰਕਾਰ ਨੂੰ ਬਹੁਤ ਸਾਰਾ ਵਧੀਕ ਆਮਦਨ ਟੈਕਸ ਮਿਲੇਗਾ ਜਿਸ ਨਾਲ ਦੇਸ਼ ਦਾ ਵਿਕਾਸ ਤੇਜ਼ ਹੋਵੇਗਾ। ਦੂਜਾ ਦਿਲਾਸਾ ਇਹ ਸੀ ਕਿ ਅਤਿਵਾਦ ਦਾ ਲੱਕ ਟੁੱਟ ਜਾਵੇਗਾ। ਤੀਜਾ ਇਹ ਕਿਹਾ ਗਿਆ ਸੀ ਕਿ ਲੋਕਾਂ ਨੂੰ ਨਕਦ ਲੈਣ-ਦੇਣ ਤੋਂ ਹਟ ਕੇ ਪਲਾਸਟਿਕ ਮਨੀ ਦੀ ਆਦਤ ਪਵੇਗੀ, ਜੋ ਤੰਦਰੁਸਤ ਅਰਥ-ਵਿਵਸਥਾ ਲਈ ਜ਼ਰੂਰੀ ਹੈ, ਕਿਉਂਕਿ ਇਉਂ ਟੈਕਸ ਚੋਰੀ ਤੋਂ ਵੱਡੀ ਹੱਦ ਤਕ ਰਾਹਤ ਮਿਲਦੀ ਹੈ। ਸਿਧਾਂਤਕ ਤੌਰ 'ਤੇ



ਆਤਮਜੀਤ
ਫੋਨ: +91-98555-66345

ਇਹ ਸਾਰਾ ਕੁਝ ਬੜਾ ਲੁਭਾਉਣਾ ਲੱਗਦਾ ਸੀ, ਪਰ ਅਸਲ ਵਿਚ ਇਨ੍ਹਾਂ ਵਿਚੋਂ ਕਿਹੜਾ ਮਸਲਾ ਹੱਲ ਹੋ ਗਿਆ ਹੈ, ਇਹ ਜਾਣਨ ਲਈ ਸਾਨੂੰ ਅਰਥ ਸ਼ਾਸਤਰੀ ਹੋਣ ਦੀ ਲੋੜ ਨਹੀਂ। ਰਿਜ਼ਰਵ ਬੈਂਕ ਦੇ ਆਪਣੇ ਅੰਕੜਿਆਂ ਅਨੁਸਾਰ ਬੰਦ ਕੀਤੇ ਗਏ ਨੋਟਾਂ ਦੀ 99 ਫ਼ੀਸਦੀ ਨਕਦੀ ਵਾਪਸ ਸਿਸਟਮ ਦਾ ਹਿਸਾ ਬਣ ਗਈ ਹੈ। ਸੋਸ਼ਲ ਮੀਡੀਆ 'ਤੇ ਇੱਕ ਚੁਟਕਲਾ ਪ੍ਰਸਿਧ ਹੋਇਆ ਹੈ ਕਿ ਇੱਕ ਸੁਆਣੀ ਨੇ ਕਿਲੋ ਮੁਰਗਾ ਬਣਾ ਕੇ ਉਸ ਦਾ ਸਵਾਦ ਚਖਦਿਆਂ-ਚਖਦਿਆਂ ਹੀ ਮੁਕਾ ਦਿੱਤਾ। ਪਤੀ ਜਦੋਂ ਪਰਤਿਆ ਤਾਂ ਪਤਨੀ ਨੇ ਕਹਿ ਦਿੱਤਾ ਕਿ ਮੁਰਗਾ ਤਾਂ ਬਿੱਲੀ ਖਾ ਗਈ। ਪਤੀ ਨੇ ਬਿੱਲੀ ਨੂੰ ਤੋਲਿਆ, ਉਸ ਦਾ ਭਾਰ ਪੂਰਾ ਕਿਲੋ ਸੀ। ਉਹ ਹੈਰਾਨ ਸੀ ਕਿ ਜੇ ਮੁਰਗਾ ਉਸ ਦੇ ਅੰਦਰ ਹੈ ਤਾਂ ਬਿੱਲੀ ਦਾ ਵਜ਼ਨ ਕਿਥੇ ਗਿਆ ਤੇ ਜੇ ਉਹ ਭਾਰ ਬਿੱਲੀ ਦਾ ਹੀ ਹੈ ਤਾਂ ਮੁਰਗਾ ਕਿਥੇ ਹੈ। ਇਹੋ ਗੱਲ ਬੈਂਕਾਂ ਵਿਚ ਪਈ ਰਾਸ਼ੀ ਦੀ ਹੈ। ਜੇ ਉਹ ਸਫੈਦ ਰਾਸ਼ੀ ਹੈ ਤਾਂ ਕਾਲਾ ਧਨ ਕਿਥੇ ਹੈ? ਜੇ ਉਹ ਕਾਲਾ ਧਨ ਹੈ ਤਾਂ ਸਫੈਦ ਕਿਥੇ ਗਿਆ?

ਬਰਕਲੇ ਇੰਡੀਆ ਕਾਨਫਰੰਸ ਵਾਸਤੇ ਵੀਡੀਓ ਕਾਨਫਰੰਸ ਕਰਦਿਆਂ ਵਿੱਤ ਮੰਤਰੀ ਅਰੁਣ ਜੇਤਲੀ ਨੇ ਨੋਟਬੰਦੀ ਦੀ ਭਰਪੂਰ ਪ੍ਰਸ਼ੰਸਾ ਕੀਤੀ ਹੈ ਤੇ ਅਤਿਵਾਦ ਵਿਰੁਧ ਲੜਾਈ ਵਿਚ ਸਰਕਾਰ ਦੇ ਕਦਮ ਦੀ ਸਫਲਤਾ ਮੰਨੀ। ਦੋ ਦਲੀਲਾਂ ਦਿੱਤੀਆਂ ਗਈਆਂ ਹਨ ਜਿਨ੍ਹਾਂ ਵਿਚੋਂ ਇੱਕ ਹੈ ਕਿ ਟੈਕਸਾਂ ਦੀ ਵਸੂਲੀ ਵਿਚ ਵਾਧਾ ਹੋਇਆ। ਅਸੀਂ ਤਾਂ ਅਰਥ ਸ਼ਾਸਤਰ ਨਹੀਂ ਜਾਣਦੇ, ਪਰ ਜਿਥੇ ਮਨਮੋਹਨ ਸਿੰਘ ਨੇ ਇਸ ਨੋਟਬੰਦੀ ਨੂੰ 'ਜਥੇਬੰਦਕ ਲੁੱਟ' ਕਿਹਾ ਸੀ, ਉਥੇ ਭਾਜਪਾ ਦੇ ਸੀਨੀਅਰ ਨੇਤਾ ਤੇ ਸਾਬਕਾ ਵਿੱਤ ਮੰਤਰੀ ਯਸ਼ਵੰਤ ਸਿਨਹਾ ਨੇ ਕੁਝ ਦਿਨ ਪਹਿਲਾਂ ਇਹ ਬਿਆਨ ਦਿੱਤਾ ਹੈ, "ਜੇ ਮੈਂ ਇਹ ਨਾ ਦੱਸਾਂ ਕਿ ਵਿੱਤ ਮੰਤਰੀ ਨੇ ਦੇਸ਼ ਦੀ ਆਰਥਿਕਤਾ ਵਿਚ ਅਰਾਜਕਤਾ ਫੈਲਾ ਦਿੱਤੀ ਹੈ ਤਾਂ ਮੈਂ ਆਪਣੇ ਕੌਮੀ ਫਰਜ਼ਾਂ ਤੋਂ ਕੋਤਾਹੀ ਕਰ ਰਿਹਾ ਹੋਵਾਂਗਾ।" ਭਾਜਪਾ ਦਾ ਇੱਕ ਹੋਰ ਅਰਥ ਸ਼ਾਸਤਰੀ ਨੇਤਾ ਸੁਬਰਾਮਨੀਅਮ ਸਵਾਮੀ ਚੁੱਪ ਹੈ। ਰਿਜ਼ਰਵ ਬੈਂਕ ਦੇ ਗਵਰਨਰ ਰਘੁਰਾਮ ਰਾਜਨ ਦਾ ਅਹੁਦਾ ਛੱਡ ਕੇ ਜਾਣਾ ਤੇ ਹੁਣ ਪ੍ਰਧਾਨ ਮੰਤਰੀ ਵੱਲੋਂ ਦੁਬਾਰਾ ਆਰਥਿਕ ਸਲਾਹਕਾਰ ਕਮੇਟੀ ਬਣਾਉਣਾ ਵੀ ਗਵਾਹੀ ਦਿੰਦਾ ਹੈ ਕਿ ਦਾਲ ਵਿਚ ਕਾਲਾ ਤਾਂ ਬਹੁਤ ਹੈ, ਪਰ ਸਰਕਾਰ ਉਸ ਨੂੰ ਦੇਖਣਾ-ਦਿਖਾਉਣਾ ਨਹੀਂ ਚਾਹੁੰਦੀ; ਪਰ ਕਿਉਂਕਿ ਦਾਲ ਖਾਣ ਵਾਲੀ ਚੀਜ਼ ਹੁੰਦੀ ਹੈ, ਇਸ ਲਈ ਕੋਕੜੂਆਂ ਨੂੰ ਲੁਕਾਉਣਾ ਸੰਭਵ ਨਹੀਂ। ਵਿੱਤ ਮੰਤਰੀ ਦੀ ਇਹ ਦਲੀਲ ਵੀ ਬੜੀ ਅਜੀਬ ਹੈ ਕਿ ਹੁਣ ਕਸ਼ਮੀਰ ਵਾਦੀ ਵਿਚ ਬੱਚੇ ਸੁਰੱਖਿਆ ਦਸਤਿਆਂ 'ਤੇ ਪੱਥਰ ਨਹੀਂ ਮਾਰਦੇ, ਕਿਉਂਕਿ ਹੁਣ ਉਨ੍ਹਾਂ ਨੂੰ ਕਾਲੇ ਧਨ ਵਾਲਾ ਫੰਡ ਨਹੀਂ ਮਿਲਦਾ। ਕਾਲਾ ਧਨ ਤਾਂ ਮਾਰਕਿਟ ਵਿਚ ਦੁਬਾਰਾ ਖੜ੍ਹਾ ਹੋ ਰਿਹਾ ਹੈ। ਆਮ ਦੁਕਾਨਦਾਰਾਂ ਨੇ ਸਾਡੇ ਕਰੈਡਿਟ/ਡੈਬਿਟ ਕਾਰਡਾਂ ਦੀ ਇੱਜ਼ਤ ਕਰਨੀ ਛੱਡ ਦਿੱਤੀ ਹੈ। ਇਹਦਾ ਮਤਲਬ ਇਹ ਤਾਂ ਨਹੀਂ ਕਿ ਹੁਣ ਨਿਆਣਿਆਂ ਨੂੰ ਪੱਥਰ ਮਾਰਨ ਤੋਂ ਹਟਾਉਣ ਲਈ ਸਰਕਾਰ ਨੋਟਬੰਦੀ ਕਰਿਆ ਕਰੇਗੀ?

ਉਂਜ, ਜਿਹੜੇ ਸੌ ਤੋਂ ਵੱਧ ਲੋਕ ਇਸ ਨੋਟਬੰਦੀ ਦੀ ਵਜ੍ਹਾ ਨਾਲ ਬੈਂਕਾਂ ਦੀਆਂ ਕਤਾਰਾਂ ਵਿਚ ਖੜ੍ਹੇ ਹੀ ਪ੍ਰਾਣ ਤਿਆਗ ਗਏ, ਉਨ੍ਹਾਂ ਦਾ ਜ਼ਿਕਰ ਕਿਥੇ ਹੈ? ਨੋਟਬੰਦੀ ਦੇ ਨਾਲ-ਨਾਲ ਉਨ੍ਹਾਂ ਦੀ ਵੀ ਸਾਲਗਿਰ੍ਹਾ ਹੈ ਅਤੇ ਹੁਣ ਉਨ੍ਹਾਂ ਨੂੰ ਪੂਰੀ ਸੰਵੇਦਨਾ ਦੇ ਨਾਲ ਯਾਦ ਕਰਨ ਦਾ ਵੇਲਾ ਹੈ। ਦੁਨੀਆਂ ਦੇ ਇਤਿਹਾਸ ਵਿਚ ਸ਼ਾਇਦ ਇਹ ਪਹਿਲੀ ਵਾਰ ਹੋਇਆ ਕਿ ਕਿਸੇ ਪਰਜਾਤੰਤਰ ਵਿਚ ਲੋਕ ਆਪਣਾ ਪੈਸਾ ਲੈਣ ਦੀ ਪ੍ਰਕਿਰਿਆ ਵਿਚ ਹੀ ਜਾਨ ਦੇ ਬੈਠੇ। ਚਿਤੂਰ (ਆਂਧਰਾ ਪ੍ਰਦੇਸ਼) ਦਾ 70 ਸਾਲਾ ਰਿਟਾਇਰ ਪੁਲਿਸ ਨਕਦੀ ਕਢਾਉਣ ਦੀ ਆਪਣੀ ਵਾਰੀ ਦੀ ਉਡੀਕ ਵਿਚ ਤੁਰ ਗਿਆ। ਸੀਕਰ (ਰਾਜਸਥਾਨ) ਦਾ 62 ਸਾਲਾ ਜਗਦੀਸ਼ ਪੰਵਾਰ ਇਸ ਗ਼ਮ ਵਿਚ ਦਿਲ ਦੇ ਦੌਰੇ ਦਾ ਸ਼ਿਕਾਰ ਹੋ ਗਿਆ ਕਿ ਧੀ ਦੇ ਧਰੇ ਹੋਏ ਵਿਆਹ ਨੂੰ ਉਹ ਨਕਦੀ ਤੋਂ ਬਿਨਾਂ ਕਿੱਦਾਂ ਭੁਗਤਾਵੇਗਾ। ਮੇਰਠ ਦਾ ਮਜ਼ਦੂਰ ਮੁਹੰਮਦ ਸ਼ਹਿਜ਼ਾਦ ਬੈਂਕ ਦੀ ਲਾਈਨ ਵਿਚ ਚਾਰ ਦਿਨ ਖਲੋਂਦਾ ਰਿਹਾ ਤੇ ਉਸ ਦੇ ਘਰਦਿਆਂ ਨੂੰ ਕੈਸ਼ ਦੀ ਥਾਂ ਉਹਦੀ ਲਾਸ਼ ਮਿਲੀ। ਸਿਰਫ ਪੈਸਾ ਕਢਾਉਣ ਵਾਲੇ ਹੀ ਨਹੀਂ, ਕਈ ਹੋਰ ਲੋਕ ਵੀ ਮਰੇ। ਪ੍ਰਧਾਨ ਮੰਤਰੀ ਦੀ ਨੋਟਬੰਦੀ ਦੀ 8 ਨਵੰਬਰ ਦੀ ਸਪੀਚ ਸੁਣ ਕੇ ਫੈਜ਼ਾਬਾਦ ਦਾ ਇੱਕ ਵਪਾਰੀ ਦਿਲ ਦੇ ਦੌਰੇ ਦਾ ਸ਼ਿਕਾਰ ਹੋ ਗਿਆ। ਉਹਨੂੰ ਕੀ ਪਤਾ ਸੀ ਕਿ ਬਾਅਦ ਵਿਚ ਸਾਰਾ ਕਾਲਾ ਧਨ ਚਿੱਟਾ ਹੋਣ ਦੇ ਰਾਹੇ ਪੈ ਜਾਵੇਗਾ। ਬੈਂਕਾਂ ਦੇ ਘੱਟੋ-ਘੱਟ 12 ਕਰਮਚਾਰੀ ਸਿਰ 'ਤੇ ਆਣ ਪਏ, ਇਸ ਵੱਡੇ ਬੋਝ ਦੇ ਹੇਠਾਂ ਦੱਬੇ ਗਏ। 53 ਸਾਲਾ ਬੈਂਕ ਚਪੜਾਸੀ ਤੁਕਾ ਰਾਮ ਪੂਨੇ ਲਾਗਲੇ ਇੱਕ ਪਿੰਡ ਵਿਚ ਲੋਕਾਂ ਦੀਆਂ ਭੀੜਾਂ ਨੂੰ ਸੰਭਾਲਦਿਆਂ ਆਪ ਤੁਰ ਗਿਆ। ਲਗਾਤਾਰ 12-14 ਘੰਟੇ ਇਹੋ ਜਿਹਾ ਕੰਮ ਕਰਨਾ ਆਸਾਨ ਨਹੀਂ ਸੀ, ਕਿਉਂਕਿ ਲੋਕਾਂ ਵਿਚ ਬੜੀ ਵੱਡੀ ਅਨਿਸ਼ਚਿਤਤਾ ਸੀ ਕਿ ਉਨ੍ਹਾਂ ਦੀਆਂ ਰੋਜ਼ਾਨਾ ਲੋੜਾਂ ਦਾ ਕੀ ਬਣੇਗਾ? ਰੋਹਤਕ ਜ਼ਿਲ੍ਹੇ ਦਾ 56 ਸਾਲਾ ਕੋਆਪਰੇਟਿਵ ਬੈਂਕ ਮੈਨੇਜਰ



ਲਗਾਤਾਰ ਤਿੰਨ ਦਿਨ ਤੇ ਤਿੰਨ ਰਾਤਾਂ ਕੰਮ ਕਰਦਾ ਰਿਹਾ ਤੇ ਚੌਥੇ ਦਿਨ ਸਕਿਉਰਿਟੀ ਗਾਰਡ ਨੇ ਉਹਦੀ ਲਾਸ਼ ਬੈਂਕ ਵਿਚ ਦੇਖੀ। ਕੀ ਇਹ ਸਾਰੇ ਲੋਕ ਜੋ ਇਸ ਨੋਟਬੰਦੀ ਦੇ ਭਿਆਨਕ ਸਮੇਂ ਵਿਚ ਦੁਨੀਆਂ ਨੂੰ ਛੱਡ ਗਏ, ਸਾਡਿਆਂ ਚੇਤਿਆਂ ਦਾ ਹਿੱਸਾ ਹਨ? ਕੀ ਸਰਕਾਰ ਇਨ੍ਹਾਂ ਨੂੰ ਆਪਣੇ ਆਰਥਿਕ ਸੁਧਾਰਾਂ ਦੇ ਸ਼ਹੀਦ ਮੰਨਣ ਨੂੰ ਤਿਆਰ ਹੈ? ਹਾਲਾਂਕਿ ਵਿਰੋਧੀ ਧਿਰ ਵੱਲੋਂ ਗੁਲਾਮ ਨਬੀ ਆਜ਼ਾਦ ਨੇ ਮੰਗ ਕੀਤੀ ਸੀ, ਪਰ ਸਾਡੀ ਸਰਕਾਰ ਨੇ ਤਾਂ ਇਨ੍ਹਾਂ ਮਰਨ ਵਾਲਿਆਂ ਨੂੰ ਸ਼ਰਧਾਂਜਲੀ ਦੇਣੀ ਵੀ ਯੋਗ ਨਹੀਂ ਸੀ ਸਮਝੀ।

ਉਂਜ ਤਾਂ ਇਸ ਵਾਰ ਦੇ ਅਰਥ ਸ਼ਾਸਤਰ ਦੇ ਨੋਬੇਲ ਪੁਰਸਕਾਰ ਜੇਤੂ ਰਿਚਰਡ ਥੇਲਰ ਨੇ ਸਾਲ ਪਹਿਲਾਂ ਨੋਟਬੰਦੀ ਦਾ ਸਮਰਥਨ ਕੀਤਾ ਸੀ, ਭਾਵੇਂ ਦੋ ਹਜ਼ਾਰ ਦਾ ਨੋਟ ਜਾਰੀ ਕਰਨ ਦਾ ਫੈਸਲਾ ਉਹਨੂੰ ਵੀ ਅਜੀਬ ਹੀ ਲੱਗਿਆ। ਅਸੀਂ ਉਡੀਕ ਕਰਾਂਗੇ ਕਿ ਹੁਣ ਥੇਲਰ ਇਸ ਦੇ ਨਤੀਜਿਆਂ ਬਾਰੇ ਕੀ ਕਹਿੰਦਾ ਹੈ, ਪਰ ਪਾਠਕਾਂ ਲਈ ਇਹ ਜਾਣਨਾ ਵੀ ਜ਼ਰੂਰੀ ਹੈ ਕਿ ਦੋ ਹੋਰ ਨੋਬੇਲ ਜੇਤੂਆਂ ਪਾਲ ਕਰੂਗਮੈਨ ਤੇ ਅਮਰਤਿਆ ਸੇਨ ਨੇ ਨੋਟਬੰਦੀ ਦਾ ਸਪਸ਼ਟ ਵਿਰੋਧ ਕੀਤਾ ਸੀ। ਨੋਬੇਲ ਦੀ ਕਤਾਰ ਵਿਚ ਖੜ੍ਹੇ ਰਘੁਰਾਮ ਰਾਜਨ ਨੇ ਵੀ ਇਸ ਦਾ ਵਿਰੋਧ ਕੀਤਾ ਸੀ ਤੇ ਸ਼ਾਇਦ ਇਸੇ ਲਈ ਉਹ ਰਿਜ਼ਰਵ ਬੈਂਕ ਦੇ ਗਵਰਨਰ ਦਾ ਅਹੁਦਾ ਵੀ ਲਗਭਗ ਛੱਡ ਕੇ ਹੀ ਗਿਆ ਸੀ, ਪਰ ਇਸ ਵੇਲੇ ਸਭ ਤੋਂ ਮਹੱਤਵਪੂਰਨ ਟਿੱਪਣੀ ਯਸ਼ਵੰਤ ਸਿਨਹਾ ਦੀ ਹੈ ਜਿਸ ਅਨੁਸਾਰ: "ਪਿਛਲੇ ਤਿੰਨ ਵਰ੍ਹਿਆਂ ਵਿਚ ਨਿੱਜੀ ਨਿਵੇਸ਼ ਦੋ ਦਹਾਕਿਆਂ ਦੇ ਨਿਮਨਤਰ ਪੱਧਰ 'ਤੇ ਹੈ, ਉਦਯੋਗਿਕ ਪੈਦਾਵਾਰ ਡਿੱਗ ਚੁੱਕੀ ਹੈ, ਖੇਤੀਬਾੜੀ ਸੰਕਟ ਵਿਚ ਹੈ, ਰੁਜ਼ਗਾਰ ਦੇ ਵੱਡੇ ਅਵਸਰ ਪੈਦਾ ਕਰਨ ਵਾਲਾ ਨਿਰਮਾਣ ਦਾ ਉਦਯੋਗ ਨਿਰਾਸ਼ ਹੈ, ਸੇਵਾਵਾਂ ਦਾ ਸੈਕਟਰ ਬਹੁਤ ਹੌਲੀ ਚਾਲ ਵਿਚ ਹੈ ਤੇ ਨਿਰਯਾਤ ਲੜਖੜਾ ਚੁੱਕੇ ਹਨ।" ਉਸ ਅਨੁਸਾਰ: "ਨੋਟਬੰਦੀ ਨਿਰੰਤਰ ਤੌਰ 'ਤੇ ਵਾਪਰ ਰਹੀ ਆਰਥਿਕ ਤਬਾਹੀ ਹੈ।" ਪੁਰਾਣੇ ਤਰੀਕੇ ਨਾਲ ਹਿਸਾਬ ਲਾਇਆਂ ਕੁੱਲ ਘਰੇਲੂ ਪੈਦਾਵਾਰ (ਜੀ.ਡੀ.ਪੀ.) ਦੀ ਦਰ 3.7 ਤਕ ਘਟ ਚੁੱਕੀ ਹੈ।

ਜੇ ਅਜੇ ਵੀ ਸੱਤਾਧਾਰੀਆਂ ਦਾ ਵਿਸ਼ਵਾਸ ਹੈ ਕਿ ਉਨ੍ਹਾਂ ਦੀ ਨੋਟਬੰਦੀ ਸਫਲ ਹੈ ਤਾਂ ਇਹ ਖੁਸ਼ਫਹਿਮੀ ਤੋਂ ਘੱਟ ਨਹੀਂ। ਡਾ. ਮਨਮੋਹਨ ਸਿੰਘ ਨੇ ਜਾਹਨ ਕੇਨਜ਼ ਦੇ ਸਿਧਾਂਤ ਦਾ ਹਵਾਲਾ ਦਿੰਦਿਆਂ ਇਹ ਵੀ ਠੀਕ ਕਿਹਾ ਸੀ ਕਿ "ਲੰਮੇ ਸਮੇਂ ਬਾਅਦ ਨੋਟਬੰਦੀ ਦੇ ਨਤੀਜਿਆਂ ਦੀ ਗੱਲ ਨਾ ਕਰੋ; ਲੰਮੇ ਸਮੇਂ ਬਾਅਦ ਤਾਂ ਲੋਕ ਮਰ ਜਾਂਦੇ ਹਨ।" ਪਰ ਉਨ੍ਹਾਂ ਦਾ ਦੁੱਖ ਕੌਣ ਵੰਡਾਵੇਗਾ ਜਿਹੜੇ ਇਸ ਨੋਟਬੰਦੀ ਕਾਰਨ ਲੰਮਾ ਸਮਾਂ ਜੀਅ ਵੀ ਨਹੀਂ ਸਕੇ। ਫੋਰਬਜ਼ ਮੈਗਜ਼ੀਨ ਦੇ ਕਾਲਮਨਵੀਸ ਟਿਮ ਵੌਰਸਟਲ ਨੇ ਸਾਨੂੰ ਮਿਹਣਾ ਮਾਰਿਆ ਹੈ ਕਿ ਹਿੰਦੁਸਤਾਨ ਵਿਚ ਹਰ ਮਹੀਨੇ 3700 ਬੰਦਾ ਸੱਪਾਂ ਦੇ ਡੰਗਣ ਨਾਲ ਮਰਦਾ ਹੈ। ਦੁਨੀਆਂ ਭਰ ਵਿਚ ਖਸਰੇ ਨਾਲ ਮਰਨ ਵਾਲੇ ਲੋਕਾਂ ਦੀ ਅੱਧੀ ਗਿਣਤੀ ਭਾਰਤੀਆਂ ਦੀ ਹੈ ਤੇ ਮਹੀਨੇ ਵਿਚ 6000 ਲੋਕ ਇਸੇ ਕਾਰਨ ਮਰਦੇ ਹਨ। ਟਿਮ ਕਹਿੰਦਾ ਹੈ ਕਿ 100 ਮੌਤਾਂ ਦੀ ਗਿਣਤੀ 6000 ਤੋਂ ਜ਼ਿਆਦਾ ਦੁਖਦਾਈ ਨਹੀਂ। ਇਹ ਕੀ ਦਲੀਲ ਹੋਈ ਕਿ ਜੇ ਛੇ ਹਜ਼ਾਰ ਮਰ ਗਿਆ ਤਾਂ 100 ਵੀ ਮਰਨ ਦਿਉ? ਮੌਤ ਕੋਈ ਵੀ ਬੁਰੀ ਹੈ, ਉਹ ਭਾਵੇਂ ਸਰਹੱਦ 'ਤੇ ਚੱਲੀ ਗੋਲੀ ਨਾਲ ਵਾਪਰੇ ਤੇ ਭਾਵੇਂ ਕਿਸੇ ਹਾਦਸੇ ਨਾਲ, ਪਰ ਟਿਮ ਨੂੰ ਸਾਡਾ ਸਵਾਲ ਹੈ ਕਿ ਜਦੋਂ ਮਰਨ ਵਾਲਿਆਂ ਦੀਆਂ ਆਉਂਦੀਆਂ ਨਸਲਾਂ ਨੂੰ ਦੱਸਿਆ ਜਾਵੇਗਾ ਕਿ ਉਨ੍ਹਾਂ ਦਾ ਵਡੇਰਾ ਬਿਮਾਰੀ, ਯੁੱਧ, ਆਤੰਕ, ਨਸਲੀ ਘਿਰਣਾ ਜਾਂ ਕੁਦਰਤੀ ਆਫ਼ਤ ਨਾਲ ਮਾਰਿਆ ਗਿਆ ਤਾਂ ਉਹ ਨਸਲਾਂ ਕੁਦਰਤ ਜਾਂ ਮਨੁੱਖਤਾ ਦੀਆਂ ਸਾਂਝੀਆਂ ਇਤਿਹਾਸਕ ਗਲਤੀਆਂ ਅਤੇ ਬੇਵਕੂਫੀਆਂ ਨੂੰ ਕੋਸਣਗੀਆਂ, ਪਰ ਜਦੋਂ ਉਨ੍ਹਾਂ ਨੂੰ ਪਤਾ ਲੱਗੇਗਾ ਕਿ ਇਹ ਮੌਤ ਨੋਟਬੰਦੀ ਕਰ ਕੇ ਹੋਈ ਹੈ ਤਾਂ ਇਹ ਅੰਦਾਜ਼ਾ ਲਾਉਣਾ ਔਖਾ ਨਹੀਂ ਕਿ ਉਹ ਕਿਸ ਨੂੰ ਦੋਸ਼ੀ ਕਹੇਗਾ?

ਨੋਟਬੰਦੀ ਨਿਸ਼ਚਿਤ ਤੌਰ 'ਤੇ ਵੱਡਾ ਕਦਮ ਸੀ। ਭਾਜਪਾ ਦੇ ਇੱਕ ਹੋਰ ਨੇਤਾ ਅਰੁਣ ਸ਼ੋਰੀ ਦੀ ਗੱਲ ਵੀ ਸੁਣੋ; ਉਹ ਕਹਿੰਦਾ ਹੈ: "ਇਹ ਸਰਕਾਰ ਢਾਈ ਕੁ ਬੰਦਿਆਂ ਦੁਆਰਾ ਚਲਦੀ ਹੈ ਤੇ ਉਨ੍ਹਾਂ ਵਿਚੋਂ ਇੱਕ ਨਰਿੰਦਰ ਮੋਦੀ ਨੂੰ ਨੋਟਬੰਦੀ ਦਾ ਇਲਹਾਮ ਹੋ ਗਿਆ... ਇਹ ਨਿਸ਼ਚੇ ਹੀ ਸਰਕਾਰ ਦਾ ਮਜ਼ਬੂਤ ਕਦਮ ਹੈ, ਪਰ ਯਾਦ ਰਹੇ ਕਿ ਆਤਮ-ਹੱਤਿਆ ਵੀ ਇੱਕ ਮਜ਼ਬੂਤ ਕਦਮ ਹੁੰਦਾ ਹੈ।" ਅਸੀਂ ਦਿਲੋਂ ਚਾਹੁੰਦੇ ਹਾਂ ਕਿ ਨੋਟਬੰਦੀ ਆਤਮ-ਹੱਤਿਆ ਸਾਬਤ ਨਾ ਹੋਵੇ ਅਤੇ ਇਸ ਦੇ ਚੰਗੇ ਨਤੀਜੇ ਦੇਰ ਸਵੇਰ ਕਦੇ ਜ਼ਰੂਰ ਦਿਸਣ ਲੱਗ ਪੈਣ, ਪਰ ਅਸੀਂ ਇਹ ਜ਼ਰੂਰ ਕਹਾਂਗੇ ਕਿ ਨੋਟਬੰਦੀ ਨੇ ਜਿਹੜੀਆਂ ਜਾਣੇ-ਅਣਜਾਣੇ ਹੱਤਿਆਵਾਂ ਕੀਤੀਆਂ ਹਨ, ਘੱਟੋ-ਘੱਟ ਉਨ੍ਹਾਂ ਦੀ ਮੁਆਫ਼ੀ ਕਿਸੇ ਢੁਕਵੇਂ ਢੰਗ ਨਾਲ ਜ਼ਰੂਰ ਮੰਗ ਲਈ ਜਾਵੇ। ਚੌੜੇ ਸੀਨੇ ਵਾਲੇ ਲੋਕ ਹੀ ਐਸਾ ਕਰ ਸਕਦੇ ਹਨ। ਮਰੇ ਲੋਕਾਂ ਦੇ ਪਰਿਵਾਰਾਂ ਨੂੰ ਘੱਟੋ-ਘੱਟ ਇਹ ਅਹਿਸਾਸ ਤਾਂ ਹੋਵੇ ਕਿ ਉਨ੍ਹਾਂ ਦੇ ਪਿਆਰੇ ਪਰਜਾਤੰਤਰ ਵਿਚ ਮਰੇ ਹਨ, ਕਿਸੇ ਫ਼ਾਸ਼ੀਵਾਦੀ ਰਾਜ ਵਿਚ ਨਹੀਂ!

# ਲੰਗਾਹ ਮਾਮਲਾ ਅਤੇ ਅਕਾਲ ਤਖਤ ਦਾ ਮਹੱਤਵ

ਸ਼੍ਰੋਮਣੀ ਅਕਾਲੀ ਦਲ-ਭਾਜਪਾ ਸਰਕਾਰ ਸਮੇਂ ਮੰਤਰੀ ਰਹੇ ਸੁੱਚਾ ਸਿੰਘ ਲੰਗਾਹ ਨੂੰ ਸਿੱਖਾਂ ਦੀ ਸਰਵਉਚ ਧਾਰਮਿਕ ਸੰਸਥਾ- ਅਕਾਲ ਤਖਤ ਨੇ ਸਿੱਖ ਭਾਈਚਾਰੇ ਵਿਚੋਂ ਖਾਰਿਜ ਦਿੱਤਾ ਹੈ। ਇਹ ਕਾਰਵਾਈ ਉਨ੍ਹਾਂ ਵੱਲੋਂ ਪਰਾਈ ਔਰਤ ਨਾਲ ਸਰੀਰਕ ਸਬੰਧ ਬਣਾਉਣ, ਡਰਾਉਣ-ਧਮਕਾਉਣ ਤੇ ਧੋਖਾਧੜੀ ਦੇ ਦੋਸ਼ਾਂ ਤਹਿਤ ਕੀਤੀ ਗਈ ਹੈ। ਇਸ ਫੈਸਲੇ ਨਾਲ ਸ੍ਰੀ ਅਕਾਲ ਤਖਤ ਦਾ ਮਾਣ-ਸਨਮਾਨ ਵਧਿਆ ਹੈ, ਜਦੋਂਕਿ ਪਹਿਲਾਂ ਕਈ ਵਾਰ

ਕੇ.ਐਸ. ਚਾਵਲਾ
ਫੋਨ: +91-99886-44244

ਲਏ ਗਲਤ ਫੈਸਲਿਆਂ ਕਾਰਨ ਇਹ ਵਿਵਾਦਾਂ ਵਿਚ ਘਿਰਿਆ ਰਿਹਾ ਹੈ। ਸ਼੍ਰੋਮਣੀ ਅਕਾਲੀ ਦਲ ਵਿਚ ਕਿਸੇ ਸਮੇਂ ਬਹੁਤ ਹਰਮਨਪਿਆਰੇ ਰਹੇ ਨੇਤਾ ਸੁੱਚਾ ਸਿੰਘ ਲੰਗਾਹ ਖਿਲਾਫ ਜਿਸ ਤਰ੍ਹਾਂ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਤੁਰੰਤ ਕਾਰਵਾਈ ਕੀਤੀ, ਉਸ ਨੇ ਸਾਰਿਆਂ ਨੂੰ ਹੈਰਾਨ ਕੀਤਾ ਸੀ। ਉਨ੍ਹਾਂ ਨੇ ਲੰਗਾਹ ਕੋਲੋਂ ਪਾਰਟੀ ਦੇ ਸਾਰੇ ਅਹੁਦੇ ਖੋਹਦਿਆਂ, ਉਨ੍ਹਾਂ ਨੂੰ ਮੁੱਢਲੀ ਮੈਂਬਰੀ ਤੋਂ ਵੀ ਖਾਰਜ ਕਰ ਦਿੱਤਾ ਸੀ। ਇਹ ਫੈਸਲਾ, ਅਕਾਲ ਤਖਤ ਦੇ ਫੈਸਲੇ ਤੋਂ ਕੁਝ ਦਿਨ ਪਹਿਲਾਂ ਕੀਤਾ ਗਿਆ ਸੀ। ਇਹ ਪਹਿਲੀ ਵਾਰ ਹੈ ਕਿ ਜਦੋਂ ਅਕਾਲ ਤਖਤ ਤੇ ਸ਼੍ਰੋਮਣੀ ਅਕਾਲੀ ਦਲ, ਦੋਵਾਂ ਨੇ ਅਜਿਹੇ 'ਦਲੇਰਾਨਾ' ਕਦਮ ਉਠਾਏ ਹਨ।

ਗੁਰੂ ਗੋਬਿੰਦ ਸਿੰਘ ਜੀ ਨੇ ਭਾਵੇਂ ਅਕਾਲ ਤਖਤ ਨੂੰ ਸਿੱਖਾਂ ਦੀ ਸਰਵਉਚ ਧਾਰਮਿਕ ਅਥਾਰਿਟੀ ਐਲਾਨਿਆ ਸੀ, ਅਕਾਲ ਤਖਤ ਦੀ ਸਥਾਪਨਾ ਤੋਂ ਪਹਿਲਾਂ ਸਿੱਖ ਇਤਿਹਾਸ ਵਿਚ ਪਹਿਲੀ ਧਾਰਮਿਕ ਸਜ਼ਾ ਗੁਰੂ ਅੰਗਦ ਦੇਵ ਜੀ ਨੇ ਸੱਤਾ ਤੇ ਬਲਵੰਡ ਰਾਗੀਆਂ ਨੂੰ ਦਿੱਤੀ ਸੀ। ਇਹ ਰਾਗੀ, ਗੁਰੂ ਅੰਗਦ ਦੇਵ ਜੀ ਦੀ ਹਜ਼ੂਰੀ ਵਿਚ ਭਰਦੇ ਦਰਬਾਰ ਵਿਚ ਕੀਰਤਨ ਕਰਿਆ ਕਰਦੇ ਸਨ। ਉਘੇ ਸਿੱਖ ਸਕਾਲਰ ਪ੍ਰੋਫੈਸਰ ਪ੍ਰਿਥੀਪਾਲ ਸਿੰਘ ਕਪੂਰ ਅਨੁਸਾਰ, ਦੋਵਾਂ ਨੇ ਇੱਕ ਦਿਨ ਗੁਰੂ ਅੰਗਦ ਦੇਵ ਜੀ ਨੂੰ ਕਿਹਾ ਕਿ ਉਨ੍ਹਾਂ ਨੂੰ ਇੱਕ ਦਿਨ ਦਾ ਚੜ੍ਹਾਵਾ ਦਿੱਤਾ ਜਾਵੇ। ਗੁਰੂ ਜੀ ਸਹਿਮਤ ਹੋ ਗਏ। ਜਿਸ ਦਿਨ ਉਨ੍ਹਾਂ ਨੂੰ ਪੂਰੇ ਦਿਨ ਦਾ ਚੜ੍ਹਾਵਾ ਦਿੱਤਾ ਜਾਣਾ ਸੀ, ਉਸ ਦਿਨ ਉਹ ਰਾਸ਼ੀ ਘੱਟ ਰਹਿ ਗਈ। ਸੱਤਾ ਤੇ ਬਲਵੰਡ ਗੁੱਸੇ ਵਿਚ ਆ ਕੇ ਗੁਰੂ ਜੀ ਖਿਲਾਫ ਹੀ ਕੀਰਤਨ ਕਰਨ ਲੱਗ ਪਏ। ਗੁਰੂ ਜੀ ਨੇ ਉਨ੍ਹਾਂ ਨੂੰ ਭਾਈਚਾਰੇ ਵਿਚੋਂ ਛੇਕ ਦਿੱਤਾ। ਕੁਝ ਸਮੇਂ ਬਾਅਦ ਉਨ੍ਹਾਂ ਨੂੰ ਆਪਣੀ ਗਲਤੀ ਦਾ ਅਹਿਸਾਸ ਹੋਇਆ ਤਾਂ ਉਹ ਅਸਰ-ਰਸੂਖ ਵਾਲੇ ਕੁਝ ਸਿੱਖਾਂ ਨੂੰ ਲੈ ਕੇ ਗੁਰੂ ਜੀ ਅੱਗੇ ਹਾਜ਼ਰ ਹੋਏ ਤੇ ਆਪਣੀ ਗਲਤੀ ਪ੍ਰਵਾਨ ਕਰਦਿਆਂ ਮੁਆਫ਼ੀ ਮੰਗੀ। ਗੁਰੂ ਜੀ ਨੇ ਉਨ੍ਹਾਂ ਨੂੰ ਮੁਆਫ ਕਰ ਦਿੱਤਾ ਤੇ ਮੁੜ ਕੀਰਤਨ ਕਰਨ ਦੀ ਇਜਾਜ਼ਤ ਦੇ ਦਿੱਤੀ।

ਛੇਵੇਂ ਗੁਰੂ ਹਰਿਗੋਬਿੰਦ ਸਾਹਿਬ ਨੇ ਅਕਾਲ ਤਖਤ ਦੀ ਸਥਾਪਨਾ ਕੀਤੀ। ਗੁਰੂ ਜੀ ਨੇ 15 ਮੈਂਬਰੀ ਕੌਂਸਲ ਕਾਇਮ ਕੀਤੀ ਜਿਹੜੀ ਮਸਲਿਆਂ ਉਪਰ ਵਿਚਾਰ ਕਰ ਕੇ ਆਪਣੀ ਰਿਪੋਰਟ ਉਨ੍ਹਾਂ ਕੋਲ ਅੰਤਿਮ ਫੈਸਲੇ ਲਈ ਪੇਸ਼ ਕਰਦੀ ਸੀ।

ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਦੀ ਸਾਜਨਾ ਕੀਤੇ ਜਾਣ ਬਾਅਦ ਅਕਾਲ ਤਖਤ ਨੂੰ ਹੀ ਧਾਰਮਿਕ ਸਰਵਉਚ ਅਥਾਰਿਟੀ ਕਰਾਰ ਦਿੱਤੇ ਜਾਣ ਸਮੇਂ ਸਿੱਖਾਂ ਲਈ ਰਹਿਤ ਮਰਿਆਦਾ ਮੁਕੱਰਰ ਕੀਤੀ ਸੀ। ਚਾਰ ਬਜਰ ਕੁਰਹਿਤਾਂ ਐਲਾਨੀਆਂ ਸਨ, ਜਿਨ੍ਹਾਂ ਕਾਰਨ ਸਿੱਖਾਂ ਨੂੰ ਸਜ਼ਾ ਦਿੱਤੀ ਜਾਂ ਛੇਕਿਆ ਜਾ ਸਕਦਾ ਸੀ। ਇਹ ਸਨ ਵਾਲ ਕੱਟਣੇ, ਪਰਾਈ ਇਸਤਰੀ ਨਾਲ ਸਰੀਰਕ ਸਬੰਧ ਕਾਇਮ ਕਰਨੇ, ਧੀ ਦੀ ਹੱਤਿਆ ਕਰਨੀ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ/ਗੁਰੂਆਂ ਦਾ ਅਪਮਾਨ ਕਰਨਾ।

***ਅਕਾਲ ਤਖਤ ਦੇ ਸਾਬਕਾ ਜਥੇਦਾਰ ਪ੍ਰੋਫੈਸਰ ਦਰਸ਼ਨ ਸਿੰਘ ਇਸ ਵੇਲੇ ਪੰਥ ਵਿਚੋਂ ਛੇਕੇ ਹੋਏ ਹਨ, ਪਰ ਸ਼੍ਰੋਮਣੀ ਕਮੇਟੀ ਦੀ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ, ਜਿਨ੍ਹਾਂ ਉਪਰ ਆਪਣੀ ਧੀ ਦੀ ਹੱਤਿਆ ਦਾ ਦੋਸ਼ ਹੈ ਤੇ ਹੇਠਲੀ ਅਦਾਲਤ ਨੇ ਦੋਸ਼ੀ ਠਹਿਰਾ ਕੇ ਉਨ੍ਹਾਂ ਨੂੰ ਸਜ਼ਾ ਦਿੱਤੀ ਹੋਈ ਹੈ, ਉਨ੍ਹਾਂ ਨੂੰ ਅਕਾਲ ਤਖਤ ਨੇ ਕੋਈ ਸਜ਼ਾ ਨਹੀਂ ਦਿੱਤੀ। ਉਹ ਜ਼ਮਾਨਤ ਉਪਰ ਹਨ। ਇਸ ਵੇਲੇ ਸ਼੍ਰੋਮਣੀ ਅਕਾਲੀ ਦਲ ਦੇ ਇਸਤਰੀ ਵਿੰਗ ਦੀ ਪ੍ਰਧਾਨ ਵੀ ਹਨ। ਇਹ ਅਕਾਲ ਤਖਤ ਤੇ ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਵੱਲੋਂ ਕੀਤੇ ਪੱਖਪਾਤ ਵੱਲ ਇਸ਼ਾਰਾ ਕਰਦੇ ਹਨ।***

ਮਹਾਰਾਜਾ ਰਣਜੀਤ ਸਿੰਘ ਨੂੰ ਵੀ ਇਕ ਵਾਰ ਤਤਕਾਲੀ ਜਥੇਦਾਰ ਅਕਾਲੀ ਫੂਲਾ ਸਿੰਘ ਨੇ ਅਕਾਲ ਤਖਤ 'ਤੇ ਤਲਬ ਕੀਤਾ ਸੀ।

ਅਜੋਕੇ ਸਮਿਆਂ ਵਿਚ ਕੁਝ ਉਘੀਆਂ ਸਿੱਖ ਸ਼ਖਸੀਅਤਾਂ ਨੂੰ ਅਕਾਲ ਤਖਤ 'ਤੇ ਤਲਬ ਕੀਤਾ ਗਿਆ, ਜਿਨ੍ਹਾਂ ਵਿਚ ਗਿਆਨੀ ਜ਼ੈਲ ਸਿੰਘ (ਤਤਕਾਲੀ ਰਾਸ਼ਟਰਪਤੀ) ਤੇ ਬੂਟਾ ਸਿੰਘ (ਤਤਕਾਲੀ ਕੇਂਦਰੀ ਗ੍ਰਹਿ ਮੰਤਰੀ) ਵੀ ਸ਼ਾਮਲ ਸਨ। ਇਨ੍ਹਾਂ ਨੂੰ ਸਾਕਾ ਨੀਲਾ ਤਾਰਾ ਕਾਰਨ ਤਲਬ ਕੀਤਾ ਗਿਆ ਸੀ। ਗਿਆਨੀ ਜ਼ੈਲ ਸਿੰਘ ਆਪ ਪੇਸ਼ ਨਹੀਂ ਹੋਏ, ਪਰ ਆਪਣੇ ਏਲਚੀ ਰਾਹੀਂ ਘਟਨਾਕ੍ਰਮ 'ਤੇ ਦੁੱਖ ਪ੍ਰਗਟਾਉਣ ਤੇ ਸਪਸ਼ਟੀਕਰਨ ਦੇਣ ਕਾਰਨ ਬਖਸ਼ ਦਿੱਤੇ ਗਏ। ਬੂਟਾ ਸਿੰਘ ਬਾਅਦ ਵਿਚ ਪੇਸ਼ ਹੋਏ ਤੇ ਮੁਆਫ਼ੀ ਮੰਗੀ। ਉਨ੍ਹਾਂ ਨੂੰ ਧਾਰਮਿਕ ਸਜ਼ਾ ਪ੍ਰਵਾਨ ਤੇ ਪੂਰੀ ਕਰਨ ਬਾਅਦ ਮਾਫ ਕਰ ਦਿੱਤਾ ਗਿਆ, ਹਾਲਾਂਕਿ ਪਹਿਲਾਂ ਦੋਵਾਂ ਨੂੰ ਪੰਥ ਵਿਚੋਂ ਛੇਕ ਦਿੱਤਾ ਗਿਆ ਸੀ।

ਅਕਾਲ ਤਖਤ ਦੇ ਸਾਬਕਾ ਜਥੇਦਾਰ ਪ੍ਰੋਫੈਸਰ ਦਰਸ਼ਨ ਸਿੰਘ ਇਸ ਵੇਲੇ ਪੰਥ ਵਿਚੋਂ ਛੇਕੇ ਹੋਏ ਹਨ, ਪਰ ਸ਼੍ਰੋਮਣੀ ਕਮੇਟੀ ਦੀ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ, ਜਿਨ੍ਹਾਂ ਉਪਰ ਆਪਣੀ ਧੀ ਦੀ ਹੱਤਿਆ ਦਾ ਦੋਸ਼ ਹੈ ਤੇ ਹੇਠਲੀ ਅਦਾਲਤ ਨੇ ਦੋਸ਼ੀ ਠਹਿਰਾ ਕੇ ਉਨ੍ਹਾਂ ਨੂੰ ਸਜ਼ਾ ਦਿੱਤੀ ਹੋਈ ਹੈ, ਉਨ੍ਹਾਂ ਨੂੰ ਅਕਾਲ ਤਖਤ ਨੇ ਕੋਈ ਸਜ਼ਾ ਨਹੀਂ ਦਿੱਤੀ। ਉਹ ਜ਼ਮਾਨਤ ਉਪਰ ਹਨ। ਇਸ ਵੇਲੇ ਸ਼੍ਰੋਮਣੀ ਅਕਾਲੀ ਦਲ ਦੇ ਇਸਤਰੀ ਵਿੰਗ ਦੀ ਪ੍ਰਧਾਨ ਵੀ ਹਨ। ਇਹ ਅਕਾਲ ਤਖਤ ਤੇ ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਵੱਲੋਂ ਕੀਤੇ ਪੱਖਪਾਤ ਵੱਲ ਇਸ਼ਾਰਾ ਕਰਦੇ ਹਨ। ਡੇਰਾ ਸਿਰਸਾ ਦੇ ਮੁਖੀ ਨੂੰ ਅਕਾਲ ਤਖਤ ਉਪਰ ਪੇਸ਼ ਹੋਏ ਬਗੈਰ ਮੁਆਫੀ ਦੇਣਾ ਵੀ ਵਿਵਾਦ ਬਣਿਆ ਹੋਇਆ ਹੈ। ਅਜਿਹਾ ਸ਼੍ਰੋਮਣੀ ਅਕਾਲੀ, ਖਾਸ ਕਰ ਕੇ ਸੁਖਬੀਰ ਸਿੰਘ ਬਾਦਲ ਦੇ ਕਹਿਣ 'ਤੇ ਹੋਇਆ ਸੀ। ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਵੱਲੋਂ ਅਜਿਹਾ ਕਰਾਏ ਜਾਣ ਦਾ ਪਰਦਾ ਫਾਸ਼ ਗਿਆਨੀ ਗੁਰਮੁਖ ਸਿੰਘ (ਸਾਬਕਾ ਜਥੇਦਾਰ, ਤਖਤ ਦਮਦਮਾ ਸਾਹਿਬ ਤਲਵੰਡੀ ਸਾਬੋ) ਨੇ ਕੀਤਾ ਤਾਂ ਉਨ੍ਹਾਂ ਦਾ ਤਬਾਦਲਾ ਹਰਿਆਣਾ ਦੇ ਇਕ ਗੁਰਦੁਆਰੇ ਵਿਚ ਕਰ ਦਿੱਤਾ ਗਿਆ। ਡੇਰਾ ਸਿਰਸਾ ਦੇ ਮੁਖੀ ਨੂੰ ਦਿੱਤੀ ਗਈ ਮੁਆਫੀ, ਅਕਾਲ ਤਖਤ ਨੂੰ ਵਾਪਸ ਲੈਣੀ ਪਈ। ਇਹ ਵਿਵਾਦ ਅਜੇ ਵੀ ਜਾਰੀ ਹੈ।

ਪੰਜਾਬ ਸਰਕਾਰ ਨੇ 2015 ਵਿਚ ਵਾਪਰੀਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਬੇਅਦਬੀ ਦੀਆਂ ਘਟਨਾਵਾਂ ਦੀ ਜਾਂਚ ਲਈ ਜਸਟਿਸ ਰਣਜੀਤ ਸਿੰਘ ਕਮਿਸ਼ਨ ਕਾਇਮ ਕੀਤਾ ਹੋਇਆ ਹੈ। ਕਮਿਸ਼ਨ ਨੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਾਂ ਉਨ੍ਹਾਂ ਦੇ ਕਿਸੇ ਪ੍ਰਤੀਨਿਧ ਨੂੰ, ਡੇਰਾ ਸਿਰਸਾ ਦੇ ਮੁਖੀ ਨੂੰ ਮਾਫੀ ਦਿੱਤੇ ਜਾਣ ਵਾਲਾ ਰਿਕਾਰਡ ਲੈ ਕੇ ਪੇਸ਼ ਹੋਣ ਲਈ ਕਿਹਾ ਹੋਇਆ ਹੈ। ਇਕ ਸਿੱਖ ਸਕਾਲਰ ਦੀ ਟਿੱਪਣੀ ਹੈ, "ਅਕਾਲ ਤਖਤ ਦੇ ਮੌਜੂਦਾ ਜਥੇਦਾਰ, ਜਿਨ੍ਹਾਂ ਨੇ ਸਿੱਖਾਂ ਦੀ ਇਸ ਸਰਵਉਚ ਧਾਰਮਿਕ ਸੰਸਥਾ ਦੇ ਵੱਕਾਰ ਨੂੰ ਠੇਸ ਪਹੁੰਚਾਈ ਹੈ, ਉਨ੍ਹਾਂ ਨੂੰ ਪੰਥ ਵਿਚੋਂ ਕੌਣ ਛੇਕੇਗਾ?"

# ਦੁੱਖ ਭੰਜਣੇ ਪਾਣੀ, ਥਾਂਵਾਂ ਤੇ ਰੁੱਖ

## ਨਿੱਕ ਸੁੱਕ



**ਗੁਲਜ਼ਾਰ ਸਿੰਘ ਸੰਧੂ**
Sandhugulzar@yahoo.com

1971 ਵਿਚ ਆਸਟ੍ਰੇਲੀਆ ਤੋਂ ਮੇਰੀ ਨਾਵਲਕਾਰ ਦੋਸਤ ਬੈਟੀ ਕਾਲਿਨਜ਼ ਆਈ ਹੋਈ ਸੀ ਜੋ ਬੋਧੀ ਹੋਣ ਕਾਰਨ ਮਹਾਤਮਾ ਬੁੱਧ ਦੇ ਜਨਮ ਸਥਾਨ ਲੁੰਬਨੀ ਜਾਣਾ ਚਾਹੁੰਦੀ ਸੀ। ਉਸ ਦੇ ਨਾਲ ਉਸ ਦਾ ਬੇਟਾ ਫਿਲਿਪ ਤੇ ਉਸ ਦੀ ਸਹੇਲੀ ਵੇਲਰੀ ਕੈਨੇਡੀ ਵੀ ਸੀ। ਅਸੀਂ ਕਾਰ ਰਾਹੀਂ ਜਾਣ ਦਾ ਫੈਸਲਾ ਕੀਤਾ-ਪੈਟਰੋਲ ਉਸ ਦਾ ਤੇ ਕਾਰ ਮੇਰੀ।

ਦਿੱਲੀ ਤੋਂ ਲਖਨਊ, ਸੀਤਾਪੁਰ, ਸਾਹੋਬ-ਮਹੇਤ ਤੇ ਬਸਤੀ ਜ਼ਿਲ੍ਹੇ ਤੋਂ ਨੇਪਾਲ ਦੀ ਹੱਦ ਪਾਰ ਕਰਕੇ ਅਸੀਂ ਲੁੰਬਨੀ ਪਹੁੰਚ ਗਏ। ਬੈਟੀ ਤੋਂ ਬਿਨਾ ਕਿਸੇ ਕੋਲ ਪਾਸਪੋਰਟ ਨਹੀਂ ਸੀ। ਕਾਰ ਦੇ ਮੁਸਾਫਰਾਂ ਦਾ ਨਾਂ ਪਤਾ ਦਰਜ ਕਰਾ ਕੇ ਨਵੀਂ ਧਰਤੀ ਤੇ ਨਵਾਂ ਦੇਸ਼ ਵੇਖਣ ਦੀ ਖੁੱਲ੍ਹ ਸੀ। ਸਰਹੱਦ ਦੇ ਦੋਨੋਂ ਪਾਸੇ ਸਮਗਲ ਕੀਤੀਆਂ ਵਸਤਾਂ ਦੇ ਬਾਜ਼ਾਰ ਤੇ ਉਨ੍ਹਾਂ ਦੇ ਪਿੱਛੇ ਅੰਬਾਂ ਦੇ ਸੰਘਣੇ ਬਾਗ। ਸਾਰੇ ਪਾਸੇ ਸ਼ਾਂਤੀ ਹੀ ਸ਼ਾਂਤੀ ਸੀ।


ਸਾਨੂੰ ਦੱਸਿਆ ਗਿਆ ਕਿ ਮਹਾਤਮਾ ਬੁੱਧ ਦੇ ਜੰਮਣ ਵੇਲੇ ਉਸ ਦੀ ਮਾਂ ਕਪਿਲਵਸਤੂ ਦੇ ਰਾਜ ਮਹਿਲ ਤੱਕ ਵੀ ਨਹੀਂ ਸੀ ਪਹੁੰਚ ਸਕੀ। ਉਸ ਨੇ ਅੰਬ ਦੇ ਰੁੱਖ ਦਾ ਸਹਾਰਾ ਲੈ ਕੇ ਦੁਨੀਆਂ ਦੇ ਸਭ ਤੋਂ ਵੱਡੇ ਮਹਾਤਮਾ ਨੂੰ ਜਨਮ ਦੇ ਦਿੱਤਾ ਸੀ। ਮਹਾਤਮਾ ਬੁੱਧ ਦੇ ਇਸ ਜਨਮ ਸਥਾਨ ਉਤੇ ਸਾਦਾ ਜਿਹਾ ਮੰਦਿਰ ਹੈ। ਕੋਈ ਫੂੰ-ਫਾਂ ਨਹੀਂ। ਜਿੱਥੇ ਕਿਧਰੇ ਵੀ ਮਹਾਤਮਾ ਬੁੱਧ ਨੇ ਚਰਨ ਪਾਏ, ਉਸ ਦੇ ਪੈਰੋਕਾਰਾਂ ਨੇ ਮਿੱਟੀ ਦਾ ਮੰਡਪ ਉਸਾਰਿਆ ਤੇ ਪ੍ਰਚਾਰ ਸਥਾਨ ਦਾ ਚਿੰਨ੍ਹ ਸਥਾਪਤ ਕਰ ਲਿਆ।

ਲੁੰਬਨੀ ਦੇ ਸ਼ਾਂਤ ਵਰਤਾਰੇ ਵਿਚ ਅੰਬਾਂ ਦੇ ਰੁੱਖਾਂ ਵਿਚੋਂ ਝੜ ਝੜ ਪੈਂਦੀ ਦੁੱਧ ਚਿੱਟੀ ਚਾਨਣੀ ਦਾ ਮਜ਼ਾ ਆਪਣਾ ਹੀ ਸੀ। ਚਾਰੇ ਪਾਸੇ ਚੁੱਪ ਤੇ ਸ਼ਾਂਤੀ ਦਾ ਰਾਜ ਸੀ। ਸੀਮਾ ਸੁਰੱਖਿਆ ਦਸਤਿਆਂ ਨੇ ਟੇਪ ਰਿਕਾਰਡਰ ਤੇ ਟਾਈਪਰਾਈਟਰ ਸੀਮਾ ਉਤੇ ਜ਼ਬਤ ਕਰਕੇ ਸ਼ਾਂਤੀ ਭੰਗ ਕਰਨ ਦੀ ਸੰਭਾਵਨਾ ਉਤੇ ਕਾਬੂ ਪਾ ਰੱਖਿਆ ਸੀ।

ਕਹਿੰਦੇ ਹਨ ਕਿ ਨੇਪਾਲ ਦੀ ਰਾਜਧਾਨੀ ਕਾਠਮੰਡੂ ਵਿਚ ਦੁਨੀਆਂ ਭਰ ਦੇ ਬੋਧੀਆਂ ਨੇ ਇਕ ਦੂਜੇ ਤੋਂ ਵੱਧ ਆਲੀਸ਼ਾਨ ਮੰਦਿਰ ਬਣਾਏ ਹੋਏ ਹਨ। ਮੈਨੂੰ ਵੱਡੇ ਵੱਡੇ ਬੋਧੀ ਮੰਦਿਰ ਹੋਰ ਦੇਸ਼ਾਂ ਵਿਚ ਦੇਖਣ ਦਾ ਮੌਕਾ ਵੀ ਮਿਲਿਆ ਹੈ ਪਰ ਜਿੰਨੀ ਸ਼ਾਂਤੀ ਤੇ ਸਾਦਗੀ ਬੁੱਧ ਦੇ ਜਨਮ ਸਥਾਨ ਲੁੰਬਨੀ ਵਿਚ ਹੈ, ਓਨੀ ਹੋਰ ਕਿਧਰੇ ਨਹੀਂ। ਇਥੇ ਬੁੱਧ ਗਯਾ ਨਾਲੋਂ ਵੀ ਵੱਧ ਕੇ ਸ਼ਾਂਤੀ ਦਾ ਵਾਰਾ-ਪਹਿਰਾ ਹੈ। ਰਕਬਾ ਇਕ ਮੁਰੱਬਾ ਮੀਲ ਤੇ ਸ਼ਾਂਤੀ ਵਾਯੂਮੰਡਲ ਦੇ ਹਾਣ ਦੀ। ਮੈਂ ਇਸ ਸ਼ਾਂਤ ਸਥਾਨ ਨੂੰ ਦੁੱਖ ਭੰਜਣ ਮੁਰੱਬਾ ਮੀਲ ਨਾਂ ਦਿੱਤਾ।

**ਦੁਖ ਭੰਜਣ ਦੇਸ਼ ਵੈਟੀਕਨ ਸਿਟੀ:**

ਇਕ ਦੇਸ਼ ਅਜਿਹਾ ਵੀ ਹੈ ਜਿਸ ਦਾ ਕੁਲ ਰਕਬਾ ਇਕ ਚੌਥਾਈ ਮੁਰੱਬਾ ਮੀਲ ਤੋਂ ਘੱਟ ਹੈ ਤੇ ਇਸ ਦੀ ਵੱਸੋਂ ਕਦੀ ਵੀ ਇਕ ਹਜ਼ਾਰ ਤੋਂ ਵੱਧ ਨਹੀਂ ਹੋਈ। ਸਹੀ ਅੰਕੜੇ ਜਾਣਨੇ ਚਾਹੋ ਤਾਂ ਰਕਬਾ .17 ਮੁਰੱਬਾ ਮੀਲ ਹੈ ਤੇ 1988 ਦੀ ਜਨਗਣਨਾ ਅਨੁਸਾਰ ਇਥੋਂ ਦੀ ਵਸੋਂ ਮਸਾਂ 766 ਸੀ। ਇਕ ਵੀ ਵਸਨੀਕ ਅਨਪੜ੍ਹ ਨਹੀਂ।



*ਮਾਈਕਲ ਐਂਜਲੋ*

ਦੁਨੀਆਂ ਦੇ ਇਸ ਸਭ ਤੋਂ ਛੋਟੇ ਦੇਸ਼ ਦਾ ਨਾਂ ਹੈ, ਵੈਟੀਕਨ ਸਿਟੀ। ਇਹ ਚਾਰੇ ਪਾਸਿਆਂ ਤੋਂ ਰੋਮ ਸ਼ਹਿਰ ਵਿਚ ਘਿਰਿਆ ਹੋਇਆ ਹੈ। ਰੋਮ ਇਟਲੀ ਦੀ ਰਾਜਧਾਨੀ ਹੈ। ਵੈਟੀਕਨ ਦੀ ਰਾਜਧਾਨੀ ਵੈਟੀਕਨ ਆਪ ਹੀ ਹੈ, ਜਿਵੇਂ ਪਿੰਡ ਤੇ ਡਾਕਖਾਨਾ ਖਾਸ।

ਰੋਮ ਸ਼ਹਿਰ ਵਿਚ ਘਿਰਿਆ ਇਹ ਰਾਜ ਏਨਾ ਕਮਜ਼ੋਰ ਵੀ ਨਹੀਂ। ਈਸਾਈ ਮੱਤ ਦੇ ਪ੍ਰਮੁੱਖ ਫਿਰਕੇ ਰੋਮਨ ਕੈਥੋਲਿਕ ਚਰਚ ਦਾ ਹੈਡ ਕੁਆਰਟਰ ਹੈ। ਸਮੁੱਚੀ ਸੰਪਰਦਾਇ ਦਾ ਵੈਟੀਕਨ ਸਿਟੀ ਵਿਚ ਬਿਰਾਜਮਾਨ ਪੋਪ ਦੇ ਹੁਕਮ ਬਿਨਾ ਪੱਤਾ ਵੀ ਨਹੀਂ ਹਿੱਲਦਾ।

ਵੈਟੀਕਨ ਦੇ ਵਿਹੜੇ ਵਿਚੋਂ ਕਈ ਕੰਧਾਂ ਨਿਕਲੀਆਂ ਹਨ ਤੇ ਇਸ ਦੀਆਂ ਇਮਾਰਤਾਂ ਦੀਆਂ ਮੰਜ਼ਿਲਾਂ ਵਿਚ ਵਾਧਾ ਹੁੰਦਾ ਰਿਹਾ ਹੈ। ਜਿਵੇਂ ਦਿੱਲੀ ਦਾ ਰੂਪ ਤੇ ਸਥਾਨ ਅਨੇਕ ਵਾਰ ਬਦਲਿਆ, ਵੈਟੀਕਨ ਸਿਟੀ ਦੀ ਦਿੱਖ ਵਿਚ ਤਬਦੀਲੀਆਂ ਆਉਂਦੀਆਂ ਰਹੀਆਂ ਹਨ। ਕੋਮਲ ਕਲਾ ਵਿਚ ਦਿਲਚਸਪੀ ਰੱਖਣ ਵਾਲਿਆਂ ਲਈ ਤਾਂ ਏਨਾ ਹੀ ਜਾਣ ਲੈਣਾ ਕਾਫੀ ਹੈ ਕਿ ਇਥੋਂ ਦੇ ਗਿਰਜਾਘਰਾਂ ਦੀ ਚਿਤਰਕਾਰੀ ਲਈ ਪ੍ਰਸਿੱਧ ਪੇਂਟਰਾਂ ਮਾਈਕਲ ਐਂਜਲੋ ਤੇ ਰਫੀਲ ਦੀਆਂ ਸੇਵਾਵਾਂ ਲਈਆਂ ਗਈਆਂ ਸਨ।

ਵੈਟੀਕਨ ਸਿਟੀ ਵਿਚ ਦੋ ਵੱਡੇ ਧਰਮ-ਸਥਾਨ ਸੇਂਟ ਪੀਟਰਜ਼ ਵੈਸਿਲਾ ਤੇ ਸਿਸਟੀਨ ਚੈਪਲ ਹਨ। ਇਥੇ ਵੱਡੀ ਲਾਇਬਰੇਰੀ ਹੀ ਨਹੀਂ, ਨਕਸ਼ਾ ਗੈਲਰੀ ਵੀ ਹੈ। ਰਫੀਲ ਤੇ ਮਾਈਕਲ ਐਂਜਲੋ ਤੋਂ ਬਿਨਾ ਇਥੇ ਦਰਜਨਾਂ ਮੂਰਤੀਕਾਰਾਂ, ਚਿਤਰਕਾਰਾਂ ਨੇ ਭਾੜੇ ’ਤੇ ਅਤੇ ਬਿਨਾ ਭਾੜੇ ਤੋਂ ਖੁਸ਼ੀ ਖੁਸ਼ੀ ਕੰਮ ਕੀਤਾ।

ਮਾਈਕਲ ਐਂਜਲੋ ਦੇ ਸੌਨੇਟ ਉਸ ਦੀ ਰੂਹਾਨੀ ਜੀਵਨੀ ਤੋਂ ਬਿਨਾ ਕੋਮਲ ਕਲਾ ਦਾ ਇਤਿਹਾਸ ਵੀ ਕਹੇ ਜਾ ਸਕਦੇ ਹਨ। ਉਸ ਦੀ ਮੌਤ ਸ਼ੇਕਸਪੀਅਰ ਦੇ ਜਨਮ ਵਰ੍ਹੇ ਵਿਚ ਹੋਈ। ਉਹ ਸ਼ੇਕਸਪੀਅਰ ਤੋਂ ਬਹੁਤ ਪਹਿਲਾਂ ਲੋਕਾਂ ਦੇ ਦਿਲਾਂ ਵਿਚ ਵੱਸ ਚੁਕਾ ਸੀ। ਕੀ ਇਹ ਹੈਰਾਨੀ ਦੀ ਗੱਲ ਨਹੀਂ ਕਿ ਸ਼ੇਕਸਪੀਅਰ ਦੇ ਜੀਵਨ ਤੇ ਕਾਰਜ ਬਾਰੇ ਤਾਂ ਹਾਲੀ ਵੀ ਭਰਮ-ਭੁਲੇਖੇ ਹਨ ਪਰ ਮਾਈਕਲ ਐਂਜਲੋ ਦਾ ਜੀਵਨ ਬਿਰਤਾਂਤ ਮਹੀਨਾਵਾਰ ਟਿੱਪਣੀਆਂ ਸਹਿਤ ਮਿਲਦਾ ਹੈ। ਇਸ ਦਾ ਆਧਾਰ ਉਸ ਵਲੋਂ ਆਪਣੇ ਭਰਾਵਾਂ ਤੇ ਭਤੀਜੇ ਨੂੰ ਲਿਖੀਆਂ 495 ਵੱਡ-ਆਕਾਰੀ ਚਿੱਠੀਆਂ ਹਨ।



*ਮਾਈਕਲ ਐਂਜਲੋ ਦੀ ਇਕ ਕ੍ਰਿਤ*

ਕਲਾਕਾਰ ਮਾਈਕਲ ਐਂਜਲੋ ਦੀ ਆਪਣੇ ਸਮੇਂ ਵਿਚ ਹੀ ਏਨੀ ਮਹਿਮਾ ਸੀ ਕਿ ਉਸ ਦੇ ਜੀਵਨ-ਕਾਲ ਵਿਚ ਹੀ ਉਸ ਦੀਆਂ ਜੀਵਨੀਆਂ ਲਿਖੀਆਂ ਗਈਆਂ। ਇਨ੍ਹਾਂ ਜੀਵਨੀਆਂ ਦੇ ਲੇਖਕ ਜਾਣਦੇ ਸਨ ਕਿ ਮਾਈਕਲ ਐਂਜਲੋ ਦੀ ਕਲਾ, ਕੰਮ ਤੇ ਕਵਿਤਾ ਨੇ ਉਸ ਨੂੰ ਜੀਵਨ ਉਪਰੰਤ ਵੀ ਜ਼ਿੰਦਾ ਰੱਖਣਾ ਹੈ। ਉਸ ਦੀ ਕਲਾ ਦਾ ਮਹੱਤਵ ਜਾਣਨ ਲਈ ਇਸ ਤੱਥ ਦੀ ਜਾਣਕਾਰੀ ਹੀ ਕਾਫੀ ਹੋਣੀ ਚਾਹੀਦੀ ਹੈ।

ਛੇ ਸਾਲ ਦੀ ਉਮਰ ਵਿਚ ਸਿਰ ਤੋਂ ਮਾਂ ਦਾ ਸਾਇਆ ਗੁਆ ਚੁੱਕਣ ਵਾਲਾ ਇਹ ਹੋਣਹਾਰ ਵਿਅਕਤੀ ਯੋਗ ਮਾਇਕ ਸਹਾਇਤਾ, ਬਾਦਸ਼ਾਹਾਂ ਵਲੋਂ ਦਿੱਤੇ ਗਏ ਠੇਕਿਆਂ ਦੀ ਮੁਕਰ-ਮੁਕਰਾਈ ਤੇ ਉਗਰਾਹੀ ਲਈ ਕਚਹਿਰੀਆਂ ਵਿਚ ਧੱਕੇ ਖਾਂਦਾ ਬੁੱਤ-ਤਰਾਸ਼ੀ ਤੇ ਚਿੱਤਰਕਾਰੀ ਦੀ ਦੁਨੀਆਂ ਵਿਚ ਏਨਾ ਨਾਮਣਾ ਖੱਟ ਗਿਆ ਕਿ ਇਹਨੂੰ ਚਮਤਕਾਰ ਹੀ ਕਿਹਾ ਜਾ ਸਕਦਾ ਹੈ।

ਮਾਈਕਲ ਐਂਜਲੋ ਸੱਠ ਸਾਲ ਦਾ ਸੀ ਜਦੋਂ ਉਸ ਨੂੰ ਪੋਪ ਪਾਲ ਤੀਜੇ ਨੇ ਆਪਣਾ ਸਰਕਾਰੀ ਬੁੱਤਘਾੜਾ ਬਣਾਇਆ ਤੇ ਉਸ ਨੇ ਵੈਟੀਕਨ ਵਿਚ ਆਪਣੀ ਚਿੱਤਰਕਾਰੀ ਤੇ ਬੁੱਤ-ਤਰਾਸ਼ੀ ਦੇ ਜੌਹਰ ਵਿਖਾਏ। ਇਨ੍ਹਾਂ ਦਿਨਾਂ ਵਿਚ ਹੀ ਉਸ ਨੇ ਸੰਨ 1536 ਈਸਵੀ ਵਿਚ ਸਿਸਟੀਨ ਚੈਪਲ ਦੇ ਗਿਰਜਾਘਰ ਵਿਚ ‘ਦੀ ਲਾਸਟ ਜਜਮੈਂਟ’ ਦੀ ਸਿਰਜਣਾ ਕੀਤੀ। ਇਸ ਦਾ ਆਧਾਰ ਉਸ ਨੇ ਕਵੀ ਦਾਂਤੇ ਵਲੋਂ ਰਚੇ ਗਏ ਪ੍ਰਾਰਥਨਾ ਗੀਤ ਨੂੰ ਬਣਾਇਆ।

ਗਾਈਡ ਦੇ ਦੱਸਣ ਅਨੁਸਾਰ ਮਾਈਕਲ ਐਂਜਲੋ ਕਵੀ ਦਾਂਤੇ ਦਾ ਏਨਾ ਮੱਦਾਹ ਸੀ ਕਿ ਦਾਂਤੇ ਦੇ ਗੀਤ ਤੋਂ ਪ੍ਰੇਰਨਾ ਲੈ ਕੇ ਉਸ ਨੇ ਕਿਆਮਤ ਦੇ ਦਿਨ ਨਾਲ ਸਬੰਧਤ ਆਪਣੀ ਕਲਾ ਨੂੰ ਏਨੀ ਉਤਮਤਾ ਦਿੱਤੀ ਕਿ ਇਸ ਦਾ ਸਿੱਕਾ ਹਾਲੀ ਵੀ ਕਾਇਮ ਹੈ। ਇਥੇ ਮਾਈਕਲ ਐਂਜਲੋ ਨੇ ਕਰੋਪੀ ਦੇ ਮੂੰਹ ਆਏ ਮਨੁੱਖ ਦੇ ਬੰਦ ਬੰਦ ਕਟੀਂਦੇ ਹੋਣ ਦੀ ਦਸ਼ਾ ਸਿਰਜੀ ਹੈ ਜਿਸ ਲਈ ਉਤਮ ਸ਼ਬਦ ਵਰਤਣਾ ਕਾਫੀ ਨਹੀਂ।

ਜੇ ਵੈਟੀਕਨ ਸਿਟੀ ਦੀ ਅੰਦਰਲੀ ਸ਼ਕਤੀ ਦੀ ਗੱਲ ਦੁਹਰਾਉਣੀ ਹੋਵੇ ਤਾਂ ਇਕ ਚੌਥਾਈ ਮੁਰੱਬਾ ਮੀਲ ਦੇਸ਼ ਦਾ ਪ੍ਰਭਾਵ ਇਟਲੀ ਦੇ ਸਾਰੇ ਦੇਸ਼ ਨਾਲੋਂ ਵੱਧ ਹੈ। ਖਾਣਾ, ਪੀਣਾ ਤੇ ਬਿਜਲੀ ਤਕ ਦਰਾਮਦ ਕਰਨ ਵਾਲੇ ਨਿੱਕੇ ਜਿਹੇ ਰਾਜ ਦੀ ਡਾਕ ਤਾਰ ਪ੍ਰਣਾਲੀ, ਰੇਡੀਓ ਸਟੇਸ਼ਨ, ਬੈਂਕਿੰਗ ਸਿਸਟਮ, ਟਕਸਾਲ, ਸਿੱਕਾ, ਮੁਹਰ ਤੇ ਅਖਬਾਰ ਆਦਿ ਆਪਣੇ ਹਨ। ਮੈਂ ਇਸ ਦੇਸ਼ ਨੂੰ ਦੁਖ ਭੰਜਣ ਦੇਸ਼ ਕਹਿੰਦਾ ਹਾਂ।

ਸਾਡੇ ਦੇਸ਼ ਵਿਚ ਵੀ ਦੁਖ ਭੰਜਣੀ ਸ਼ਕਤੀ ਹੈ। ਅੰਮ੍ਰਿਤਸਰ ਵਿਖੇ ਦਰਬਾਰ ਸਾਹਿਬ ਦੀ ਪਰਿਕਰਮਾ ਵਿਚ ਦੁਖ ਭੰਜਣੀ ਬੇਰੀ। ਇਥੇ ਇੱਕ ਕੋਹੜੀ ਪਿੰਗਲਾ ਸਰੋਵਰ ਵਿਚ ਇਸ਼ਨਾਨ ਕਰਨ ਉਪਰੰਤ ਅਰੋਗ ਹੋਇਆ ਮੰਨਿਆ ਜਾਂਦਾ ਹੈ। ਆਪਾਂ ਕਹਿ ਸਕਦੇ ਹਾਂ, ਇਸ ਬੇਰੀ ਦੀ ਸ਼ਕਤੀ ਲੰਬਨੀ ਦੇ ਹਰ ਅੰਬ ਦੇ ਰੁੱਖ ਨਾਲੋਂ ਵਧ ਹੈ। ਬੁੱਧ ਨੂੰ ਜਨਮ ਦੇਣ ਵਾਲੇ ਅੰਬ ਤੋਂ ਵੀ।

**ਅੰਤਿਕਾ:** (ਕੇ. ਕੇ. ਨੰਦਾ ‘ਅਸ਼ਕ’)
ਸਹਿਰਾ ਸੇ ਇੱਕ ਖਾਸ ਨਿਸਬਤ ਹੈ ਮੁਝੇ
ਜ਼ੱਰਾ ਜ਼ੱਰਾ ਹੈ ਮੁਝੇ ਪਹਿਚਾਨਤਾ।
ਹੈ ਵਹੀ ਇਨਸਾਨ ਮਾਲਕ ਕੇ ਕਰੀਬ
ਜੋ ਬਨਾ ਹੈ ਦੂਸਰੋਂ ਕਾ ਆਸਰਾ।
ਸਰ ਝੁਕਾਊਂ ਕਿਸ ਲੀਏ ਦਰ ਪੇ ਤਿਰੇ
ਆਜ ਤਕ ਦੇਖਾ ਨਾ ਤੁਝ ਕੋ, ਹੈ ਸੁਨਾ।

---

# ਦੀਵਾਲੀ ‘ਤੇ ਲੜੀਆਂ ਛੱਡੋ, ਦੀਵੇ ਜਗਾਉ

ਦੀਵਾਲੀ ਖੁਸ਼ੀਆਂ ਦਾ ਤਿਉਹਾਰ ਹੈ। ਇਸ ਨੂੰ ਲੋਕ ਬੜੇ ਹੀ ਚਾਵਾਂ ਨਾਲ ਰਲਮਿਲ ਕੇ ਮਨਾਉਂਦੇ ਹਨ। ਪਟਾਕੇ ਚਲਾਉਂਦੇ ਹਨ, ਮਠਿਆਈਆਂ ਖਰੀਦਦੇ ਹਨ ਤੇ ਰਾਤ ਨੂੰ ਦੀਪ ਮਾਲਾ ਕਰਦੇ ਹਨ। ਪੁਰਾਤਨ ਸਮਿਆਂ ਵਿਚ ਲੋਕ ਦੇਸੀ ਘਿਓ ਦੇ ਦੀਵੇ ਜਗਾਉਂਦੇ ਸਨ ਪਰ ਹੁਣ ਦੀਵਿਆਂ ਦੀ ਥਾਂ ਵੰਨ-ਸਵੰਨੀਆਂ ਬਿਜਲਈ ਲੜੀਆਂ ਨੇ ਲੈ ਲਈ ਹੈ।

ਦੀਵੇ ਦਾ ਨਾਂ ਲੈਂਦਿਆਂ ਹੀ ਦਿਲ ਦਿਮਾਗ ਵਿਚ ਚਾਨਣ ਆ ਗਿਆ ਪ੍ਰਤੀਤ ਹੁੰਦਾ ਹੈ। ਦੀਵਾ ਰੋਸ਼ਨੀ ਦਿੰਦਾ ਹੈ ਅਤੇ ਹਨੇਰੇ ਨੂੰ ਦੂਰ ਭਜਾਉਂਦਾ ਹੈ। ਦੀਵਾ ਬੜੀ ਮਿਹਨਤ ਨਾਲ ਬਣਦਾ ਹੈ। ਮੈਂ ਖੁਦ ਤੇ ਮੇਰੇ ਸਾਥੀ ਮੁਖਤਿਆਰ ਸਿੰਘ ਨੇ ਕੋਟ ਈਸੇ ਖਾਂ ਦੇ ਭਾਂਡੇ ਬਣਾਉਣ ਵਾਲੇ ਬਦਲੂ ਰਾਮ, ਮੋਹਨ ਲਾਲ ਅਤੇ ਰਾਜਾ ਰਾਮ ਦੇ ਘਰ ਜਾ ਕੇ ਦੀਵੇ ਬਾਰੇ ਕਾਫੀ ਕੁਝ ਜਾਣਿਆ। ਉਨ੍ਹਾਂ ਕਿਹਾ ਕਿ ਦੀਵੇ ਬਣਾਉਣ ਲਈ ਪਹਿਲਾਂ ਚੀਕਣੀ ਮਿੱਟੀ ਦਾ ਪ੍ਰਬੰਧ ਕਰਨਾ ਪੈਂਦਾ ਹੈ। ਪੱਚੀ ਸੌ ਤੋਂ ਛੇ ਹਜਾਰ ਰੁਪਏ ਤੱਕ ਮਿੱਟੀ ਦੀ ਟਰਾਲੀ ਘਰ ਪੈਂਦੀ ਹੈ। ਫਿਰ ਮਿੱਟੀ ਕੁੱਟ ਕੇ ਬਾਰੀਕ ਕੀਤੀ ਜਾਂਦੀ ਹੈ। ਫਿਰ ਤਿੰਨ ਦਿਨ ਭਿਉਂ ਕੇ ਰੱਖਣਾ ਪੈਂਦਾ ਹੈ ਅਤੇ ਮਿੱਟੀ ਨੂੰ ਆਟੇ ਵਾਂਗ ਗੁੰਨਣਾ ਪੈਂਦਾ ਹੈ। ਜਦੋਂ ਇਹ ਪੂਰੀ ਮੁਲਾਇਮ ਹੋ ਜਾਵੇ ਤਾਂ ਇਸ ਦੇ ਪਿੰਨੇ ਬਣਾਏ ਜਾਂਦੇ ਹਨ ਤੇ ਇਸ ਨੂੰ ਚੱਕ ‘ਤੇ ਚੜ੍ਹਾਇਆ ਜਾਂਦਾ ਹੈ। ਮਿੱਟੀ ਦੋ ਤਰ੍ਹਾਂ ਦੀ ਹੁੰਦੀ ਹੈ-ਵੱਡੇ ਭਾਂਡੇ ਜਿਵੇਂ ਘੜਾ, ਚਾਟੀ, ਕਾੜ੍ਹਨੀ, ਤੌੜੀ ਆਦਿ ਲਈ ਮਿੱਟੀ ਜ਼ਿਆਦਾਤਰ ਸੁਲਤਾਨਪੁਰ ਤੋਂ ਆਉਂਦੀ ਹੈ। ਦੂਜੀ ਮਿੱਟੀ, ਜਿਸ ਨਾਲ ਦੀਵੇ, ਕਰਵੇ, ਬੁਗਨੀਆਂ, ਕੁਜੀਆਂ, ਚੱਪਣੀਆਂ ਆਦਿ ਬਣਾਏ ਜਾਂਦੇ ਹਨ, ਭਿੰਡਰਾਂ ਤੋਂ ਆਉਂਦੀ ਹੈ। ਚੱਕ ‘ਤੇ ਦੀਵੇ ਤਿਆਰ ਕਰਨ ਪਿਛੋਂ ਸੁਕਾਉਣੇ ਪੈਂਦੇ ਹਨ। ਪਹਿਲਾਂ ਚੱਕ ਨੂੰ ਹੱਥ ਨਾਲ ਹੀ ਘੁਮਾਇਆ ਜਾਂਦਾ ਸੀ ਪਰ ਹੁਣ ਕਈਆਂ ਨੇ ਮੋਟਰਾਂ ਵੀ ਲਾ ਲਈਆਂ ਹਨ। ਤਿੰਨ ਦਿਨ ਸੁਕਾਉਣ ਪਿਛੋਂ ਇਨ੍ਹਾਂ ਨੂੰ ਆਵੇ (ਭੱਠੀ) ਵਿਚ ਪਾ ਕੇ ਪਕਾਇਆ ਜਾਂਦਾ ਹੈ।

ਇਥੇ ਇਹ ਵੀ ਦੱਸਣਾ ਜਰੂਰੀ ਹੈ ਕਿ ਦੀਵਾਲੀ ‘ਤੇ ਜਗਾਉਣ ਵਾਲੇ ਦੀਵਿਆਂ ਨੂੰ ਰੰਗ ਨਹੀਂ ਕੀਤਾ ਜਾਂਦਾ। ਉਨ੍ਹਾਂ ਦਾ ਆਪ ਹੀ ਪੱਕ ਕੇ ਰੰਗ ਬਦਲ ਜਾਂਦਾ ਹੈ। ਦੀਵਿਆਂ ਨੂੰ ਪਕਾ ਕੇ ਫਿਰ



ਆਵੇ ਵਿਚੋਂ ਕੱਢ ਕੇ ਸਾਫ ਕਰਕੇ ਫਿਰ ਪਿੰਡਾਂ-ਸ਼ਹਿਰਾਂ ਵਿਚ ਗਲੀ-ਬਾਜ਼ਾਰ ਵਿਚ ਹੋਕਾ ਦੇ ਕੇ ਵੇਚਿਆ ਜਾਂਦਾ ਹੈ। ਇਹ ਵੀ ਦੱਸ ਦੇਵਾਂ ਕਿ ਇੰਨੀ ਵੱਡੀ ਮਿਹਨਤ ਕਰਨ ਤੋਂ ਬਾਅਦ ਚਾਲੀ ਤੋਂ ਪੰਜਾਹ ਗਰਾਮ ਦਾ ਦੀਵਾ ਮਸਾਂ ਹੀ ਪੈਂਤੀ-ਚਾਲੀ ਪੈਸੇ ਦਾ ਵਿਕਦਾ ਹੈ। ਸੋ ਇਨ੍ਹਾਂ ਨੂੰ ਆਪਣੇ ਸਾਰੇ ਪਰਿਵਾਰ ਦੀ ਮਿਹਨਤ ਦਾ ਵੀ ਪੂਰਾ ਮੁੱਲ ਨਹੀਂ ਮਿਲਦਾ। ਇਨ੍ਹਾਂ ਨੂੰ ਪਰਿਵਾਰ ਦੀ ਪੂਰੀ ਮਿਹਨਤ ਦਾ ਮੁੱਲ ਦੇਣ ਲਈ ਆਉ। ਇਸ ਵਾਰ ਸ਼ੋਅ ਛੱਪੇ ਵਾਲੀਆਂ ਲੜੀਆਂ ਤਿਆਗ ਕੇ ਆਪੋ ਆਪਣੇ ਘਰਾਂ-ਕੋਠੀਆਂ ਦੇ ਬਨੇਰਿਆਂ ‘ਤੇ ਮਿੱਟੀ ਦੇ ਬਣੇ ਦੀਵੇ ਜਗਾਈਏ ਅਤੇ ਖੁਸ਼ੀ ਨਾਲ ਦੀਵਾਲੀ ਮਨਾਈਏ।

***-ਬੂਟਾ ਗੁਲਾਮੀ ਵਾਲਾ ਕੋਟ ਈਸੇ ਖਾਂ***
***ਫੋਨ: 91-94171-97395***

# ਟੱਪੇ ਦੀਵਾਲੀ ਦੇ

ਦੀਵੇ ਜਗਦੇ ਦੀਵਾਲੀ ਦੇ।
ਤੈਨੂੰ ਯਾਰਾ ਮਿਲਣੇ ਦੇ
ਨਿੱਤ ਸੁਪਨੇ ਪਾਲੀ ਦੇ।

ਦੁਨੀਆਂ ਭਰਮਾਂ ਵਾਲੀ ਏ।
ਜੇ ਰੱਬਾ ਸਾਨੂੰ ਤੂੰ ਮਿਲ ਜਾਏਂ
ਦੀਵਾਲੀ ਕਰਮਾਂ ਵਾਲੀ ਏ।

ਬੂਹੇ ਖੁੱਲ੍ਹੇ ਰੱਖ ਸੌਣਾ ਏ।
ਦੀਵਾਲੀ ਵਾਲੇ ਦਿਨ ਮਿੱਤਰੋ
ਘਰ ਲਕਸ਼ਮੀ ਨੇ ਆਉਣਾ ਏ।

ਦੀਵਾਲੀ ਦੀਆਂ ਖੁਸ਼ੀਆਂ ਨੇ,
ਮਿਲ ਕੇ ਮਨਾਓ ਸਾਰੇ
ਅਰਜ ਕੀਤੀ ਦੁਖੀਆਂ ਨੇ।

ਦੀਵਾਲੀ ਰਲ ਕੇ ਮਨਾਵਾਂਗੇ।
ਕਰਜੇ ਸਾਰੇ ਲਾਹ ਮਿੱਤਰਾ
ਫਿਰ ਘੁੰਮਣ ਜਾਵਾਂਗੇ।

ਘਰ ਫੁੱਲਾਂ ਨਾਲ ਸਜਾਏ ਨੇ,
ਸਜਾਉਣ ਵੀ ਕਿਵੇਂ ਨਾ ਲੋਕੀਂ
ਘਰ ਸ੍ਰੀ ਰਾਮ ਜੀ ਆਏ ਨੇ।

ਦੀਵਾਲੀ ਮੁਬਾਰਕ ਸ਼ਹੀਦਾਂ ਨੂੰ।
ਦੇਸ਼ ਤੋਂ ਜਿਨ੍ਹਾਂ ਵਾਰੀ ਜ਼ਿੰਦਗੀ
ਕਾਇਮ ਰੱਖਿਆ ਉਮੀਦਾਂ ਨੂੰ।

ਸਾਨੂੰ ਮਾਣ ਲਿਖਾਰੀਆਂ ‘ਤੇ।
ਦੀਵਾਲੀ ‘ਤੇ ਜੋ ਜੂਆ ਖੇਡਦੇ
ਆਉਂਦਾ ਤਰਸ ਜੁਆਰੀਆਂ ‘ਤੇ।

ਚੰਨ ਦੀਵਾਲੀ ਦਾ ਚੜ੍ਹਦਾ ਏ।
ਸਰਹੱਦਾਂ ਦਿਆਂ ਰਾਖਿਆਂ ਨੂੰ
ਦਿਲ ਸੱਜਦੇ ਕਰਦਾ ਏ।

ਯਾਰੀ ਸਾਨੂੰ ਪੱਕੀ ਲੱਗਦੀ।
ਦੀਵਾਲੀ ‘ਤੇ ਸਾਡਾ ਭਰਮ ਟੁੱਟੂ
ਅਜੇ ਅੱਖ ਉਹਦੀ ਸ਼ੱਕੀ ਲੱਗਦੀ।

ਅੱਜ ਪਰਸ ਉਹਦਾ ਭਾਰੀ ਏ।
ਦੀਵਾਲੀ ਉਤੇ ਲੈ ਦੇ ਮੁੰਦਰੀ
ਅਸਾਂ ਅਰਜ ਗੁਜਾਰੀ ਏ।

ਹੱਥ ਪੋਟਲੀ ਲੀਰਾਂ ਦੀ।
ਦੀਵਾਲੀ ਵਾਲੇ ਦਿਨ ਵੇ ਰੱਬਾ
ਝੋਲੀ ਭਰਦੇ ਫਕੀਰਾਂ ਦੀ।

ਦੀਵਾਲੀ ਸੱਚੀ ਬੜੀ ਨਿਆਰੀ ਏ।
‘ਭੱਟੀ’ ਮਰਜਾਣੇ ਦੀ
ਮਾਂ ਕਰਮਾਂ ਵਾਲੀ ਏ।

ਸੱਚੀਂ ਮੇਲ ਕਰਾਈਂ ਵੇ ਰੱਬਾ
ਚਿਰਾਂ ਦਿਆਂ ਵਿਛੜਿਆਂ ਨੂੰ
ਦੀਵਾਲੀ ‘ਤੇ ਮਿਲਾਈਂ ਵੇ ਰੱਬਾ।

***-ਸਵਿੰਦਰ ਸਿੰਘ ਭੱਟੀ***
***ਫੋਨ: 91-98729-89193***

---

# ਲੋਕਾਂ ਦੀ ਦੀਵਾਲੀ

ਲੋਕਾਂ ਦੀ ਦੀਵਾਲੀ ਲੱਖ ਖੁਸ਼ੀਆਂ ਮਨਾਂਵਦੇ ਨੇ
ਸਾਡੇ ਭਾਅ ਦੀਆਂ ਲੋਕੋ ਕਾਹਦੀਆਂ ਦੀਵਾਲੀਆਂ।
ਅਸੀਂ ਬੈਠੇ ‘ਕੱਲੇ, ਸਾਡਾ ਢੋਲ ਪਰਦੇਸੀ ਹੋਇਆ
ਸਾਡੇ ਭਾਅ ਦੀਆਂ ਤਾਂ ਸੱਭੇ ਰਾਤਾਂ ਹੋਈਆਂ ਕਾਲੀਆਂ।

ਲੋਕੀਂ ਪਏ ਗਾਉਂਦੇ ਅੱਜ ਖੁਸ਼ੀਆਂ ਦੇ ਗੀਤ ਵੇ,
ਅਸੀਂ ਗਮਾਂ ਨਾਲ ਪਾਈ ਬੈਠੇ ਹਾਂ ਪ੍ਰੀਤ ਵੇ।
ਚੱਲਣ ਵਿਛੋੜੇ ਦੀਆਂ ਦਿਲ ਉਤੇ ਦੁਨਾਲੀਆਂ...।

ਢੋਲ ਤੋਂ ਬਗੈਰ ਘਰ ਸੁੰਨਾ ਸੁੰਨਾ ਲੱਗਦਾ,
ਹਾਰ ਤੇ ਸ਼ਿੰਗਾਰ ਸਾਨੂੰ ਮੂਲ ਨਹੀਂਓਂ ਫੱਬਦਾ।
ਵੱਢ ਵੱਢ ਖਾਣ ਸਾਡੇ ਕੰਨਾਂ ਦੀਆਂ ਵਾਲੀਆਂ...।

ਆਸ ਲਾਈ ਬੈਠੇ, ਰੱਖੀ ਦਿਲ ‘ਚ ਉਡੀਕ ਵੇ,
ਛਿਪ ਗਿਆ ਦਿਨ, ਮੁੱਕੀ ਅੱਜ ਦੀ ਤਰੀਕ ਵੇ।
ਬੈਠੇ ਆਂ ਉਦਾਸ, ਰੀਝਾਂ ਮਨ ਦੀਆਂ ਢਾ ਲਈਆਂ...।

ਆਉਂਦੀ ਏ ਬਿੜਕ ਕੋਈ ਬੂਹਾ ਖੜਕਾ ਗਿਆ,
ਲੱਗਦਾ ਏ ਮੈਨੂੰ ‘ਮਾਹੀ ਲੰਮਿਆਂ ਦਾ’ ਆ ਗਿਆ।
ਪੂਰੀਆਂ ਨੇ ਹੋਈਆਂ ਰੀਝਾਂ, ਮਨ ਦੀਆਂ ਪਾਲੀਆਂ।
ਸਾਡੇ ਭਾਅ ਦੀਆਂ ਲੋਕੋ ਕਾਹਦੀਆਂ ਦੀਵਾਲੀਆਂ।

***-ਚਰਨ ਸਿੰਘ ਮਾਹੀ, ਲੰਮਿਆਂ ਵਾਲਾ***
***ਫੋਨ: 91-99143-64728***

---

# ਦੀਵਾਲੀ

ਵੇਖ ਕੇ ਦੁਨੀਆਂ ਦੀ ਦੀਵਾਲੀ
ਦਿਲ ਮੇਰਾ ਉਦਾਸ ਹੋ ਗਿਆ।
ਵਲੈਤ ਗਿਆ ਨਾ ਵਾਪਸ ਮੁੜਿਆ
ਜਿਵੇਂ ਸਵਰਗੀਂ ਵਾਸ ਹੋ ਗਿਆ।
ਆਪਣੇ ਮੁਲਕ ‘ਚ ਰਾਜਾ ਸੀ ਜੋ
ਐਨ. ਆਰ. ਆਈ. ਪਰਵਾਸ ਹੋ ਗਿਆ।
ਅਮਰੀਕਾ ਵਿਚ ਲੇਬਰ ਸੀ ਜੋ
ਇੰਡੀਆ ਪਰਤ ਕੇ ਬਾਸ ਹੋ ਗਿਆ।
ਹਰ ਖੇਤਰ ਵਿਚ ਫੇਲ੍ਹ ਸੀ ਜਿਹੜਾ
ਛੋਲੇ ਦੇ ਕੇ ਪਾਸ ਹੋ ਗਿਆ।
ਉਸ ਨੂੰ ਭੇਜਿਆ ਪੈਨ ਸੀ ਤੋਹਫਾ
ਉਸ ਦੇ ਲਈ ਨਾ ਖਾਸ ਹੋ ਗਿਆ।
ਗੱਦੀ ਉਤੇ ਗੁਰੂ ਘੰਟਾਲ ਸੀ
ਲੱਥੇ ਲੱਥਾ ਦਾਸ ਹੋ ਗਿਆ।
ਚੇਲੀਆਂ ਨਾਲ ਖੁਸ਼ ਸੀ ਬਾਬਾ
ਕੈਦ ‘ਚ ‘ਗਿੱਲ’ ਨਿਰਾਸ਼ ਹੋ ਗਿਆ।

***-ਜੁਗਰਾਜ ਗਿੱਲ, ਯੌਰਕ***
***ਫੋਨ: 704-257-6693***

# ਭਾਰਤ ਨੂੰ ਮੈਕਸੀਕੋ ਵਿਚ ਆਏ ਭੁਚਾਲਾਂ ਤੋਂ ਸਬਕ ਸਿੱਖਣ ਦੀ ਲੋੜ

ਮੈਕਸੀਕੋ ਨੂੰ ਇਸ ਮਹੀਨੇ ਸਿਰਫ 12 ਦਿਨਾਂ ਦੇ ਵਕਫੇ ਨਾਲ ਆਏ ਦੋ ਸ਼ਕਤੀਸ਼ਾਲੀ ਭੁਚਾਲਾਂ ਨੇ ਹਿਲਾ ਕੇ ਰੱਖ ਦਿੱਤਾ ਹੈ। ਪਹਿਲਾ ਭੁਚਾਲ 4 ਸਤੰਬਰ ਨੂੰ 8.1 ਤੀਬਰਤਾ ਦਾ ਦੇਸ਼ ਦੇ ਦੱਖਣੀ ਖੇਤਰ ਵਿਚ ਆਇਆ ਜਿਸ ਨਾਲ ਕਰੀਬ 100 ਲੋਕਾਂ ਦੀ ਮੌਤ ਹੋ ਗਈ। ਇਸ ਸਦਮੇ ਤੋਂ ਹਾਲੇ ਦੇਸ਼ ਸੰਭਲਿਆ ਵੀ ਨਹੀਂ ਸੀ ਕਿ ਦੂਜਾ ਭੁਚਾਲ ਦੇਸ਼ ਦੀ ਰਾਜਧਾਨੀ ਮੈਕਸੀਕੋ ਸਿਟੀ ਦੇ ਨੇੜੇ 19 ਸਤੰਬਰ ਨੂੰ ਦੁਪਹਿਰੇ ਇਕ ਵਜੇ ਦੇ ਕਰੀਬ ਆ ਗਿਆ। ਇਸ ਦੀ ਤੀਬਰਤਾ ਭੂ-ਵਿਗਿਆਨੀਆਂ ਨੇ ਰਿਕਟਰ ਪੈਮਾਨੇ ਉਤੇ



ਡਾ. ਗੁਰਿੰਦਰ ਕੌਰ
ਫੋਨ: 609-721-0950

7.1 ਮਾਪੀ ਹੈ। ਇਸ ਭੁਚਾਲ ਨਾਲ 250 ਲੋਕ ਮਾਰੇ ਗਏ ਜਿਨ੍ਹਾਂ ਵਿਚ 20 ਤੋਂ ਵੱਧ ਸਕੂਲੀ ਬੱਚੇ ਸਨ। ਸ਼ਹਿਰ ਦੀਆਂ ਕੋਈ 44 ਥਾਂਵਾਂ ਉਤੇ ਇਮਾਰਤਾਂ ਬੁਰੀ ਤਰ੍ਹਾਂ ਢਹਿ ਢੇਰੀ ਹੋ ਗਈਆਂ ਜਿਨ੍ਹਾਂ ਵਿਚ ਇਕ ਸਕੂਲ ਅਤੇ ਇਕ ਗਿਰਜਾਘਰ ਵੀ ਸ਼ਾਮਲ ਹੈ।

19 ਸਤੰਬਰ ਨੂੰ ਆਏ ਭਿਆਨਕ ਭੁਚਾਲ ਨੇ 32 ਸਾਲ ਪਹਿਲਾਂ 1985 ਵਿਚ ਆਏ ਭੁਚਾਲ ਦੀ ਦੁਖਦਾਈ ਯਾਦ ਇੱਕ ਵਾਰ ਫਿਰ ਸ਼ਹਿਰ ਵਾਸੀਆਂ ਨੂੰ ਚੇਤੇ ਕਰਵਾ ਦਿੱਤੀ ਹੈ। ਉਦੋਂ ਆਏ ਭੁਚਾਲ ਵਿਚ ਕੋਈ 10,000 ਲੋਕਾਂ ਦੀ ਮੌਤ ਹੋ ਗਈ ਸੀ। ਹੁਣ ਵਾਲੇ ਭੁਚਾਲ ਦਾ ਕੇਂਦਰ ਬਿੰਦੂ ਮੈਕਸੀਕੋ ਸਿਟੀ ਤੋਂ 120 ਕਿਲੋਮੀਟਰ ਦੂਰ ਪੁਏਬਲਾ ਸੂਬੇ ਦੇ ਇਟੇਂਸਿਗੋ ਨਾਂ ਦੀ ਥਾਂ ਉਤੇ 51 ਕਿਲੋਮੀਟਰ ਦੀ ਡੂੰਘਾਈ ਉਤੇ ਸੀ। ਇਸ ਭੁਚਾਲ ਨੇ ਮੈਕਸੀਕੋ ਸਿਟੀ, ਮੋਰਲਯੋਸ, ਪੁਏਬਲਾ ਅਤੇ ਗੋਈਰੀਰੋ ਸਟੇਟ ਵਿਚ ਭਾਰੀ ਤਬਾਹੀ ਮਚਾਈ ਹੈ।

ਮੈਕਸੀਕੋ ਵਿਚ ਇੰਨੇ ਥੋੜ੍ਹੇ ਵਕਫੇ ਨਾਲ ਆਏ ਦੋ ਸ਼ਕਤੀਸ਼ਾਲੀ ਭੁਚਾਲਾਂ ਨੇ ਲੋਕਾਂ ਦੇ ਮਨਾਂ ਵਿਚ ਕਈ ਸ਼ੰਕੇ ਪੈਦਾ ਕਰ ਦਿੱਤੇ ਹਨ। ਭੂ-ਵਿਗਿਆਨੀਆਂ ਅਨੁਸਾਰ ਇੰਨੇ ਥੋੜ੍ਹੇ ਵਕਫੇ ਨਾਲ ਦੋ ਵੱਡੇ ਭੁਚਾਲਾਂ ਦਾ ਆਉਣਾ ਮੈਕਸੀਕੋ ਵਰਗੇ ਭੁਚਾਲ-ਸੰਵੇਦਨਸ਼ੀਲ ਦੇਸ਼ ਲਈ ਕੋਈ ਬਹੁਤੇ ਅਚੰਭੇ ਵਾਲੀ ਗੱਲ ਨਹੀਂ ਹੈ, ਪਰ ਅਜਿਹਾ ਵਰਤਾਰਾ ਆਮ ਤੌਰ 'ਤੇ ਘੱਟ ਹੀ ਦੇਖਣ ਵਿਚ ਮਿਲਦਾ ਹੈ। ਇੱਥੇ ਇਹ ਦੱਸਣਾ ਵੀ ਜ਼ਰੂਰੀ ਹੈ ਕਿ ਵੱਡਾ ਭੁਚਾਲ ਆਉਣ ਤੋਂ ਬਾਅਦ ਘੱਟ ਤੀਬਰਤਾ ਵਾਲੇ ਭੁਚਾਲ ਉਸੇ ਥਾਂ ਉਤੇ ਮਿੰਟਾਂ, ਘੰਟਿਆਂ, ਦਿਨਾਂ, ਹਫਤਿਆਂ ਅਤੇ ਕਈ ਵਾਰੀ ਮਹੀਨਿਆਂ-ਬੱਧੀ ਆਉਂਦੇ ਰਹਿੰਦੇ ਹਨ, ਪਰ ਵਧੇਰੇ ਤੀਬਰਤਾ ਵਾਲੇ ਭੁਚਾਲ ਘੱਟ ਹੀ ਆਉਂਦੇ ਹਨ।

ਮੈਕਸੀਕੋ ਵਿਚ ਜ਼ਿਆਦਾ ਭੁਚਾਲ ਆਉਣ ਦਾ ਮੁੱਖ ਕਾਰਨ ਇਸ ਦੀ ਭੂਗੋਲਿਕ ਸਥਿਤੀ ਹੈ। ਇਹ ਦੇਸ਼ ਉਸ ਖਿੱਤੇ ਵਿਚ ਸਥਿਤ ਹੈ ਜਿੱਥੇ ਦੁਨੀਆਂ ਦੇ 80 ਫੀਸਦ ਭੁਚਾਲ ਆਉਂਦੇ ਹਨ। ਇਸ ਖਿੱਤੇ ਨੂੰ ਪੈਸੇਫਿਕ ਰਿੰਗ ਆਫ ਫਾਇਰ (Pacific Ring of Fire) ਵੀ ਕਿਹਾ ਜਾਂਦਾ ਹੈ। ਸਾਡੀ ਧਰਤੀ ਅਸਲ ਵਿਚ ਟੈਕਟੋਨਿਕ ਪਲੇਟਾਂ ਉਤੇ ਟਿਕੀ ਹੋਈ ਹੈ। ਜਦੋਂ ਇਹ ਪਲੇਟਾਂ ਹਿਲਦੀਆਂ ਜਾਂ ਸਰਕਦੀਆਂ ਹਨ ਤਾਂ ਉਸ ਨਾਲ ਧਰਤੀ ਉਪਰ ਭੁਚਾਲ ਆ ਜਾਂਦੇ ਹਨ। ਮੈਕਸੀਕੋ ਦੇਸ਼ ਤਾਂ ਪੰਜ ਟੈਕਟੋਨਿਕ ਪਲੇਟਾਂ ਕੋਕੋਸ, ਪੈਸੇਫਿਕ, ਕਰੇਬੀਅਨ, ਪਨਾਮਾ ਅਤੇ ਨਾਰਥ ਅਮਰੀਕਾ ਉਤੇ ਟਿਕਿਆ ਹੋਇਆ ਹੈ। ਯੂ.ਐਸ.ਏ. ਜਿਓਲੋਜੀਕਲ ਸਰਵੇ ਅਨੁਸਾਰ ਕੋਕੋਸ ਪਲੇਟ ਹਰ ਸਾਲ 76 ਮਿਲੀਮੀਟਰ ਦੀ ਰਫਤਾਰ ਨਾਲ ਨਾਰਥ ਅਮਰੀਕਾ ਨੂੰ ਧੱਕਦੀ ਹੋਈ ਉਸ ਦੇ ਹੇਠਾਂ ਨੂੰ ਸਰਕਦੀ ਜਾ ਰਹੀ ਹੈ।

ਮੈਕਸੀਕੋ ਦੁਨੀਆਂ ਦੇ ਸਭ ਤੋਂ ਵੱਧ ਭੁਚਾਲ-ਸੰਵੇਦਨਸ਼ੀਲ ਦੇਸ਼ਾਂ ਵਿਚੋਂ ਇੱਕ ਹੈ। ਇਸ ਗੱਲ ਦਾ ਅੰਦਾਜ਼ਾ ਇਸ ਗੱਲ ਤੋਂ ਲਾ ਸਕਦੇ ਹੋ ਕਿ ਜਦੋਂ 19 ਸਤੰਬਰ ਨੂੰ ਭੁਚਾਲ ਆਇਆ ਤਾਂ ਮੈਕਸੀਕੋ ਦੇ ਲੋਕ ਭੁਚਾਲ ਤੋਂ ਬਚਾਅ ਸਬੰਧੀ ਅਭਿਆਸ ਕਰ ਰਹੇ ਸਨ। ਮੈਕਸੀਕੋ ਸ਼ਹਿਰ ਵਿਚ ਭੁਚਾਲ ਦਾ ਆਉਣਾ ਅਤੇ ਉਸ ਤੋਂ ਹੋਣ ਵਾਲੇ ਭਾਰੀ ਨੁਕਸਾਨ ਦਾ ਕਾਰਨ ਸ਼ਹਿਰ ਦਾ ਇੱਕ ਸੁੱਕੀ ਹੋਈ ਝੀਲ ਦੀ ਜ਼ਮੀਨ ਉਤੇ ਵੱਸਿਆ ਹੋਣਾ ਹੈ। ਸ਼ਹਿਰ ਦੀ ਥੱਲੇ ਵਾਲੀ ਜ਼ਮੀਨ ਬਹੁਤ ਪੋਲੀ ਹੈ, ਪਰ ਸ਼ਹਿਰ ਤੇਜ਼ੀ ਨਾਲ ਉਪਰ ਵੱਲ ਨੂੰ ਵਧ ਰਿਹਾ ਹੈ। ਇਸ ਸ਼ਹਿਰ ਥੱਲੜੀ ਪੋਲੀ ਜ਼ਮੀਨ ਕੰਕਰੀਟ ਅਤੇ ਲੋਹੇ ਨਾਲ ਬਣੀਆਂ ਇਮਾਰਤਾਂ ਦਾ ਬੋਝ ਝੱਲਣ ਤੋਂ ਅਸਮਰੱਥ ਹੈ ਅਤੇ ਭੁਚਾਲ ਆਉਣ ਦੀ ਸੂਰਤ ਵਿਚ ਸ਼ਹਿਰ ਵਿਚ ਭਾਰੀ ਤਬਾਹੀ ਹੁੰਦੀ ਹੈ। ਸਾਲ 1985 ਵਿਚ ਆਏ ਭੁਚਾਲ ਪਿਛੋਂ ਮੈਕਸੀਕੋ ਸਰਕਾਰ ਨੇ ਭੂ-ਵਿਗਿਆਨੀਆਂ ਦੀ ਰਾਇ ਲੈ ਕੇ ਭੁਚਾਲ-ਨਿਰੋਧਕ ਇਮਾਰਤਾਂ ਬਣਾਉਣੀਆਂ ਸ਼ੁਰੂ ਕੀਤੀਆਂ ਹਨ ਤਾਂਕਿ ਜਾਨੀ-ਮਾਲੀ ਨੁਕਸਾਨ ਘੱਟ ਤੋਂ ਘੱਟ ਹੋਵੇ। ਇਸੇ ਕਰਕੇ ਇਸ ਸਾਲ ਆਏ ਭੁਚਾਲ ਵਿਚ ਭਾਵੇਂ 250 ਤੋਂ ਵੱਧ ਵਿਅਕਤੀ ਮਾਰੇ ਗਏ ਪਰ ਇਹ ਗਿਣਤੀ ਸਾਲ 1985 ਵਿਚ ਹੋਈਆਂ ਮੌਤਾਂ ਦੀ ਗਿਣਤੀ ਤੋਂ ਬਹੁਤ ਘੱਟ ਹੈ।

ਮੈਕਸੀਕੋ ਵਿਚ ਆਏ ਤਾਜ਼ੇ ਭੁਚਾਲ ਤੋਂ ਭਾਰਤ ਨੂੰ ਸਬਕ ਲੈਣ ਦੀ ਬਹੁਤ ਜ਼ਰੂਰਤ ਹੈ ਕਿਉਂਕਿ ਭਾਰਤ ਦਾ ਲਗਭਗ 54 ਫੀਸਦ ਰਕਬਾ ਭੁਚਾਲ-ਸੰਵੇਦਨਸ਼ੀਲ ਖੇਤਰ ਵਿਚ ਆਉਂਦਾ ਹੈ ਅਤੇ ਇੰਡੀਅਨ ਟੈਕਟੋਨਿਕ ਪਲੇਟ ਵੀ ਹਰ ਸਾਲ 47 ਮਿਲੀਮੀਟਰ ਦੀ ਦਰ ਨਾਲ ਹਿਮਾਲਿਆ ਵੱਲ ਲਗਾਤਾਰ ਸਰਕਦੀ ਜਾ ਰਹੀ ਹੈ ਜਿਸ ਨਾਲ ਭੁਚਾਲ ਆਉਣ ਦੀ ਸੰਭਾਵਨਾ ਵਿਚ ਵੀ ਲਗਾਤਾਰ ਵਾਧਾ ਹੋ ਰਿਹਾ ਹੈ।

ਵਿਸ਼ਵ ਬੈਂਕ ਅਤੇ ਸੰਯੁਕਤ ਰਾਸ਼ਟਰ ਦੀ ਇੱਕ ਰਿਪੋਰਟ ਅਨੁਸਾਰ ਸਾਲ 2050 ਤੱਕ ਭਾਰਤ ਦੀ 200 ਮਿਲੀਅਨ ਸ਼ਹਿਰੀ ਆਬਾਦੀ ਭੁਚਾਲਾਂ ਅਤੇ ਤੂਫਾਨਾਂ ਵਰਗੀਆਂ ਕੁਦਰਤੀ ਆਫਤਾਂ ਦੀ ਮਾਰ ਥੱਲੇ ਆ ਸਕਦੀ ਹੈ। ਇਸ ਕਥਨ ਦੀ ਸੱਚਾਈ ਨੂੰ ਨਕਾਰਿਆ ਨਹੀਂ ਜਾ ਸਕਦਾ ਕਿਉਂਕਿ ਸਾਡੇ ਦੇਸ਼ ਵਿਚ ਇਮਾਰਤਾਂ ਬਣਾਉਣ ਵੇਲੇ ਭੂ-ਵਿਗਿਆਨੀਆਂ ਦੀ ਰਾਇ ਨਹੀਂ ਲਈ ਜਾਂਦੀ।



*ਮੈਕਸੀਕੋ 'ਚ ਭੁਚਾਲ ਦੀ ਮਚਾਈ ਤਬਾਹੀ ਦਾ ਇਕ ਦ੍ਰਿਸ਼*

ਗੁਹਾਟੀ, ਸ੍ਰੀਨਗਰ, ਜੰਮੂ, ਸ਼ਿਮਲਾ, ਦੇਹਰਾਦੂਨ, ਪਟਨਾ, ਮੇਰਠ, ਜਲੰਧਰ, ਲੁਧਿਆਣਾ ਅਤੇ ਦਿੱਲੀ ਸਮੇਤ ਕਈ ਵੱਡੇ ਸ਼ਹਿਰ ਅਤਿ-ਦਰਜੇ ਭਾਵ ਪੰਜਵੇਂ ਦਰਜੇ ਦੇ ਭੁਚਾਲ-ਸੰਵੇਦਨਸ਼ੀਲ ਖੇਤਰ ਵਿਚ ਪੈਂਦੇ ਹਨ। ਸੋਚਣ ਵਾਲੀ ਗੱਲ ਹੈ ਕਿ ਜੇ ਦਿੱਲੀ ਵਿਚ ਮੈਕਸੀਕੋ ਸਿਟੀ ਜਿੰਨੀ ਤੀਬਰਤਾ ਦਾ ਭੁਚਾਲ ਆ ਜਾਵੇ ਤਾਂ ਮੌਤਾਂ ਦੀ ਗਿਣਤੀ ਸੈਂਕੜਿਆਂ ਵਿਚ ਨਹੀਂ, ਲੱਖਾਂ ਵਿਚ ਹੋ ਸਕਦੀ ਹੈ ਕਿਉਂਕਿ ਇੱਥੇ ਇੱਕ ਵਰਗ ਕਿਲੋਮੀਟਰ ਵਿਚ ਲਗਭਗ 13,000 ਲੋਕ ਰਹਿੰਦੇ ਹਨ ਅਤੇ ਇੱਥੋਂ ਦੀਆਂ 80 ਫੀਸਦ ਤੋਂ ਵੀ ਵੱਧ ਇਮਾਰਤਾਂ ਭੁਚਾਲ ਦੀ ਮਾਰ ਸਹਿਣ ਤੋਂ ਅਸਮਰੱਥ ਹਨ ਭਾਵ ਭੁਚਾਲ ਨਿਰੋਧਕ ਮਾਪ-ਦੰਡਾਂ ਉਤੇ ਪੂਰੀਆਂ ਨਹੀਂ ਉਤਰਦੀਆਂ।

ਗੁਹਾਟੀ, ਸ਼ਿਮਲਾ, ਦੇਹਰਾਦੂਨ ਅਤੇ ਸ੍ਰੀਨਗਰ ਵਰਗੇ ਪਹਾੜੀ ਸ਼ਹਿਰ ਵੀ ਭੁਚਾਲ-ਸੰਵੇਦਨਸ਼ੀਲ ਖੇਤਰ ਵਿਚ ਆਉਂਦੇ ਹਨ। ਸ਼ਿਮਲਾ ਵਿਚ ਤਾਂ ਸਿਰਫ 2 ਫੀਸਦ ਇਮਾਰਤਾਂ ਹੀ ਭੁਚਾਲ-ਨਿਰੋਧਕ ਹਨ, ਹਾਲੇ ਵੀ ਉਥੇ ਕੋਈ ਵੀ ਇਮਾਰਤ ਬਣਾਉਂਦੇ ਸਮੇਂ ਨਾ ਤਾਂ ਭੁਚਾਲ-ਨਿਰੋਧਕ ਤਕਨੀਕ ਅਪਨਾਈ ਜਾਂਦੀ ਹੈ ਅਤੇ ਨਾ ਹੀ ਭੂ-ਵਿਗਿਆਨੀਆਂ ਦੀ ਰਾਇ ਲਈ ਜਾਂਦੀ ਹੈ। ਇਹ ਅਣਗਹਿਲੀ ਆਉਣ ਵਾਲੇ ਸਮੇਂ ਵਿਚ ਬਹੁਤ ਵਿਨਾਸ਼ਕਾਰੀ ਸਾਬਤ ਹੋ ਸਕਦੀ ਹੈ। ਉਸਾਰੀ ਵੇਲੇ ਭੁਚਾਲ-ਸੰਵੇਦਨਸ਼ੀਲਤਾ ਦੇ ਨਿਯਮਾਂ ਦਾ ਧਿਆਨ ਨਾ ਰੱਖਣ ਕਰਕੇ ਸਾਲ 2001 ਵਿਚ ਗੁਜਰਾਤ ਦੇ ਭੁਜ ਖੇਤਰ ਵਿਚ ਆਏ 7.7 ਤੀਬਰਤਾ ਦੇ ਭੁਚਾਲ ਨਾਲ 20,000 ਲੋਕ ਮਾਰੇ ਗਏ ਸਨ ਤੇ ਦੋ ਲੱਖ ਤੋਂ ਵੱਧ ਜ਼ਖਮੀ ਹੋ ਗਏ ਸਨ। ਇੰਨਾ ਹੀ ਨਹੀਂ, ਕੋਈ 4 ਲੱਖ ਘਰ ਮਿੱਟੀ ਦੇ ਢੇਰ ਵਿਚ ਬਦਲ ਗਏ ਸਨ। ਇਸੇ ਤਰ੍ਹਾਂ ਹੀ ਸਾਲ 1993 ਵਿਚ ਮਹਾਰਾਸ਼ਟਰ ਦੇ ਲਾਤੂਰ ਖੇਤਰ ਵਿਚ ਆਏ 6.4 ਤੀਬਰਤਾ ਦੇ ਭੁਚਾਲ ਨਾਲ ਵੀ 10,000 ਲੋਕ ਮਰ ਗਏ ਸਨ, ਜਦਕਿ ਦੋਵੇਂ ਖੇਤਰ ਸੰਘਣੀ ਆਬਾਦੀ ਵਾਲੇ ਨਹੀਂ ਸਨ।

ਸਾਡੇ ਦੇਸ਼ ਦੀ ਹਾਲਤ ਤਾਂ ਇਸ ਮਾਮਲੇ ਵਿਚ ਇੰਨੀ ਪਤਲੀ ਹੈ ਕਿ ਜੇ ਗੁਆਂਢੀ ਦੇਸ਼ ਵਿਚ ਭੁਚਾਲ ਆਉਂਦਾ ਹੈ ਤਾਂ ਵੀ ਸਾਡੇ ਦੇਸ਼ ਦੇ ਲੋਕ ਮਾਰੇ ਜਾਂਦੇ ਹਨ ਕਿਉਂਕਿ ਲੋਕਾਂ ਨੂੰ ਇਸ ਬਾਰੇ ਜਾਣਕਾਰੀ ਹੀ ਨਹੀਂ ਹੁੰਦੀ ਕਿ ਉਹ ਭੁਚਾਲ-ਸੰਵੇਦਨਸ਼ੀਲ ਖੇਤਰ ਵਿਚ ਰਹਿੰਦੇ ਹਨ। ਸਾਲ 2015 ਵਿਚ ਨੇਪਾਲ ਵਿਚ ਆਏ ਭੁਚਾਲ ਨਾਲ 70 ਦੇ ਕਰੀਬ ਲੋਕ ਬਿਹਾਰ ਅਤੇ ਉਤਰ ਪ੍ਰਦੇਸ਼ ਵਿਚ ਮਾਰੇ ਗਏ ਸਨ।

ਸਰਕਾਰ ਨੂੰ ਚਾਹੀਦਾ ਹੈ ਕਿ ਉਹ ਸਾਰੇ ਵੱਡੇ ਸ਼ਹਿਰਾਂ, ਜੋ ਭੁਚਾਲ-ਸੰਵੇਦਨਸ਼ੀਲ ਖੇਤਰ ਵਿਚ ਆਉਂਦੇ ਹਨ, ਵਿਚ ਅਸਮਾਨ ਛੂੰਹਦੀਆਂ ਇਮਾਰਤਾਂ ਬਣਾਉਣ ਦੀ ਥਾਂ ਭੁਚਾਲ-ਨਿਰੋਧਕ ਨਵੀਆਂ ਤਕਨੀਕਾਂ ਨੂੰ ਅਪਨਾ ਕੇ ਜਾਂ ਵਾਤਾਵਰਣ ਨਾਲ ਰਾਬਤਾ ਰੱਖਣ ਵਾਲੀਆਂ ਪੁਰਾਣੀਆਂ ਤਕਨੀਕਾਂ ਨਾਲ ਇਮਾਰਤਾਂ ਬਣਾਵੇ ਤਾਂ ਜੋ ਲੋਕਾਂ ਦੀਆਂ ਕੀਮਤੀ ਜਾਨਾਂ ਭੰਗ ਦੇ ਭਾੜੇ ਨਾ ਜਾਣ। ਲੋਕ ਭੁਚਾਲ ਨਾਲ ਨਹੀਂ ਮਰਦੇ, ਸਗੋਂ ਇਮਾਰਤਾਂ ਦੇ ਥੱਲੇ ਆ ਕੇ ਮਰ ਜਾਂਦੇ ਹਨ। ਜੇ ਇਮਾਰਤ ਲਕੜੀ, ਬਾਂਸ ਅਤੇ ਮਿੱਟੀ ਦੀ ਬਣੀ ਹੈ ਤਾਂ ਲੋਕ ਜ਼ਖਮੀ ਹੁੰਦੇ ਹਨ, ਪਰ ਜੇ ਉਹ ਇੱਟਾਂ, ਪੱਥਰ ਅਤੇ ਲੋਹੇ ਦੀ ਬਣੀ ਹੈ ਤਾਂ ਲੋਕ ਉਨ੍ਹਾਂ ਥੱਲੇ ਦੱਬ ਕੇ ਮਰ ਜਾਂਦੇ ਹਨ।

ਪਹਾੜੀ ਇਲਾਕਿਆਂ ਵਿਚ ਵੱਸੇ ਸ਼ਹਿਰਾਂ ਨੂੰ ਵੱਡੀਆਂ ਅਤੇ ਚੌੜੀਆਂ ਸੜਕਾਂ ਬਣਾ ਕੇ ਦੇਸ਼ ਦੇ ਬਾਕੀ ਹਿੱਸਿਆਂ ਨਾਲ ਜੋੜਨ ਦੀ ਥਾਂ ਉਨ੍ਹਾਂ ਦੀ ਕੁਦਰਤੀ ਸੁੰਦਰਤਾ ਕਾਇਮ ਰੱਖਦਿਆਂ ਪੁਰਾਣੇ ਸਮਿਆਂ ਦੇ ਇਮਾਰਤੀ ਢਾਂਚੇ ਨੂੰ ਤਰਜੀਹ ਦੇਣੀ ਚਾਹੀਦੀ ਹੈ, ਨਹੀਂ ਤਾਂ ਪੈਸਾ ਬਣਾਉਣ ਦੇ ਚੱਕਰ ਵਿਚ ਉਤਰਾਖੰਡ ਦੇ ਚਾਰ ਧਾਮਾਂ ਦੇ ਸ਼ਹਿਰਾਂ ਵਾਂਗ ਬਾਕੀ ਪਹਾੜੀ ਸ਼ਹਿਰ ਵੀ ਤਬਾਹ ਹੋ ਜਾਣਗੇ।

ਇਸ ਦੇ ਨਾਲ-ਨਾਲ ਸਾਡੀ ਸਰਕਾਰ ਨੂੰ ਇਹ ਵੀ ਚਾਹੀਦਾ ਹੈ ਕਿ ਜਾਪਾਨ ਜਾਂ ਅਮਰੀਕਾ ਵਰਗੇ ਉਨਤ ਦੇਸ਼ਾਂ ਤੋਂ ਨਵੀਂ ਭੁਚਾਲ-ਨਿਰੋਧਕ ਇਮਾਰਤ ਉਸਾਰੀ ਦੀਆਂ ਤਕਨੀਕਾਂ ਦੀ ਜਾਣਕਾਰੀ ਲੈ ਕੇ ਇਮਾਰਤਾਂ ਬਣਾਉਣ ਦੀ ਇਜਾਜ਼ਤ ਦੇਵੇ ਤਾਂਕਿ ਭੁਚਾਲ ਵਰਗੀ ਕੁਦਰਤੀ ਆਫਤ ਤੋਂ ਹੋਣ ਵਾਲੇ ਨੁਕਸਾਨ ਤੋਂ ਬਚਿਆ ਜਾ ਸਕੇ। ਸਰਕਾਰ ਇਮਾਰਤਾਂ ਬਣਾਉਣ ਦੇ ਨਿਯਮਾਂ ਨੂੰ ਸਖਤੀ ਨਾਲ ਲਾਗੂ ਕਰੇ। ਸਰਕਾਰ ਨੂੰ ਬਿਪਤਾ-ਪ੍ਰਬੰਧਨ ਨੂੰ ਚੁਸਤ-ਦਰੁਸਤ ਕਰਨਾ ਚਾਹੀਦਾ ਹੈ ਤਾਂ ਕਿ ਭੁਚਾਲ ਜਾਂ ਹੋਰ ਕਿਸੇ ਵੀ ਕੁਦਰਤੀ ਬਿਪਤਾ ਆਉਣ ਦੀ ਸੂਰਤ ਵਿਚ ਲੋਕਾਂ ਨੂੰ ਸਮੇਂ ਸਿਰ ਮਦਦ ਮਿਲ ਸਕੇ।

## ਚੋਣ ਚੁਸਕੀ

# ਜਦੋਂ ਬਾਜਵੇ ਨੇ ਮੁਰਗੇ ਬਾਂਗ ਦੇਣੋਂ ਹਟਾਏ!

ਇਹ ਦਿਲਚਸਪ ਤੇ ਸੱਚੀ ਘਟਨਾ ਉਸ ਵੇਲੇ ਦੀ ਹੈ ਜਦੋਂ ਗਿੱਦੜਬਾਹਾ ਵਿਧਾਨ ਸਭਾ ਹਲਕੇ ਦੀ ਜ਼ਿਮਨੀ ਚੋਣ ਵਿਚ ਮਨਪ੍ਰੀਤ ਸਿੰਘ ਬਾਦਲ ਅਕਾਲੀ ਦਲ (ਬਾਦਲ) ਵਲੋਂ ਅਤੇ ਦੀਪਕ ਕੁਮਾਰ ਕਾਂਗਰਸ ਪਾਰਟੀ ਦੇ ਉਮੀਦਵਾਰ ਸਨ। ਸਥਿਤੀ ਤਦ ਵੀ ਹੁਣੇ ਹੋਈ ਗੁਰਦਾਸਪੁਰ ਦੀ ਪਾਰਲੀਮੈਂਟਰੀ ਜ਼ਿਮਨੀ ਚੋਣ ਵਾਂਗ ਹੀ ਸੀ। ਇਕ ਪਾਸੇ ਮਨਪ੍ਰੀਤ ਸਿੰਘ ਬਾਦਲ ਤੇ ਉਸ ਦੇ ਕੁਝ ਕੁ ਦਲੇਰ ਅਕਾਲੀ/ਸਿੱਖ ਵਰਕਰ ਅਤੇ ਕਾਂਗਰਸ ਤੋਂ ਕੰਨ ਭੰਨਦੇ ਕੁਝ ਕੁ ਅਕਾਲੀ ਨੇਤਾ ਹੀ ਸਨ ਪਰ ਦੂਜੇ ਪਾਸੇ ਸਮੇਤ ਮੁੱਖ ਮੰਤਰੀ ਬੇਅੰਤ ਸਿੰਘ ਅਤੇ ਉਸ ਦੇ ਸਾਰੇ ਮੰਤਰੀ ਤੇ ਸਰਕਾਰੀ ਮਸ਼ੀਨਰੀ ਤਾਂ ਸੀ ਹੀ, ਉਤੋਂ ਧਨ ਦੀ ਵਰਖਾ ਵੀ ਹੋ ਰਹੀ ਸੀ।

ਮੈਂ ਉਦੋਂ ਪਟਿਆਲਾ ਦੀ ਇਕ ਰੋਜ਼ਾਨਾ ਪੰਜਾਬੀ ਅਖਬਾਰ 'ਚ ਪੱਤਰਕਾਰ ਸਾਂ ਤੇ ਮੇਰੀ ਵੀ ਡਿਊਟੀ ਗਿੱਦੜਬਾਹਾ ਵਿਚ ਸੀ। ਪੋਲਿੰਗ ਵਾਲੇ ਦਿਨ ਪਿੰਡਾਂ ਦੀਆਂ ਮੰਜੀਆਂ 'ਤੇ ਨੋਟਾਂ ਦੀਆਂ ਗੱਠੀਆਂ ਰੱਖ ਕੇ ਵੋਟਾਂ ਦੀ ਸ਼ਰੇਆਮ ਖਰੀਦਦਾਰੀ ਹੋ ਰਹੀ ਸੀ। ਕਾਂਗਰਸੀ ਆਗੂ ਲਾਲ ਸਿੰਘ ਇਕ ਪਿੰਡ ਵਿਚ ਮੰਜੇ 'ਤੇ ਨੋਟ ਵਿਛਾਈ ਬੈਠੇ ਸਨ ਤਾਂ ਕੁਝ ਪੱਤਰਕਾਰ ਬਠਿੰਡਾ ਤੋਂ ਵੀ ਆ ਪਧਾਰੇ, ਜਿਨ੍ਹਾਂ ਨੂੰ ਵੋਟਰ ਹੀ ਸਮਝ ਕੇ ਮੰਤਰੀ ਨੇ ਕਿਹਾ, "ਤੁਸੀਂ ਵੀ ਵੋਟ ਲਿਆਓ ਤੇ ਮੁੱਲ ਵੱਟੋ।"

ਇਕ ਪੱਤਰਕਾਰ ਕਹਿੰਦਾ, "ਮੰਤਰੀ ਸਾਬ੍ਹ, ਅਸੀਂ ਤਾਂ ਪੱਤਰਕਾਰ ਹਾਂ, ਪਿੰਡ ਵਾਸੀ ਨਹੀਂ।"

ਮੰਤਰੀ ਨੇ ਝੇਂਪਦਿਆਂ ਕਿਹਾ, "ਫਿਰ ਕੀ ਹੋਇਆ, ਤੁਸੀਂ ਵੀ ਇਕ ਗੱਠੀ ਚੁੱਕ ਲਓ ਤੇ ਖਾਓ-ਪੀਓ, ਸਰਕਾਰੀ ਪੈਸਾ ਹੀ ਹੈ।"

ਤਦ ਇਕ ਪੱਤਰਕਾਰ ਬਖਤੌਰ ਢਿੱਲੋਂ ਨੇ ਕਿਹਾ, "ਗੱਲ ਤਾਂ ਠੀਕ ਹੈ, ਇਕ ਗੱਠੀ ਚੁੱਕ ਲੈਨੇ ਹਾਂ, ਪਾਰਟੀ-ਸ਼ਾਰਟੀ ਕਰ ਲਵਾਂਗੇ।"

ਨਾਲ ਖੜ੍ਹੇ ਦੂਜੇ ਬਜ਼ੁਰਗ ਪੱਤਰਕਾਰ ਹੁਕਮ ਚੰਦ ਸ਼ਰਮਾ ਨੇ ਕਿਹਾ, "ਤੂੰ ਗੱਠੀ ਚੁੱਕ, ਮੈਂ ਤੇਰੀ ਫੋਟੋ ਸਮੇਤ ਖਬਰ ਛਪਵਾਊਂ।" ਉਦੋਂ ਢਿੱਲੋਂ ਨੇ ਸਲਾਹ ਤੇ ਯੋਜਨਾ ਮਨਸੂਖ ਕਰ ਦਿੱਤੀ। ਪਰ ਦੂਜੇ ਦਿਨ ਸ਼ਰਮਾ ਵਲੋਂ ਭੇਜੀ ਖਬਰ ਦਾ ਸਿਰਲੇਖ ਸੀ, 'ਜਦੋਂ ਸਰਕਾਰੀ ਧਨ ਵਰ੍ਹਦਾ ਵੇਖ ਇਕ ਪੱਤਰਕਾਰ ਦਾ ਵੀ ਮਨ ਡੋਲਿਆ' ਪਰ ਬਾਕੀ ਖਬਰ ਵਿਚ ਉਪਰ ਦੱਸੀ ਸਾਰੀ ਘਟਨਾ ਹੀ ਇਨ-ਬਿਨ ਛਪੀ ਸੀ।

ਇਸੇ ਦੌਰਾਨ ਕਾਂਗਰਸੀ ਆਗੂ ਪ੍ਰਤਾਪ ਸਿੰਘ ਬਾਜਵਾ ਦੀ ਡਿਊਟੀ ਜਿਸ ਪਿੰਡ ਵਿਚ ਪ੍ਰਚਾਰ ਕਰਨ ਦੀ ਲੱਗੀ ਸੀ, ਉਹ ਉਸ ਪਿੰਡ ਦੇ ਸਰਪੰਚ ਦੇ ਘਰ ਗਏ ਤੇ ਕਿਹਾ, "ਸਰਪੰਚ ਸਾਹਿਬ, ਅਸੀਂ ਕੁਝ ਹਫਤੇ ਤੇਰੇ ਘਰ ਵਿਚ ਟਿਕਾਣਾ ਰੱਖਣਾ ਹੈ, ਸਮੇਤ ਆਪਣੇ ਬਾਡੀਗਾਰਡਾਂ, ਡਰਾਈਵਰਾਂ ਦੇ।"

ਸਰਪੰਚ ਨੇ ਕਿਹਾ, "ਧੰਨਭਾਗ, ਜੀ ਆਇਆਂ ਨੂੰ। ਦੱਸੋ ਖਾਣਾ-ਪੀਣਾ ਕੀ ਪਸੰਦ ਕਰੋਗੇ?"

ਸ. ਬਾਜਵਾ ਵਿਹੜੇ ਵਿਚ ਫਿਰਦੇ ਮੁਰਗੇ ਵੇਖ ਕੇ ਬੋਲੇ, "ਦੇਸੀ ਮੁਰਗੇ।"

ਸੋ ਸਰਪੰਚ ਨੇ ਪਹਿਲਾਂ ਆਪਣੇ ਘਰ ਦੇਸੀ ਮੁਰਗੇ ਵੱਢ ਵੱਢ ਕੇ, ਫਿਰ ਗਵਾਂਢੀਆਂ ਦੇ, ਫਿਰ ਗਵਾਂਢੀ ਪਿੰਡਾਂ ਦੇ, ਫਿਰ ਪੋਲਟਰੀ ਫਾਰਮ ਵਿਚੋਂ ਮੁੱਲ ਲੈ ਲੈ ਕੇ ਮੰਤਰੀ ਤੇ ਸਾਥੀਆਂ ਨੂੰ ਲਗਾਤਾਰ ਖੁਆਉਣੇ ਸ਼ੁਰੂ ਕਰ ਦਿੱਤੇ। ਅਖੀਰ ਪਿੰਡਾਂ ਵਿਚੋਂ ਮੁਰਗੇ ਖਤਮ ਹੋ ਗਏ। ਮੈਂ ਅਖਬਾਰ ਨੂੰ ਖਬਰ ਭੇਜੀ ਤਾਂ ਸਿਰਲੇਖ ਸੀ, 'ਜਦੋਂ ਬਾਜਵੇ ਨੇ ਮੁਰਗੇ ਬਾਂਗਾਂ ਦੇਣੋਂ ਹਟਾਏ।'

ਚੋਣ ਨਤੀਜੇ ਆਏ ਤਾਂ ਮਨਪ੍ਰੀਤ ਸਿੰਘ ਬਾਦਲ ਕਰੀਬ ਦੋ ਹਜ਼ਾਰ ਵੋਟਾਂ ਦੇ ਫਰਕ ਨਾਲ ਜਿੱਤ ਗਿਆ ਪਰ ਖਬਰ ਤੇ ਹੋਰ ਰਿਪੋਰਟਾਂ ਪੜ੍ਹ ਕੇ ਬੇਅੰਤ ਸਿੰਘ ਨੇ ਗੁੱਸੇ ਵਿਚ ਸ. ਬਾਜਵਾ ਨੂੰ ਕਿਹਾ, "ਮੁਰਗੇ ਖਾ ਖਾ ਕੇ ਜਿਹੜਾ ਢਿੱਡ ਵਧਾਇਐ, ਮੈਂ ਹੀ ਠੀਕ ਕਰੂੰ।" ਤੇ ਸੰਤ ਸੁਭਾਅ ਮਿਹਨਤੀ ਸੱਜਣ ਕੁਮਾਰ ਜਾਖੜ ਨੂੰ ਖੁਸ਼ ਹੋ ਕੇ ਮੂੰਹੋਂ ਮੰਗੇ ਵਿਭਾਗ ਦਾ ਮੰਤਰੀ ਬਣਾ ਦਿੱਤਾ।



**ਜਦੋਂ ਤਿਕੜਮਬਾਜ਼ ਦੀ ਖਬਰ ਨੇ ਭੜਥੂ ਪਾਇਆ:** ਗਿੱਦੜਬਾਹਾ ਵਿਧਾਨ ਸਭਾ ਦੀ ਤਦ ਹੋ ਰਹੀ ਜ਼ਿਮਨੀ ਚੋਣ ਦੌਰਾਨ ਵੋਟਾਂ ਪੈਣ ਤੋਂ ਇਕ ਦਿਨ ਪਹਿਲਾਂ ਯੋਜਨਾਬੱਧ ਤਰੀਕੇ ਨਾਲ ਗਿੱਦੜਬਾਹਾ ਵਿਚਲੇ ਹੀ ਇਕ ਤਿਕੜਮਬਾਜ਼ ਅਤੇ ਜਲੰਧਰ ਤੋਂ ਛਪਦੇ ਇਕ ਅਖਬਾਰ ਦੇ ਪੱਤਰਕਾਰ ਨੇ ਗਿੱਦੜਬਾਹਾ ਦੀ ਨਹਿਰੀ ਸਰਕਾਰੀ ਕਾਲੋਨੀ ਵਿਚਲੇ ਸਰਕਾਰੀ ਰੈਸਟ ਹਾਊਸ ਵਿਚ ਲਗਾਤਾਰ ਇਕ ਮਹੀਨੇ ਤੋਂ ਡੇਰਾ ਜਮਾਈ ਬੈਠੇ ਮੁੱਖ ਮੰਤਰੀ ਬੇਅੰਤ ਸਿੰਘ ਦੀ ਕਾਰ ਕੋਲ ਇਕ ਜਿਪਸੀ ਵਿਚੋਂ ਗੱਤੇ ਦੇ ਕੁਝ ਬਕਸੇ ਉਤਾਰੇ ਜਾਣ ਦੀ ਫੋਟੋ ਖਿੱਚ ਕੇ ਰਾਤ ਨੂੰ ਖਬਰ ਭੇਜ ਦਿੱਤੀ। ਖਬਰ 'ਚ ਲਿਖਿਆ ਸੀ ਕਿ ਇਹ ਜੋ ਸਰਕਾਰੀ ਜਿਪਸੀ ਵਿਚੋਂ ਬਕਸੇ ਉਤਾਰੇ ਜਾ ਰਹੇ ਹਨ, ਇਨ੍ਹਾਂ ਵਿਚ ਨੋਟ ਭਰੇ ਹਨ ਤੇ ਇਸੇ ਧਨ ਨਾਲ ਪ੍ਰਤੀ ਵੋਟ 5000 ਰੁਪਏ ਤਕ ਖਰੀਦੀ ਜਾਣ ਦੀ ਕਥਿਤ ਅਫਵਾਹ/ਸੂਚਨਾ ਹੈ।

ਸੋ ਇਹ 'ਵਿਸ਼ੇਸ਼ ਖਬਰ' ਉਸ ਦਿਨ ਹੀ ਸਵੇਰ ਦੀ ਅਖਬਾਰ ਵਿਚ ਛਪੀ, ਤੇ ਖਬਰ ਲੋਕਾਂ ਨੇ ਪੜ੍ਹ ਲਈ। ਵੋਟਾਂ ਵਾਲੇ ਦਿਨ ਜਦੋਂ ਪਿੰਡਾਂ ਵਿਚ ਵੋਟਾਂ ਖਰੀਦ ਰਹੇ ਸਿਆਸਤਦਾਨਾਂ ਨੇ 500 ਰੁਪਏ ਪ੍ਰਤੀ ਵੋਟ ਵੋਟਰਾਂ ਨੂੰ ਦੇਣ ਦੀ ਕੋਸ਼ਿਸ਼ ਕੀਤੀ, ਤਾਂ ਕੁਝ ਹੁਸ਼ਿਆਰ ਵੋਟਰਾਂ ਨੇ ਕਿਹਾ ਕਿ ਜਨਾਬ ਖਬਰ ਵਿਚ ਤਾਂ 5000 ਰੁਪਏ ਪ੍ਰਤੀ ਵੋਟ ਮੁੱਲ ਲਿਖਿਐ, ਪਰ ਤੁਸੀਂ ਸਾਨੂੰ ਸਿਰਫ 500 ਰੁਪਏ ਹੀ ਦੇ ਰਹੇ ਹੋ। ਕੀ ਗੱਲ, ਬਾਕੀ 4500 ਰੁਪਏ ਆਪਣੇ ਲਈ ਰੱਖ ਰਹੇ ਹੋ। ਕਿਰਪਾ ਕਰਕੇ 4500 ਰੁਪਏ ਦਿਓ ਤੇ 500 ਰੁਪਏ ਪ੍ਰਤੀ ਵੋਟ ਕਮਿਸ਼ਨ ਰੱਖ ਲਓ!

ਮੰਤਰੀ ਤੇ ਦੂਜੇ ਨੇਤਾਵਾਂ ਨੇ ਕਿਹਾ, ਜਦੋਂ ਸਾਨੂੰ ਵੀ ਉਪਰੋਂ ਸਿਰਫ ਪੰਜ ਸੌ ਰੁਪਏ ਹੀ ਪ੍ਰਤੀ ਵੋਟ ਆਏ ਹਨ ਤੇ ਇਹੀ ਹੁਕਮ ਹੈ, ਫਿਰ ਇੰਜ ਕਿਵੇਂ ਕਰੀਏ?

ਦੂਜੇ ਦਿਨ ਵੋਟਾਂ ਦਾ ਮੁੱਲ ਵੱਟਣ ਵਾਲੇ ਲੋਕ ਗਿੱਦੜਬਾਹਾ ਮੰਡੀ ਵਿਚੋਂ ਪੀਟਰ ਰੇਹੜੀਆਂ ਉਪਰ ਮੁੱਲ ਖਰੀਦੀਆਂ ਸਿਲਾਈ ਮਸ਼ੀਨਾਂ, ਸਾਈਕਲ ਤੇ ਖਾਣ-ਪੀਣ ਦਾ ਰਾਸ਼ਨ ਲੱਦ ਕੇ ਘਰਾਂ ਨੂੰ ਲਿਆਉਂਦੇ ਵੇਖੇ ਗਏ ਸਨ। ਗਿੱਦੜਬਾਹਾ ਛੋਟੀ ਮੰਡੀ ਹੋਣ ਕਾਰਨ ਦੁਕਾਨਾਂ ਵਿਚੋਂ ਸਾਈਕਲ, ਮਸ਼ੀਨਾਂ ਆਦਿ ਮੁੱਕ ਗਈਆਂ, ਅਤੇ ਬਾਅਦ ਵਿਚ ਬਠਿੰਡਾ ਤੇ ਮਲੋਟ ਵਿਚੋਂ ਵੀ ਲੋਕਾਂ ਖਰੀਦੀਆਂ ਸਨ।

ਮਨਪ੍ਰੀਤ ਸਿੰਘ ਬਾਦਲ ਦੇ ਜਿੱਤਣ ਅਤੇ ਕਾਂਗਰਸੀ ਦੀਪਕ ਕੁਮਾਰ ਦੀ ਹਾਰ ਦਾ ਗੁੱਸਾ ਬੇਅੰਤ ਸਿੰਘ ਸਰਕਾਰ ਨੇ ਉਸ ਅਖਬਾਰ ਨੂੰ ਇਸ਼ਤਿਹਾਰ ਦੇਣੇ ਬੰਦ ਕਰਕੇ ਕੱਢਿਆ। ਪੱਤਰਕਾਰ ਪੁਲਿਸ ਦੇ ਡਰੋਂ ਕਈ ਦਿਨ ਲੁਕਿਆ ਰਿਹਾ। ਫਿਰ ਉਸ ਦੀ ਬਦਲੀ ਅਬੋਹਰ ਕਰ ਦਿੱਤੀ ਗਈ ਜਿੱਥੇ ਉਸ ਨੇ ਆਪਣੀ 'ਕਲਾ' ਨਾਲ ਅਰੋੜਾ ਬਰਾਦਰੀ ਨੂੰ ਫੂਕ ਛਕਾ ਛਕਾ ਕੇ ਕਾਂਗਰਸ ਵਿਰੁਧ ਭੜਕਾ ਦਿੱਤਾ ਤੇ ਕਾਂਗਰਸੀ ਦੋਫਾੜ ਕਰ ਕੇ ਵਿਧਾਨ ਸਭਾ ਚੋਣਾਂ ਸਮੇਂ ਜਾਖੜ ਪਰਿਵਾਰ ਦਾ ਕਾਫੀ ਸਿਆਸੀ ਤੇ ਸਮਾਜਿਕ ਨੁਕਸਾਨ ਕੀਤਾ। ਫਿਰ ਉਸ ਨੇ ਸ਼ਹਿਰ ਵਿਚੋਂ ਪ੍ਰਾਈਵੇਟ ਵਿਦਿਅਕ ਅਦਾਰਿਆਂ ਤੋਂ ਪ੍ਰਤੀ ਅਦਾਰਾ 20 ਹਜ਼ਾਰ ਰੁਪਏ ਬਲੈਕਮੇਲ ਕਰਕੇ ਸ਼ਹਿਰ ਵਿਚ ਹੀ ਪਲਾਟ ਲੈ ਕੇ ਕੋਠੀ ਪਾਉਣੀ ਸ਼ੁਰੂ ਕਰ ਦਿੱਤੀ। ਪਰ ਗੱਲ ਫੈਲ ਗਈ। ਜਦ ਵਿਜੀਲੈਂਸ ਜਾਂਚ ਕਰਨ ਲੱਗੀ ਤਾਂ ਉਹ ਸਭ ਕੁਝ ਵੇਚ-ਵੱਟ ਕੇ ਚੰਡੀਗੜ੍ਹ ਗੁਪਤਵਾਸ ਹੋ ਗਿਆ ਅਤੇ ਬਾਦਲ ਸਰਕਾਰ ਵੇਲੇ ਇਕ ਨਵੀਂ ਅਖਬਾਰ ਦਾ ਸੰਪਾਦਕ ਬਣਿਆ।

*-ਜੁਗਰਾਜ ਗਿੱਲ, ਯੌਰਕ*
*ਫੋਨ: 704-257-6693*

## ਕੈਨੇਡਾ 'ਚ ਦੋ ਰੋਜ਼ਾ 'ਸਾਹਿਤ ਤੇ ਸੱਭਿਆਚਾਰਕ' ਸੰਮੇਲਨ

# ਵਿਦੇਸ਼ਾਂ 'ਚ ਪੰਜਾਬੀ ਵਜੂਦ ਸੰਭਾਲਣ ਲਈ ਪੰਜਾਬੀਆਂ ਨੂੰ ਕੀਤਾ ਸੁਚੇਤ

**ਐਸ. ਅਸ਼ੋਕ ਭੌਰਾ**

**ਸਰ੍ਹੀ, ਕੈਨੇਡਾ:** ਇਥੇ ਪੰਜਾਬ ਭਵਨ ਵਿਖੇ ਸੁੱਖੀ ਬਾਠ ਹੁਰਾਂ ਦੀ ਅਗਵਾਈ 'ਚ 7 ਤੇ 8 ਅਕਤੂਬਰ ਨੂੰ ਦੋ ਦਿਨਾਂ ਉਤਰੀ ਅਮਰੀਕਾ ਦਾ ਪੰਜਾਬੀ ਸਾਹਿਤ ਅਤੇ ਸੱਭਿਆਚਾਰਕ ਸੰਮੇਲਨ ਨੇੜਿਓਂ ਵੇਖਣ ਤੇ ਮਾਣਨ ਦਾ ਮੌਕਾ ਮਿਲਿਆ। ਪੰਜਾਬੀਆਂ ਦੀਆਂ ਵਿਦੇਸ਼ਾਂ 'ਚ ਪ੍ਰਾਪਤੀਆਂ, ਸਮੱਸਿਆਵਾਂ ਅਤੇ ਸੱਭਿਆਚਾਰਕ ਤੌਰ 'ਤੇ



ਪਦਮਸ੍ਰੀ ਡਾ. ਸੁਰਜੀਤ ਪਾਤਰ ਦਾ ਸਵਾਗਤ ਕਰਦੇ ਹੋਏ ਸੁੱਖੀ ਬਾਠ ਤੇ ਡਿਪਟੀ ਕੌਂਸਲ ਜਨਰਲ ਅਮਰਜੀਤ ਸਿੰਘ। ਨਾਲ ਖੜ੍ਹੇ ਹਨ ਗੁਰਭਜਨ ਗਿੱਲ।

ਗੁਜ਼ਰਦੀ ਬਸਰਦੀ ਜ਼ਿੰਦਗੀ ਦਾ ਗੰਭੀਰ ਵਿਸ਼ਲੇਸ਼ਣ ਵਾਕਿਆ ਹੀ ਉਤਰੀ ਅਮਰੀਕਾ 'ਚ ਹੀ ਨਹੀਂ ਸਗੋਂ ਪਰਵਾਸੀ ਜ਼ਿੰਦਗੀ ਜੀਅ ਰਹੇ ਪੰਜਾਬੀਆਂ ਨੂੰ ਯੋਗ ਅਗਵਾਈ ਦੇਣ ਦੇ ਸਮਰੱਥ ਹੋਇਆ ਹੈ। ਪਿਛਲੇ ਦੋ ਦਹਾਕਿਆਂ ਦੌਰਾਨ ਪਹਿਲੀ ਵਾਰ ਅਨੁਭਵ ਹੋ ਰਿਹਾ ਸੀ ਕਿ ਪਰਚੇ ਪੜ੍ਹਨ ਵੇਲੇ ਹਾਜ਼ਰ ਪੰਜਾਬੀਆਂ ਨੇ ਉਬਾਸੀਆਂ ਨਹੀਂ ਲਈਆਂ, ਨਾ ਨੀਂਦ ਦੇ ਝਟਕੇ ਲੱਗੇ ਸਗੋਂ ਬਹੁਤੇ ਬੁਲਾਰਿਆਂ ਦਾ ਇਕ ਇਕ ਸ਼ਬਦ ਇਕ ਚਿਤ ਹੋ ਕੇ ਗਹਿਰ ਗੰਭੀਰਤਾ ਨਾਲ ਸੁਣਿਆ। ਇਸੇ ਦੀ ਹੀ ਅੱਜ ਦੇ ਸਮੇਂ 'ਚ ਪ੍ਰਮੁੱਖ ਲੋੜ ਹੈ, ਕਿਉਂਕਿ ਪੰਜਾਬੀਆਂ ਦੀ ਵਿਦੇਸ਼ਾਂ 'ਚ ਵਸਦੀ ਅਗਲੀ ਪੀੜ੍ਹੀ ਦੇ ਹੱਥਾਂ 'ਚੋਂ ਸੱਭਿਆਚਾਰਕ ਕਦਰਾਂ-ਕੀਮਤਾਂ ਤਿਲਕ ਜਾਣ ਦਾ ਡਰ ਬਣਿਆ ਹੋਇਆ ਹੈ।

ਕਾਨਫਰੰਸ ਦਾ ਉਦਘਾਟਨ 7 ਅਕਤੂਬਰ ਨੂੰ ਸਵੇਰੇ ਪੰਜਾਬ ਕਲਾ ਪ੍ਰੀਸ਼ਦ ਦੇ ਮੁਖੀ ਪਦਮਸ੍ਰੀ ਡਾ. ਸੁਰਜੀਤ ਪਾਤਰ ਨੇ ਕੀਤਾ ਤੇ ਇਸ ਮੌਕੇ ਉਨ੍ਹਾਂ ਦੇ ਨਾਲ ਪ੍ਰੋ. ਗੁਰਭਜਨ ਗਿੱਲ, ਵਰਿਆਮ ਸਿੰਘ ਸੰਧੂ, ਪ੍ਰਿੰ. ਸਰਵਣ ਸਿੰਘ ਅਤੇ ਸੰਮੇਲਨ



ਪ੍ਰੋ. ਵਰਿਆਮ ਸੰਧੂ ਦਾ ਸਨਮਾਨ ਕਰਦੇ ਹੋਏ ਸੁੱਖੀ ਬਾਠ, ਜਤਿੰਦਰ ਜੇ. ਮਿਨਹਾਸ ਅਤੇ ਹੋਰ ਸ਼ਖਸੀਅਤਾਂ।

ਦੇ ਮੇਜ਼ਬਾਨ ਸੁੱਖੀ ਬਾਠ ਹਾਜ਼ਰ ਸਨ। ਜਿੱਥੇ ਸੁਰਜੀਤ ਪਾਤਰ ਨੇ ਇਸ ਸੰਮੇਲਨ ਨੂੰ ਵੱਡੀ ਗਿਣਤੀ ਵਿਚ ਉਤਰੀ ਅਮਰੀਕਾ 'ਚ ਵਸਦੇ ਪੰਜਾਬੀਆਂ ਲਈ ਸ਼ੁੱਭ ਸ਼ਗਨ ਦੱਸਿਆ, ਉਥੇ ਕੈਨੇਡਾ 'ਚ ਪੰਜਾਬ ਭਵਨ ਦੀ ਉਸਾਰੀ ਕਰਨਾ ਸੱਚੀਂ ਮੁੱਚੀਂ ਹੀ ਦੁਨੀਆਂ 'ਚ ਵਿਚਰਦੇ ਇਕ ਪੰਜਾਬ ਦੀ ਦਿੱਖ ਨੂੰ ਵਿਰਾਸਤੀ ਸਾਂਭ ਸੰਭਾਲ ਦਾ ਇਤਿਹਾਸਕ ਯਤਨ ਵੀ ਦੱਸਿਆ।

ਸੰਮੇਲਨ ਦਾ ਪਹਿਲਾ ਸੈਸ਼ਨ ਕਈ ਕਾਰਨਾ ਕਰਕੇ ਧਿਆਨ ਖਿੱਚਣ ਵਾਲਾ ਸੀ। 'ਉਤਰੀ ਅਮਰੀਕਾ 'ਚ ਨਵੀਂ ਪੀੜ੍ਹੀ ਦੇ ਸਰੋਕਾਰ ਅਤੇ ਸਮੱਸਿਆਵਾਂ' ਵਿਸ਼ੇ 'ਤੇ ਪਰਚਾ ਪੜ੍ਹਦਿਆਂ ਪੰਜਾਬੀ ਮੂਲ ਦੇ ਪੁਲਿਸ ਅਫਸਰ ਜੈਜ਼ ਖੋਸਾ ਨੇ ਡੂੰਘੀ ਟਕੋਰ ਕਰਦਿਆਂ ਮਾਪਿਆਂ ਨੂੰ ਚੇਤੰਨ ਕੀਤਾ ਕਿ ਤੁਸੀਂ ਸੋਨੇ ਦੇ ਗਹਿਣੇ ਤਾਂ ਲਾਕਰ 'ਚ ਰੱਖਣ ਨੂੰ ਤਰਜ਼ੀਹ ਦਿੰਦੇ ਹੋ ਪਰ ਆਪਣੀ ਔਲਾਦ ਨੂੰ ਸੰਭਾਲਣ ਲਈ ਅਵੇਸਲੇ ਹੁੰਦੇ ਜਾ ਰਹੇ ਹੋ। ਜਦੋਂ ਅੱਧੀ ਰਾਤ ਨੂੰ ਘਰ ਦਾ ਬੂਹਾ ਖੜਕਦਾ ਹੈ ਤਾਂ ਮਾਂ ਸੋਚਦੀ ਹੈ ਪੁੱਤਰ ਆ ਗਿਆ ਹੈ ਪਰ ਅੱਗੋਂ ਬੂਹਾ ਖੋਲ੍ਹਣ 'ਤੇ ਖੜ੍ਹੀ ਪੁਲਿਸ ਦੱਸਦੀ ਹੈ, 'ਯੂਅਰ ਸਨ ਇਜ਼ ਨੋ ਮੋਰ।' ਇਸ ਵੱਲ ਜੇ ਹੁਣ ਵੀ ਧਿਆਨ ਨਾ ਦਿੱਤਾ ਤਾਂ ਅਸੀਂ ਆਉਣ ਵਾਲੀਆਂ ਨਸਲਾਂ ਹੋਰ ਉਜਾੜ ਲਵਾਂਗੇ। ਪੌਣੇ ਦੋ ਸੌ ਦੇ ਕਰੀਬ ਗੈਂਗਸਟਰ ਗਰੁਪਾਂ 'ਚ ਕਾਲੇ ਵੀ ਹਨ, ਗੋਰੇ ਵੀ ਹਨ ਅਤੇ ਬਹੁਗਿਣਤੀ ਪੰਜਾਬੀ ਵੀ ਸ਼ਾਮਿਲ ਹਨ। ਹਰ ਮਾਂ ਬਾਪ ਨੂੰ ਡਾਲਰਾਂ ਦੀ ਦੌੜ 'ਚੋਂ ਥੋੜ੍ਹਾ ਨਿਕਲ ਕੇ ਆਪਣੇ ਪੁੱਤਰ ਦੀਆਂ ਗਤੀਵਿਧੀਆਂ ਨੂੰ ਵੀ ਬਾਰੀਕੀ ਨਾਲ ਵਾਚਣਾ ਪਵੇਗਾ। ਜਿੱਧਰ ਨੂੰ ਇਹ ਰਾਹ ਜਾਂਦਾ ਹੈ, ਉਧਰੋਂ ਮੋੜ ਕੇ ਲਿਆਉਣਾ ਮੁਸ਼ਕਿਲ ਹੈ। ਪੰਜਾਬੀ ਪੁਲਿਸ ਅਧਿਕਾਰੀ ਬਲਤੇਜ ਢਿੱਲੋਂ ਨੇ ਕਿਹਾ ਕਿ ਥੋਡੀਆਂ ਮਹਿੰਗੀਆਂ ਕਾਰਾਂ ਲੈ ਕੇ ਘੁੰਮਦੇ ਪੁੱਤਰ ਭੁੱਲ ਗਏ ਹਨ ਕਿ ਉਨ੍ਹਾਂ ਦਾ ਵਿਰਸਾ ਅਤੇ ਵਿਰਾਸਤ ਕੀ ਹੁੰਦੀ ਹੈ ਕਿਉਂਕਿ ਬਹੁਤੇ ਪੰਜਾਬੀ ਪਰਿਵਾਰਾਂ ਨੇ ਪਰਵਾਸ ਦੀ ਜ਼ਿੰਦਗੀ ਨੂੰ ਡਾਲਰਾਂ ਦੇ ਭਾਰ ਹੇਠ ਦੱਬ ਲਿਆ ਹੈ।

ਨਾਮੀ ਪੱਤਰਕਾਰ ਪ੍ਰਿਥੀਪਾਲ ਸਿੰਘ ਸੋਹੀ ਨੇ ਕਿਹਾ ਕਿ ਅਸੀਂ ਗਲੈਮਰ ਦੀ ਜ਼ਿੰਦਗੀ 'ਚ ਗੁਆਚ ਗਏ ਹਾਂ। ਸਾਡੀ ਔਲਾਦ ਦਾ ਭਵਿੱਖ ਅਸੁਰੱਖਿਅਤ ਹੁੰਦਾ ਜਾ ਰਿਹਾ ਹੈ। ਜਨਮ ਦਿਨ 'ਤੇ ਵੱਡੀਆਂ ਤੇ ਕੀਮਤੀ ਕਾਰਾਂ ਦੇ ਤੋਹਫੇ ਦੇਣ ਵਾਲੇ ਮਾਪੇ ਨਹੀਂ ਸੋਚਦੇ ਕਿ ਉਹ ਆਪਣੀ ਔਲਾਦ ਦਾ ਭਵਿੱਖ ਹਨੇਰੇ ਵੱਲ ਧੱਕ ਰਹੇ ਹਨ। ਬੱਚਿਆਂ ਨਾਲ ਵਕਤ ਗੁਜ਼ਾਰਨਾ ਮਾਪਿਆਂ ਨੂੰ ਭੁੱਲ ਗਿਆ ਹੈ। ਇਹ ਥਾਂ ਡਾਲਰਾਂ ਦੇ ਲਾਲਚ ਨੇ ਖੋਹ ਲਈ ਹੈ। ਦੋ ਦੋ ਜਾਂ ਤਿੰਨ ਤਿੰਨ ਕੰਮ ਕਰਨ ਵਾਲੇ ਮਾਂ ਬਾਪ ਨਹੀਂ ਸੋਚ ਰਹੇ ਕਿ ਉਨ੍ਹਾਂ ਦਾ ਭਵਿੱਖ ਕਿਹੜੇ ਕਾਲਿਆਂ ਰਾਹਾਂ ਵੱਲ ਮੁਹਾਰ ਮੋੜ ਲਵੇਗਾ। ਉਨ੍ਹਾਂ ਕਿਹਾ ਕਿ ਹਰ ਘਰ ਵਿਚ ਸਿਹਤਮੰਦ ਸਾਹਿਤ ਲਿਆਉਣ ਦੀ ਲੋੜ ਹੈ ਤੇ ਯੂਥ ਨੂੰ ਮਾਰਨ-ਮਰਾਉਣ, ਬਦਲਾ ਲੈਣ ਵਾਲੇ ਸੱਭਿਆਚਾਰ, ਝੂਠੀ ਦਲੇਰੀ, ਜੱਟ ਦੀ ਅਣਖ, ਗਰਮ ਭਾਸ਼ਣ ਅਤੇ ਤਲਵਾਰਾਂ, ਰਫਲਾਂ ਵਾਲੇ ਗੀਤਾਂ ਤੋਂ ਬਚਾਅ ਕੇ ਰੱਖਣਾ ਪਵੇਗਾ, ਫਿਰ ਹੀ ਸ਼ਹੀਦ ਹੋਣ ਤੇ ਅਜਾਈਂ ਮਰਨ ਦਾ ਅੰਤਰ ਸਮਝ ਆਵੇਗਾ।

ਕਹਾਣੀਕਾਰ ਵਰਿਆਮ ਸਿੰਘ ਸੰਧੂ ਨੇ 'ਉਤਰੀ ਅਮਰੀਕਾ 'ਚ ਪੰਜਾਬੀ ਸਾਹਿਤ, ਸੰਗੀਤ ਅਤੇ ਮਨੋਰੰਜਨ ਦੀ ਸਥਿਤੀ' ਬਾਰੇ ਆਪਣੇ ਵਿਚਾਰ ਪੇਸ਼ ਕਰਦਿਆਂ ਉਤਰੀ ਅਮਰੀਕਾ 'ਚ ਰਚੇ ਜਾ ਰਹੇ ਪੰਜਾਬੀ ਸਾਹਿਤ ਦੀ ਪ੍ਰਸ਼ੰਸਾ ਕੀਤੀ ਤੇ ਮਾਪਿਆਂ ਨੂੰ ਸਾਹਿਤ ਨਾਲ ਜੋੜਨਾ ਹੀ ਅਗਲੀ ਪੀੜ੍ਹੀ ਨੂੰ ਪੰਜਾਬੀ ਬਣਾ ਕੇ ਰੱਖਣ ਦਾ ਸੰਕਲਪ ਦੱਸਿਆ। ਭੁਪਿੰਦਰ ਦੂਲੇ ਅਤੇ ਕੁਲਵਿੰਦਰ ਖਹਿਰਾ ਨੇ ਇਸੇ ਵਿਸ਼ੇ 'ਤੇ ਪਰਚੇ ਪੜ੍ਹਦਿਆਂ ਉਤਰੀ ਅਮਰੀਕਾ ਦੀਆਂ ਰੰਗ ਮੰਚ, ਸੰਗੀਤ ਤੇ ਸਮਾਜਿਕ ਸੰਸਕ੍ਰਿਤੀ ਨੂੰ ਪੇਸ਼ ਕਰਨ ਵਾਲੀਆਂ ਪੰਜਾਬੀ ਸੰਸਥਾਵਾਂ ਅਤੇ ਨਿਜੀ ਤੌਰ 'ਤੇ ਕੰਮ ਕਰ ਰਹੇ ਲੋਕਾਂ ਦੀ ਸ਼ਲਾਘਾ ਕਰਦਿਆਂ ਵਿਸਥਾਰ ਦਿੱਤਾ। ਇਸ ਵੇਲੇ ਇਹ ਸਭ ਤੋਂ ਵੱਡੀ ਸਮੱਸਿਆ ਪੰਜਾਬੀਆਂ ਲਈ ਆਪਣੇ ਬਜ਼ੁਰਗਾਂ ਦੀ ਸਾਂਭ ਸੰਭਾਲ ਪ੍ਰਤੀ ਰੜਕ ਰਹੀ ਹੈ ਤੇ ਇਨ੍ਹਾਂ ਬਜ਼ੁਰਗਾਂ ਪ੍ਰਤੀ ਪੈਸੇ ਦੇ ਲਾਲਚ ਪਿੱਛੇ ਕਿਤੇ ਨਾ ਕਿਤੇ ਦਿਖਾਈ ਜਾ ਰਹੀ ਲਾਪ੍ਰਵਾਹੀ ਹਰ ਉਸ ਪੰਜਾਬੀ ਨੂੰ ਪ੍ਰੇਸ਼ਾਨ ਅਤੇ ਚਿੰਤਤ ਕਰ ਰਹੀ ਹੈ ਜੋ ਪੰਜਾਬੀਆਂ ਦੀਆਂ ਅਮੀਰ ਵਿਰਾਸਤੀ ਪਰੰਪਰਾਵਾਂ ਨੂੰ ਸਮਝਦਾ ਤੇ ਜਾਣਦਾ ਹੈ।

ਇਸ ਵਿਸ਼ੇ 'ਤੇ ਲੇਖਕ ਜਰਨੈਲ ਸਿੰਘ ਸੇਖਾ, ਪ੍ਰਿੰ. ਸੁਰਿੰਦਰਪਾਲ ਕੌਰ ਬਰਾੜ ਤੇ ਅਮਰੀਕ ਪਲਾਹੀ ਨੇ ਬਹੁਤ ਹੀ ਗੰਭੀਰਤਾ ਨਾਲ ਵਿਚਾਰਾਂ ਦਾ ਆਦਾਨ ਪ੍ਰਦਾਨ ਕੀਤਾ। ਪ੍ਰਿੰ. ਬਰਾੜ ਨੇ ਆਪਣੀ ਸੰਸਕ੍ਰਿਤੀ ਦੀਆਂ ਮਰਿਆਦਾਵਾਂ ਰੱਖਣ ਵਾਲੇ ਅਹਿਮ ਵਿਸ਼ੇ 'ਤੇ ਟਕੋਰ ਕਰਦਿਆਂ ਕਿਹਾ ਕਿ ਅਸੀਂ ਪੰਜਾਬ ਵਿਚ ਆਪਣੇ ਘਰਾਂ ਨੂੰ, ਕੋਠੀਆਂ ਨੂੰ ਜਿੰਦਰੇ ਮਾਰ ਕੇ ਬਜ਼ੁਰਗਾਂ ਨੂੰ ਜਹਾਜ਼ ਤਾਂ ਬਿਠਾਈ ਲਿਆਉਂਦੇ ਹਾਂ ਪਰ ਉਨ੍ਹਾਂ ਦੇ ਬੁਢਾਪੇ ਪ੍ਰਤੀ ਆਪਣੇ ਫਰਜ਼ਾਂ ਨੂੰ ਇਸ ਕਰਕੇ ਭੁੱਲ ਗਏ ਹਾਂ ਕਿਉਂਕਿ ਇੱਥੋਂ ਦੀ ਪੈਸਾ ਕਮਾਊ ਦੌੜ ਵਿਚ ਅਸੀਂ ਬਹੁਤ ਕੁਝ ਪਿੱਛੇ ਛੱਡਦੇ ਜਾ ਰਹੇ ਹਾਂ। ਪਿਛਲੇ ਵਿਦਵਾਨਾਂ ਦੀਆਂ ਟਿੱਪਣੀਆਂ ਦੇ ਹਵਾਲੇ ਨਾਲ ਪੰਜਾਬੀਆਂ ਨੂੰ ਸੁਚੇਤ ਕੀਤਾ ਕਿ ਪੱਛਮ ਦੀ ਤੇਜ਼ ਜ਼ਿੰਦਗੀ ਨਾਲ ਚੱਲਣਾ ਤਾਂ ਪਵੇਗਾ ਪਰ ਇਸ ਦਾ ਅਰਥ ਇਹ ਵੀ ਨਹੀਂ ਲੈਣਾ ਚਾਹੀਦਾ ਕਿ ਅਸੀਂ



ਮੇਜ਼ਬਾਨ ਸੁੱਖੀ ਬਾਠ

ਆਪਣੀਆਂ ਸਭਿਆਚਾਰਕ ਜਿੰਮੇਵਾਰੀਆਂ ਨੂੰ ਛਿੱਕੇ ਹੀ ਟੰਗ ਦਈਏ। ਪਾਰਕਾਂ 'ਚ ਸਾਰਾ ਸਾਰਾ ਦਿਨ ਗੁਜ਼ਾਰਨ ਵਾਲੇ ਬਜ਼ੁਰਗਾਂ ਦੇ ਤਰਸ ਦੇ ਪਾਤਰ ਬਣੇ ਚਿਹਰੇ ਸ਼ਾਮ ਨੂੰ ਘਰਾਂ 'ਚ ਉਦਾਸ ਕਿਉਂ ਪਰਤਦੇ ਹਨ? ਇਸ ਬਾਰੇ ਸੋਚਣਾ ਵਕਤ ਦੀ ਵੱਡੀ ਲੋੜ ਹੈ। ਅਸਲ 'ਚ ਅਸੀਂ ਸਰੋਕਾਰਾਂ ਤੋਂ ਉਖੜਦੇ ਜਾ ਰਹੇ ਹਾਂ।

ਸੰਮੇਲਨ ਦੇ ਦੂਸਰੇ ਅਤੇ ਆਖਰੀ ਦਿਨ ਸਾਧੂ ਬਿਨਿੰਗ, ਚਰਨਜੀਤ ਸਿੰਘ ਪੰਨੂ, ਰਘੁਬੀਰ ਸਿੰਘ ਸਿਰਜਣਾ ਅਤੇ ਪ੍ਰੋ. ਕਸ਼ਮੀਰਾ ਸਿੰਘ ਨੇ 'ਉਤਰੀ ਅਮਰੀਕਾ ਵਿਚ ਭਾਰਤੀਆਂ ਦੀ ਆਮਦ, ਸਥਾਪਤੀ ਅਤੇ ਸਮਾਜਿਕ ਸਰੋਕਾਰ' ਵਿਸ਼ੇ 'ਤੇ ਲੰਬਾ ਚੌੜਾ ਵਿਚਾਰ ਵਟਾਂਦਰਾ ਪੇਸ਼ ਕੀਤਾ। ਪਰ ਪ੍ਰੋ. ਕਸ਼ਮੀਰਾ ਸਿੰਘ ਨੇ ਸਵਾਲ ਕੀਤਾ ਕਿ ਪੰਜਾਬੀਆਂ ਨੇ ਆਪਣੀ ਖਾਧ ਖੁਰਾਕ ਵਿਚ ਘਿਉ ਬਦਾਮ ਛੱਡ ਕੇ ਨਸ਼ਿਆਂ ਨੂੰ ਕਿਉਂ ਥਾਂ ਦਿੱਤੀ ਹੈ। ਅਸਲ 'ਚ ਅਸੀਂ ਆਪਣੀ ਔਲਾਦ ਪ੍ਰਤੀ ਅਵੇਸਲੇ ਹੋ ਗਏ ਹਾਂ।

ਰਘੁਬੀਰ ਸਿੰਘ ਸਿਰਜਣਾ ਨੇ ਉਤਰੀ ਅਮਰੀਕਾ 'ਚ ਪੰਜਾਬੀਆਂ ਦੀਆਂ ਪ੍ਰਾਪਤੀਆਂ ਬਾਰੇ ਵਿਸਥਾਰ ਦਿੰਦਿਆਂ ਕਿਹਾ ਕਿ ਪੰਜਾਬੀਆਂ ਨੇ ਤਰੱਕੀਆਂ ਬੜੀਆਂ ਕੀਤੀਆਂ ਨੇ, ਮਿਹਨਤਾਂ ਬੜੀਆਂ ਕੀਤੀਆਂ ਨੇ, ਰਾਜਨੀਤੀ 'ਚ ਆਪਣੀ ਚੰਗੀ ਥਾਂ ਬਣਾ ਲਈ ਹੈ ਪਰ ਪੰਜਾਬੀ, ਪੰਜਾਬੀ ਕਿਵੇਂ ਰਹਿਣ? ਇਸ ਨੂੰ ਇੱਥੋਂ ਦੇ ਮਾਹੌਲ ਅਤੇ ਮੌਸਮ ਮੁਤਾਬਕ ਹੀ ਢਾਲਣਾ ਪਵੇਗਾ।

ਪ੍ਰਿੰ. ਸਰਵਣ ਸਿੰਘ, ਗੁਰਵਿੰਦਰ ਸਿੰਘ ਧਾਲੀਵਾਲ ਅਤੇ ਗੁਰਦੇਵ ਚੰਦੀ ਨੇ 'ਉਤਰੀ ਅਮਰੀਕਾ 'ਚ ਖੇਡ ਸੱਭਿਅਚਾਰ ਅਤੇ ਪੱਤਰਕਾਰੀ' ਵਿਸ਼ੇ 'ਤੇ ਵਿਸਥਾਰ ਨਾਲ ਖੁਲਾਸੇ ਕੀਤੇ। ਪ੍ਰਿੰ. ਸਰਵਣ ਸਿੰਘ ਨੇ ਕਿਹਾ ਕਿ ਪੰਜਾਬੀਆਂ ਦੀ ਮਾਂ ਖੇਡ ਕਬੱਡੀ ਨੂੰ ਲੱਖਾਂ ਕਰੋੜਾਂ ਦੀ ਖੇਡ ਬਣਾਉਣ ਵਾਲੇ ਪੰਜਾਬੀ ਇਨ੍ਹਾਂ ਮੁਲਕਾਂ 'ਚ ਹੀ ਵਸਦੇ ਨੇ ਤੇ ਉਨ੍ਹਾਂ ਨੇ ਆਰਥਿਕ ਖੁਸ਼ਹਾਲੀ ਦੇ ਨਾਲ ਨਾਲ




ਪੰਜਾਬ ਭਵਨ 'ਚ ਸਮਾਗਮ ਦੀ ਸ਼ਮਾਂ ਰੌਸ਼ਨ ਕਰਦੇ ਹੋਏ ਡਾ. ਸੁਰਜੀਤ ਪਾਤਰ ਤੇ ਹੋਰ ਸ਼ਖਸੀਅਤਾਂ।

ਆਪਣੀਆਂ ਖੇਡਾਂ ਨੂੰ ਵੀ ਪ੍ਰਫੁੱਲਤ ਕੀਤਾ ਹੈ। ਜੇ ਕੈਨੇਡਾ ਦੀ ਪ੍ਰਤੀਨਿਧਤਾ ਕਰਕੇ ਪੰਜਾਬੀ ਉਲੰਪਿਕ ਖੇਡਾਂ 'ਚ ਜਾ ਰਹੇ ਹਨ ਤਾਂ ਅਸੀਂ ਪੈਰ ਅੱਗੇ ਧਰਿਆ ਹੈ। ਕਬੱਡੀ ਕੱਪ ਕਰਾਉਣ ਦੇ ਰੌਣਕ ਮੇਲੇ ਪੰਜਾਬੀਆਂ ਦੀ ਪਹਿਚਾਣ ਹਨ।

ਪ੍ਰੋ. ਧਾਲੀਵਾਲ ਨੇ ਕਿਹਾ ਕਿ ਉਤਰੀ ਅਮਰੀਕਾ 'ਚ ਲਗਭਗ ਦੋ ਸੌ ਹਫਤਾਵਾਰੀ ਤੇ ਮਾਸਿਕ ਪੰਜਾਬੀ ਪਰਚੇ ਛਪ ਰਹੇ ਹਨ ਪਰ ਅੱਜ ਦੀ ਵਪਾਰਕ ਪੱਤਰਕਾਰੀ 'ਚ ਆਪਣੀ ਜ਼ਿੰਮੇਵਾਰੀ ਨੂੰ ਸਮਝਣਾ ਪਵੇਗਾ। ਉਨ੍ਹਾਂ ਇਸ ਗੱਲ ਨੂੰ ਬੇਝਿਜਕ ਕਿਹਾ ਕਿ ਕਈ ਅਖਬਾਰਾਂ ਨੇ ਪੰਜਾਬ ਵਿਚ ਹੁੰਦੀਆਂ ਵਾਰਦਾਤਾਂ, ਘਟਨਾਵਾਂ ਦੇ ਸਿਰਲੇਖਾਂ



ਪੰਜਾਬੀ ਮੂਲ ਦੇ ਪੁਲਿਸ ਅਫਸਰ ਜੈਜ਼ ਖੋਸਾ ਪਰਚਾ ਪੜ੍ਹਦੇ ਹੋਏ।

ਨੂੰ ਭੜਕਾਊ ਸ਼ਬਦ ਦੇ ਕੇ ਸਾਂਝੀਵਾਲਤਾ 'ਚ ਕਿਤੇ ਨਾ ਕਿਤੇ ਤ੍ਰੇੜਾਂ ਪਾਉਣ ਦਾ ਯਤਨ ਜ਼ਰੂਰ ਕੀਤਾ ਹੈ।

ਇਸ ਦੋ ਰੋਜ਼ਾ ਸਾਹਿਤ ਅਤੇ ਸੱਭਿਆਚਾਰਕ ਸੰਮੇਲਨ ਦੇ ਮੁੱਖ ਪ੍ਰਬੰਧਕ ਸੁੱਖੀ ਬਾਠ ਨੇ ਆਪਣੇ ਧੰਨਵਾਦੀ ਸ਼ਬਦਾਂ 'ਚ ਕਿਹਾ ਕਿ 'ਕੌਣ ਕੀ ਕਹਿੰਦਾ ਹੈ' ਇਸ ਗੱਲ ਦੀ ਉਸ ਨੂੰ ਕੋਈ ਚਿੰਤਾ ਨਹੀਂ ਪਰ ਉਹ ਪੰਜਾਬ ਦਾ ਪੁੱਤ ਹੈ ਅਤੇ ਜਦੋਂ ਮਾਹੌਲ ਬਣਿਆ ਹੈ ਤਾਂ ਉਸ ਨੇ ਸਰ੍ਹੀ 'ਚ ਪੰਜਾਬ ਭਵਨ ਦੀ ਨੀਂਹ ਰੱਖੀ ਹੈ। ਇਸ ਭਵਨ ਨੂੰ ਸਹੀ ਅਰਥਾਂ 'ਚ ਪੰਜਾਬੀਅਤ ਦੀ ਪਾਣ ਚੜ੍ਹਾ ਕੇ ਉਹ ਉਤਰੀ ਅਮਰੀਕਾ ਵਿਚ ਸਾਹਿਤ ਸੱਭਿਆਚਾਰ ਅਤੇ ਪੰਜਾਬ ਦੀ ਵਿਰਾਸਤ ਨੂੰ ਸੰਭਾਲਣ, ਲੇਖਕਾਂ, ਕਵੀਆਂ, ਸਾਹਿਤਕਾਰਾਂ ਅਤੇ ਕਲਾਕਾਰਾਂ ਦਾ ਸਨਮਾਨ ਬਣਾਈ ਰੱਖਣ ਲਈ ਵਚਨਬੱਧ ਹਨ ਤੇ ਇਸ ਪਿੱਛੇ ਉਨ੍ਹਾਂ ਦਾ ਇਕੋ ਇਕ ਉਦੇਸ਼ ਪੰਜਾਬੀ ਹੋਣ ਦੇ ਫਰਜ਼ ਨੂੰ ਨਿਭਾਉਣਾ ਹੈ। ਉਨ੍ਹਾਂ ਮਾਣ ਨਾਲ ਕਿਹਾ ਕਿ ਪੰਜਾਬ ਭਵਨ ਦੀ ਪਹਿਲੀ ਵਰ੍ਹੇਗੰਢ ਮੌਕੇ ਸਾਹਿਤ ਖੇਤਰ ਦੀਆਂ ਨਾਮੀ ਸ਼ਖਸੀਅਤਾਂ ਦਾ ਇਸ ਸਮਾਗਮ 'ਚ ਪਹੁੰਚਣਾ ਉਸ ਦੇ ਯਤਨਾਂ ਨੂੰ ਬੂਰ ਪੈਣ ਦਾ ਸੂਚਕ ਹੈ।

ਇਸ ਦੋ ਰੋਜ਼ਾ ਸਮਾਗਮ ਵਿਚ ਥੋੜ੍ਹੇ ਦਿਨਾਂ ਦੀਆਂ ਸ਼ਾਮਾ ਕਵੀਂ ਦਰਬਾਰ ਨਾਲ ਢਲਦੀਆਂ ਰਹੀਆਂ। ਉਤਰੀ ਅਮਰੀਕਾ ਦੇ ਕਰੀਬ ਅੱਸੀ ਸ਼ਾਇਰਾਂ ਨੇ ਆਪਣੀਆਂ ਕਾਵਿਕ ਵੰਨਗੀਆਂ ਨਾਲ ਸਰੋਤਿਆਂ ਅੰਦਰ ਮੁੜ ਕੇ ਇਕ ਨਵੀਂ ਰੂਹ ਭਰੀ। ਸੰਮੇਲਨ ਸੱਚੀਂ ਮੁੱਚੀਂ ਹੀ ਪੰਜਾਬੀ ਜ਼ੁਬਾਨ, ਬੋਲੀ ਅਤੇ ਭਾਸ਼ਾ ਨੂੰ ਪ੍ਰਫੁੱਲਤ ਕਰਨ ਵਾਲਾ ਸੀ, ਕੋਈ ਖਿੱਚੋਤਾਣ ਵੇਖਣ ਨੂੰ ਨਹੀਂ ਮਿਲੀ। ਤੇਰਾਂ ਦੇ ਕਰੀਬ ਪਰਚੇ ਪੜ੍ਹੇ ਗਏ। ਸੁੱਖ ਧਾਲੀਵਾਲ ਅਤੇ ਦੇਵ ਹੇਅਰ ਜਿਹੇ ਸਿਆਸੀ ਲੋਕ ਵੀ ਆਏ ਪਰ ਮਾਣ ਸਨਮਾਨ ਸਾਹਿਤਕਾਰਾਂ ਦਾ ਹੀ ਹੁੰਦਾ ਰਿਹਾ। ਸਾਰਾ ਦਿਨ ਘੁਸਰ ਮੁਸਰ ਹੁੰਦੀ ਰਹੀ ਕਿ 'ਆਹ ਸੰਮੇਲਨ ਵਿਦੇਸ਼ਾਂ 'ਚ ਪੰਜਾਬੀਆਂ ਨੂੰ ਝੰਜੋੜੇਗਾ ਅਤੇ ਆਪਣੇ ਫਰਜ਼ਾਂ ਦੀ ਪੂਰਤੀ ਲਈ ਜਾਗ੍ਰਿਤ ਕਰੇਗਾ।'

## ਫਰਾਂਸ ਦੀ ਔਡਰੇ ਅਜ਼ੌਲੇ ਹੋਵੇਗੀ ਯੂਨੈਸਕੋ ਦੀ ਮੁਖੀ

**ਪੈਰਿਸ:** ਯੂਨੈਸਕੋ ਦੇ ਕਾਰਜਕਾਰੀ ਬੋਰਡ ਨੇ ਫਰਾਂਸ ਦੀ ਸਾਬਕਾ ਸਭਿਆਚਾਰਕ ਮੰਤਰੀ ਔਡਰੇ ਅਜ਼ੌਲੇ ਨੂੰ ਸੰਯੁਕਤ ਰਾਸ਼ਟਰ ਦੀ ਸੱਭਿਆਚਾਰਕ ਏਜੰਸੀ ਦਾ ਅਗਲਾ ਮੁਖੀ ਚੁਣ ਲਿਆ ਹੈ।

ਅਜ਼ੌਲੇ ਬੁਲਗਾਰੀਆ ਦੇ ਡਾਇਰੈਕਟਰ ਜਨਰਲ ਇਰੀਨਾ ਬੋਕੇਵਾ ਦੀ ਜਗ੍ਹਾ ਲੈਣਗੇ, ਜਿਨ੍ਹਾਂ ਦਾ 8 ਸਾਲ ਦਾ ਕਾਰਜਕਾਲ ਵਿੱਤੀ ਤੌਰ 'ਤੇ ਸੰਕਟਾਂ ਨਾਲ ਭਰਿਆ ਰਿਹਾ।

## ਸ਼ਾਹ ਦੇ ਬੇਟੇ ਬਾਰੇ ਖੁਲਾਸਾ ਕਰਨ ਵਾਲੀ ਪੱਤਰਕਾਰ ਦਾ ਸਵਾਲ

**ਚੰਡੀਗੜ੍ਹ:** ਅਮਿਤ ਸ਼ਾਹ ਦੇ ਬੇਟੇ ਦੀ ਇਕ ਸਾਲ ਵਿਚ 16,000 ਗੁਣਾ ਵਧੀ ਕਮਾਈ ਦਾ ਖੁਲਾਸਾ ਕਰਨ ਵਾਲੀ ਪੱਤਰਕਾਰ ਰੋਹਿਣੀ ਸਿੰਘ ਨੇ ਪਹਿਲੀ ਵਾਰ ਆਪਣੀ ਪ੍ਰਤੀਕਿਰਿਆ ਜ਼ਾਹਿਰ ਕੀਤੀ ਹੈ।



ਰੋਹਿਣੀ ਸਿੰਘ ਨੇ ਫੇਸਬੁੱਕ ਉਤੇ ਲਿਖਿਆ ਹੈ ਕਿ 2011 ਵਿਚ ਜਦੋਂ ਉਹਨੇ ਰੋਬਰਟ ਵਾਡਰਾ ਬਾਰੇ ਅਜਿਹਾ ਖੁਲਾਸਾ ਕੀਤਾ ਸੀ, ਤਾਂ ਭਾਰਤੀ ਜਨਤਾ ਪਾਰਟੀ ਦੇ ਆਗੂਆਂ ਨੂੰ ਇਸ ਖੁਲਾਸੇ ਨੂੰ ਆਧਾਰ ਬਣਾ ਕੇ ਕਾਂਗਰਸ ਖਿਲਾਫ ਮੁਹਿੰਮ ਚਲਾ ਲਈ, ਪਰ ਹੁਣ ਉਸ ਨੂੰ ਬਦਨਾਮ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ। ਪਾਰਟੀ ਅਜਿਹੇ ਦੋਹਰੇ ਮਾਪਦੰਡ ਕਿਉਂ ਅਪਣਾ ਰਹੀ ਹੈ। ਹੁਣ ਭਾਜਪਾ ਆਗੂ ਦੇ ਇਕ ਕਰੀਬੀ ਨੇ ਸਾਡੀ ਕਾਲ ਰਿਕਾਰਡ ਕਰ ਕੇ ਆਪਣੇ ਹਮਾਇਤੀ ਆਗੂਆਂ ਨਾਲ ਸਾਂਝੀ ਕੀਤੀ ਅਤੇ ਇਸ ਸਬੰਧੀ ਆਨ ਲਾਈਨ ਮੁਹਿੰਮ ਵੀ ਚਲਾਈ ਜਾ ਰਹੀ ਹੈ। ਅਜਿਹਾ ਉਹ ਕਿਉਂ ਕਰ ਰਹੇ ਹਨ?

# 18ਵਾਂ ਮਹਾਨ ਨਗਰ ਕੀਰਤਨ

## ਗੁਰਦੁਆਰਾ ਸਾਹਿਬ ਬੇਕਰਸਫ਼ੀਲਡ

# SIKH TEMPLE BAKERSFIELD



**2400 So. P STREET BAKERSFIELD CA 93304 ✆ 661-397-8651**

ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸਿੱਖ ਪੰਥ ਦੇ ਬਾਨੀ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਪਾਵਨ ਪ੍ਰਕਾਸ਼ ਦਿਵਸ ਨੂੰ ਮੁੱਖ ਰਖਦੇ ਹੋਏ, 19 ਨਵੰਬਰ ਦਿਨ ਐਤਵਾਰ ਨੂੰ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਮਹਾਨ ਨਗਰ ਕੀਰਤਨ ਹੋ ਰਿਹਾ ਹੈ। ਬੇਨਤੀ ਹੈ ਸਮੂਹ ਸੰਗਤਾਂ ਸਮੇਂ ਸਿਰ ਪਹੁੰਚ ਕੇ ਉਲੀਕੇ ਪ੍ਰੋਗਰਾਮ ਵਿਚ ਹਿੱਸਾ ਲੈਕੇ ਗੁਰੂ ਸ਼ਾਹਿਬ ਜੀ ਦੀਆਂ ਖੁਸ਼ੀਆਂ ਦੇ ਪਾਤਰ ਬਣੋ ਜੀ ।

### ਪ੍ਰੋਗਰਾਮ

ਸੋਮਵਾਰ 13 ਨਵੰਬਰ ਤੋਂ ਸ਼ਨੀਵਾਰ 18 ਨਵੰਬਰ ਤੱਕ ਸ਼ਾਮ ਨੂੰ ਰੋਜ਼ਾਨਾ ਦੀਵਾਨ ਸਜਨਗੇ ਅਤੇ 19 ਨਵੰਬਰ ਦਿਨ ਐਤਵਾਰ ਸਵੇਰ ਦੇ ਦੀਵਾਨ ਵਿੱਚ ਆਸਾ ਜੀ ਦੀ ਵਾਰ ਦਾ ਕੀਰਤਨ ਹੋਵੇਗਾ ਉਪਰੰਤ ਕੀਰਤਨੀ ਜੱਥੇ, ਕਥਾਕਾਰ, ਢਾਡੀ, ਪੰਥਕ ਬੁਲਾਰੇ ਆਪਨੇ ਵੀਚਾਰਾਂ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ। ਦੀਵਾਨ ਦੀ ਸਮਾਪਤੀ ਉਪਰੰਤ ਨਗਰ ਕੀਰਤਨ ਦੀ ਅਰੰਭਤਾ ਹੋਵੇਗੀ।

### ਨਗਰ ਕੀਰਤਨ ਦਾ ਰੂਟ

ਗੁਰਦੁਆਰਾ ਸਾਹਿਬ ਤੋਂ ਵਿਲਸਨ ਰੋਡ ਸੱਜੇ, ਸਾਉਥ ਐਚ ਸਟ੍ਰੀਟ ਤੋਂ ਖੱਬੇ, ਪਲਾਂਜ਼ ਸਟ੍ਰੀਟ ਤੋਂ ਖੱਬੇ, ਸਾਉਥ ਚੈਸਟਰ ਤੋਂ ਖੱਬੇ, ਵਿਲਸਨ ਰੋਡ ਤੋਂ ਸੱਜੇ ਵਾਪਸ ਗੁਰਦੁਆਰਾ ਸਹਿਬ ਜੀ

### ਢਾਡੀ ਜੱਥਾ

**ਭਾਈ ਲਖਬੀਰ ਸਿੰਘ ਜੀ ਕੋਮਲ ਅਤੇ ਸਾਥੀ**

13 ਨਵੰਬਰ ਤੋਂ 19 ਨਵੰਬਰ ਤੱਕ ਰੋਜ਼ਾਨਾ ਢਾਡੀ ਵਾਰਾਂ ਰਾਹੀ ਸੰਗਤਾਂ ਨੂੰ ਨਿਹਾਲ ਕਰਣਗੇ।



ਭਾਈ ਇਕਬਾਲ ਸਿੰਘ ਜੀ ਰਾਜਪੁਰਾ
ਕਥਾਵਾਚਕ



ਭਾਈ ਹਰਭਜਨ ਸਿੰਘ ਅਤੇ ਸਾਥੀ, ਹਜ਼ੂਰੀ ਰਾਗੀ ਜੱਥਾ



ਭਾਈ ਲਖਬੀਰ ਸਿੰਘ ਜੀ ਕੋਮਲ ਅਤੇ ਸਾਥੀ

ਨਿਸ਼ਾਨ ਸਾਹਿਬ ਜੀ ਦੀ ਸੇਵਾ
18 ਨਵੰਬਰ ਦਿਨ ਸ਼ਨੀਵਾਰ
ਸਵੇਰੇ 9:30 ਵਜੇ ਹੋਵੇਗੀ ਜੀ।

ਪੰਜ ਪਿਆਰਿਆਂ ਦੀ ਸੇਵਾ
ਭਾਈ ਹਰਭਜਨ ਸਿੰਘ ਜੀ 661-855-9039
ਦਲਜੀਤ ਸਿੰਘ ਬਾਜਵਾ 661-808-5573

ਨਗਰ ਕੀਰਤਨ ਬਾਰੇ ਕਿਸੇ ਵੀ ਕਿਸਮ ਦੀ ਜਾਨਕਾਰੀ ਲਈ ਕਾਲ ਕਰੋ
ਰਜਿੰਦਰ ਸਿੰਘ ਢਿੱਲੋ (661)321-6997

ਫਲੋਟ ਲਗਵਾਉਣ ਦੀ ਸੇਵਾ
ਮਨਜੀਤ ਸਿੰਘ ਦਿਓਲ 661-800-0001
ਸਿਕੰਦਰ ਸਿੰਘ ਗਰੇਵਾਲ 661-549-3423

ਗੁਰੂ ਕੇ ਲੰਗਰ ਦੀ ਸੇਵਾ
ਤਜਿੰਦਰ ਸਿੰਘ ਗਿੱਲ 661-201-9028
ਸੁਲੱਖਣ ਸਿੰਘ ਰਾਏ 661-706-9370
ਹਰਦਿਆਲ ਸਿੰਘ ਮੱਲ੍ਹੀ 661-979-8516
ਦਲਜੀਤ ਸਿੰਘ ਸੰਧੂ 661-703-1842

ਦੁਕਾਨਾਂ ਦੀ ਸੇਵਾ
ਬਲਵੀਰ ਸਿੰਘ ਸਿੱਧੂ 661-800-7841
ਗੁਰਮੀਤ ਸਿੰਘ ਸਿੱਧੂ 661-343-7749

ਫਲੋਟ ਸਜਾਉਣ ਦੀ ਸੇਵਾ
ਜੋਬਨਜੀਤ ਸਿੰਘ (ਬੌਬੀ) 661-808-7181
ਹੰਸ ਸਿੰਘ ਚੀਮਾ 661-302-6301

ਦਾਨੀ ਸੱਜਣ ਸੰਪਰਕ ਕਰਨ
ਦਲਜੀਤ ਸਿੰਘ ਢਡ 661-835-0032
ਮੱਸਾ ਸਿੰਘ ਬਾਜਵਾ 661-837-9981
ਹਰਬੰਸ ਸਿੰਘ ਬਾਠ 661-376-8385

**ਸਹਿਯੋਗ:** ਸਮੂਹ ਸੰਗਤ ਬੇਕਰਸਫ਼ੀਲਡ, ਗੁ: ਗੁਰੂ ਅੰਗਦ ਦਰਬਾਰ, ਬੇਕਰਸਫ਼ੀਲਡ। ਗੁਰ ਨਾਨਕ ਮਿਸ਼ਨ ਸਿੱਖ ਸੈਂਟਰ, ਬੇਕਰਸਫ਼ੀਲਡ । ਗੁਰਦਵਾਰਾ ਗੁਰ ਦਸਮੇਸ਼ ਦਰਬਾਰ, ਵਾਈਬਲ ਰੋਡ, ਬੇਕਰਸਫ਼ੀਲਡ। ਸ਼ਹੀਦ ਬਾਬਾ ਦੀਪ ਸਿੰਘ ਜੀ ਖਾਲਸਾ ਦਰਬਾਰ, ਬੇਕਰਸਫ਼ੀਲਡ। ਸਿੱਖ ਯੂਥ ਆਫ ਅਮੇਰੀਕਾ, ਬੇਕਰਸਫ਼ੀਲਡ ਯੂਨਿਟ।

*DESIGNED & PRINTED BY:* NK SIGNS INDUSTRY INC. · 661-978-7319 · 661-558-5088 · 661-448-4811

# ਇੰਡੋ-ਅਮਰੀਕਨ ਆਰਗੇਨਾਈਜੇਸ਼ਨ ਦੇ ਗਦਰੀ ਮੇਲੇ 'ਚ ਸ਼ਹੀਦਾਂ ਨੂੰ ਸਲਾਮ

**ਸੈਕਰਾਮੈਂਟੋ (ਬਿਊਰੋ):** ਇੰਡੋ-ਅਮਰੀਕਨ ਆਰਗੇਨਾਈਜੇਸ਼ਨ ਵੱਲੋਂ ਲਾਹੌਰ ਸਾਜ਼ਿਸ਼ ਕੇਸ ਸਪਲੀਮੈਂਟਰੀ ਦੇ ਸ਼ਹੀਦਾਂ-ਭਾਈ ਬਲਵੰਤ ਸਿੰਘ ਖੁਰਦਪੁਰ, ਹਾਫਿਜ਼ ਅਬਦੂਲਾ, ਜਵੰਦ ਸਿੰਘ ਨੰਗਲ, ਹਰਨਾਮ ਸਿੰਘ ਨਾਮਾ ਫਾਂਸੀਵਾਲਾ, ਡਾ. ਮਥਰਾ ਸਿੰਘ ਅਤੇ ਅਰੂੜ ਸਿੰਘ ਸੰਘਵਾਲ ਦੀ ਸ਼ਹੀਦੀ ਦਾ ਸ਼ਤਾਬਦੀ ਵਰ੍ਹਾ ਮਨਾਉਣ ਲਈ ਮੇਲਾ ਲਾਇਆ ਗਿਆ।



ਆਜ਼ਾਦੀ ਤੋਂ ਪਹਿਲਾਂ ਕਾਬੁਲ ਵਿਚ ਬਣੀ ਭਾਰਤ ਦੀ ਪਹਿਲੀ ਜਲਾਵਤਨ ਸਰਕਾਰ ਦੇ ਪ੍ਰਧਾਨ ਮੰਤਰੀ ਅਤੇ ਪ੍ਰਸਿਧ ਗਦਰੀ ਮੌਲਵੀ ਮੁਹੰਮਦ ਬਰਕਤ ਉਲਾ ਦੀ ਸੈਕਰਾਮੈਂਟੋ ਦੇ ਕਬਰਿਸਤਾਨ ਵਿਚ ਮਜ਼ਾਰ ਉਤੇ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ। ਇਸ ਮੌਕੇ ਜਥੇਬੰਦੀ ਦੇ ਇਕ ਮੋਹਰੀ ਆਗੂ ਕਸ਼ਮੀਰ ਸਿੰਘ ਕਾਂਗਣਾ ਨੇ ਇਸ ਸੂਰਮੇ ਦੇਸ਼ ਭਗਤ ਬਾਰੇ ਜਾਣਕਾਰੀ ਦਿੰਦਿਆਂ ਜਲਾਵਤਨ ਸਰਕਾਰ ਅਤੇ ਰੂਸ ਦੇ ਸਬੰਧਾਂ ਦਾ ਵਰਣਨ ਕੀਤਾ। ਉਨ੍ਹਾਂ ਕਿਹਾ ਕਿ ਮੌਲਵੀ ਬਰਕਤ ਉਲਾ ਅਤੇ ਦਲੀਪ ਸਿੰਘ ਗਿੱਲ ਨੇ ਰੂਸ ਦੇ ਵਿਦੇਸ਼ ਮੰਤਰੀ ਚਿਚੇਰਨ ਰਾਹੀਂ ਸੋਵੀਅਤ ਰੂਸ ਦੇ ਮੁਖੀ ਲੈਨਿਨ ਨਾਲ ਮੁਲਾਕਾਤ ਕੀਤੀ ਜਿਸ ਪਿਛੋਂ ਲੈਨਿਨ ਨੇ ਜਲਾਵਤਨ ਸਰਕਾਰ ਨੂੰ ਮਾਨਤਾ ਦਿੰਦਿਆਂ ਦਸ ਲੱਖ ਡਾਲਰ ਦੀ ਸਹਾਇਤਾ ਦਿੱਤੀ ਜਿਸ ਨੂੰ ਰੂਸ ਦੀ ਡੂਮਾ ਨੇ ਪਾਸ ਕੀਤਾ ਤਾਂ ਜੋ ਭਾਰਤੀ ਉਪ ਮਹਾਂਦੀਪ ਦੀ ਅੰਗਰੇਜ਼ਾਂ ਤੋਂ ਬੰਦ-ਖਲਾਸੀ ਹੋ ਸਕੇ।

ਮੇਲੇ ਦਾ ਮੁੱਖ ਸਮਾਗਮ ਐਲਕ ਗਰੂਵ ਦੇ ਐਸ.ਈ.ਐਸ. ਹਾਲ ਵਿਚ ਹੋਇਆ ਜਿਥੇ ਹਾਲ ਦੇ ਬਾਹਰ ਗਦਰ ਪਾਰਟੀ ਦਾ ਤਿੰਨ ਰੰਗਾ ਝੰਡਾ, ਜਿਸ ਵਿਚ ਦੋ ਕਾਟਵੀਆਂ ਖੜ੍ਹੀਆਂ ਤਲਵਾਰਾਂ ਹਨ, ਬੀਬੀ ਮਨਜੀਤ ਕੌਰ (ਮਹਾਨ ਸ਼ਹੀਦ ਕਰਤਾਰ ਸਿੰਘ ਸਰਾਭਾ ਦੀ ਸਕੀ ਭੈਣ ਦੀ ਦੋਹਤਰੀ) ਨੇ ਝੁਲਾਇਆ। ਸ਼ਹੀਦ ਭਗਤ ਸਿੰਘ ਦੀ ਭਤੀਜੀ ਬੀਬੀ ਕਮਲਜੀਤ ਕੌਰ ਅਤੇ ਉਨ੍ਹਾਂ ਦੇ ਪਤੀ ਸ. ਢੇਸੀ ਵੀ ਹਾਜ਼ਰ ਰਹੇ। ਝੰਡੇ ਦੀ ਇਤਿਹਾਸਕ ਮਹੱਤਤਾ ਬਾਰੇ ਸ਼ਹੀਦ-ਏ-ਆਜ਼ਮ-ਭਗਤ ਸਿੰਘ ਦੇ ਪਰਿਵਾਰ ਨਾਲ ਸਬੰਧਤ ਜਥੇਬੰਦੀ ਦੇ ਬਜ਼ੁਰਗ ਆਗੂ ਕਿਰਪਾਲ ਸਿੰਘ ਸੰਧੂ ਬਿਮਾਰ ਹੋਣ ਦੇ ਬਾਵਜੂਦ ਪੁੱਜੇ ਹੋਏ ਸਨ ਜਿਨ੍ਹਾਂ ਦੇਸ਼ ਦੀ ਅੰਗਰੇਜ਼ ਸਾਮਰਾਜ ਵਿਰੁਧ ਲੜਾਈ ਦੇ ਲਹੂ ਵੀਟਵੇਂ ਸੰਘਰਸ਼ਾਂ ਦਾ ਜ਼ਿਕਰ ਕੀਤਾ ਅਤੇ ਨੌਜਵਾਨਾਂ ਨੂੰ ਗਦਰ ਪਾਰਟੀ ਦੇ ਆਸ਼ਿਆਂ ਤੇ ਮਨਸ਼ਿਆਂ ਅਨੁਸਾਰ ਸੰਘਰਸ਼ ਕਰਦੇ ਰਹਿਣ ਦਾ ਸੱਦਾ ਦਿੱਤਾ।

ਖਚਾ-ਖਚ ਭਰੇ ਹਾਲ ਵਿਚ ਜਥੇਬੰਦੀ ਦੇ ਪ੍ਰਧਾਨ ਸੁਰਿੰਦਰ ਬਿੰਦਰਾ ਨੇ ਸਟੇਜ ਦੀ ਕਾਰਵਾਈ ਚਲਾਉਣ ਲਈ ਕਸ਼ਮੀਰ ਸਿੰਘ ਕਾਂਗਣਾ ਨੂੰ ਸੱਦਾ ਦਿੱਤਾ। ਢਾਡੀ ਗੁਰਨਾਮ ਸਿੰਘ ਦੇ ਜਥੇ ਨੇ ਦੇਸ਼ ਭਗਤੀ ਦੀ ਕਵੀਸ਼ਰੀ ਸੁਣਾ ਕੇ ਹਾਜ਼ਰੀਨ ਨੂੰ ਗਦਰੀ ਬਾਬਿਆਂ ਦੀ ਕੁਰਬਾਨੀ ਬਾਰੇ ਸ਼ਰਧਾ ਦੀ ਭਾਵਨਾ ਜਗਾਈ। ਮਰਹੂਮ ਗਾਇਕ ਯਮਲਾ ਜੱਟ ਦੇ ਸ਼ਾਗਿਰਦ ਰਾਜ ਬਰਾੜ ਨੇ ਦੇਸ਼ ਭਗਤੀ ਦਾ ਗੀਤ ਗਾ ਕੇ ਸਰੋਤਿਆਂ ਨੂੰ ਮੰਤਰ ਮੁਗਧ ਕੀਤਾ।

ਜਥੇਬੰਦੀ ਦੇ ਸਕੱਤਰ ਗਿਆਨ ਸਿੰਘ ਬਿਲਗਾ ਨੇ ਆਜ਼ਾਦੀ ਦੀ ਲਹਿਰ ਦੌਰਾਨ ਕੂਕਿਆਂ ਦੀਆਂ ਬੇਜੋੜ ਕੁਰਬਾਨੀਆਂ ਦਾ ਜ਼ਿਕਰ ਕਰਦਿਆਂ ਨਾਮਧਾਰੀ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਭਾਈ ਬਲਵੰਤ ਸਿੰਘ ਖੁਰਦਪੁਰ ਦੀ ਸ਼ਹੀਦੀ ਦਾ ਜ਼ਿਕਰ ਕਰਦਿਆਂ ਉਨ੍ਹਾਂ ਉਸ ਸਮੇਂ ਅੰਗਰੇਜ਼ ਦੇ ਟੋਡੀਆਂ ਵੱਲੋਂ ਗਦਰ ਪਾਰਟੀ ਬਾਰੇ ਕੀਤੇ ਜਾਂਦੇ ਗਲਤ ਪ੍ਰਚਾਰ ਦਾ ਜ਼ੋਰਦਾਰ ਖੰਡਨ ਕੀਤਾ। ਉਨ੍ਹਾਂ ਦੇਸ਼ ਧ੍ਰੋਹੀਆਂ ਅਤੇ ਉਹ ਧਾਰਮਿਕ ਤੇ ਹੋਰ ਸੰਸਥਾਵਾਂ ਜੋ ਅੰਗਰੇਜ਼ ਦੇ ਟੋਡੀ ਬੱਚੇ ਦਾ ਕੰਮ ਕਰਦੀਆਂ ਸਨ, ਨੂੰ ਫਿਟਕਾਰਿਆ। ਕਾਮਰੇਡ ਬਿਲਗਾ ਨੇ ਬਹਾਦਰ ਸ਼ਾਹ ਜਫਰ ਦੇ ਸ਼ੇਅਰ 'ਗਾਜੀਓਂ ਮੇਂ ਬੂ ਰਹੇਗੀ ਜਬ ਤਲਕ ਈਮਾਨ ਕੀ, ਤਖਤੇ ਲੰਡਨ ਤਕ ਚਲੇਗੀ ਤੇਗ ਹਿੰਦੋਸਤਾਨ ਕੀ' ਨਾਲ ਆਪਣੇ ਵਿਚਾਰ ਸਮੇਟੇ।













ਫਰਿਜ਼ਨੋ ਤੋਂ ਆਏ ਸੁਖਦੇਵ ਸਿੰਘ ਬਾਜਵਾ ਨੇ ਦੇਸ਼ ਦੀ ਵਰਤਮਾਨ ਅਧੋਗਤੀ ਵਿਚੋਂ ਨਿਕਲਣ ਲਈ ਇਕੋ ਇਕ ਰਾਹ ਗਦਰੀ ਬਾਬਿਆਂ ਵੱਲੋਂ ਚਿਤਵੇ ਰਾਜ ਦਾ ਸੁਪਨਾ ਦੱਸਿਆ। ਇੰਡੋ-ਅਮਰੀਕਨ ਕਲਚਰਲ ਆਰਗੇਨਾਈਜੇਸ਼ਨ ਦੇ ਡਾਇਰੈਕਟਰ ਸਮਿਤਰ ਸਿੰਘ ਉਪਲ ਨੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਅਰੂੜ ਸਿੰਘ ਤੇ ਬੰਤਾ ਸਿੰਘ ਸੰਘਵਾਲ ਦੀਆਂ ਕੁਰਬਾਨੀਆਂ ਦਾ ਜ਼ਿਕਰ ਕੀਤਾ। ਮੁਰੱਬੇ ਹਾਸਲ ਕਰਨ ਦੇ ਲਾਲਚ ਵਿਚ ਅੰਗਰੇਜ਼ ਦਾ ਸਾਥ ਦੇਣ ਵਾਲੇ ਦੇਸ਼ ਧ੍ਰੋਹੀਆਂ, ਜੋ ਆਜ਼ਾਦੀ ਤੋਂ ਬਾਅਦ ਪੱਗਾਂ ਦੇ ਰੰਗ ਬਦਲ ਕੇ ਰਾਜ ਕਰਤਾ ਸ਼੍ਰੇਣੀ ਨਾਲ ਜਾ ਰਲੇ, ਦਾ ਪਰਦਾਫਾਸ਼ ਕੀਤਾ। ਪ੍ਰਸਿਧ ਦੇਸ਼ ਭਗਤ ਆਈ.ਐਨ.ਏ. ਦੇ ਸਿਪਾਹੀ ਦੇਵਾ ਸਿੰਘ ਧੂਤ ਦੇ ਪੁੱਤਰ ਅਤੇ ਨਾਪਾ ਦੇ ਆਗੂ ਦਲਵਿੰਦਰ ਸਿੰਘ ਧੂਤ ਨੇ ਇਸ ਮੇਲੇ ਨੂੰ ਦੇਸ਼ ਭਗਤ ਪਰਿਵਾਰਾਂ ਦਾ ਯਾਦਗਾਰੀ ਸੰਮੇਲਨ ਕਿਹਾ।

(ਬਾਕੀ ਅਗਲੇ ਸਫੇ 'ਤੇ)





ਸੁਰਿੰਦਰ ਛਿੰਦਾ











# ਇੰਡੋ-ਅਮਰੀਕਨ ਆਰਗੇਨਾਈਜੇਸ਼ਨ ਦਾ ਗਦਰੀ ਮੇਲਾ

(ਪਿਛਲੇ ਸਫੇ ਦੀ ਬਾਕੀ)

ਇਸ ਮੌਕੇ ਵਿਸ਼ੇਸ਼ ਤੌਰ 'ਤੇ ਪਹੁੰਚੇ ਐਲਕ ਗਰੂਵ ਦੇ ਮੇਅਰ ਸਟੀਵ-ਲੀ ਨੂੰ ਪ੍ਰਧਾਨ ਸੁਰਿੰਦਰ ਬਿੰਦਰਾ ਦੇ ਪੁੱਤਰ ਪਰਮਪ੍ਰੀਤ ਬਿੰਦਰਾ ਨੇ ਲੋਕਾਂ ਦੇ ਸਨਮੁਖ ਕੀਤਾ। ਉਨ੍ਹਾਂ ਕਿਹਾ ਕਿ ਚੰਗੀ ਜ਼ਿੰਦਗੀ ਜਿਉਣ ਲਈ ਆਏ ਭਾਰਤੀਆਂ ਨੇ ਆਪਣੇ ਦੇਸ਼ ਨੂੰ ਆਜ਼ਾਦ ਕਰਵਾਉਣ ਨੂੰ ਪ੍ਰਮੁਖਤਾ ਦਿੱਤੀ, ਆਜ਼ਾਦੀ ਹਾਸਲ ਕੀਤੀ। ਅੱਜ ਇਥੇ ਸਭ ਕੌਮਾਂ ਦੇ ਲੋਕ ਮਾਣ ਸਤਿਕਾਰ ਨਾਲ ਰਹਿ ਰਹੇ ਹਨ।

ਜਥੇਬੰਦੀ ਦੇ ਪ੍ਰਧਾਨ ਸੁਰਿੰਦਰ ਬਿੰਦਰਾ ਨੇ ਕਲਾਕਾਰਾਂ, ਵਰਕਰਾਂ, ਸਹਿਯੋਗੀਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਗਦਰੀ ਬਾਬੇ ਆਏ ਤਾਂ ਕਮਾਈਆਂ ਕਰਨ ਅਤੇ ਚੰਗੇ ਸਨਮਾਨਯੋਗ ਜੀਵਨ ਲਈ ਸਾਧਨ ਜੁਟਾਉਣ ਵਾਸਤੇ ਸਨ, ਪਰ ਨਸਲੀ ਵਿਤਕਰੇ ਨੇ ਉਨ੍ਹਾਂ ਦੇ ਮਨ ਦੁਖੀ ਕੀਤੇ। ਇਸ ਕਰਕੇ ਦੁੱਖਾਂ ਦੀ ਜੜ੍ਹ ਗੁਲਾਮੀ ਦਾ ਜੂਲਾ ਦੇਸ਼ ਦੇ ਗਲੋਂ ਲਾਹੁਣ ਲਈ ਦੇਸ਼ ਪਰਤ ਕੇ ਆਜ਼ਾਦੀ ਲਈ ਕੈਦਾਂ ਕੱਟੀਆਂ, ਫਾਂਸੀ ਚੜ੍ਹੇ, ਜਾਇਦਾਦਾਂ ਜ਼ਬਤ ਕਰਵਾਈਆਂ। ਦੁੱਖ ਦੀ ਗੱਲ ਇਹ ਹੈ ਕਿ ਹਾਲੇ ਵੀ ਉਨ੍ਹਾਂ ਦਾ ਚਿਤਵਿਆ ਜਮਹੂਰੀ ਰਾਜ ਹੋਂਦ ਵਿਚ ਨਹੀਂ ਆ ਸਕਿਆ। ਉਨ੍ਹਾਂ ਆਖਿਆ ਕਿ ਇਸੇ ਕਰ ਕੇ ਆ ਰਹੀਆਂ ਪੀੜ੍ਹੀਆਂ ਨੂੰ ਸੰਘਰਸ਼ ਨੂੰ ਮਘਦਾ ਰੱਖਣਾ ਪੈਣਾ ਹੈ।




*ਆਜ਼ਾਦੀ ਘੁਲਾਟੀਏ ਮੌਲਵੀ ਮੁਹੰਮਦ ਬਰਕਤ ਉਲਾ ਦੀ ਮਜ਼ਾਰ*

ਸਤਨਾਮ ਸਿੰਘ ਨੰਗਲ ਕਲਾਂ ਤੇ ਉਨ੍ਹਾਂ ਦੇ ਪਰਿਵਾਰ ਅਤੇ ਸ਼ਾਮ ਲਾਲ ਨੇ ਲੰਗਰ ਦੀ ਸੇਵਾ ਨਿਭਾਈ। ਸ਼ਾਮ ਲਾਲ ਨੇ ਆਪਣੀ ਲਿਖੀ ਕਵਿਤਾ ਸੁਣਾ ਕੇ ਸਰੋਤਿਆਂ ਦੀ ਵਾਹਵਾ ਖੱਟੀ। ਸਤਨਾਮ ਸਿੰਘ ਨੇ 'ਗਦਰ ਦੀ ਗੂੰਜ' ਨਜ਼ਮ ਗਾ ਕੇ ਸੁਣਾਈ। ਜਥੇਬੰਦੀ ਦੇ ਮੈਂਬਰ ਸੁਰਿੰਦਰ ਸਿੰਘ ਗਿੱਲ ਨੇ 'ਗਦਰ ਦੀ ਗੂੰਜ' ਵਿਚੋਂ 'ਦੇਸ਼ ਵਾਸੀਓ ਰੱਖਣਾ ਯਾਦ ਸਾਨੂੰ' ਗਾ ਕੇ ਸੁਣਾਈ। ਨਾਮਧਾਰੀ ਦਵਿੰਦਰ ਸਿੰਘ ਨੇ ਇਕ ਕਵਿਤਾ ਰਾਹੀਂ ਨਾਮਧਾਰੀ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ।

ਪੂਨਮ ਮਲਹੋਤਰਾ ਨੇ ਰੰਗਾ-ਰੰਗ ਪ੍ਰੋਗਰਾਮ ਅਰੰਭ ਕਰਦਿਆਂ ਦੇਸ਼ ਭਗਤੀ ਦਾ ਰੰਗ ਬੰਨ੍ਹਿਆ ਅਤੇ ਸੁਰੀਲੀ ਆਵਾਜ਼ ਵਿਚ ਸਰੋਤਿਆਂ ਦਾ ਮਨੋਰੰਜਨ ਕੀਤਾ। ਜਥੇਬੰਦੀ ਦੇ ਡਾਇਰੈਕਟਰ ਜਰਨੈਲ ਸਿੰਘ ਸਰਪੰਚ ਦੀਆਂ ਪੋਤਰੀਆਂ ਅਤੇ ਬਲਵੰਤ ਸਿੰਘ ਬਾਂਕਾ ਦੀਆਂ ਦੋਹਤਰੀਆਂ ਨੇ ਸਭਿਆਚਾਰਕ ਗੀਤਾਂ ਨਾਲ ਗਿੱਧੇ ਤੇ ਭੰਗੜੇ ਨਾਲ ਸਰੋਤਿਆਂ ਦੀ ਵਾਹ-ਵਾਹ ਖੱਟੀ। ਡੇਵਿਸ ਯੂਨੀਵਰਸਿਟੀ ਦੇ ਨੌਜਵਾਨਾਂ ਨੇ ਭੰਗੜੇ ਨਾਲ ਪੰਜਾਬ ਜਿਹਾ ਮਾਹੌਲ ਸਿਰਜਿਆ। ਪ੍ਰਸਿੱਧ ਗਾਇਕ ਪੰਮੀ ਮਾਨ ਤੇ ਜੀਵਨ ਰੱਤੂ ਨੇ ਦੇਸ਼ ਭਗਤੀ ਦੇ ਗੀਤ ਗਾ ਕੇ ਹਾਜ਼ਰ ਸਰੋਤਿਆਂ ਦੇ ਮਨਾਂ ਵਿਚ ਦੇਸ਼ ਭਗਤੀ ਦੀ ਭਾਵਨਾ ਪ੍ਰਬਲ ਕੀਤੀ। ਪੰਮੀ ਮਾਨ ਦੀਆਂ ਬੇਟੀਆਂ ਨੇ ਵੀ ਗਿੱਧੇ ਤੇ ਭੰਗੜੇ ਨਾਲ ਵਾਹਵਾ ਰੰਗ ਬੰਨ੍ਹਿਆ।

ਅੰਮ੍ਰਿਤਪਾਲ, ਅਮਰੀਕ ਸਿੰਘ ਤੇ ਤਰਲੋਕ ਸਿੰਘ ਜੌਹਲ ਵੱਲੋਂ ਲਾਈ ਗਈ ਗਦਰੀ ਸੂਰਬੀਰਾਂ ਦੀ ਫੋਟੋ ਪ੍ਰਦਰਸ਼ਨੀ ਦੁਆਲੇ ਵੀ ਦਰਸ਼ਕਾਂ ਦੀ ਚੰਗੀ ਭੀੜ ਰਹੀ। ਕਈਆਂ ਨੇ ਗਦਰੀਆਂ ਦੀਆਂ ਸੈਲ ਫੋਨ ਰਾਹੀਂ ਫੋਟੋਆਂ ਖਿੱਚੀਆਂ।

ਜਥੇਬੰਦੀ ਦੇ ਆਗੂ ਤੇ ਵਰਕਰ, ਜਰਨੈਲ ਸਿੰਘ ਸਰਪੰਚ, ਕੇਵਲ ਬੋਲੀਨਾ, ਬਲਵੰਤ ਬਾਂਕਾ, ਹਰਪਾਲ ਸੰਘਾ, ਮਲਕੀਤ ਬੈਂਸ, ਸੁਰਿੰਦਰ ਗਿੱਲ, ਕਮਲ ਬੰਗਾ, ਜੁਝਾਰ ਸਿੰਘ ਗਿੱਲ, ਅਵਤਾਰ ਸਿੰਘ ਡੋਡ, ਜਗਜੀਤ ਸਿੰਘ ਗਿੱਲ, ਸੁਰਿੰਦਰ ਸਿੰਘ, ਪਰਮਪ੍ਰੀਤ ਬਿੰਦਰਾ, ਹਰਪ੍ਰੀਤ ਗਿੱਲ, ਬਲਜੀਤ ਬਿੰਦਰਾ, ਗਗਨਦੀਪ ਬਿੰਦਰਾ ਤੇ ਹੋਰ ਨੌਜਵਾਨਾਂ ਦੀ ਸਮੁੱਚੀ ਟੀਮ ਪ੍ਰਬੰਧ ਲਈ ਪੱਬਾਂ ਭਾਰ ਹੋਈ ਰਹੀ।

ਸ਼ਿਆਰਾ ਸਿੰਘ ਢੀਂਡਸਾ ਨੇ ਸਮਾਗਮ ਦੀ ਸਮੁੱਚੀ ਕਾਰਵਾਈ ਦੀ ਫੋਟੋਗ੍ਰਾਫੀ ਅਤੇ ਵੀਡੀਓਗ੍ਰਾਫੀ ਬੜੇ ਸੁਚੱਜੇ ਤੇ ਪ੍ਰੋਫੈਸ਼ਨਲ ਢੰਗ ਨਾਲ ਕੀਤੀ।

ਪ੍ਰੋਗਰਾਮ ਦੇ ਅਖੀਰ 'ਤੇ ਮੁੱਖ ਕਲਾਕਾਰ ਪ੍ਰਸਿਧ ਗਾਇਕ ਸੁਰਿੰਦਰ ਛਿੰਦਾ ਨੇ ਲਗਭਗ ਦੋ ਘੰਟੇ ਬਿਨਾ ਰੁਕਿਆਂ ਦੇਸ਼ ਭਗਤੀ ਦੇ ਗੀਤਾਂ ਨਾਲ ਲੋਕਾਂ ਨੂੰ ਕੀਲੀ ਰੱਖਿਆ ਅਤੇ ਸਰੋਤੇ ਮੇਲੇ ਦੇ ਅਖੀਰ ਤੱਕ ਕੁਰਸੀਆਂ ਮੱਲੀ ਬੈਠੇ ਰਹੇ। ਮੋਹਣ ਸੰਬੀਆਵਾਲਾ ਨੂੰ ਸੁਚੱਜੀ ਗੀਤਕਾਰੀ ਲਈ ਸਨਮਾਨਤ ਕੀਤਾ ਗਿਆ। ਸਮੁੱਚੇ ਸਪਾਂਸਰਾਂ, ਗੀਤਕਾਰਾਂ, ਗਾਇਕਾਂ ਦਾ ਸਨਮਾਨ ਚਿੰਨ੍ਹ ਦੇ ਕੇ ਸਨਮਾਨ ਕੀਤਾ ਗਿਆ। ਪੂਨਮ ਮਲੋਹਤਰਾ ਨੇ ਸਟੇਜ ਦੀ ਕਾਰਵਾਈ ਬਹੁਤ ਸੁਚੱਜੇ ਤਰੀਕੇ ਨਾਲ ਨਿਭਾਈ।

# ਸੁਪਰੀਮ ਕੋਰਟ ਨੇ ਟਾਲੀ ਰੋਹਿੰਗਿਆ ਦੀ ਵਾਪਸੀ

**ਨਵੀਂ ਦਿੱਲੀ:** ਰੋਹਿੰਗਿਆ ਮੁਸਲਮਾਨਾਂ ਨੂੰ ਮਿਆਂਮਾਰ ਭੇਜਣ ਬਾਰੇ ਸਰਕਾਰ ਦੇ ਫੈਸਲੇ ਉਤੇ ਸੁਪਰੀਮ ਕੋਰਟ ਨੇ 21 ਨਵੰਬਰ ਤੋਂ ਮੁਕੰਮਲ ਸੁਣਵਾਈ ਕਰਨ ਦਾ ਫੈਸਲਾ ਕੀਤਾ ਹੈ। ਅਦਾਲਤ ਨੇ ਇਹ ਵੀ ਸਪੱਸ਼ਟ ਕੀਤਾ ਕਿ ਇਸ ਦੌਰਾਨ ਜੇਕਰ ਕੋਈ ਮਸਲਾ ਖੜ੍ਹਾ ਹੋਇਆ ਤਾਂ ਪਟੀਸ਼ਨਰ ਇਸ ਦੇ ਹੱਲ ਲਈ ਉਸ ਕੋਲ ਪਹੁੰਚ ਕਰ ਸਕਦੇ ਹਨ। ਬੈਂਚ ਨੇ ਕਿਹਾ ਕਿ ਇਹ ਬਹੁਤ ਵੱਡਾ ਮਸਲਾ ਹੈ ਅਤੇ ਸਰਕਾਰ ਦੀ ਵੱਡੀ ਭੂਮਿਕਾ ਹੈ।

ਇਸ ਦੌਰਾਨ ਭਾਜਪਾ ਪ੍ਰਧਾਨ ਅਮਿਤ ਸ਼ਾਹ ਨੇ ਮੰਗ ਕੀਤੀ ਹੈ ਕਿ ਕਾਂਗਰਸ ਦੇ ਮੀਤ ਪ੍ਰਧਾਨ ਰਾਹੁਲ ਗਾਂਧੀ ਅਤੇ ਉਨ੍ਹਾਂ ਦੀ ਪਾਰਟੀ ਰੋਹਿੰਗਿਆ ਮੁਸਲਮਾਨਾਂ ਦੇ ਮੁੱਦੇ 'ਤੇ ਆਪਣਾ ਸਟੈਂਡ ਸਪੱਸ਼ਟ ਕਰਨ। ਇਕ ਚੈਨਲ ਵੱਲੋਂ ਕਰਾਏ ਪ੍ਰੋਗਰਾਮ ਵਿਚ ਸ੍ਰੀ ਸ਼ਾਹ ਨੇ ਦੱਸਿਆ ਕਿ ਕਾਂਗਰਸੀ ਆਗੂ ਪੀ. ਚਿਦੰਬਰਮ ਅਤੇ ਸ਼ਸ਼ੀ ਥਰੂਰ ਨੇ ਰੋਹਿੰਗਿਆ ਮੁਸਲਮਾਨਾਂ ਬਾਰੇ ਪ੍ਰਧਾਨ ਮੰਤਰੀ ਨੂੰ ਪੱਤਰ ਲਿਖ ਕੇ ਇਨ੍ਹਾਂ ਨੂੰ ਭਾਰਤ ਆਉਣ ਦੇਣ ਦੀ ਗੱਲ ਕਹੀ ਹੈ। ਕਾਂਗਰਸੀ ਆਗੂ ਕਪਿਲ ਸਿੱਬਲ ਵੱਲੋਂ ਰੋਹਿੰਗਿਆ ਮੁਸਲਮਾਨਾਂ ਦਾ ਕੇਸ ਲੜਿਆ ਜਾ ਰਿਹਾ ਹੈ। ਇਸ ਲਈ ਰਾਹੁਲ ਗਾਂਧੀ ਤੇ ਕਾਂਗਰਸ ਨੂੰ ਇਸ ਮਸਲੇ 'ਤੇ ਆਪਣਾ ਸਟੈਂਡ ਸਪੱਸ਼ਟ ਕਰਨਾ ਚਾਹੀਦਾ ਹੈ।

## ਰੋਹਿੰਗਿਆ ਵੱਲੋਂ ਹਮਲੇ ਦੀ ਯੋਜਨਾ!

**ਨਵੀਂ ਦਿੱਲੀ:** ਇਕ ਪਾਸੇ ਭਾਰਤ ਦੀ ਸਭ ਤੋਂ ਵੱਡੀ ਅਦਾਲਤ ਵਿਚ ਰੋਹਿੰਗਿਆ ਮੁਸਲਮਾਨਾ ਦੇ ਦੇਸ਼ ਵਿਚ ਰਹਿਣ ਜਾਂ ਨਾ ਰਹਿਣ ਨੂੰ ਲੈ ਕੇ ਬਹਿਸ ਜਾਰੀ ਹੈ, ਉਥੇ ਰੋਹਿੰਗਿਆ ਮੁਸਲਮਾਨਾਂ ਬਾਰੇ ਉਤਰ ਪੂਰਬੀ ਰਾਜ ਨਗਾਲੈਂਡ ਦੀ ਪੁਲਿਸ ਦੀ ਖੁਫ਼ੀਆ ਵਿਭਾਗ ਦੀ ਇਕਾਈ ਨੇ ਸਥਾਨਕ ਲੋਕਾਂ 'ਤੇ ਹਮਲੇ ਦਾ ਸ਼ੱਕ ਜਤਾਇਆ ਹੈ। ਏਜੰਸੀ ਨੇ ਦਾਅਵਾ ਕੀਤਾ ਹੈ ਕਿ ਦੀਮਾਪੁਰ ਦੇ ਇਕ ਇਮਾਮ ਦੇ ਰੋਹਿੰਗਿਆ ਵਿਦਰੋਹੀਆਂ ਦੇ ਸੰਪਰਕ 'ਚ ਹੋਣ ਦੀ ਪੁਸ਼ਟੀ ਹੋਈ ਹੈ। ਇਸ ਲਈ ਉਨ੍ਹਾਂ ਨੇ ਬੰਗਲਾਦੇਸ਼ ਤੋਂ ਵੱਡੀ ਮਾਤਰਾ 'ਚ ਹਥਿਆਰ ਤੇ ਗੋਲਾ-ਬਾਰੂਦ ਇਕੱਠਾ ਕਰਨਾ ਸ਼ੁਰੂ ਕਰ ਦਿੱਤਾ ਹੈ। ਅਧਿਕਾਰੀਆਂ ਅਨੁਸਾਰ ਬਾਹਰ ਕੱਢਣ ਦੀ ਕੋਸ਼ਿਸ਼ ਹੋਣ 'ਤੇ 2000 ਮੁਸਲਮਾਨ ਨਾਗਾ ਲੋਕਾਂ ਖਿਲਾਫ਼ ਹਥਿਆਰ ਚੁੱਕਣ ਲਈ ਤਿਆਰ ਹਨ। ਇਮਾਮ ਦੀ ਨਾਗਾਲੈਂਡ ਦੇ ਹੇਬ੍ਰੋਨ ਅਤੇ ਕੇਹੋ ਕੈਂਪ 'ਤੇ ਹਮਲਾ ਕਰਨ ਦੀ ਯੋਜਨਾ ਹੈ, ਜਿਸ ਨਾਲ ਉਨ੍ਹਾਂ ਲਈ ਨਾਗਾਲੈਂਡ 'ਤੇ ਕਬਜ਼ਾ ਕਰਨਾ ਸੌਖਾ ਹੋ ਜਾਵੇਗਾ।

# ਤਾਲਿਬਾਨ ਤੋਂ ਰਿਹਾ ਕਰਾਏ ਕੈਨੇਡੀਅਨ ਨੇ ਸੁਣਾਈ ਦਰਦਨਾਕ ਦਾਸਤਾਂ

**ਓਟਾਵਾ:** ਤਾਲਿਬਾਨ ਨਾਲ ਸਬੰਧਤ ਹੱਕਾਨੀ ਨੈੱਟਵਰਕ ਤੋਂ ਰਿਹਾਅ ਕਰਵਾਏ ਕੈਨੇਡੀਅਨ ਨਾਗਰਿਕ ਜੋਸ਼ੂਆ ਬੌਇਲ ਨੇ ਦਰਦਨਾਕ ਦਾਸਤਾਂ ਸੁਣਾਈ ਹੈ। ਉਸ ਨੇ ਦੱਸਿਆ ਕਿ ਅਗਵਾਕਾਰਾਂ ਨੇ ਉਸ ਦੀ ਨੰਨ੍ਹੀ ਧੀ ਦਾ ਕਤਲ ਕਰ ਦਿੱਤਾ ਅਤੇ ਉਸ ਦੀ ਪਤਨੀ ਨਾਲ ਬਲਾਤਕਾਰ ਕੀਤਾ। ਦੱਸਣਯੋਗ ਹੈ ਕਿ ਅਮਰੀਕਾ ਖੁਫੀਆ ਏਜੰਸੀ ਦੀ ਜਾਣਕਾਰੀ ਉਤੇ ਪਾਕਿਸਤਾਨੀ ਸੁਰੱਖਿਆ ਬਲਾਂ ਨੇ ਇਸ ਪਰਿਵਾਰ ਨੂੰ ਰਿਹਾਅ ਕਰਾਇਆ ਸੀ।

ਜੋਸ਼ੂਆ ਨੇ ਹੱਕਾਨੀ ਨੈੱਟਵਰਕ ਦੀ ਨਿੰਦਾ ਕਰਦਿਆਂ ਦੱਸਿਆ, 'ਉਨ੍ਹਾਂ ਦੀ ਪੇਸ਼ਕਸ਼ ਵਾਰ-ਵਾਰ ਠੁਕਰਾਉਣ ਬਾਅਦ ਉਨ੍ਹਾਂ ਨੇ ਬਦਲਾ ਲੈਣ ਲਈ ਮੇਰੀ ਨੰਨ੍ਹੀ ਧੀ ਦਾ ਕਤਲ ਕਰ ਦਿੱਤਾ, ਜੋ ਮੂਰਖਤਾ ਦੀ ਹੱਦ ਸੀ। ਇਸ ਬਾਅਦ ਉਨ੍ਹਾਂ ਨੇ ਮੇਰੀ ਪਤਨੀ ਦੀ ਪੱਤ ਲੁੱਟੀ। ਬਲਾਤਕਾਰ ਇਕ ਜਣੇ ਦਾ ਕਾਰਾ ਨਹੀਂ ਸੀ ਬਲਕਿ ਅਜਿਹਾ ਕਰਨ ਵਾਲੇ ਗਾਰਡ ਦੀ ਉਸ ਦੇ ਕਪਤਾਨ ਅਤੇ ਹੱਕਾਨੀ ਕਮਾਂਡਰ ਨੇ ਮਦਦ ਕੀਤੀ।' ਉਸ ਨੇ ਹੱਕਾਨੀ ਕਮਾਂਡਰ ਦੀ ਸ਼ਨਾਖ਼ਤ ਅਬੂ ਹਜਰ ਵਜੋਂ ਕੀਤੀ ਹੈ। ਹੱਕਾਨੀ ਗਰੁੱਪ ਦਾ ਮੁਖੀ ਸਿਰਾਜੂਦੀਨ ਹੱਕਾਨੀ ਹੈ, ਜੋ ਅਫ਼ਗਾਨ ਤਾਲਿਬਾਨ ਦਾ ਉਪ ਆਗੂ ਵੀ ਹੈ। ਇਸ ਗਰੁੱਪ ਦੇ ਪਾਕਿਸਤਾਨ ਦੇ ਫੌਜ ਨਾਲ ਸਬੰਧ ਬਾਰੇ ਸ਼ੱਕ ਕੀਤਾ ਜਾਂਦਾ ਰਿਹਾ ਹੈ।

ਜੋਸ਼ੂਆ ਨੇ ਦੱਸਿਆ ਕਿ ਉਸ ਦੀ ਧੀ ਦਾ ਕਤਲ ਅਤੇ ਉਸ ਦੀ ਪਤਨੀ ਨਾਲ ਜਬਰ ਜਨਾਹ 2014 ਵਿਚ ਕੀਤਾ ਗਿਆ। ਇਸ ਤੋਂ ਦੋ ਸਾਲ ਪਹਿਲਾਂ ਉਸ ਨੂੰ ਤੇ ਕੋਲਮੈਨ, ਜੋ ਉਸ ਸਮੇਂ ਗਰਭਵਤੀ ਸੀ, ਨੂੰ ਅਫ਼ਗਾਨਿਸਤਾਨ ਦੇ ਤਾਲਿਬਾਨ ਦੇ ਕਬਜ਼ੇ ਵਾਲੇ ਦੂਰੇਡੇ ਇਲਾਕੇ ਵਿਚੋਂ ਅਗਵਾ ਕੀਤਾ ਗਿਆ ਸੀ। ਉਸ ਨੇ ਦੱਸਿਆ ਕਿ ਉਹ ਅਫ਼ਗਾਨਿਸਤਾਨ ਵਿਚ ਧਾਰਮਿਕ ਯਾਤਰਾ ਉਤੇ ਗਰੀਬ ਪੇਂਡੂ ਲੋਕਾਂ ਦੀ ਮਦਦ ਕਰ ਰਹੇ ਸਨ ਜਦੋਂ ਉਨ੍ਹਾਂ ਨੂੰ ਅਗਵਾ ਕੀਤਾ ਗਿਆ। ਇਸ ਜੋੜੇ ਦੇ ਤਿੰਨ ਬੱਚੇ ਹੱਕਾਨੀ ਗਰੁੱਪ ਦੀ ਹਿਰਾਸਤ ਦੌਰਾਨ ਪੈਦਾ ਹੋਏ ਹਨ।


ਕੀ ਤੁਹਾਡੀ ਟਰੱਕਿੰਗ ਕੰਪਨੀ ਨੂੰ ਕੈਸ਼ ਫਲੋ ਦੀ ਤੰਗੀ ਹੈ?

ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ

ਅਸੀਂ ਤੁਹਾਡੇ ਫਰੇਟ ਬਿਲ ਖਰੀਦ ਕੇ ਤੁਹਾਡਾ ਕੈਸ਼ ਫਲੋ ਵਧਾ ਸਕਦੇ ਹਾਂ। ਜਦੋਂ ਤੁਸੀਂ ਆਪਣਾ ਲੋਡ ਪਹੁੰਚਦਾ ਕਰੋ ਤਾਂ ਫਰੇਟ ਬਿਲ ਸਾਨੂੰ ਭੇਜੋ, ਤੁਰੰਤ ਅਦਾਇਗੀ ਪਾਓ।

*ਸਸਤੀਆਂ ਦਰਾਂ
*ਇਕ ਵਾਰ ਦਾ ਕਮਿਸ਼ਨ
*ਘੱਟੋ ਘੱਟ ਦੀ ਕੋਈ ਸ਼ਰਤ ਨਹੀਂ



Rates as low as 2.0%

ਸੰਪਰਕ ਕਰੋ: ਪਾਲ ਫੋਨ 1-800-705-3863

Trucking Companies-Improve Your Cash Flow

*Low Rates *One-Time Discounts *No Minimums

Call Paul at 1-800-705-3863

www.Transportationfunding.com

Transportation Funding Group, Inc.

Minneapolis, MN 55426





# ਭਾਰਤੀ ਇਤਿਹਾਸ ਤੇ ਨਾਗਪੁਰੀ ਚਸ਼ਮਾ

*'ਭਾਰਤੀ ਇਤਿਹਾਸ ਤੇ ਨਾਗਪੁਰੀ ਚਸ਼ਮਾ' ਨਾਂ ਦੇ ਇਸ ਲੇਖ ਵਿਚ ਲਿਖਾਰੀ ਸੁਰਿੰਦਰ ਸਿੰਘ ਤੇਜ, ਜੋ ਅੱਜ ਕੱਲ੍ਹ ਚੰਡੀਗੜ੍ਹ ਤੋਂ ਛਪਦੇ ਅਖਬਾਰ 'ਪੰਜਾਬੀ ਟ੍ਰਿਬਿਊਨ' ਦੇ ਸੰਪਾਦਕ ਦੀਆਂ ਜ਼ਿੰਮੇਵਾਰੀਆਂ ਨਿਭਾ ਰਹੇ ਹਨ, ਨੇ ਆਰ.ਐਸ.ਐਸ. ਬਾਰੇ ਇਕ ਵੀ ਅੱਖਰ ਲਿਖੇ ਬਗੈਰ, ਸਿਰਫ ਸਿਰਲੇਖ ਨਾਲ ਹੀ ਮਜ਼ਹਬੀ ਲਾਣਿਆਂ ਦੀਆਂ ਮਾਰੂ ਨੀਤੀਆਂ ਉਤੇ ਸਿੱਧੀ ਚੋਟ ਕੀਤੀ ਹੈ। ਇਹ ਅਸਲ ਵਿਚ ਸ਼ਬਦਾਂ ਅਤੇ ਤਰਤੀਬ ਦੀ ਹੀ ਤਾਕਤ ਹੈ ਕਿ ਲਿਖਾਰੀ ਇਸ ਕੱਟੜ ਜਥੇਬੰਦੀ ਦੇ ਪਰਦੇ ਲਾਹ ਸਕਿਆ ਹੈ। -ਸੰਪਾਦਕ*

ਕਲਾ ਪਰਿਕਰਮਾ

ਦੇਵੀ ਯਸ਼ੋਧਰਨ ਦਾ ਇਤਿਹਾਸਕ ਨਾਵਲ 'ਐਂਪਾਇਰ' (ਸਾਮਰਾਜ) ਅੱਜ ਕੱਲ੍ਹ ਕੌਮਾਂਤਰੀ ਪੁਸਤਕ ਜਗਤ ਵਿਚ ਕਾਫ਼ੀ ਚਰਚਾ ਵਿਚ ਹੈ, ਕੁਝ ਆਪਣੇ ਵਿਸ਼ਾ-ਵਸਤੂ ਕਾਰਨ ਅਤੇ ਕੁਝ 'ਇਤਿਹਾਸਕ' ਗ਼ਲਤੀਆਂ ਕਾਰਨ। ਵਿਸ਼ਾ-ਵਸਤੂ ਦੱਖਣੀ ਭਾਰਤ ਦੇ ਚੋਲਾ ਜਾਂ ਚੋਲ ਰਾਜ ਘਰਾਣੇ ਦੇ ਤੇਜ-ਪ੍ਰਤਾਪ ਦੇ ਦਿਨਾਂ ਨਾਲ ਜੁੜਿਆ ਹੋਇਆ ਹੈ ਅਤੇ ਗ਼ਲਤੀਆਂ ਇਸੇ ਸਾਮਰਾਜ ਨੂੰ ਵਿਜੈਨਗਰ ਸਾਮਰਾਜ ਨਾਲ ਰਲ-ਗੱਡ ਕੀਤੇ ਜਾਣ ਤੋਂ ਉਪਜੀਆਂ ਹਨ। ਚੋਲ ਰਾਜ ਘਰਾਣਾ ਭਾਰਤੀ ਇਤਿਹਾਸ ਦੇ ਉਨ੍ਹਾਂ ਰਾਜ ਘਰਾਣਿਆਂ ਵਿਚੋਂ ਹੈ ਜਿਸ ਨੇ ਸਭ ਤੋਂ ਲੰਮਾ ਸਮਾਂ ਸਾਡੇ ਦੇਸ਼ ਦੇ ਕਿਸੇ ਹਿੱਸੇ 'ਤੇ ਹਕੂਮਤ ਕੀਤੀ। ਦਰਅਸਲ, ਇਹ



**ਸੁਰਿੰਦਰ ਸਿੰਘ ਤੇਜ**
ਫੋਨ: +91-98555-01488

ਰਾਜਵੰਸ਼ ਸਮਰਾਟ ਅਸ਼ੋਕ ਦੇ ਸਾਮਰਾਜ ਦੇ ਪਤਨ ਮਗਰੋਂ ਤੀਜੀ ਸਦੀ ਈਸਾਪੂਰਵ ਵਿਚ ਉਦੈ ਹੋਇਆ ਅਤੇ 13ਵੀਂ ਸਦੀ ਈਸਵੀ ਤਕ ਚਲਦਾ ਰਿਹਾ।

ਇਹ ਸਹੀ ਹੈ ਕਿ ਪੰਜਵੀਂ ਤੋਂ ਲੈ ਕੇ ਨੌਵੀਂ ਸਦੀ ਈਸਵੀ ਤਕ ਚੋਲ ਸਾਮਰਾਜ, ਸਾਮਰਾਜ ਨਾ ਰਹਿ ਕੇ ਸਾਧਾਰਨ ਰਿਆਸਤ ਤਕ ਸਿਮਟਿਆ ਰਿਹਾ, ਪਰ ਇਹ ਇੱਕੋ-ਇੱਕ ਭਾਰਤੀ ਰਾਜ ਘਰਾਣਾ ਸੀ ਜਿਸ ਨੇ ਭਾਰਤੀ ਸਾਹਿਲਾਂ ਤੋਂ ਬਾਹਰ ਜਾ ਕੇ ਅਜੋਕੇ ਮਲੇਸ਼ੀਆ ਤੇ ਇੰਡੋਨੇਸ਼ੀਆ ਦੇ ਬਹੁਤੇ ਹਿੱਸਿਆਂ ਤਕ ਆਪਣਾ ਹਕੂਮਤੀ ਪਸਾਰ ਕੀਤਾ ਅਤੇ ਉਨ੍ਹਾਂ ਦੇਸ਼ਾਂ ਦੀ ਸਭਿਅਤਾ ਤੇ ਸਭਿਆਚਾਰ ਉਤੇ ਅਮਿੱਟ ਛਾਪ ਛੱਡੀ। ਅਸੀਂ ਉਤਰ ਭਾਰਤੀ, ਦੱਖਣੀ ਭਾਰਤ ਦੇ ਇਤਿਹਾਸ ਤੋਂ ਬਹੁਤੇ ਵਾਕਫ਼ ਨਹੀਂ, ਪਰ ਰਾਜਾ ਰਾਜੇਂਦਰ ਚੋਲ ਸੱਚਮੁੱਚ ਚੱਕਰਵਰਤੀ ਰਾਜਾ ਸੀ। ਇਸ ਸਾਮਰਾਜ ਦੀ ਏਨੀ ਲੰਮੇਰੀ ਉਮਰ ਬਾਰੇ ਉਘੇ ਇਤਾਲਵੀ ਦਾਰਸ਼ਨਿਕ ਜਾਰਜੀਓ ਐਗਮਬੇਨ ਦੀ ਟਿੱਪਣੀ ਹੈ, "ਚੋਲ ਰਾਜਿਆਂ ਨੇ ਇੱਕ ਸੁਨਹਿਰੀ ਨਿਯਮ ਦੀ ਪਾਲਣਾ ਕੀਤੀ: ਰਾਜ (ਹਕੂਮਤ) ਕੋਲ ਤੁਹਾਨੂੰ ਮਾਰਨ ਦੀ ਸਮਰੱਥਾ ਹੁੰਦੀ ਹੈ, ਪਰ ਇਸ ਦਾ ਫ਼ਰਜ਼ ਹੈ ਕਿ ਤੁਹਾਨੂੰ ਮਰਨ ਨਾ ਦੇਵੇ।"

ਇਨ੍ਹਾਂ ਸ਼ਬਦਾਂ ਵਿਚ ਬਹੁਤ ਵੱਡਾ ਸੱਚ ਲੁਕਿਆ ਹੋਇਆ ਹੈ। ਹਕੂਮਤ ਕੋਲ ਸਖ਼ਤੀ ਕਰਨ ਦੇ ਸਭ ਹਥਿਆਰ ਹੁੰਦੇ ਹਨ। ਉਹ ਲੋੜ ਪੈਣ 'ਤੇ ਇਨ੍ਹਾਂ ਦੀ ਵਰਤੋਂ ਵੀ ਕਰਦੀ ਹੈ, ਪਰ ਇਸ ਨੂੰ ਅਜਿਹੀ ਵਰਤੋਂ ਤੋਂ ਪਹਿਲਾਂ ਇਹ ਜ਼ਰੂਰ ਤੈਅ ਕਰਨਾ ਚਾਹੀਦਾ ਹੈ ਕਿ ਇਸ ਨੇ ਲੋਕਾਂ ਦੀਆਂ ਮੁਸ਼ਕਿਲਾਂ ਤੇ ਮੁਸੀਬਤਾਂ ਦੇ ਹੱਲ ਲਈ ਦਰੁਸਤ ਤੌਰ-ਤਰੀਕੇ ਵਰਤੇ ਸਨ ਜਾਂ ਨਹੀਂ? ਕੀ ਇਸ ਨੇ ਸਮਾਜਿਕ, ਆਰਥਿਕ ਤੇ ਸਿਆਸੀ ਸਥਿਰਤਾ ਯਕੀਨੀ ਬਣਾਈ ਸੀ? ਕੀ ਇਸ ਨੇ ਵਸੋਂ ਦੇ ਬਹੁਤੇ ਵਰਗਾਂ ਲਈ ਸਮਾਨਤਾਵਾਦੀ ਰੁਖ਼ ਅਖ਼ਤਿਆਰ ਕੀਤਾ ਸੀ?

ਜਦੋਂ ਸਿਆਸੀ ਸਥਿਰਤਾ, ਅਮਨ-ਸ਼ਾਂਤੀ, ਸਦਭਾਵੀ ਸਮਾਜਿਕ ਸਬੰਧ, ਸਮਾਨਤਵਾਦੀ ਨਿਆਂ ਪ੍ਰਬੰਧ ਅਤੇ ਆਰਥਿਕ ਸੁਚੱਜਤਾ ਵਜੂਦ ਵਿਚ ਹੋਵੇ, ਉਦੋਂ ਹੁਕਮਰਾਨ ਦੀ ਵੱਡੀ ਗ਼ਲਤੀ ਵੀ ਪਰਜਾ ਮੁਆਫ਼ ਕਰ ਦਿੰਦੀ ਹੈ। ਇਸ ਅਸਲੀਅਤ ਨੂੰ ਯੂਰਪੀ ਸਮਰਾਟਾਂ ਨੇ 12ਵੀਂ-13ਵੀਂ ਸਦੀ ਦੌਰਾਨ ਪਛਾਣ ਲਿਆ ਸੀ ਅਤੇ ਇਸੇ ਦੀ ਬਦੌਲਤ ਉਹ ਪੋਪ ਤੇ ਹੋਰ ਈਸਾਈ ਧਰਮ ਗੁਰੂਆਂ ਨੂੰ ਰਾਜ ਪ੍ਰਬੰਧ ਤੋਂ ਦੂਰ ਧੱਕਣ ਵਿਚ ਕਾਮਯਾਬ ਰਹੇ। ਅਜਿਹੀ ਕਾਮਯਾਬੀ ਰੋਮਨ ਬਾਦਸ਼ਾਹਾਂ ਜਾਂ ਰੋਮਨ ਸਾਮਰਾਜ ਦੇ ਅਸਤ ਹੋਣ ਤੋਂ ਬਾਅਦ ਹੋਂਦ ਵਿਚ ਆਈਆਂ ਰਿਆਸਤਾਂ ਦੇ ਹੁਕਮਰਾਨਾਂ ਦੇ ਹਿੱਸੇ ਨਹੀਂ ਸੀ ਆ ਸਕੀ। ਉਨ੍ਹਾਂ ਨੂੰ ਪੋਪ ਜਾਂ ਉਸ ਵੱਲੋਂ ਥਾਪੇ ਬਿਸ਼ਪਾਂ ਦੀ ਨਿਰੰਤਰ ਦਖ਼ਲਅੰਦਾਜ਼ੀ ਝੱਲਣੀ ਪਈ ਜਿਸ ਕਾਰਨ ਰਾਜ ਪ੍ਰਬੰਧ ਗੜਬੜਾ ਗਿਆ।


ਦੱਖਣੀ ਭਾਰਤ ਦੇ ਚੋਲ ਰਾਜ ਘਰਾਣੇ ਤੋਂ ਉਲਟ ਉਤਰੀ ਭਾਰਤ ਵਿਚ ਮੁਗ਼ਲਾਂ ਦੀ ਆਮਦ ਤੋਂ ਪਹਿਲਾਂ ਇੱਕ ਵੀ ਰਾਜ ਘਰਾਣਾ ਅਜਿਹਾ ਨਹੀਂ ਰਿਹਾ ਜੋ ਲੰਮਾ ਸਮਾਂ ਆਪਣਾ ਰਾਜਸੀ ਦਬਦਬਾ ਕਾਇਮ ਰੱਖ ਸਕਿਆ ਹੋਵੇ। ਗ਼ੁਲਾਮਸ਼ਾਹੀ ਘਰਾਣਾ ਇੱਕ ਸਦੀ ਵੀ ਨਹੀਂ ਚੱਲਿਆ, ਖਿਲਜੀਆਂ ਦਾ ਪ੍ਰਤਾਪ ਮਹਿਜ਼ 30 ਸਾਲ ਰਿਹਾ। ਤੁਗ਼ਲਕਸ਼ਾਹੀ 90 ਸਾਲ ਛੇ ਸੁਲਤਾਨਾਂ ਦੇ ਰੂਪ ਵਿਚ ਚੱਲੀ। ਦਰਅਸਲ, ਤਿੰਨ ਸੌ ਸਾਲਾਂ ਅੰਦਰ ਦਿੱਲੀ ਨੇ ਪੰਜ ਰਾਜ ਘਰਾਣਿਆਂ ਨੂੰ ਉਦੈ ਤੇ ਅਸਤ ਹੁੰਦਿਆਂ ਦੇਖਿਆ।

ਇਸ ਰੁਝਾਨ ਨੂੰ ਮੋੜਾ ਜ਼ਹੀਰੂਦੀਨ ਮੁਹੰਮਦ ਬਾਬਰ ਨੇ ਦਿੱਤਾ। ਸਮਰਕੰਦ ਵਰਗੇ 'ਤਹਿਜ਼ੀਬੀ ਮਰਕਜ਼' ਤੋਂ ਪੂਰੇ ਮੱਧ ਏਸ਼ੀਆ ਉਤੇ ਹਕੂਮਤ ਕਰਨ ਦਾ ਸੁਫ਼ਨਾ ਖੰਡਿਤ ਹੋਣ ਤੋਂ ਬਾਅਦ ਜਦੋਂ ਹਿੰਦੋਸਤਾਨ ਡਰਾਉਣ ਲਈ ਬਾਬਰ ਨੇ 'ਜਮਕਰ ਮੁਗ਼ਲ ਚੜ੍ਹਾਇਆ' ਤਾਂ ਉਸ ਨੇ ਇਹ ਕਿਆਸਿਆ ਤਕ ਨਹੀਂ ਸੀ ਕਿ ਉਸ ਦੀ ਮਹਿਜ਼ ਚਾਰ ਸਾਲਾਂ (1526-30) ਦੀ ਹਕੂਮਤ ਹਿੰਦੋਸਤਾਨ ਉਤੇ ਉਸ ਦੇ ਬੰਸ ਦੀ ਦੋ ਸਦੀਆਂ ਤੋਂ ਵੱਧ ਦੀ ਹੁਕਮਰਾਨੀ ਦੀ ਨੀਂਹ ਬੰਨ੍ਹ ਦੇਵੇਗੀ। 'ਏਤੀ ਮਾਰ ਪਈ ਕੁਰਲਾਣੈ' ਵਾਲੀ ਸ਼ੁਰੂਆਤ ਤੋਂ ਬਾਅਦ ਉਸ ਨੇ ਪਛਾਣ ਲਿਆ ਕਿ ਹਕੂਮਤ ਸਿਰਫ਼ ਤਲਵਾਰ ਦੇ ਜ਼ੋਰ ਨਾਲ ਨਹੀਂ ਚਲਾਈ ਜਾ ਸਕਦੀ। ਬਾਬਰ ਮਹਿਜ਼ 47 ਸਾਲ ਜੀਵਿਆ; ਉਸ ਦਾ ਬੇਟਾ ਨਸੀਰੂਦੀਨ ਮੁਹੰਮਦ ਹਮਾਯੂੰ 48 ਸਾਲ ਜਿਸ ਵਿਚੋਂ ਉਹ 15 ਸਾਲ ਹਿੰਦ ਤੋਂ ਜਲਾਵਤਨ ਵੀ ਰਿਹਾ, ਪਰ ਦੋਵਾਂ ਨੇ ਜਿੰਨੀ ਦੇਰ ਹਕੂਮਤ ਕੀਤੀ, ਐਗਮਬੇਨ ਵਾਲੇ ਅਸੂਲ 'ਤੇ ਖਰੇ ਉਤਰਦੇ ਰਹੇ।

ਇਸ ਬੁਨਿਆਦ ਨੇ ਜਲਾਲੂਦੀਨ ਮੁਹੰਮਦ ਅਕਬਰ ਨੂੰ 49 ਸਾਲ 9 ਮਹੀਨੇ, ਨੂਰੂਦੀਨ ਮੁਹੰਮਦ ਸਲੀਮ 'ਜਹਾਂਗੀਰ' ਨੂੰ 22 ਸਾਲ, ਸ਼ਹਾਬੂਦੀਨ ਮੁਹੰਮਦ ਖੁੱਰਮ ਉਰਫ਼ ਸ਼ਾਹ ਜਹਾਨ-ਏ-ਆਜ਼ਮ ਨੂੰ 30 ਸਾਲ ਅਤੇ ਮੁਹੀਓਦੀਨ ਮੁਹੰਮਦ ਔਰੰਗਜ਼ੇਬ ਆਲਮਗੀਰ ਨੂੰ ਸਾਢੇ 48 ਵਰ੍ਹਿਆਂ ਤਕ ਸ਼ਹਿਨਸ਼ਾਹ-ਏ-ਹਿੰਦ ਦੇ ਮਰਤਬੇ ਉਤੇ ਬਰਕਰਾਰ ਰੱਖਿਆ। ਸਿਆਸੀ ਚਿੰਤਕ ਤੇ ਦਾਰਸ਼ਨਿਕ ਅਕੀਲ ਬਿਲਗਰਾਮੀ ਅਨੁਸਾਰ ਮੁਗ਼ਲ ਬਾਦਸ਼ਾਹ ਇੰਨੀ ਲੰਮੀ ਹਕੂਮਤ ਇਸ ਕਰ ਕੇ ਕਰ ਗਏ, ਕਿਉਂਕਿ ਉਨ੍ਹਾਂ ਨੇ ਸਿਆਸੀ ਹਿੰਸਾ ਲਈ ਮਜ਼ਹਬ ਦੀ ਕੁਵਰਤੋਂ ਨਹੀਂ ਕੀਤੀ ਅਤੇ 11ਵੀਂ ਸਦੀ ਦੇ ਇਸਲਾਮੀ ਸਿਧਾਂਤਕਾਰ ਇਮਾਮ ਗ਼ਜ਼ਾਲੀ ਦੇ ਕਥਨ 'ਸ਼ਹਿਰ ਦੀਆਂ ਗਲੀਆਂ ਵਿਚ ਅਰਾਜਕਤਾ ਦਾ ਇੱਕ ਦਿਨ ਹਜ਼ਾਰ ਸਾਲ ਦੀ ਹਕੂਮਤ ਤੋਂ ਬਦਤਰ ਹੈ' ਦਾ ਉਚੇਚੇ ਤੌਰ 'ਤੇ ਧਿਆਨ ਰੱਖਦਿਆਂ 'ਗਲੀਆਂ ਵਿਚ ਅਰਾਜਕਤਾ' ਨਹੀਂ ਉਪਜਣ ਦਿੱਤੀ।

ਇਹ ਮੱਧਯੁਗੀ ਹੁਕਮਰਾਨ, ਸਾਮਰਾਜਾਂ ਦੇ ਉਸਰਈਏ ਇਸ ਕਰ ਕੇ ਸਾਬਤ ਹੋਏ, ਕਿਉਂਕਿ ਉਨ੍ਹਾਂ ਨੇ ਹਕੂਮਤੀ ਪ੍ਰਬੰਧ ਨੂੰ ਸੰਜੀਦਗੀ ਨਾਲ ਲਿਆ, ਤੱਤ-ਫ਼ੱਟ ਫ਼ਾਇਦੇ ਲੈਣ ਦੇ ਦੀਰਘਕਾਲੀ ਲਾਭਾਂ ਬਾਰੇ ਸੋਚਣਾ ਮੁਨਾਸਿਬ ਸਮਝਿਆ, ਮਜ਼ਹਬ ਨੂੰ ਸਿਜਦਾ ਕਰਨ ਦੇ ਬਾਵਜੂਦ ਮਜ਼ਹਬੀ ਲਾਣਿਆਂ ਨੂੰ ਨਿਜ਼ਾਮਤ ਤੋਂ ਦੂਰ ਰੱਖਿਆ, ਖ਼ਲਕਤ ਪ੍ਰਤੀ ਸਮਾਨਤਾਵਾਦੀ ਨਜ਼ਰੀਆ ਅਪਣਾਇਆ ਅਤੇ ਨਿਜ਼ਾਮਤ ਨਾਲ ਜੁੜੀਆਂ ਜ਼ਿੰਮੇਵਾਰੀਆਂ ਸੁਹਿਰਦਤਾ ਨਾਲ ਨਿਭਾਉਣ ਦਾ ਯਤਨ ਕੀਤਾ। ਔਰੰਗਜ਼ੇਬ ਦੇ ਰਾਜ-ਕਾਲ ਦੌਰਾਨ ਜਦੋਂ ਉਪਰੋਕਤ ਤਾਣੇ-ਪੇਟੇ ਦੀਆਂ ਤੰਦਾਂ ਟੁੱਟਣ ਲੱਗੀਆਂ, ਤਾਂ ਮੁਗ਼ਲ ਸਾਮਰਾਜ ਨੂੰ ਵੀ ਛਿੰਨ ਭਿੰਨ ਹੁੰਦਿਆਂ ਦੇਰ ਨਾ ਲੱਗੀ।

ਇਤਿਹਾਸ ਦਾ ਇਹੋ ਸੁਨੇਹਾ ਸਾਡੇ ਅਜੋਕੇ ਹੁਕਮਰਾਨਾਂ ਲਈ ਇੱਕ ਸੁਚੱਜੇ ਸਬਕ ਵਾਂਗ ਹੈ, ਪਰ ਉਨ੍ਹਾਂ ਦਾ ਨਾਗਪੁਰੀ ਚਸ਼ਮਾ ਕੀ ਉਨ੍ਹਾਂ ਨੂੰ ਹਰ ਬੰਦੇ ਵਿਚੋਂ 'ਪਰਮੇਸ਼ਰ ਦਾ ਬੰਦਾ' ਦੇਖਣ ਦੀ ਸਮਰੱਥਾ ਬਖ਼ਸ਼ੇਗਾ?






*ਦੇਵੀ ਯਸ਼ੋਧਰਨ ਅਤੇ ਉਸ ਵੱਲੋਂ ਲਿਖੇ ਇਤਿਹਾਸਕ ਨਾਵਲ 'ਐਂਪਾਇਰ' ਦਾ ਮੁਖੜਾ (ਉਪਰ)।*

## ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 28 ਅਕਤੂਬਰ 2017 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-296




**ਧਰਮ-ਕਰਮ ਤੇ ਸ਼ਰਧਾ ਵਾਲਾ ਮਜ਼ਬੂਰੀ ਨੇ ਤਣਿਆਂ ਤਾਣਾ।**
**ਰੀਝਾਂ ਮਾਰੇ ਦਾਨੀ ਤੱਕੇ, ਭੋਲਾ ਬਚਪਨ ਭੁੱਖਣ-ਭਾਣਾ।**

### ਕੈਪਸ਼ਨ ਮੁਕਾਬਲਾ-294



ਵੀਹ ਰੁਪਏ ਵਾਲਾ 'ਸੱਚਾ ਸੌਦਾ'
ਬਾਬੇ ਦੀ ਪਿਰਤ ਪੁਰਾਣੀ ਏ।
ਰਹਿੰਦੀ ਦੁਨੀਆਂ ਤੱਕ ਇਹ ਰੀਤ
ਸਦਾ ਹੀ ਚੱਲਦੀ ਰਹਿਣੀ ਏ।
ਇਰਾਕ, ਸੀਰੀਆ ਅਤੇ ਬੰਗਲਾਦੇਸ਼
ਕਦੇ ਵਿਚ ਅਫਰੀਕਾ ਦੇ।
ਸਰਬਤ ਦਾ ਭਲਾ ਤੇ ਦੁੱਖ ਵੰਡਾਉਣਾ
ਸਿੱਖੀ ਦਾ ਇਹੀ ਸਲੀਕਾ ਏ।
ਨਿਸ਼ਕਾਮ ਸੇਵਾ ਤੇ ਸਿਮਰਨ ਦੋਵੇਂ
ਗੁਰਾਂ ਨੇ ਖੂਬ ਦ੍ਰਿੜਾਇਆ ਏ।
ਤੱਕ ਤਸਵੀਰ ਭੁਝੰਗੀ ਵਾਲੀ
ਹੋਇਆ ਹੌਸਲਾ ਦੂਣ ਸਵਾਇਆ ਏ।
*-ਸੇਵਾ ਸਿੰਘ ਨੂਰਪੁਰੀ, ਮਿਨੀਸੋਟਾ*
*ਫੋਨ: 408-912-3438*

---

ਕੇਸਰੀ ਦਸਤਾਰ ਸਜਾ ਕੇ,
ਛੋਟਾ ਸਰਦਾਰ ਬਣ ਗਿਆ ਵਰਤਾਰਾ।
ਸਾਂਝਾ ਲੰਗਰ ਸਦੀਆਂ ਤੋਂ ਚੱਲੇ,
ਚੱਲਦਾ ਹੀ ਰਹੂ ਇਹ ਭੰਡਾਰਾ।
ਪਨੀਰੀ ਨੂੰ ਜਦ ਲੱਗ ਜਾਏ ਜਾਗ,
ਸੁੱਤੇ ਜਾਗਣ ਕੌਮਾਂ ਦੇ ਭਾਗ।
*-ਦਵਿੰਦਰ ਕੌਰ*

---

ਮੂੰਹ ਗਰੀਬ ਦਾ, ਗੁਰੂ ਦੀ ਗੋਲਕ,
ਮਾਪਿਆਂ ਗੱਲ ਸਮਝਾਈ।
ਨਾ ਇੱਥੇ ਵੈਰੀ, ਨਾ ਹੀ ਬਿਗਾਨਾ
ਇਹ ਗੱਲ ਬੱਚੇ ਦੇ ਸਮਝ ਆਈ।
ਕਿਸ ਨੇ ਸਾਡੇ ਨਾਂ ਰੱਖ ਦਿੱਤੇ,
ਹਿੰਦੂ, ਮੁਸਲਿਮ, ਸਿੱਖ, ਇਸਾਈ।
ਸੇਵਾ ਨੂੰ ਹੀ ਲਗਦਾ ਮੇਵਾ,
ਖੁਸ਼ੀ ਨਾਲ ਲੰਗਰ ਜਾਵੇ ਵਰਤਾਈ।
*-ਗੁਰਦੇਵ ਸਿੰਘ ਢਿੱਪਾਲੀ, ਬਠਿੰਡਾ*
*ਫੋਨ: 91-94176-49275*

---

ਵੱਡਿਆਂ ਕੋਲੋਂ ਸਿੱਖ ਭੁਝੰਗੀ,
ਸੰਗਤ ਨੂੰ ਦਾਲਾ ਵਰਤਾਵੇ।
ਨਾਲ ਹੈਰਾਨੀ ਤੱਕੇ ਦੁਨੀਆਂ,
ਸਿੱਖ ਕੌਮ ਜਦ ਲੰਗਰ ਲਾਵੇ।
*-ਜਗਮੀਤ ਸਿੰਘ ਪੰਧੇਰ*
*ਫੋਨ: 91-98783-37222*

---

ਬਚਪਨ ਤੋਂ ਹੀ ਮੈਂ ਬਾਣੀ ਨਾਲ ਜੁੜਿਆ
'ਸਰਬੱਤ ਦਾ ਭਲਾ' ਦਿਮਾਗ 'ਚ ਭਰਿਆ।
ਬਾਬੇ ਦਾਦੇ ਕੀਤੀ ਸੀ ਇਹੋ ਕਮਾਈ
ਮੇਰੀ ਰਗ ਰਗ 'ਚ ਸਿੱਖੀ ਸਮਾਈ।
*-ਕੈਲਾਸ਼ ਠਾਕੁਰ, ਨੰਗਲ ਟਾਊਨਸ਼ਿਪ*

---

ਧੰਨ ਭਾਗ ਅਜਿਹੇ ਬੱਚਿਆਂ ਦੇ
ਜਿਹੜੇ ਜੁੜਦੇ ਵਿਰਸੇ ਨਾਲ।
ਗੁੜ੍ਹਤੀ 'ਚ ਮਿਲੇ ਮਨੁੱਖਤਾ ਦੀ ਸੇਵਾ
ਕਰਨੀ ਬਿਨਾ ਵਿਤਕਰੇ ਦੇ ਨਾਲ।
ਦਸਵੰਧ ਕੱਢਣਾ, ਸਾਂਝੇ ਲੰਗਰ ਲਾਉਣੇ
ਪਰਉਪਕਾਰ ਕਰਨਾ ਸੰਗਤਾਂ ਨੂੰ ਨਿਹਾਲ।
ਨਫਰਤ ਦੀ ਭੱਠੀ 'ਚ ਭੁੱਜ ਰਹੀ ਦੁਨੀਆਂ
ਖਲਕਤ ਨੂੰ ਕਰੇ ਸ਼ਾਂਤ,
ਠੰਡੀਆਂ ਹਵਾਵਾਂ ਨਾਲ।
*-ਅਮਰਜੀਤ ਸਿੰਘ ਤੂਰ*
*ਫੋਨ: 91-98784-69639*

---

ਬਾਬੇ ਨਾਨਕ ਸੌਦਾ ਕੀਤਾ
ਭੁੱਖੇ ਸਾਧੂਆਂ ਤਾਈਂ ਖਾਣਾ ਖੁਆਇਆ।
ਸਦਕੇ ਉਨ੍ਹਾਂ ਮਾਪਿਆਂ ਦੇ
ਬੱਚਿਆਂ ਨੂੰ ਸੇਵਾ ਦੇ ਰਾਹ ਪਾਇਆ।
ਸੇਵਾ ਲਈ ਤਿਆਰ-ਬਰ-ਤਿਆਰ
ਸੰਗਤਾਂ ਨੂੰ ਲੰਗਰ ਛਕਾਇਆ।
ਬੜੀ ਮਹਾਨਤਾ ਹੈ ਇਸ ਗੱਲ ਦੀ
ਕਲਯੁਗ 'ਚ ਬੰਦਾ ਪੈਸੇ ਦਾ ਤ੍ਰਿਹਾਇਆ।
*-ਜਗਜੀਤ ਕੌਰ ਤੂਰ ਚੰਡੀਗੜ੍ਹ*

### ਕੈਪਸ਼ਨ ਮੁਕਾਬਲਾ 293

ਦਾਦਾ ਪੂਰਾ ਸਿੱਖ ਸਜਿਆ,
ਪੋਤੇ ਨੇ ਕੀਤਾ ਸਿਰ ਜੂੜਾ।
ਪੋਤਾ ਜਾਵੇ ਪੜ੍ਹਨ ਲਈ
ਸਕੂਲੇ ਗੁਰਮੁਖੀ ਦਾ ਊੜਾ।
ਪੜ੍ਹ-ਲਿਖ ਲੈ ਪੁੱਤਰਾ ਰੱਜ ਕੇ
ਪਰ ਰਹੀਂ ਸਿੱਖੀ ਵਿਚ ਪੂਰਾ।
ਹਰ ਚਾਅ ਪੂਰੇ ਕਰ ਲਈਂ
ਰਹੇ ਨਾ ਕੋਈ ਅਧੂਰਾ।
ਮਗਰ ਕਿਸੇ ਦੇ ਲੱਗ ਕੇ
ਨਾ ਬੱਚਿਆ ਕਟਾਈਂ ਕੇਸ।
ਸਿੱਖੀ ਸਰੂਪ ਛੱਡ ਕੇ
ਨਾ ਕਿਧਰੇ ਵਟਾ ਲਈਂ ਭੇਸ।
*-ਗੋਰਾ ਪ੍ਰਜਾਪਤ, ਨਿਊ ਯਾਰਕ*
*ਫੋਨ: 718-690-8403*

ਰਾਜਾ ਸਵੀਟਸ ਦੇ
ਮੱਖਣ ਸਿੰਘ ਬੈਂਸ ਤੇ ਰਵਿੰਦਰ ਸਿੰਘ ਵਲੋਂ
ਪੰਜਾਬ ਟਾਈਮਜ਼ ਦੇ ਪਾਠਕਾਂ ਨੂੰ
ਬੰਦੀਛੋੜ ਦਿਵਸ ਤੇ ਦੀਵਾਲੀ ਦੀ
ਲੱਖ ਲੱਖ ਵਧਾਈ



ਮੱਖਣ ਸਿੰਘ ਬੈਂਸ ਤੇ ਰਵਿੰਦਰ ਸਿੰਘ

Raja™ SWEETS & CATERING®
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™

Follow us on:

Toll Free 1-866-FOR-RAJA
www.rajasweets.com
msbains@rajasweets.com

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets

**Items Serving:**
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

**Catering Services:**
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

**Additional Services:**
- Warmers
- Chaffing Dishes
- China & Silverware
- Linen Rental
- Waiters & Bartenders

Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111

Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345

Call Makhan Bains or Ravinder Singh For Your Next Party
1-866-FOR-RAJA (367-7252)
www.RajaSweets.com




ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ
200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜਾਮ ਹੈ।

**Services Include**
- Catering
- Silverware
- Chinaware
- Decorated Hall
- Linen
- Several Bar Options
- Security
- Wait Staff
- Full Setup Including table cloth, napkins, chairs etc.

**Paradise Ballrooms**
4100 Peralta Blvd. Fremont, CA 94536
(510) 900-6319
info@paradiseballrooms.com
www.paradiseballrooms.com

# ਪੰਜਾਬੀ ਭਾਸ਼ਾ ਨੂੰ ਨੁੱਕਰੇ ਲਾਉਣ ਵਿਰੁਧ ਜ਼ੋਰਦਾਰ ਲਾਮਬੰਦੀ ਸ਼ੁਰੂ

## ਮੀਲ ਪੱਥਰਾਂ ਉਪਰ ਕਾਲਖ ਪੋਚਣ ਦਾ ਗੁਪਤ ਸੰਘਰਸ਼ ਵੀ ਵਿੱਢਿਆ

**ਚੰਡੀਗੜ੍ਹ:** ਭਾਰਤ ਸਰਕਾਰ ਅਤੇ ਨੈਸ਼ਨਲ ਹਾਈਵੇਅ ਅਥਾਰਟੀ ਨੇ ਮੀਲ ਪੱਥਰਾਂ ਉਪਰ ਅੰਗਰੇਜ਼ੀ ਨੂੰ ਪਹਿਲਾ ਅਤੇ ਪੰਜਾਬੀ ਨੂੰ ਤੀਸਰਾ ਸਥਾਨ ਦੇ ਕੇ ਨਵੀਂ ਬਹਿਸ ਛੇੜ ਦਿੱਤੀ ਹੈ। ਪੰਜਾਬ ਦੇ ਕਈ ਹਿੱਸਿਆਂ ਵਿਚ ਅਜਿਹੇ ਮੀਲ ਪੱਥਰਾਂ ਉਪਰ ਕਾਲਖ ਪੋਚਣ ਦਾ ਗੁਪਤ ਸੰਘਰਸ਼ ਸ਼ੁਰੂ ਹੋ ਗਿਆ ਹੈ।



ਦੱਸਣਯੋਗ ਹੈ ਕਿ ਇਸ ਤੋਂ ਪਹਿਲਾਂ ਚੰਡੀਗੜ੍ਹ ਪ੍ਰਸ਼ਾਸਨ ਵੱਲੋਂ ਪੰਜਾਬੀ ਭਾਸ਼ਾ ਨੂੰ ਨੁੱਕਰੇ ਲਾਉਣ ਵਿਰੁੱਧ ਪੰਥਕ ਵਿਚਾਰ ਮੰਚ ਦੇ ਮੁਖੀ ਬਲਜੀਤ ਸਿੰਘ ਖ਼ਾਲਸਾ ਨੇ ਵੀ ਯੂ.ਟੀ. ਵਿਚ ਅੰਗਰੇਜ਼ੀ ਵਿਚ ਲਿਖੇ ਸਾਈਨ ਬੋਰਡਾਂ ਉਪਰ ਕਾਲਖ ਪੋਚਣ ਦਾ ਸੰਘਰਸ਼ ਚਲਾਇਆ ਸੀ। ਭਾਵੇਂ ਕੌਮੀ ਅਤੇ ਰਾਜ ਮਾਰਗਾਂ ਦੇ ਮੀਲ ਪੱਥਰਾਂ ਉਪਰ ਪੰਜਾਬੀ ਨੂੰ ਤੀਜੇ ਸਥਾਨ ਉਤੇ ਲਿਖਣ ਦੀ ਪ੍ਰਕਿਰਿਆ ਭਾਰਤ ਸਰਕਾਰ ਦੇ ਸੜਕੀ ਵਿਭਾਗ ਵੱਲੋਂ ਚਲਾਈ ਗਈ ਹੈ ਪਰ ਇਸ ਮੁੱਦੇ ਉਪਰ ਪੰਜਾਬ ਸਰਕਾਰ ਦੀ ਖਾਮੋਸ਼ੀ ਨੇ ਵੀ ਕਈ ਤਰ੍ਹਾਂ ਦੇ ਸ਼ੰਕੇ ਖੜ੍ਹੇ ਕਰ ਦਿੱਤੇ ਹਨ।

ਦਰਅਸਲ, ਚੰਡੀਗੜ੍ਹ ਪ੍ਰਸ਼ਾਸਨ ਦੀ ਸਰਕਾਰੀ ਭਾਸ਼ਾ ਅੰਗਰੇਜ਼ੀ ਦੀ ਥਾਂ ਪੰਜਾਬੀ ਨਿਰਧਾਰਤ ਕਰਨ ਲਈ ਚੰਡੀਗੜ੍ਹ ਪੰਜਾਬੀ ਮੰਚ ਵੱਲੋਂ ਚਲਾਏ ਸੰਘਰਸ਼ ਦੀ ਪੰਜਾਬ ਸਰਕਾਰ ਵੱਲੋਂ ਹਮਾਇਤ ਕਰਨ ਦੀ ਥਾਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਆਪਣੇ ਅਹੁਦੇ ਦੀ ਸਹੁੰ ਅੰਗਰੇਜ਼ੀ ਵਿਚ ਚੁੱਕੀ ਸੀ, ਜਿਸ ਕਾਰਨ ਯੂ.ਟੀ. ਪ੍ਰਸ਼ਾਸਨ ਨੇ ਵੀ ਪੰਜਾਬੀ ਹਿਤੈਸ਼ੀਆਂ ਦੇ ਸੰਘਰਸ਼ ਨੂੰ ਅੱਖੋਂ-ਪਰੋਖੇ ਕਰਨਾ ਸ਼ੁਰੂ ਕਰ ਦਿੱਤਾ ਹੈ। ਪੰਜਾਬ ਸਰਕਾਰ ਹਾਲੇ ਪ੍ਰਾਈਵੇਟ ਸਕੂਲਾਂ ਵਿਚ ਵੀ ਪੰਜਾਬੀ ਭਾਸ਼ਾ ਨੂੰ ਲਾਗੂ ਕਰਵਾਉਣ ਵਿਚ ਕਾਮਯਾਬ ਨਹੀਂ ਹੋਈ। ਹੁਣ ਕੈਪਟਨ ਵੱਲੋਂ ਅੰਗਰੇਜ਼ੀ ਵਿਚ ਸਹੁੰ ਚੁੱਕਣ ਅਤੇ ਪੰਜਾਬੀ ਸ਼ਾਇਰ ਡਾ. ਸੁਰਜੀਤ ਪਾਤਰ ਨੂੰ ਪੰਜਾਬ ਕਲਾ ਪ੍ਰੀਸ਼ਦ ਦੀ ਅਗਵਾਈ ਕਰਨ ਦੀ ਪੇਸ਼ਕਸ਼ ਦਾ ਪੱਤਰ ਵੀ ਅੰਗਰੇਜ਼ੀ ਵਿਚ ਲਿਖਣ ਕਾਰਨ ਕਈ ਤਰ੍ਹਾਂ ਦੇ ਨਵੇਂ ਸ਼ੰਕੇ ਪੈਦਾ ਹੋ ਗਏ ਹਨ।

### ਸਿਆਸੀ ਪਾਰਟੀਆਂ ਨੂੰ ਭਰਨਾ ਪਵੇਗਾ ਪ੍ਰਣ ਪੱਤਰ




ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਪ੍ਰਧਾਨ ਕਰਨੈਲ ਸਿੰਘ ਪੀਰਮੁਹੰਮਦ ਨੇ ਕਿਹਾ ਕਿ ਮੀਲ ਪੱਥਰਾਂ ਉਪਰ ਪੰਜਾਬੀਆਂ ਦੀ ਮਾਂ ਬੋਲੀ ਨੂੰ ਤੀਸਰੇ ਥਾਂ ਉਤੇ ਰੱਖਣਾ ਪੰਜਾਬੀਆਂ ਵਿਰੁੱਧ ਸਾਜ਼ਿਸ਼ ਹੈ ਅਤੇ ਫੈਡਰੇਸ਼ਨ ਸੂਬੇ ਦੀਆਂ ਸਮੂਹ ਸਿਆਸੀ ਪਾਰਟੀਆਂ ਕੋਲੋਂ ਪੰਜਾਬ ਵਿਚ ਮੁਕੰਮਲ ਤੌਰ ਉਤੇ ਪੰਜਾਬੀ ਭਾਸ਼ਾ ਲਾਗੂ ਕਰਵਾਉਣ ਲਈ ਪ੍ਰਣ ਪੱਤਰ ਭਰਵਾਉਣ ਦੀ ਮੁਹਿੰਮ ਚਲਾਵੇਗੀ ਤਾਂ ਜੋ ਸਾਰੇ ਸਿਆਸੀ ਪਾਰਟੀਆਂ ਦੇ ਆਗੂਆਂ ਦਾ ਮਾਂ ਬੋਲੀ ਪ੍ਰਤੀ ਸਟੈਂਡ ਸਪਸ਼ਟ ਹੋ ਸਕੇ। ਕੇਂਦਰੀ ਪੰਜਾਬੀ ਲੇਖਕ ਸਭਾ ਪੰਜਾਬ ਦੇ ਪ੍ਰਧਾਨ ਡਾ. ਸਰਬਜੀਤ ਸਿੰਘ ਨੇ ਕਿਹਾ ਕਿ ਉਹ ਭਾਰਤ ਸਰਕਾਰ ਦੇ ਸੜਕੀ ਵਿਭਾਗ ਕੋਲ ਇਹ ਮੁੱਦਾ ਉਠਾ ਰਹੇ ਹਨ।

## ਲਹਿੰਦੇ ਪੰਜਾਬ ਵਿਚ ਵੀ ਮਾਂ ਬੋਲੀ ਲਈ ਆਵਾਜ਼ ਬੁਲੰਦ

**ਲਾਹੌਰ:** ਪੰਜਾਬੀ ਮਾਂ ਬੋਲੀ ਨੂੰ ਬਣਦਾ ਹੱਕ ਤੇ ਸਨਮਾਨ ਦਿਵਾਉਣ ਲਈ ਲਹਿੰਦੇ ਪੰਜਾਬ ਦੀਆਂ ਵੱਖ-ਵੱਖ ਜਥੇਬੰਦੀਆਂ ਅਤੇ ਕਾਰਕੁਨਾਂ ਵੱਲੋਂ ਪੰਜਾਬੀ ਪ੍ਰਚਾਰ ਤੇ ਪੰਜਾਬੀ ਪੜ੍ਹਾਉ ਤਹਿਰੀਕ ਸੰਸਥਾਵਾਂ ਦੀ ਅਗਵਾਈ ਵਿਚ ਭੁੱਖ ਹੜਤਾਲ ਰੱਖ ਕੇ ਸੂਬਾ ਸਰਕਾਰ ਪ੍ਰਤੀ ਆਪਣੀ ਨਾਰਾਜ਼ਗੀ ਜ਼ਾਹਿਰ ਕੀਤੀ ਗਈ। ਭੁੱਖ ਹੜਤਾਲ ਵਿਚ ਪੰਜਾਬੀ ਖੋਜਗੜ੍ਹ, ਲੁਕਾਈ ਪੰਜਾਬ, ਪੰਜਾਬੀ ਸਾਂਝ ਸੰਗਤ, ਪੰਜਾਬੀ ਅਦਬੀ ਸੰਗਤ, ਪੰਜਾਬੀ ਅਦਬੀ ਬੋਰਡ, ਕੁਕਨੂਸ ਲਾਇਲਪੁਰ, ਪੰਜਾਬ ਲੋਕ ਲਹਿਰ ਤੇ ਪੰਜਾਬ ਸੋਸ਼ਲ ਮੂਵਮੈਂਟ ਆਦਿ ਸੰਸਥਾਵਾਂ ਵੀ ਸ਼ਾਮਲ ਹੋਈਆਂ। ਇਸ ਮਗਰੋਂ ਲਾਹੌਰ ਪੰਜਾਬ ਅਸੈਂਬਲੀ ਦੇ ਸਾਹਮਣੇ ਰੋਸ ਮੁਜ਼ਾਹਰਾ ਕੀਤਾ ਗਿਆ। ਪੰਜਾਬੀ ਪ੍ਰਚਾਰ ਸੰਸਥਾ ਦੇ ਸਦਰ ਅਹਿਮਦ ਰਜ਼ਾ ਨੇ ਪੰਜਾਬ ਵਿਚ ਮਾਂ-ਬੋਲੀ ਪੰਜਾਬੀ ਨਾਲ ਕੀਤੇ ਜਾ ਰਹੇ ਮਤਰੇਈ ਮਾਂ ਵਾਲੇ ਸਲੂਕ ਲਈ ਲਹਿੰਦੇ ਪੰਜਾਬ ਦੀ ਸੂਬਾ ਸਰਕਾਰ ਨੂੰ ਜ਼ਿੰਮੇਵਾਰ ਠਹਿਰਾ ਕੇ ਮਾਂ-ਬੋਲੀ ਨੂੰ ਤਰਜੀਹ ਦੇਣ ਦੀ ਅਪੀਲ ਕਰਦਿਆਂ ਸੂਬੇ ਦੇ ਲੋਕਾਂ ਨੂੰ ਪੰਜਾਬੀ ਦੇ ਪ੍ਰਚਾਰ-ਪ੍ਰਸਾਰ ਲਈ ਉਸਾਰੂ ਭੂਮਿਕਾ ਨਿਭਾਉਣ ਦੀ ਅਪੀਲ ਕੀਤੀ। ਉਨ੍ਹਾਂ ਪਹਿਲੀ ਜਮਾਤ ਤੋਂ ਗ੍ਰੈਜੂਏਸ਼ਨ ਤੱਕ ਪੰਜਾਬੀ ਨੂੰ ਵਿਸ਼ੇ ਦੇ ਤੌਰ 'ਤੇ ਲਾਗੂ ਕਰਨ ਅਤੇ ਪੰਜਾਬ ਅਸੈਂਬਲੀ ਵਿਚ ਪੰਜਾਬੀ ਬੋਲਣ 'ਤੇ ਲਾਈ ਗਈ ਪਾਬੰਦੀ ਨੂੰ ਖਤਮ ਕਰਨ ਦੀ ਵੀ ਮੰਗ ਕੀਤੀ। ਪ੍ਰੋ. ਤਾਰਿਕ ਜਟਾਲਾ ਨੇ ਕਿਹਾ ਕਿ ਪੰਜਾਬੀ ਭਾਸ਼ਾ ਨਾਲ ਹੀਣ ਭਾਵਨਾ ਜੋੜ ਦਿੱਤੀ ਗਈ ਹੈ, ਜਿਸ ਕਾਰਨ ਨਵੀਂ ਪੀੜੀ ਪੰਜਾਬੀ ਭਾਸ਼ਾ ਤੋਂ ਆਪਣੀ ਦੂਰੀ ਬਣਾ ਰਹੀ ਹੈ। ਬਾਬਾ ਨਜ਼ਮੀ ਨੇ ਸਕੂਲੀ ਪੰਜਾਬੀ ਪੁਸਤਕਾਂ ਵਿਚ ਬਾਬਾ ਬੁੱਲ੍ਹਾ ਸ਼ਾਹ, ਸ਼ਾਹ ਹੁਸੈਨ, ਬਾਬਾ ਗੁਰੂ ਨਾਨਕ ਦੇਵ ਜੀ, ਸ਼ੇਖ ਫ਼ਰੀਦ, ਵਾਰਿਸ ਸ਼ਾਹ ਆਦਿ ਦੇ ਪੰਜਾਬੀ ਸੂਫ਼ੀ ਕਲਾਮ ਨੂੰ ਸ਼ਾਮਲ ਕਰਨ ਦੀ ਮੰਗ ਕੀਤੀ। ਰੋਜ਼ਾਨਾ ਲੁਕਾਈ ਦੇ ਸੰਪਾਦਕ ਜ਼ਮੀਲ ਪਾਲ ਨੇ ਕਿਹਾ ਪੰਜਾਬ ਸੂਬੇ ਵਿਚ ਪੰਜਾਬੀ ਭਾਸ਼ਾ ਨੂੰ ਪ੍ਰਫੁੱਲਿਤ ਕਰਨ ਦੀ ਬਜਾਏ ਸਰਕਾਰ ਵੱਲੋਂ ਇਸ ਨੂੰ ਲਗਾਤਾਰ ਨਜ਼ਰ ਅੰਦਾਜ਼ ਕੀਤਾ ਜਾ ਰਿਹਾ ਹੈ।



### ਸੁਖਬੀਰ ਨੂੰ ਵੀ ਆਈ ਮਾਂ ਬੋਲੀ ਦੀ ਯਾਦ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਵੀ ਮਾਂ ਬੋਲੀ ਨਾਲ ਹੋ ਰਹੇ ਧੱਕੇ ਖਿਲਾਫ ਆਵਾਜ਼ ਬੁਲੰਦ ਕਰਨ ਦੀ ਯਾਦ ਆ ਗਈ ਹੈ। ਵਧ ਰਹੇ ਰੋਹ ਨੂੰ ਵੇਖਦੇ ਹੋਏ ਸੁਖਬੀਰ ਨੇ ਕੇਂਦਰੀ ਆਵਾਜਾਈ ਮੰਤਰੀ ਨਿਤਿਨ ਗਡਕਰੀ ਨੂੰ ਖਤ ਲਿਖਦਿਆਂ ਬੇਨਤੀ ਕੀਤੀ ਕਿ ਉਹ ਪੰਜਾਬ ਵਿਚ ਕੌਮੀ ਸ਼ਾਹ-ਮਾਰਗਾਂ 'ਤੇ ਸਾਰੇ ਸਾਈਨ-ਬੋਰਡ ਪੰਜਾਬੀ ਵਿਚ ਲਿਖਵਾਏ ਜਾਣਾ ਯਕੀਨ ਬਣਾਉਣ। ਬਾਦਲ ਨੇ ਕਿਹਾ ਕਿ ਕਿੰਨੇ ਅਫਸੋਸ ਦੀ ਗੱਲ ਹੈ ਕਿ ਸੂਬੇ ਅੰਦਰ ਕੌਮੀ ਸ਼ਾਹ-ਮਾਰਗਾਂ ਦੇ ਸਾਈਨ-ਬੋਰਡਾਂ 'ਤੇ ਪੰਜਾਬੀ ਨੂੰ ਪਹਿਲ ਨਹੀਂ ਦਿੱਤੀ ਜਾ ਰਹੀ।



## ਹਰਿਮੰਦਰ ਸਾਹਿਬ ਵਿਚ ਮੁੰਬਈ ਵਾਸੀ ਬੀਬੀ ਵੱਲੋਂ ਸੋਨੇ ਦਾ ਹਾਰ ਭੇਟ

**ਅੰਮ੍ਰਿਤਸਰ:** ਸ਼ਰਧਾਲੂ ਬੀਬੀ ਸੁਰਜੀਤ ਕੌਰ ਅਰੋੜਾ ਨੇ ਚੌਥੇ ਪਾਤਸ਼ਾਹ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਤ ਬਾਰਾਂ ਸੌ ਬਾਰਾਂ ਗ੍ਰਾਮ ਸੋਨੇ ਦਾ ਹਾਰ ਸ੍ਰੀ ਹਰਿਮੰਦਰ ਸਾਹਿਬ ਵਿਖੇ ਭੇਟ ਕੀਤਾ ਹੈ।

ਇਸ ਮੌਕੇ ਅਕਾਲ ਤਖਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਅਤੇ ਹਰਿਮੰਦਰ ਸਾਹਿਬ ਦੇ ਹੈੱਡ ਗ੍ਰੰਥੀ ਗਿਆਨੀ ਜਗਤਾਰ ਸਿੰਘ ਵੱਲੋਂ ਇਸ ਬੀਬੀ ਨੂੰ ਸਿਰੋਪਾਉ ਦੇ ਕੇ ਸਨਮਾਨਤ ਕੀਤਾ ਗਿਆ। ਇਸ ਹਾਰ ਦੀ ਕੀਮਤ ਲਗਭਗ 41 ਲੱਖ ਰੁਪਏ ਹੈ। ਬੀਬੀ ਸੁਰਜੀਤ ਕੌਰ ਨੇ ਕਿਹਾ ਕਿ ਉਨ੍ਹਾਂ ਨੂੰ ਹੁਣ ਤੱਕ ਜੋ ਕੁਝ ਵੀ ਪ੍ਰਾਪਤ ਹੋਇਆ ਹੈ, ਉਹ ਗੁਰੂ ਸਾਹਿਬ ਦੀ ਮਿਹਰ ਸਦਕਾ ਹੀ ਹਾਸਲ ਹੋਇਆ ਹੈ।

## 'ਆਪ' ਦੇ ਅੰਕੜਿਆਂ ਨੇ ਵਧਾਈਆਂ ਕੈਪਟਨ ਦੇ ਮੰਤਰੀ ਦੀਆਂ ਮੁਸ਼ਕਲਾਂ

**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਨੇ ਰੇਤ ਖੱਡਾਂ ਦੀ ਬੋਲੀ ਵਿਚ ਹੋਏ ਘਪਲੇ ਖਿਲਾਫ ਸਿੰਜਾਈ ਤੇ ਉਰਜਾ ਮੰਤਰੀ ਰਾਣਾ ਗੁਰਜੀਤ ਸਿੰਘ ਖਿਲਾਫ ਮੋਰਚਾ ਖੋਲ ਦਿੱਤਾ ਹੈ। 'ਆਪ' ਦੇ ਵਿਧਾਇਕਾਂ ਨੇ ਵਿਰੋਧੀ ਧਿਰ ਦੇ ਆਗੂ ਸੁਖਪਾਲ ਸਿੰਘ ਖਹਿਰਾ ਦੀ ਅਗਵਾਈ ਹੇਠ ਪੰਜਾਬ ਦੇ ਮੁੱਖ ਸਕੱਤਰ ਕਰਨ ਅਵਤਾਰ ਸਿੰਘ ਨੂੰ ਮਿਲ ਕੇ ਦੋਸ਼ ਲਾਇਆ ਕਿ ਰੇਤ ਖੱਡਾਂ ਦੀ ਬੋਲੀ ਲਈ ਅਸਿੱਧੇ ਢੰਗ ਨਾਲ ਰਾਣਾ ਗੁਰਜੀਤ ਸਿੰਘ ਨੇ ਰਕਮ ਜਮ੍ਹਾਂ ਕਰਵਾਈ ਹੈ।

ਸ੍ਰੀ ਖਹਿਰਾ ਨੇ ਮੁੱਖ ਸਕੱਤਰ ਤੋਂ ਮੰਗ ਕੀਤੀ ਕਿ ਸ੍ਰੀ ਰਾਣਾ ਨੂੰ ਤੁਰਤ ਮੰਤਰੀ ਮੰਡਲ ਵਿਚੋਂ ਬਰਖਾਸਤ ਕਰ ਕੇ ਮਾਮਲਾ ਸੀ.ਬੀ.ਆਈ. ਹਵਾਲੇ ਕੀਤਾ ਜਾਵੇ। ਵਫਦ ਨੇ ਮੁੱਖ ਸਕੱਤਰ ਨੂੰ ਅਲਟੀਮੇਟਮ ਦਿੱਤਾ ਕਿ ਜੇ ਤੁਰਤ ਰਾਣਾ ਨੂੰ ਬਰਖਾਸਤ ਨਾ ਕੀਤਾ ਤਾਂ ਮਾਮਲਾ ਹਾਈ ਕੋਰਟ ਵਿਚ ਲਿਜਾਇਆ ਜਾਵੇਗਾ। ਸ੍ਰੀ ਖਹਿਰਾ ਨੇ ਦਾਅਵਾ ਕੀਤਾ ਕਿ ਕਾਰਪੋਰੇਟ ਮਾਮਲਿਆਂ ਬਾਰੇ ਮੰਤਰਾਲੇ ਦੇ ਦਸਤਾਵੇਜ਼ਾਂ ਅਨੁਸਾਰ ਜ਼ਿਲ੍ਹਾ ਨਵਾਂ ਸ਼ਹਿਰ ਵਿਚ ਪੈਂਦੀਆਂ ਰੇਤ ਦੀਆਂ ਦੋ ਖੱਡਾਂ ਸੈਦਪੁਰ ਖੁਰਦ ਅਤੇ ਮਹਿਦੀਪੁਰ ਅਸਿੱਧੇ ਢੰਗ ਨਾਲ ਸ੍ਰੀ ਰਾਣਾ ਨੇ ਹੀ ਖਰੀਦੀਆਂ ਹਨ। ਉਨ੍ਹਾਂ ਦਸਤਾਵੇਜ਼ ਮੁਹੱਈਆ ਕਰਦਿਆਂ ਜਾਣਕਾਰੀ ਦਿੱਤੀ ਕਿ ਆਰ. ਜੀ. ਐਸ. ਟਰੇਡਰਜ਼ ਪ੍ਰਾਈਵੇਟ ਲਿਮਟਿਡ ਕੰਪਨੀ 19 ਮਈ 1992 ਨੂੰ ਨੰਬਰ 12297 ਤਹਿਤ ਰਜਿਸਟਰਡ ਹੋਈ ਸੀ। ਇਸ ਕੰਪਨੀ ਦੇ ਮੁੱਢਲੇ ਡਾਇਰੈਕਟਰ ਰਾਣਾ ਗੁਰਜੀਤ ਸਿੰਘ ਅਤੇ ਰਾਣਾ ਹਰਦੀਪ ਸਿੰਘ ਸਨ।



ਸ੍ਰੀ ਖਹਿਰਾ ਨੇ ਦਾਅਵਾ ਕੀਤਾ ਕਿ ਰਾਣਾ ਗੁਰਜੀਤ ਸਿੰਘ ਦੇ ਭਰਾ ਰਾਣਾ ਰਣਜੀਤ ਸਿੰਘ ਨੂੰ ਇਸ ਕੰਪਨੀ ਵਿਚ 15 ਅਕਤੂਬਰ 2003 ਅਤੇ ਪੁੱਤਰ ਰਾਣਾ ਇੰਦਰਪ੍ਰਤਾਪ ਸਿੰਘ ਨੂੰ 29 ਅਪਰੈਲ 2004 ਨੂੰ ਡਾਇਰੈਕਟਰ ਨਿਯੁਕਤ ਕੀਤਾ ਸੀ। ਦਸਤਾਵੇਜ਼ਾਂ ਅਨੁਸਾਰ ਆਰ. ਜੀ. ਐਸ. ਟਰੇਡਰਜ਼ ਕੰਪਨੀ ਦਾ ਸੈਕਟਰ-8 ਚੰਡੀਗੜ੍ਹ ਸਥਿਤ ਦਰਸਾਇਆ ਪਤਾ ਅਤੇ ਈਮੇਲ ਆਈਡੀ ਵੀ ਮੰਤਰੀ ਸ੍ਰੀ ਰਾਣਾ ਦੀ ਰਾਣਾ ਸ਼ੂਗਰ ਲਿਮਟਿਡ ਕੰਪਨੀ ਵਾਲਾ ਹੀ ਹੈ। ਇਸ ਕੰਪਨੀ ਦਾ 36 ਲੱਖ ਰੁਪਿਆ ਖੱਡਾਂ ਦੀ ਬੋਲੀ ਵਿਚ ਲੱਗਿਆ ਹੈ।

ਸ੍ਰੀ ਰਾਣਾ ਵੱਲੋਂ ਸਾਲ 2017 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਚੋਣ ਕਮਿਸ਼ਨ ਨੂੰ ਦਿੱਤੇ ਹਲਫਨਾਮੇ ਵਿਚ ਅੰਕਿਤ ਹੈ ਕਿ ਮੰਤਰੀ ਸ੍ਰੀ ਰਾਣਾ ਅਤੇ ਉਨ੍ਹਾਂ ਦੀ ਪਤਨੀ ਨੇ ਆਰ. ਜੀ. ਐਸ. ਟਰੇਡਰਜ਼ ਕੰਪਨੀ ਕੋਲੋਂ 4.7 ਕਰੋੜ ਰੁਪਏ ਕਰਜ਼ਾ ਲਿਆ ਹੈ। ਇਸ ਤੋਂ ਇਲਾਵਾ ਹਲਫਨਾਮੇ ਵਿਚ ਮਾਈਨਿੰਗ ਮਾਮਲੇ ਦੀ ਜਾਂਚ ਕਰਨ ਵਾਲੇ ਨਾਰੰਗ ਕਮਿਸ਼ਨ ਵੱਲੋਂ ਖੱਡਾਂ ਖਰੀਦਣ ਵਾਲੀਆਂ ਕੰਪਨੀਆਂ ਦੀ ਸੂਚੀ ਵਿਚ ਦਰਜ ਦੋ ਕੰਪਨੀਆਂ ਆਰ.ਜੇ. ਟੈਕਸਫੈਬ ਲਿਮਟਿਡ ਅਤੇ ਜੇ.ਆਰ. ਬਿਲਡਰਜ਼ ਪ੍ਰਾਈਵੇਟ ਲਿਮਟਿਡ ਕੋਲੋਂ ਵੀ ਸ੍ਰੀ ਰਾਣਾ ਨੇ ਕ੍ਰਮਵਾਰ 5.46 ਕਰੋੜ ਅਤੇ 4.64 ਕਰੋੜ ਰੁਪਏ ਕਰਜ਼ਾ ਲੈਣ ਦੇ ਤੱਥ ਅੰਕਿਤ ਹਨ।

### ਨਾਰੰਗ ਕਮਿਸ਼ਨ ਮੈਨੂੰ ਕਲੀਨ ਚਿੱਟ ਦੇ ਚੁੱਕਿਐ: ਰਾਣਾ

**ਚੰਡੀਗੜ੍ਹ:** ਕੈਬਨਿਟ ਮੰਤਰੀ ਰਾਣਾ ਗੁਰਜੀਤ ਸਿੰਘ ਨੇ ਆਮ ਆਦਮੀ ਪਾਰਟੀ ਦੇ ਲੀਡਰ ਸੁਖਪਾਲ ਸਿੰਘ ਖਹਿਰਾ 'ਤੇ ਪਲਟਵਾਰ ਕਿਹਾ ਕਿ "ਨਾਰੰਗ ਕਮਿਸ਼ਨ ਉਸ ਨੂੰ ਕਲੀਨ ਚਿੱਟ ਦੇ ਚੁੱਕਿਆ ਹੈ। ਸੁਖਪਾਲ ਖਹਿਰਾ ਕੋਈ ਚਾਰਟਡ ਅਕਾਊਂਟੈਂਟ ਨਹੀਂ ਕਿ ਉਸ ਦੀ ਹਰ ਗੱਲ ਦਾ ਜਵਾਬ ਦੇਵੇ।



# ਕਰਜ਼ਾ ਮੁਆਫੀ ਦੇ ਐਲਾਨ ਨੇ ਕਸੂਤੇ ਫਸਾਏ ਕਿਸਾਨ

**ਬਠਿੰਡਾ:** ਪੰਜਾਬ ਦੇ ਕਰੀਬ ਵੀਹ ਲੱਖ ਕਿਸਾਨਾਂ ਨੂੰ ਕਰਜ਼ਾ ਮੁਆਫੀ ਨੇ ਕਸੂਤਾ ਫਸਾ ਦਿੱਤਾ ਹੈ ਤੇ ਉਨ੍ਹਾਂ ਨੂੰ ਹਾੜ੍ਹੀ ਲਈ ਖਾਦ ਲੈਣੀ ਵੀ ਔਖੀ ਹੋ ਗਈ ਹੈ। ਕਰਜ਼ਾ ਮੁਆਫ਼ੀ ਦੀ ਝਾਕ 'ਚ ਸਹਿਕਾਰੀ ਸਭਾਵਾਂ ਦਾ ਫਸਲੀ ਕਰਜ਼ਾ ਕਿਸਾਨਾਂ ਨੇ ਮੋੜਿਆ ਨਹੀਂ ਹੈ, ਜਿਸ ਕਰ ਕੇ ਇਨ੍ਹਾਂ ਸਭਾਵਾਂ ਨੇ ਕਿਸਾਨਾਂ ਨੂੰ ਖਾਦ ਦੇਣੋਂ ਨਾਂਹ ਕਰ ਦਿੱਤੀ ਹੈ। ਪੰਜਾਬ ਸਰਕਾਰ ਨੇ ਸਹਿਕਾਰੀ ਸਭਾਵਾਂ ਨੂੰ ਖਾਦ ਨਗਦ ਵੇਚਣ ਦੀ ਪ੍ਰਵਾਨਗੀ ਦੇ ਦਿੱਤੀ ਹੈ ਪਰ ਮਾਲਵੇ 'ਚ ਵੱਡੀ ਗਿਣਤੀ ਕਿਸਾਨ ਅਜਿਹਾ ਕਰਨ ਤੋਂ ਅਸਮਰੱਥ ਹਨ। ਪੰਜਾਬ ਵਿਚ ਕਰੀਬ 3500 ਪੇਂਡੂ ਸਹਿਕਾਰੀ ਸਭਾਵਾਂ ਹਨ, ਜਿਨ੍ਹਾਂ ਦੇ ਤਕਰੀਬਨ 20 ਲੱਖ ਮੈਂਬਰ ਹਨ। ਇਨ੍ਹਾਂ ਸਭਾਵਾਂ ਵਿਚ ਇਫਕੋ ਅਤੇ ਮਾਰਕਫੈੱਡ ਨੇ ਖਾਦ ਭੇਜ ਦਿੱਤੀ ਹੈ।

ਪਹਿਲੀ ਅਕਤੂਬਰ ਤੋਂ ਪੇਂਡੂ ਸਹਿਕਾਰੀ ਸਭਾਵਾਂ ਦੇ ਮੈਂਬਰ ਕਿਸਾਨਾਂ ਨੇ ਪਿਛਲਾ ਫਸਲੀ ਕਰਜ਼ਾ ਮੋੜਨਾ ਸੀ ਤੇ ਉਸ ਮਗਰੋਂ ਕਿਸਾਨਾਂ ਨੂੰ ਖਾਦ ਮਿਲਣੀ ਸੀ। ਫਸਲੀ ਕਰਜ਼ੇ ਤਹਿਤ ਕਿਸਾਨਾਂ ਨੂੰ ਪ੍ਰਤੀ ਏਕੜ 22,100 ਰੁਪਏ ਦਿੱਤੇ ਜਾਂਦੇ ਹਨ, ਜਿਸ ਵਿਚ 7 ਹਜ਼ਾਰ ਰੁਪਏ ਖਾਦ ਲਈ ਹੁੰਦੇ ਹਨ। ਸਹਿਕਾਰੀ ਸਭਾਵਾਂ ਕੋਲ ਖਾਦ ਦੇ ਢੇਰ ਲੱਗ ਗਏ ਹਨ ਪਰ ਕੋਈ ਕਿਸਾਨ ਫਸਲੀ ਕਰਜ਼ਾ ਨਹੀਂ ਮੋੜ ਰਿਹਾ। ਬਠਿੰਡਾ ਦੇ ਪਿੰਡ ਜਲਾਲ ਦੀ ਸਹਿਕਾਰੀ ਸਭਾ ਦੇ ਖਜ਼ਾਨਚੀ ਅਵਤਾਰ ਸਿੰਘ ਨੇ ਦੱਸਿਆ ਕਿ ਸਭਾ ਕੋਲ ਖਾਦ ਦਾ ਸਟਾਕ ਮੌਜੂਦ ਹੈ ਪਰ ਕਿਸਾਨ ਕਰਜ਼ਾ ਮੁਆਫੀ ਦੀ ਝਾਕ ਵਿਚ ਪੁਰਾਣਾ ਕਰਜ਼ਾ ਨਹੀਂ ਮੋੜ ਰਹੇ, ਜਿਸ ਕਰ ਕੇ ਖਾਦ ਦੀ ਵਿਕਰੀ ਸ਼ੁਰੂ ਹੀ ਨਹੀਂ ਹੋ ਸਕੀ।

ਸਹਿਕਾਰਤਾ ਵਿਭਾਗ ਨੇ ਸਹਿਕਾਰੀ ਸਭਾਵਾਂ ਨੂੰ ਖਾਦ ਨਗਦ ਵੇਚਣ ਦੀ ਪ੍ਰਵਾਨਗੀ ਦਿੱਤੀ ਹੈ। ਉਪ ਰਜਿਸਟਰਾਰ ਨੇ ਚਿੱਠੀ ਵਿਚ ਲਿਖਿਆ ਹੈ ਕਿ ਹਾੜ੍ਹੀ 2017-18 ਲਈ ਮਾਰਕਫੈੱਡ ਅਤੇ ਇਫਕੋ ਵੱਲੋਂ ਸਹਿਕਾਰੀ ਸਭਾਵਾਂ ਨੂੰ 65 ਤੋਂ 70 ਫੀਸਦੀ ਡੀ.ਏ.ਪੀ. ਖਾਦ ਤੇ 40 ਤੋਂ 45 ਫੀਸਦੀ ਯੂਰੀਆ ਸਪਲਾਈ ਕਰ ਦਿੱਤਾ ਗਿਆ ਹੈ।

ਕਰਜ਼ਾ ਨਾ ਮੋੜਨ ਕਾਰਨ ਕਿਸਾਨ ਖਾਦ ਨਹੀਂ ਚੁੱਕ ਸਕਦੇ, ਜਿਸ ਕਰ ਕੇ ਸਭਾਵਾਂ 'ਤੇ ਵਿੱਤੀ ਬੋਝ ਪਵੇਗਾ ਤੇ ਸਭਾਵਾਂ ਡਿਫਾਲਟਰ ਵੀ ਹੋ ਸਕਦੀਆਂ ਹਨ। ਪੰਜਾਬ ਦੀ ਆਲੂ ਪੱਟੀ 'ਚ ਖਾਦਾਂ ਦੀ ਹੁਣ ਕਾਫੀ ਲੋੜ ਹੈ ਅਤੇ 25 ਅਕਤੂਬਰ ਤੋਂ ਕਣਕ ਦੀ ਬਿਜਾਈ ਸ਼ੁਰੂ ਹੋ ਜਾਵੇਗੀ ਹੈ। ਸਹਿਕਾਰੀ ਸਭਾਵਾਂ ਵਿਚ ਕਰੀਬ 14 ਹਜ਼ਾਰ ਮੁਲਾਜ਼ਮ ਕੰਮ ਕਰਦੇ ਹਨ, ਜਿਨ੍ਹਾਂ 'ਚੋਂ ਬਹੁਤਿਆਂ ਨੂੰ ਛੇ ਮਹੀਨੇ ਤੋਂ ਤਨਖਾਹ ਨਹੀਂ ਮਿਲੀ ਹੈ।

### ਸਤੰਬਰ 'ਚ 50 ਕਿਸਾਨਾਂ ਨੇ ਲਾਈ ਮੌਤ ਗਲੇ

**ਸੁਨਾਮ:** ਭਾਰਤੀ ਕਿਸਾਨ ਯੂਨੀਅਨ ਏਕਤਾ (ਉਗਰਾਹਾਂ) ਵੱਲੋਂ ਜਾਰੀ ਸੂਚੀ ਅਨੁਸਾਰ ਸਤੰਬਰ ਵਿਚ ਕਿਸਾਨ ਖੁਦਕੁਸ਼ੀਆਂ ਅਗਸਤ ਮਹੀਨੇ ਨਾਲੋਂ ਵੱਧ ਹੋਈਆਂ ਹਨ। ਜਥੇਬੰਦੀ ਦੇ ਆਗੂਆਂ ਸੁਖਪਾਲ ਸਿੰਘ ਮਾਣਕ ਨੇ ਰਿਪੋਰਟ ਪੇਸ਼ ਕਰਦਿਆਂ ਦਾਅਵਾ ਕੀਤਾ ਕਿ ਸਰਕਾਰ ਦੀ ਲਾਪਰਵਾਹੀ ਦਾ ਨਤੀਜਾ ਹੈ ਕਿ ਪਿਛਲੇ ਮਹੀਨੇ 50 ਤੋਂ ਵੱਧ ਕਿਸਾਨ ਖੁਦਕੁਸ਼ੀ ਕਰ ਚੁੱਕੇ ਹਨ। ਤਾਜ਼ਾ ਘਟਨਾ 'ਚ ਸੰਗਰੂਰ ਜ਼ਿਲ੍ਹੇ ਦੇ ਪਿੰਡ ਘੋੜੇਨੱਬ ਦੇ ਇਕ ਕਿਸਾਨ ਨੇ ਆਪਣੀ ਭੈਣ ਦੀ ਡੋਲੀ ਚੜ੍ਹਨ ਤੋਂ ਮਹਿਜ਼ ਇਕ ਦਿਨ ਪਹਿਲਾਂ ਇਸ ਕਰ ਕੇ ਖੁਦਕੁਸ਼ੀ ਕਰ ਲਈ ਸੀ, ਕਿਉਂਕਿ ਉਹ ਵਿਆਹ ਲਈ ਪੈਸੇ ਦਾ ਪ੍ਰਬੰਧ ਨਹੀਂ ਕਰ ਸਕਿਆ ਸੀ।

## ਏਸ਼ੀਆ ਕੱਪ: ਭਾਰਤ ਨੇ ਰਵਾਇਤੀ ਵਿਰੋਧੀ ਪਾਕਿਸਤਾਨ ਨੂੰ ਹਰਾਇਆ

**ਢਾਕਾ:** ਦੋ ਆਸਾਨ ਜਿੱਤਾਂ ਤੋਂ ਬਾਅਦ ਆਤਮਵਿਸ਼ਵਾਸ ਨਾਲ ਭਰੀ ਭਾਰਤੀ ਟੀਮ ਨੇ ਏਸ਼ੀਆ ਕੱਪ ਹਾਕੀ ਵਿਚ ਪਾਕਿਸਤਾਨ ਦੀ ਟੀਮ ਨੂੰ 3-1 ਦੇ ਫਰਕ ਨਾਲ ਹਰਾ ਦਿੱਤਾ। ਭਾਰਤ ਵਲੋਂ ਚਿੰਗਲੇਨ ਕਾਂਗਜੇਮ ਨੇ ਪਹਿਲਾ ਗੋਲ ਦਾਗਿਆ ਜਦਕਿ ਦੂਜਾ ਗੋਲ ਰਮਨਦੀਪ ਸਿੰਘ ਨੇ ਕੀਤਾ। ਮਜ਼ਬੂਤ ਦਾਅਵੇਦਾਰ ਮੰਨੀ ਜਾ ਰਹੀ ਭਾਰਤੀ ਟੀਮ ਨੇ ਪੂਲ-ਏ ਵਿਚ ਬੰਗਲਾਦੇਸ਼ ਤੇ ਜਾਪਾਨ 'ਤੇ ਵੀ ਧਮਾਕੇਦਾਰ ਜਿੱਤਾਂ ਦਰਜ ਕੀਤੀਆਂ ਸਨ। ਸ਼ੁਰੂਆਤੀ ਮੈਚ ਵਿਚ ਜਾਪਾਨ ਨੂੰ 5-1 ਨਾਲ ਹਰਾਉਣ ਤੋਂ ਬਾਅਦ ਮਨਪ੍ਰੀਤ ਸਿੰਘ ਦੀ ਅਗਵਾਈ ਵਾਲੀ ਟੀਮ ਨੇ ਬੰਗਲਾਦੇਸ਼ ਨੂੰ 7-0 ਨਾਲ ਮਾਤ ਦਿੱਤੀ।

ਦੂਜੇ ਪਾਸੇ ਪਾਕਿਸਤਾਨ ਨੇ ਬੰਗਲਾਦੇਸ਼ ਨੂੰ 7-0 ਨਾਲ ਹਰਾਇਆ ਜਦਕਿ ਜਾਪਾਨ ਨੇ ਉਸ ਨੂੰ 2-2 ਨਾਲ ਡ੍ਰਾ 'ਤੇ ਰੋਕਿਆ। ਭਾਰਤ ਨੇ ਪਾਕਿਸਤਾਨ ਨੂੰ ਲੰਡਨ 'ਚ ਜੂਨ ਮਹੀਨੇ ਹਾਕੀ ਵਿਸ਼ਵ ਲੀਗ ਸੈਮੀਫਾਈਨਲ ਵਿਚ 5ਵੇਂ ਤੋਂ 8ਵੇਂ ਸਥਾਨ ਦੇ ਮੁਕਾਬਲੇ 'ਚ 6-1 ਨਾਲ ਹਰਾਇਆ ਸੀ ਜਿਸ ਕਾਰਨ ਪਾਕਿਸਤਾਨ ਦੀ ਅਗਲੇ ਸਾਲ ਭੁਵਨੇਸ਼ਵਰ 'ਚ ਹੋਣ ਵਾਲੇ ਹਾਕੀ ਵਿਸ਼ਵ ਕੱਪ 'ਚ ਥਾਂ ਬਣਾਉਣ ਦੀ ਉਮੀਦ ਨੂੰ ਝਟਕਾ ਲੱਗਾ।

## ਅਮਰੀਕਾ ਵਿਚ ਸਿੱਖਾਂ ਬਾਰੇ ਮੁਹਿੰਮ ਨੂੰ ਹੁੰਗਾਰਾ

**ਇੰਡੀਆਨਾਪੋਲਿਸ:** ਨੈਸ਼ਨਲ ਸਿੱਖ ਕੰਪੇਨ ਦੀ ਅਗਵਾਈ ਵਿਚ ਸਿੱਖ ਮੀਡੀਆ ਦੇਸ਼ ਭਰ ਵਿਚ 9 ਕਰੋੜ 20 ਲੱਖ ਤੋਂ ਵੱਧ ਲੋਕਾਂ ਨੂੰ ਪ੍ਰਭਾਵਿਤ ਕਰ ਚੁੱਕਾ ਹੈ।

ਨੈਸ਼ਨਲ ਸਿੱਖ ਕੰਪੇਨ 'ਅਸੀਂ ਸਿੱਖ ਹਾਂ' ਮੁਹਿੰਮ ਨੇ ਅਪਰੈਲ 'ਚ ਅਮਰੀਕਾ ਭਰ ਵਿਚ ਸਥਾਨਕ ਭਾਈਚਾਰਿਆਂ ਅਤੇ ਕੌਮਾਂਤਰੀ ਪੱਧਰ 'ਤੇ ਸਿੱਖ ਧਰਮ ਤੇ ਅਮਰੀਕਨ ਸਿੱਖਾਂ ਬਾਰੇ ਜਾਗਰੂਕਤਾ ਵਧਾਉਣ ਲਈ ਪਹਿਲਕਦਮੀ ਕੀਤੀ ਸੀ।

# ਭੁੱਖਮਰੀ ਬਾਰੇ ਭਾਰਤ ਲਈ ਨਮੋਸ਼ੀ ਵਾਲੀ ਖਬਰ

## ਉਤਰੀ ਕੋਰੀਆ ਤੇ ਬੰਗਲਾਦੇਸ਼ ਤੋਂ ਵੀ ਪਛੜਿਆ



**ਨਵੀਂ ਦਿੱਲੀ:** ਭਾਰਤ ਵਿਚ ਭੁੱਖਮਰੀ ਗੰਭੀਰ ਸਮੱਸਿਆ ਹੈ ਅਤੇ ਭੁੱਖ ਸਬੰਧੀ ਵਿਸ਼ਵ ਸੂਚੀ ਵਿਚ ਇਸ ਦਾ 119 ਵਿਚੋਂ 100ਵਾਂ ਸਥਾਨ ਹੈ। ਇਸ ਸੂਚੀ ਵਿਚ ਭਾਰਤ ਉਤਰੀ ਕੋਰੀਆ, ਇਰਾਕ ਅਤੇ ਬੰਗਲਾਦੇਸ਼ ਤੋਂ ਵੀ ਪਛੜ ਗਿਆ ਹੈ ਪਰ ਪਾਕਿਸਤਾਨ ਤੇ ਅਫਗਾਨਿਸਤਾਨ ਤੋਂ ਥੋੜ੍ਹਾ ਅੱਗੇ ਹੈ।

ਅੰਤਰਰਾਸ਼ਟਰੀ ਖੁਰਾਕ ਨੀਤੀ ਖੋਜ ਸੰਸਥਾ (ਇਫਪਰੀ) ਨੇ ਆਪਣੀ ਰਿਪੋਰਟ ਵਿਚ ਕਿਹਾ ਕਿ ਵਧੇਰੇ ਬੱਚੇ ਕੁਪੋਸ਼ਣ ਦਾ ਸ਼ਿਕਾਰ ਹੋਣ ਕਾਰਨ ਸੰਕਟ ਗੰਭੀਰ ਪੱਧਰ ਤੱਕ ਪੁੱਜ ਗਿਆ ਹੈ। ਪਿਛਲੇ ਸਾਲ ਦੀ ਸੂਚੀ ਵਿਚ ਭਾਰਤ ਦਾ 97ਵਾਂ ਸਥਾਨ ਸੀ। ਰਿਪੋਰਟ ਮੁਤਾਬਕ 119 ਦੇਸ਼ਾਂ ਦੀ ਸੂਚੀ ਵਿਚੋਂ 100ਵੇਂ ਸਥਾਨ ਨਾਲ ਭਾਰਤ ਦਾ ਸਾਰੇ ਏਸ਼ੀਆ ਵਿਚ ਹੇਠਾਂ ਤੋਂ ਉਪਰ ਵੱਲ ਤੀਸਰਾ ਸਥਾਨ ਹੈ ਅਤੇ ਸਿਰਫ ਅਫਗਾਨਿਸਤਾਨ ਅਤੇ ਪਾਕਿਸਤਾਨ ਹੀ ਇਸ ਤੋਂ ਪਿੱਛੇ ਹਨ। ਭੁੱਖ ਸਬੰਧੀ ਵਿਸ਼ਵ ਸੂਚੀ 2017 ਵਿਚ ਭਾਰਤ ਦਾ ਸਥਾਨ ਗੰਭੀਰ ਸ਼੍ਰੇਣੀ ਦੇ ਅਖੀਰ ਵਿਚ ਆਉਂਦਾ ਹੈ। ਦੱਖਣੀ ਅਫਰੀਕਾ ਦੇ ਸਹਾਰਾ ਖੇਤਰ ਦੀ ਇਸ ਤੋਂ ਵੀ ਮਾੜੀ ਹਾਲਤ ਹੈ। ਰਿਪੋਰਟ ਮੁਤਾਬਕ ਭਾਰਤ ਦੀ ਥਾਂ ਆਪਣੇ ਗੁਆਂਢੀ ਦੇਸ਼ਾਂ ਚੀਨ (29ਵਾਂ ਸਥਾਨ), ਨਿਪਾਲ (72), ਮਿਆਂਮਾਰ (77), ਸ੍ਰੀਲੰਕਾ (84) ਅਤੇ ਬੰਗਲਾਦੇਸ਼ (88) ਤੋਂ ਵੀ ਪਿੱਛੇ ਹੈ ਪਰ ਇਹ ਪਾਕਿਸਤਾਨ (106) ਅਤੇ ਅਫਗਾਨਿਸਤਾਨ (107) ਨਾਲੋਂ ਅੱਗੇ ਹੈ।

## ਸਮ੍ਰਿਤੀ ਅਤੇ ਰਾਹੁਲ ਵਿਚਕਾਰ ਸ਼ਬਦੀ ਜੰਗ

**ਨਵੀਂ ਦਿੱਲੀ:** ਗਲੋਬਲ ਹੰਗਰ ਇੰਡੈਕਸ (ਭੁੱਖਮਰੀ ਬਾਰੇ ਆਲਮੀ ਸੂਚੀ) ਦਾ ਹਵਾਲਾ ਦਿੰਦਿਆਂ ਕਾਂਗਰਸ ਦੇ ਮੀਤ ਪ੍ਰਧਾਨ ਰਾਹੁਲ ਗਾਂਧੀ ਨੇ ਸਰਕਾਰ ਉਤੇ ਲੁਕਵਾਂ ਹਮਲਾ ਕੀਤਾ। ਇਸ 'ਤੇ ਕੇਂਦਰੀ ਮੰਤਰੀ ਸਮ੍ਰਿਤੀ ਇਰਾਨੀ ਨੇ ਕਿਹਾ ਕਿ ਕਾਂਗਰਸ ਆਗੂ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੂੰ ਥੱਲੇ ਲਾਉਣ ਦੀ ਕੋਸ਼ਿਸ਼ ਵਿਚ ਦੇਸ਼ ਨੂੰ ਬਦਨਾਮ ਕਰ ਰਹੇ ਹਨ।

ਰਾਹੁਲ ਗਾਂਧੀ ਨੇ ਭੁੱਖਮਰੀ ਸੂਚੀ ਬਾਰੇ ਅਖਬਾਰੀ ਰਿਪੋਰਟ ਟਵੀਟ ਕੀਤੀ, ਜਿਸ ਨਾਲ ਉਨ੍ਹਾਂ ਕਵੀ ਦੁਸ਼ਯੰਤ ਕੁਮਾਰ ਦੀ ਹਿੰਦੀ ਤੁੱਕ ਵੀ ਦਿੱਤੀ ਕਿ "ਭੂਖ ਹੈ ਤੋ ਸਬਰ ਕਰ, ਰੋਟੀ ਨਹੀਂ ਤੋ ਕਯਾ ਹੁਆ, ਆਜ ਕੱਲ੍ਹ ਦਿੱਲੀ ਮੇਂ ਹੈ ਜ਼ੇਰ-ਏ-ਬਹਿਸ ਯੇ ਮੁੱਦਾ।" ਸੂਚਨਾ ਤੇ ਪ੍ਰਸਾਰਨ ਮੰਤਰੀ ਸਮ੍ਰਿਤੀ ਇਰਾਨੀ ਨੇ ਇਸੇ ਤਰੀਕੇ ਨਾਲ ਰਾਹੁਲ ਦੀ ਟਵੀਟ ਦਾ ਜਵਾਬ ਦਿੰਦਿਆਂ ਕਿਹਾ, "ਐ ਸੱਤਾ ਕੀ ਭੁਖ, ਸਬਰ ਕਰ, ਅੰਕੜੇ ਸਾਥ ਨਹੀਂ ਤੋ ਕਯਾ, ਖੁਦਗਰਜ਼ੋਂ ਕੋ ਜਮਾ ਕਰ, ਮੁਲਕ ਕੀ ਬਦਨਾਮੀ ਕਾ ਸ਼ੋਰ ਤੋ ਮਚਾ ਹੀ ਲੇਂਗੇ।"

# ਧੀ ਤੇ ਨੌਕਰ ਦੇ ਕਤਲ ਕੇਸ ਵਿਚੋਂ ਤਲਵਾਰ ਜੋੜੀ ਬਰੀ



**ਅਲਾਹਾਬਾਦ:** ਅਲਾਹਾਬਾਦ ਹਾਈ ਕੋਰਟ ਨੇ ਰਾਜੇਸ਼ ਤੇ ਨੂਪਰ ਤਲਵਾਰ ਨੂੰ ਆਪਣੀ ਧੀ ਆਰੁਸ਼ੀ (14) ਤੇ ਨੌਕਰ ਹੇਮਰਾਜ ਦੇ ਕਤਲ ਕੇਸ ਵਿਚੋਂ ਬਰੀ ਕਰ ਦਿੱਤਾ। ਅਦਾਲਤ ਨੇ ਕਿਹਾ ਕਿ ਉਨ੍ਹਾਂ ਨੂੰ ਦੋਸ਼ੀ ਸਾਬਤ ਕਰਨ ਲਈ ਨਾ ਤਾਂ ਹਾਲਾਤ ਅਤੇ ਨਾ ਸਬੂਤ ਕਾਫੀ ਹਨ।

ਇਸ ਫੈਸਲੇ ਨਾਲ ਹਾਲ ਦੀ ਘੜੀ ਮਾਪਿਆਂ ਦੀ ਨੌਂ ਸਾਲ ਲੰਮੀ ਔਖੀ ਘੜੀ ਦਾ ਅੰਤ ਹੋ ਗਿਆ। ਗਾਜ਼ੀਆਬਾਦ ਦੀ ਸੀ.ਬੀ.ਆਈ. ਅਦਾਲਤ ਵੱਲੋਂ 28 ਨਵੰਬਰ 2013 ਨੂੰ ਦਿੱਤੀ ਉਮਰ ਕੈਦ ਨੂੰ ਤਲਵਾਰ ਜੋੜੀ ਨੇ ਹਾਈ ਕੋਰਟ ਵਿਚ ਚੁਣੌਤੀ ਦਿੱਤੀ। ਸੀ.ਬੀ.ਆਈ. ਨੇ ਹਾਈ ਕੋਰਟ ਦੇ ਫੈਸਲੇ ਬਾਰੇ ਅਪੀਲ ਕਰਨ ਬਾਰੇ ਫੌਰੀ ਕੁਝ ਨਹੀਂ ਕਿਹਾ। ਏਜੰਸੀ ਦਾ ਕਹਿਣਾ ਹੈ ਕਿ ਹੁਕਮ ਦੀ ਘੋਖ ਮਗਰੋਂ ਉਹ ਅਗਲੇ ਕਦਮ ਬਾਰੇ ਫੈਸਲਾ ਕਰੇਗੀ।


ਫੈਸਲੇ ਤੋਂ ਬਾਅਦ ਨੂਪਰ ਤਲਵਾਰ ਦੇ ਪਿਤਾ ਬੀ.ਜੀ. ਚਿਟਨਿਸ ਨੇ ਕਿਹਾ ਕਿ ਨੌਂ ਸਾਲ ਚੱਲੇ ਕੇਸ ਨੇ ਤਲਵਾਰ ਜੋੜੀ ਨੂੰ ਭਾਵੁਕ ਤੌਰ ਉਤੇ ਤੋੜ ਕੇ ਰੱਖ ਦਿੱਤਾ। ਉਨ੍ਹਾਂ ਨੂੰ ਬਰੀ ਕਰਨ ਉਤੇ ਨਿਆਂਪਾਲਿਕਾ ਦਾ ਧੰਨਵਾਦ ਕਰਦਿਆਂ ਹਵਾਈ ਫੌਜ ਦੇ ਸਾਬਕਾ ਗਰੁੱਪ ਕੈਪਟਨ ਸ੍ਰੀ ਚਿਟਨਿਸ ਨੇ ਕਿਹਾ ਕਿ ਧੀ ਨੂਪਰ ਤੇ ਜਵਾਈ ਰਾਜੇਸ਼ ਨੂੰ ਸਲਾਖਾਂ ਪਿੱਛੇ ਦੇਖਣਾ ਬਹੁਤ ਮੁਸ਼ਕਲ ਸੀ। ਆਰੁਸ਼ੀ ਦੀ ਕਰੀਬੀ ਰਿਸ਼ਤੇਦਾਰ ਵੰਦਨਾ ਤਲਵਾਰ ਨੇ ਕਿਹਾ ਕਿ ਪੂਰੇ ਪਰਿਵਾਰ ਨੂੰ ਤਕਰੀਬਨ ਇਕ ਦਹਾਕੇ ਤੱਕ ਮੁਸ਼ਕਲਾਂ ਝੱਲਣੀਆਂ ਪਈਆਂ। ਉਨ੍ਹਾਂ ਫੈਸਲੇ ਉਤੇ ਕੋਈ ਟਿੱਪਣੀ ਕਰਨ ਤੋਂ ਇਨਕਾਰ ਕੀਤਾ ਅਤੇ ਕਿਹਾ ਕਿ ਆਰੁਸ਼ੀ ਤੇ ਨੌਕਰ ਹੇਮਰਾਜ ਨੂੰ ਕਿਸ ਨੇ ਮਾਰਿਆ? ਇਸ ਸਵਾਲ ਦਾ ਜਵਾਬ ਤਲਵਾਰ ਜੋੜੀ ਦੇ ਵਕੀਲ ਦੇਣਗੇ।

ਖਚਾਖਚ ਭਰੀ ਅਦਾਲਤ ਵਿਚ ਫੈਸਲੇ ਦਾ ਐਲਾਨ ਕਰਦਿਆਂ ਬੈਂਚ ਨੇ ਕਿਹਾ ਕਿ ਹਾਲਾਤ ਤੇ ਰਿਕਾਰਡ ਵਿਚ ਆਏ ਸਬੂਤਾਂ ਮੁਤਾਬਕ ਡਾਕਟਰ ਜੋੜੇ ਦੀ ਆਰੁਸ਼ੀ ਤੇ ਹੇਮਰਾਜ ਦੇ ਕਤਲਾਂ ਵਿਚ ਸ਼ਮੂਲੀਅਤ ਦੀਆਂ ਕੜੀਆਂ ਨਹੀਂ ਜੁੜ ਰਹੀਆਂ। ਅਦਾਲਤ ਨੇ ਸੀ.ਬੀ.ਆਈ. ਅਦਾਲਤ ਦੇ ਤਲਵਾਰ ਜੋੜੀ ਨੂੰ ਦੋਸ਼ੀ ਠਹਿਰਾਉਣ ਦੇ ਫੈਸਲੇ ਨੂੰ ਰੱਦ ਕਰਦਿਆਂ ਕਿਹਾ ਕਿ ਇਹ ਬਿਨੈਕਾਰਾਂ ਨੂੰ ਸ਼ੱਕ ਦਾ ਲਾਭ ਦੇਣ ਲਈ ਢੁਕਵਾਂ ਮਾਮਲਾ ਹੈ।

ਜ਼ਿਕਰਯੋਗ ਹੈ ਕਿ ਮਈ 2008 ਵਿਚ ਤਲਵਾਰ ਜੋੜੀ ਦੇ ਨੋਇਡਾ ਸਥਿਤ ਘਰ ਵਿਚੋਂ ਆਰੁਸ਼ੀ ਦੀ ਲਾਸ਼ ਮਿਲੀ ਸੀ। ਉਸ ਦਾ ਗਲਾ ਵੱਢਿਆ ਗਿਆ ਸੀ। ਸ਼ੁਰੂ ਵਿਚ ਸ਼ੱਕ ਦੀ ਸੂਈ ਨੌਕਰ ਹੇਮਰਾਜ (45) ਵੱਲ ਘੁੰਮੀ, ਜਿਹੜਾ ਲਾਪਤਾ ਸੀ ਪਰ ਦੋ ਦਿਨ ਬਾਅਦ ਘਰ ਦੀ ਛੱਤ ਤੋਂ ਨੌਕਰ ਦੀ ਲਾਸ਼ ਵੀ ਬਰਾਮਦ ਹੋ ਗਈ।

## ਮਾਪੇ ਬਰੀ, ਤਾਂ ਆਰੁਸ਼ੀ ਦਾ ਹਤਿਆਰਾ ਕੌਣ?

**ਨਵੀਂ ਦਿੱਲੀ:** ਅਦਾਲਤ ਨੇ ਰਾਜੇਸ਼ ਤੇ ਨੂਪਰ ਤਲਵਾਰ ਨੂੰ ਸਬੂਤਾਂ ਦੀ ਘਾਟ ਕਾਰਨ ਬਰੀ ਤਾਂ ਕਰ ਦਿੱਤਾ ਹੈ, ਪਰ ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਆਰੁਸ਼ੀ ਦਾ ਕਤਲ ਕਿਸ ਨੇ ਕੀਤਾ ਸੀ। ਅਦਾਲਤ ਨੇ ਸੀ.ਬੀ.ਆਈ. ਦੀ ਜਾਂਚ 'ਤੇ ਵੀ ਸਵਾਲ ਚੁੱਕੇ ਹਨ।



ਸੀ.ਬੀ.ਆਈ. ਜਾਂਚ ਦੇ ਆਧਾਰ ਉਤੇ ਅਦਾਲਤ ਨੇ ਰਾਜੇਸ਼ ਤੇ ਨੂਪਰ ਤਲਵਾਰ ਨੂੰ 26 ਨਵੰਬਰ 2013 ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਸੀ। ਤਲਵਾਰ ਜੋੜੇ ਨੇ ਸੀ.ਬੀ.ਆਈ. ਅਦਾਲਤ ਦੇ ਫੈਸਲੇ ਨੂੰ ਚੁਣੌਤੀ ਦਿੱਤੀ ਸੀ।

# ਲੁਧਿਆਣੇ ਦੀ ਕੋਮਲ ਨੇ ਆਸਟਰੇਲੀਆ ਵਿਚ ਛੋਟੀ ਉਮਰੇ ਰਚਿਆ ਇਤਿਹਾਸ

**ਪਰਥ:** ਅਵਨੀਤ ਕੋਮਲ ਨੇ ਪੰਜਾਬ ਦਾ ਨਾਂ ਪੂਰੇ ਸੰਸਾਰ ਵਿਚ ਨਾਮ ਰੌਸ਼ਨ ਕੀਤਾ ਹੈ। ਜ਼ਿਲ੍ਹਾ ਲੁਧਿਆਣਾ ਦੇ ਪਿੰਡ ਮਦਨੀਪੁਰ ਦੀ ਅਵਨੀਤ ਕੋਮਲ ਨੇ ਜੰਡਾਕੋਟ ਹਵਾਈ ਅੱਡੇ 'ਤੇ ਰਾਇਲ ਐਰੋ ਕਲੱਬ ਵਿਚ ਇਕ ਇੰਜਣ ਵਾਲਾ ਜਹਾਜ਼ ਉਡਾ ਕੇ 15 ਸਾਲਾ ਦੀ ਉਮਰ ਵਿਚ ਪਹਿਲੀ ਸਿੱਖ ਤੇ ਪੱਛਮੀ ਆਸਟਰੇਲੀਆ ਦੀ ਤੀਜੀ ਸੋਲੋ ਪਾਇਲਟ ਬਣਨ ਦਾ ਖਿਤਾਬ ਹਾਸਲ ਕੀਤਾ।

ਕੋਮਲ ਨੇ ਦੱਸਿਆ ਕਿ ਜਦ ਉਹ 6ਵੀਂ ਕਲਾਸ ਵਿਚ ਪੜ੍ਹਦੀ ਸੀ, ਉਸ ਨੇ ਰਾਇਨ ਕੈਮਬੱਲ ਦੀ ਲਿਖੀ ਕਿਤਾਬ 'ਬੌਰਨ ਟੂ ਫਲਾਈ' ਪੜ੍ਹੀ ਸੀ। ਇਸ ਨੂੰ ਪੜ੍ਹ ਕੇ ਉਹ ਇੰਨੀ ਪ੍ਰਭਾਵਿਤ ਹੋਈ ਸੀ ਕਿ ਉਸ ਨੇ ਪਾਇਲਟ ਬਣਨ ਦਾ ਪੂਰਾ ਨਿਸ਼ਚੇ ਕਰ ਲਿਆ ਸੀ। ਇਸ ਤੋਂ ਬਾਅਦ ਆਪਣੀ ਮੰਜ਼ਲ ਨੂੰ ਪਾਉਣ ਲਈ ਉਸ ਨੇ ਪੜ੍ਹਾਈ ਤੇ ਖੇਡਾਂ ਦੇ ਨਾਲ-ਨਾਲ ਪਾਇਲਟ ਦੀ ਸਿਖਲਾਈ ਵਾਸਤੇ ਰਾਇਲ ਐਰੋ ਕਲੱਬ ਵਿਚ ਦਾਖਲਾ ਲਿਆ। ਉਸ ਨੇ ਆਪਣਾ ਨਿਸ਼ਾਨਾ ਛੇ ਮਹੀਨਿਆਂ ਵਿਚ ਪੂਰਾ ਕੀਤਾ। ਜ਼ਿਕਰਯੋਗ ਹੈ ਕਿ ਕੋਮਲ ਨੈੱਟਬਾਲ 'ਚ ਪਰਥ ਸਿੱਖ ਸਵੈਨ ਟੀਮ ਦੀ ਖਿਡਾਰਨ ਹੈ।

# ਵੀਅਤਨਾਮ 'ਚ ਹੜ੍ਹ, 37 ਲੋਕਾਂ ਦੀ ਮੌਤ

**ਹਨੋਈ:** ਉਤਰੀ ਤੇ ਕੇਂਦਰੀ ਵੀਅਤਨਾਮ ਵਿਚ ਹੜ੍ਹ ਤੇ ਜ਼ਮੀਨ ਖਿਸਕਣ ਕਾਰਨ ਵਾਪਰੇ ਹਾਦਸੇ ਵਿਚ ਜਾਨ ਮਾਲ ਦਾ ਭਾਰੀ ਨੁਕਸਾਨ ਹੋਇਆ ਹੈ। 37 ਲੋਕਾਂ ਦੀ ਮੌਤ ਹੋ ਗਈ ਹੈ ਤੇ 40 ਲਾਪਤਾ ਹਨ। ਹਜ਼ਾਰਾਂ ਲੋਕਾਂ ਨੂੰ ਸੁਰੱਖਿਆ ਸਥਾਨਾਂ ਉਤੇ ਪਹੁੰਚਾਇਆ ਗਿਆ ਹੈ।

ਭਾਰੀ ਮੀਂਹ ਕਾਰਨ ਆਏ ਹੜ੍ਹ ਨਾਲ ਪਿਛਲੇ ਹਫਤੇ 12 ਪ੍ਰਾਂਤਾਂ ਵਿਚ ਸੜਕਾਂ ਅਤੇ 200 ਮਕਾਨ ਤਬਾਹ ਹੋ ਗਏ ਅਤੇ ਹਜ਼ਾਰਾਂ ਦੀ ਗਿਣਤੀ ਵਿਚ ਮਕਾਨ ਪਾਣੀ ਵਿਚ ਡੁੱਬ ਗਏ। ਹੜ੍ਹ ਦਾ ਅਸਰ ਮੱਧਵਰਤੀ ਅਤੇ ਦੱਖਣੀ ਪ੍ਰਾਂਤਾਂ ਉਤੇ ਪਿਆ ਹੈ। ਤੂਫਾਨ ਕਾਰਨ ਪਹਿਲਾਂ ਹੀ 6 ਲੱਖ ਲੋਕਾਂ ਨੂੰ ਖਤਰੇ ਵਾਲੇ ਸਥਾਨਾਂ ਤੋਂ ਹਟਾ ਦਿੱਤਾ ਗਿਆ ਹੈ। ਤੂਫਾਨ ਦੇ ਟਕਰਾਉਣ ਨਾਲ ਵੱਡੇ-ਵੱਡੇ ਦਰਖਤ ਉਖੜ ਗਏ ਅਤੇ ਘਰਾਂ ਦੀਆਂ ਛੱਤਾਂ ਉਡ ਗਈਆਂ।

## ਜਦੋਂ ਬਿਹਾਰ ਸਿੱਖਿਆ ਵਿਭਾਗ ਨੇ ਦੱਸਿਆ ਕਸ਼ਮੀਰ ਨੂੰ ਵੱਖਰਾ ਦੇਸ਼


**ਨਵੀਂ ਦਿੱਲੀ:** ਬਿਹਾਰ ਦੀ ਸਿੱਖਿਆ ਪ੍ਰਣਾਲੀ ਫਿਰ ਚਰਚਾ ਵਿਚ ਹੈ। ਇਸ ਵਾਰ ਚਰਚਾ ਦਾ ਵਿਸ਼ਾ ਕਸ਼ਮੀਰ ਨੂੰ ਵੱਖ ਦੇਸ਼ ਦੱਸਣ ਸਬੰਧੀ ਹੈ। ਦਰਅਸਲ, ਬਿਹਾਰ ਵਿਚ ਸਤਵੀਂ ਜਮਾਤ ਦੇ ਪ੍ਰਸ਼ਨ ਪੱਤਰ 'ਚ ਇਕ ਅਜਿਹਾ ਸਵਾਲ ਪੁੱਛਿਆ ਗਿਆ ਹੈ ਜਿਸ ਵਿਚ ਕਸ਼ਮੀਰ ਦਾ ਜ਼ਿਕਰ ਵੱਖਰੇ ਦੇਸ਼ ਦੇ ਤੌਰ ਉਤੇ ਹੈ। ਇਹ ਗੱਲ ਸਾਹਮਣੇ ਆਉਣ ਤੋਂ ਬਾਅਦ ਬਿਹਾਰ ਦੇ ਸਿੱਖਿਆ ਤੰਤਰ 'ਤੇ ਫਿਰ ਸਵਾਲ ਖੜ੍ਹੇ ਹੋਏ ਹਨ।

ਅੰਗਰੇਜ਼ੀ ਦੇ ਇਸ ਪ੍ਰਸ਼ਨ ਪੱਤਰ 'ਚ ਭਾਰਤ, ਨੇਪਾਲ, ਇੰਗਲੈਂਡ ਨਾਲ ਨਾਲ ਕਸ਼ਮੀਰ ਨੂੰ ਵੀ ਵੱਖਰਾ ਦੇਸ਼ ਬਣਾ ਦਿੱਤਾ ਗਿਆ ਹੈ। ਬਿਹਾਰ ਐਜੂਕੇਸ਼ਨ ਪ੍ਰੋਜੈਕਟਸ ਕੌਂਸਲ ਮੁਤਾਬਕ ਇਹ ਇਕ ਮਨੁੱਖੀ ਭੁੱਲ ਸੀ ਤੇ ਇਸ ਕਰ ਕੇ ਕਾਫੀ ਅਲੋਚਨਾ ਵੀ ਹੋਈ ਹੈ। ਇਸ ਘਟਨਾ ਤੋਂ ਬਾਅਦ ਸਬੰਧਤ ਅਧਿਆਪਕ ਉਤੇ ਕਾਰਵਾਈ ਵੀ ਹੋਈ ਹੈ। ਡਾਇਰੈਕਟਰ ਸੰਜੇ ਸਿੰਘ ਨੇ ਦਾਅਵਾ ਕੀਤਾ ਹੈ ਕਿ ਇਸ ਅਧਿਆਪਕ ਨੂੰ ਮੁਅੱਤਲ ਕਰ ਦਿੱਤਾ ਗਿਆ ਹੈ। ਬਿਹਾਰ ਐਜੂਕੇਸ਼ਨ ਪ੍ਰੋਜੈਕਟਸ ਕੌਂਸਲ ਉਹ ਸੰਸਥਾ ਹੈ ਜਿਸ ਕੋਲ ਅਠਵੀਂ ਤੱਕ ਦੇ ਵਿਦਿਆਰਥੀਆਂ ਦੀ ਸਿੱਖਿਆ ਦਾ ਜ਼ਿੰਮਾ ਹੈ।

# ਪੰਜਾਬਣ ਨੂੰ ਸੜ ਰਹੀ ਕਾਰ 'ਚ ਛੱਡ ਕੇ ਦੌੜ ਗਿਆ ਚਾਲਕ

**ਨਿਊ ਯਾਰਕ:** ਹਾਦਸੇ ਵਿਚ ਕਾਰ ਨੂੰ ਅੱਗ ਲੱਗਣ ਬਾਅਦ ਡਰਾਈਵਰ ਨੇ ਭਾਰਤੀ ਮੂਲ ਦੀ ਮੁਟਿਆਰ ਨੂੰ ਸੜਨ ਲਈ ਇਕੱਲਿਆ ਛੱਡ ਦਿੱਤਾ। ਨਿਊ ਯਾਰਕ ਡੇਲੀ ਦੀ ਰਿਪੋਰਟ ਮੁਤਾਬਕ ਅੱਗ ਬੁਝਾਊ ਅਮਲੇ ਨੇ 25 ਸਾਲਾ ਹਰਲੀਨ ਗਰੇਵਾਲ ਦੀ ਕਾਰ ਵਿਚੋਂ ਸੜੀ ਹੋਈ ਲਾਸ਼ ਬਰਾਮਦ ਕੀਤੀ। ਸਈਦ ਅਹਿਮਦ (23), ਜਿਸ ਨੂੰ ਅਖਬਾਰ ਨੇ 'ਬੇਰਹਿਮ' ਲਿਖਿਆ ਹੈ, ਨੇ ਆਪਣੀ ਲਗਜ਼ਰੀ ਕਾਰ 'ਇਨਫਿਨਿਟੀ 35ਜੀ' ਬਰੁਕਲਿਨ-ਕੁਈਨਜ਼ ਐਕਸਪ੍ਰੈੱਸਵੇਅ ਉਤੇ ਪੱਥਰ ਦੇ ਬੈਰੀਅਰ ਵਿਚ ਮਾਰੀ। ਇਸ ਕਾਰਨ ਕਾਰ ਨੂੰ ਅੱਗ ਲੱਗ ਗਈ।

ਰਿਪੋਰਟ ਮੁਤਾਬਕ ਅਹਿਮਦ ਸੜ ਰਹੀ ਕਾਰ ਵਿਚੋਂ ਹਰਲੀਨ ਨੂੰ ਕੱਢਣ ਬਜਾਏ ਟੈਕਸੀ ਕਰਾ ਕੇ ਆਪ ਹਸਪਤਾਲ ਪਹੁੰਚ ਗਿਆ। ਅੱਗ ਬੁਝਾਊ ਅਮਲੇ ਨੇ ਜਦੋਂ ਅੱਗ ਬੁਝਾਈ ਤਾਂ ਕਾਰ ਦੀ ਮੁਸਾਫਰ ਸੀਟ ਤੋਂ ਸੜੀ ਹੋਈ ਮੁਟਿਆਰ ਮਿਲੀ। ਪੁਲਿਸ ਨੇ ਦੱਸਿਆ ਕਿ ਜਦੋਂ ਕਾਰ ਸੜ ਰਹੀ ਸੀ ਤਾਂ ਅਹਿਮਦ ਹਸਪਤਾਲ ਚਲਾ ਗਿਆ, ਜਿਥੇ ਉਸ ਦੀਆਂ ਸੜੀਆਂ ਲੱਤਾਂ ਤੇ ਬਾਹਾਂ ਦਾ ਇਲਾਜ ਕੀਤਾ ਜਾ ਰਿਹਾ ਹੈ। ਪੁਲਿਸ ਨੇ ਉਸ ਨੂੰ ਹਸਪਤਾਲ ਤੋਂ ਕਾਬੂ ਕਰ ਕੇ ਉਸ ਖਿਲਾਫ ਕਤਲ, ਅਪਰਾਧਕ ਅਣਗਹਿਲੀ, ਦੁਰਘਟਨਾ ਸਥਾਨ ਤੋਂ ਫਰਾਰ ਹੋਣ, ਤੇਜ਼ ਰਫਤਾਰ ਤੇ ਹੋਰ ਦੋਸ਼ਾਂ ਤਹਿਤ ਕੇਸ ਦਰਜ ਕੀਤਾ ਹੈ। ਫੈਟਲੈਂਡਜ਼ ਵਾਸੀ ਅਹਿਮਦ ਨੇ ਮੰਨਿਆ ਕਿ ਹਾਦਸੇ ਤੋਂ ਪਹਿਲਾਂ ਉਸ ਨੇ ਸ਼ਰਾਬ ਪੀਤੀ ਸੀ ਪਰ ਹਸਪਤਾਲ ਵਿਚ ਖੂਨ ਦੇ ਨਮੂਨੇ ਵਿਚ ਅਲਕੋਹਲ ਦੀ ਮਾਤਰਾ ਕਾਨੂੰਨੀ ਤੌਰ 'ਤੇ ਤੈਅ ਮਾਪਦੰਡਾਂ ਤੋਂ ਵੱਧ ਨਹੀਂ ਆਈ।



# ਅਨੁਪਮ ਖੇਰ ਬਣੇ ਪੂਣੇ ਇੰਸਟੀਚਿਊਟ ਦੇ ਮੁਖੀ

**ਨਵੀਂ ਦਿੱਲੀ:** ਨਾਮਵਰ ਅਦਾਕਾਰ ਅਨੁਪਮ ਖੇਰ ਨੂੰ ਕੇਂਦਰ ਸਰਕਾਰ ਨੇ ਪੂਣੇ ਸਥਿਤ ਵੱਕਾਰੀ ਸੰਸਥਾ, ਫਿਲਮ ਐਂਡ ਟੈਲੀਵਿਜ਼ਨ ਇੰਸਟੀਚਿਊਟ ਆਫ ਇੰਡੀਆ (ਐਫ.ਟੀ.ਆਈ.ਆਈ.) ਦਾ ਚੇਅਰਮੈਨ ਨਿਯੁਕਤ ਕੀਤਾ ਹੈ। ਉਹ ਅਦਾਕਾਰ ਗਜੇਂਦਰ ਚੌਹਾਨ ਦੀ ਥਾਂ ਲੈਣਗੇ, ਜਿਨ੍ਹਾਂ ਦਾ ਅਦਾਰੇ ਦੇ ਮੁਖੀ ਵਜੋਂ ਕਾਰਜਕਾਲ ਵਿਵਾਦਮਈ ਰਿਹਾ। ਉਨ੍ਹਾਂ ਦੀ ਨਿਯੁਕਤੀ ਦੇ ਹੁਕਮ ਸੂਚਨਾ ਤੇ ਪ੍ਰਸਾਰਨ ਮੰਤਰਾਲੇ ਨੇ ਜਾਰੀ ਕੀਤੇ ਹਨ।



ਸ੍ਰੀ ਖੇਰ (62) ਨੇ ਕਿਹਾ ਕਿ ਉਹ ਇਸ ਨਿਯੁਕਤੀ ਨਾਲ 'ਬਹੁਤ ਹੀ ਮਾਣ' ਮਹਿਸੂਸ ਕਰ ਰਹੇ ਹਨ। ਉਨ੍ਹਾਂ ਟਵੀਟ ਕੀਤਾ, "ਮੈਂ ਆਪਣੀ ਪੂਰੀ ਸਮਰੱਥਾ ਮੁਤਾਬਕ ਆਪਣੀ ਜ਼ਿੰਮੇਵਾਰੀ ਨਿਭਾਵਾਂਗਾ।" ਨੈਸ਼ਨਲ ਸਕੂਲ ਆਫ ਡਰਾਮਾ (ਐਨ.ਐਸ.ਡੀ.) ਦੇ ਗਰੈਜੂਏਟ ਸ੍ਰੀ ਖੇਰ 500 ਤੋਂ ਵੱਧ ਫਿਲਮਾਂ ਵਿਚ ਕੰਮ ਕਰ ਚੁੱਕੇ ਹਨ। ਉਨ੍ਹਾਂ ਨੂੰ 2004 ਵਿਚ ਪਦਮਸ੍ਰੀ ਤੇ 2016 ਵਿਚ ਪਦਮ ਭੂਸ਼ਣ ਐਵਾਰਡ ਦਿੱਤਾ ਗਿਆ ਸੀ। ਉਨ੍ਹਾਂ ਤੋਂ ਪਹਿਲੇ ਮੁਖੀ ਸ੍ਰੀ ਚੌਹਾਨ, ਜਿਨ੍ਹਾਂ ਨੂੰ ਮੁੱਖ ਤੌਰ 'ਤੇ ਦੂਰਦਰਸ਼ਨ ਦੇ ਲੜੀਵਾਰ 'ਮਹਾਂਭਾਰਤ' ਵਿਚ ਨਿਭਾਏ ਯੁਧਿਸ਼ਟਰ ਦੇ ਕਿਰਦਾਰ ਲਈ ਜਾਣਿਆ ਜਾਂਦਾ ਹੈ, ਦੋ ਸਾਲ ਇਸ ਅਹੁਦੇ ਉਤੇ ਰਹੇ। ਉਨ੍ਹਾਂ ਦਾ ਕਾਰਜਕਾਲ ਬੀਤੇ ਮਾਰਚ ਵਿਚ ਪੂਰਾ ਹੋ ਗਿਆ ਸੀ, ਜਿਸ ਦੌਰਾਨ ਅਦਾਰੇ ਦੇ ਵਿਦਿਆਰਥੀਆਂ ਨੇ ਉਨ੍ਹਾਂ ਦੀ ਨਿਯੁਕਤੀ ਨੂੰ ਸਿਆਸੀ ਕਰਾਰ ਦਿੰਦਿਆਂ 139 ਦਿਨ ਹੜਤਾਲ ਕੀਤੀ ਸੀ। ਸ੍ਰੀ ਖੇਰ ਦਾ ਜਨਮ 7 ਮਾਰਚ, 1955 ਨੂੰ ਸ਼ਿਮਲਾ ਵਿਚ ਹੋਇਆ, ਜੋ ਪਹਿਲਾਂ ਕੇਂਦਰੀ ਸੈਂਸਰ ਬੋਰਡ ਦੇ ਚੇਅਰਮੈਨ ਤੇ ਐਨ.ਐਸ.ਡੀ. ਦੇ ਡਾਇਰੈਕਟਰ ਰਹਿ ਚੁੱਕੇ ਹਨ।

## ਵਿਦਿਆਰਥੀਆਂ ਦਾ ਅਨੁਪਮ ਦੇ ਨਾਂ ਖਤ

**ਪੁਣੇ:** ਪੁਣੇ ਦੇ 'ਫਿਲਮ ਐਂਡ ਟੈਲੀਵਿਜ਼ਨ ਇੰਸਟੀਚਿਊਟ ਆਫ ਇੰਡੀਆ' (ਐਫ.ਟੀ.ਆਈ.ਆਈ.) ਦੇ ਵਿਦਿਆਰਥੀਆਂ ਨੇ ਨਵੇਂ ਚੇਅਰਮੈਨ ਅਨੁਪਮ ਖੇਰ ਦੇ ਨਾਂ ਖੁੱਲ੍ਹਾ ਖਤ ਜਾਰੀ ਕੀਤਾ ਹੈ। ਵਿਦਿਆਰਥੀਆਂ ਨੇ ਅਦਾਰੇ ਵੱਲੋਂ ਸ਼ੁਰੂ ਕੀਤੇ ਗਏ ਥੋੜ੍ਹੇ ਸਮੇਂ ਦੇ ਕੋਰਸ ਦਾ ਵਿਰੋਧ ਕੀਤਾ ਹੈ ਅਤੇ ਆਪਣੇ ਕਈ ਮੁੱਦਿਆਂ ਵੱਲ ਉਨ੍ਹਾਂ ਦਾ ਧਿਆਨ ਖਿੱਚਣ ਦਾ ਯਤਨ ਕੀਤਾ ਹੈ। ਵਿਦਿਆਰਥੀਆਂ ਨੇ ਲਿਖਿਆ ਹੈ ਕਿ ਫਿਲਮ ਨਿਰਮਾਣ ਦੇ ਵੱਖ-ਵੱਖ ਪਹਿਲੂਆਂ ਲਈ ਐਫ.ਟੀ.ਆਈ.ਆਈ. ਸ਼ੁਰੂ ਕੀਤਾ ਗਿਆ ਸੀ। ਫੰਡ ਉਗਰਾਹੀ ਲਈ ਇਸ ਅਦਾਰੇ ਨੇ ਥੋੜ੍ਹੇ ਸਮੇਂ ਦਾ ਕੋਰਸ ਸ਼ੁਰੂ ਕੀਤਾ ਹੈ। ਸਮਾਜ ਦੇ ਸਾਰੇ ਤਬਕਿਆਂ ਦੇ ਵਿਦਿਆਰਥੀਆਂ ਨੂੰ ਸਿੱਖਿਆ ਮੁਹੱਈਆ ਕਰਾਉਣ ਵਾਲੇ ਕਿਸੇ ਸਰਕਾਰੀ ਸੰਸਥਾਨ ਨੂੰ ਫੰਡ ਉਗਰਾਹੀ ਦੇ ਏਜੰਡੇ 'ਤੇ ਕੰਮ ਨਹੀਂ ਕਰਨਾ ਚਾਹੀਦਾ।

## ਭਾਰਤੀ ਸ਼ਾਂਤੀ ਸੈਨਿਕਾਂ ਨੂੰ ਸੰਯੁਕਤ ਰਾਸ਼ਟਰ ਮੈਡਲ

**ਨਵੀਂ ਦਿੱਲੀ:** ਦੱਖਣੀ ਸੂਡਾਨ 'ਚ ਸੰਯੁਕਤ ਰਾਸ਼ਟਰ ਮਿਸ਼ਨ ਤਹਿਤ ਕੰਮ ਕਰਨ ਵਾਲੇ ਭਾਰਤੀ ਸ਼ਾਂਤੀ ਸੈਨਿਕਾਂ ਨੂੰ ਸੰਯੁਕਤ ਰਾਸ਼ਟਰ ਮੈਡਲ ਨਾਲ ਸਨਮਾਨਤ ਕੀਤਾ ਗਿਆ। ਇਨ੍ਹਾਂ ਸ਼ਾਂਤੀ ਸੈਨਿਕਾਂ ਨੂੰ ਪੇਸ਼ੇਵਰ ਤਰੀਕੇ ਨਾਲ ਆਪਣੀ ਜ਼ਿੰਮੇਵਾਰੀ ਨਿਭਾਉਣ, ਨਾਗਰਿਕਾਂ ਦੀ ਰੱਖਿਆ ਕਰਨ ਅਤੇ ਉਥੇ ਸਥਾਈ ਸ਼ਾਂਤੀ ਬਹਾਲ ਕਰਨ 'ਚ ਜ਼ਿਕਰਯੋਗ ਸੇਵਾ ਲਈ ਇਸ ਮੈਡਲ ਨਾਲ ਸਨਮਾਨਿਤ ਕੀਤਾ ਗਿਆ।

# ਹਿੰਸਕ ਅਮਰੀਕੀ ਤਰਜ਼ੇ-ਜ਼ਿੰਦਗੀ ਅਤੇ ਸਮਾਜ

**ਪਹਿਲੀ ਅਕਤੂਬਰ 2017 ਨੂੰ ਅਮਰੀਕਾ ਦੇ ਲਾਸ ਵੇਗਾਸ ਸ਼ਹਿਰ ਵਿਚ ਇਤਿਹਾਸ ਦਾ ਸਭ ਤੋਂ ਖ਼ੂਨੀ ਕਾਂਡ ਹੋਇਆ ਹੈ ਜਿਸ ਵਿਚ 59 ਲੋਕ ਮਾਰੇ ਗਏ ਅਤੇ 500 ਦੇ ਕਰੀਬ ਲੋਕ ਜ਼ਖ਼ਮੀ ਹੋ ਗਏ। ਦੋ ਕੁ ਸਾਲ ਪਹਿਲਾਂ 'ਬਰਗਦ ਬਲਾਗ' ਦੇ ਸੰਪਾਦਕ ਪਰਕਾਸ਼ ਕੇ. ਰੇਅ ਵਲੋਂ ਅਮਰੀਕਾ ਦੇ ਹਿੰਸਕ ਬੰਦੂਕ ਸਭਿਆਚਾਰ ਉਪਰ ਜੋ ਲੇਖ ਲਿਖਿਆ ਗਿਆ ਸੀ, ਉਹ ਅੱਜ ਵੀ ਹਾਲਾਤ ਉਪਰ ਅੱਖਰ-ਅੱਖਰ ਢੁੱਕਦਾ ਹੈ। ਇਸ ਲੇਖ ਵਿਚ ਉਠਾਏ ਮੁੱਦਿਆਂ ਦੀ ਅਹਿਮੀਅਤ ਦੇ ਮੱਦੇਨਜ਼ਰ ਇਸ ਪੰਜਾਬੀ ਅਨੁਵਾਦ ਪਾਠਕਾਂ ਨਾਲ ਸਾਂਝਾ ਕੀਤਾ ਜਾ ਰਿਹਾ ਹੈ ਜੋ ਸਾਡੇ ਕਾਲਮਨਵੀਸ ਬੂਟਾ ਸਿੰਘ ਨੇ ਕੀਤਾ ਹੈ। -ਸੰਪਾਦਕ**

ਤਤਕਾਲੀ ਰਾਸ਼ਟਰਪਤੀ ਬਰਾਕ ਓਬਾਮਾ ਨੇ ਮੀਡੀਆ ਨੂੰ ਦਹਿਸ਼ਤਗਰਦੀ ਨਾਲ ਮਰੇ ਲੋਕਾਂ ਦੀ ਤਾਦਾਦ ਅਤੇ ਅਮਰੀਕਾ ਵਿਚ ਬੰਦੂਕ ਸਭਿਆਚਾਰ ਨਾਲ ਮਾਰੇ ਗਏ ਲੋਕਾਂ ਦੀ ਤਾਦਾਦ ਦਾ ਮੁਕਾਬਲਾ ਕਰਨ ਲਈ ਕਿਹਾ ਸੀ। ਇਸ 'ਤੇ ਸੋਸ਼ਲ ਮੀਡੀਆ ਉਪਰ 'ਐਵਰੀਟਾਊਨ ਫਾਰ ਗੰਨ ਸੇਫਟੀ' ਮੁਹਿੰਮ ਨੇ ਅੰਕੜਾ ਪੇਸ਼ ਕੀਤਾ ਕਿ 2002-2013 ਦਰਮਿਆਨ ਦੁਨੀਆਂ ਭਰ ਵਿਚ ਦਹਿਸ਼ਤੀ ਕਾਂਡਾਂ ਵਿਚ 263 ਅਮਰੀਕੀ ਨਾਗਰਿਕਾਂ ਦੀ ਮੌਤ ਹੋਈ। ਇਸੇ ਅਰਸੇ ਵਿਚ ਅਮਰੀਕਾ ਵਿਚ ਬੰਦੂਕ ਨਾਲ 141796 ਲੋਕ ਮਾਰੇ ਗਏ; ਯਾਨੀ ਦਹਿਸ਼ਤਗਰਦੀ

**ਪਰਕਾਸ਼ ਕੇ. ਰੇਅ**
**ਅਨੁਵਾਦ: ਬੂਟਾ ਸਿੰਘ**

ਤੋਂ 1400 ਗੁਣਾ ਵੱਧ ਮੌਤਾਂ ਅਮਰੀਕਾ ਦੇ ਬੰਦੂਕ ਸਭਿਆਚਾਰ ਦੀ ਵਜ੍ਹਾ ਨਾਲ ਹੋਈਆਂ। ਹਾਲਾਤ ਦੀ ਭਿਆਨਕਤਾ ਦਾ ਅੰਦਾਜ਼ਾ ਇਸ ਤੱਥ ਤੋਂ ਲਗਾਇਆ ਜਾ ਸਕਦਾ ਹੈ ਕਿ ਬੰਦੂਕ ਨਾਲ ਮਾਰੇ ਜਾਣ ਵਾਲਿਆਂ ਦੀ ਤਾਦਾਦ ਦਹਿਸ਼ਤਵਾਦ, ਯੁੱਧ, ਏਡਜ਼, ਡਰੱਗ ਆਦਿ ਨਾਲ ਮਰਨ ਵਾਲਿਆਂ ਦੀ ਕੁਲ ਤਾਦਾਦ ਤੋਂ ਵੀ ਜ਼ਿਆਦਾ ਹੈ।

ਨਿਊਯਾਰਕ ਟਾਈਮਜ਼ ਦੀ ਰਿਪੋਰਟ ਦੇ ਮੁਤਾਬਿਕ, ਹਾਲ ਹੀ ਵਿਚ ਹੋਈ ਗੋਲੀਬਾਰੀ ਦੇ 14 ਕਾਂਡਾਂ ਵਿਚੋਂ ਨੌਂ ਮਾਮਲਿਆਂ ਦੇ ਮੁਲਜ਼ਿਮ ਮੁਜਰਮਾਨਾ ਪਿਛੋਕੜ ਅਤੇ ਮਾਨਸਿਕ ਸਿਹਤ ਦੀਆਂ ਸਮੱਸਿਆਵਾਂ ਨਾਲ ਗ੍ਰਸਤ ਹੋਣ ਦੇ ਬਾਵਜੂਦ ਬੰਦੂਕਾਂ ਖ਼ਰੀਦਣ ਵਿਚ ਕਾਮਯਾਬ ਰਹੇ ਅਤੇ ਫੈਡਰਲ ਏਜੰਸੀਆਂ ਨੇ ਕਥਿਤ ਜਾਂਚ ਤੋਂ ਬਾਅਦ ਇਹਨਾਂ ਮੁਲਜ਼ਿਮਾਂ ਵਲੋਂ ਕੀਤੀ ਗਈ ਹਥਿਆਰਾਂ ਦੀ ਖ਼ਰੀਦ ਨੂੰ ਮਨਜ਼ੂਰੀ ਵੀ ਦਿੱਤੀ। ਜਦੋਂ ਵੀ ਅਮਰੀਕਾ ਵਿਚ ਇਨਸਾਨਾਂ ਦੀ ਹੱਤਿਆ ਦੇ ਕਾਂਡ ਵਾਪਰਦੇ ਹਨ ਤਾਂ ਆਸਟਰੇਲੀਆ ਦਾ ਜ਼ਿਕਰ ਵੀ ਆਉਂਦਾ ਹੈ। ਆਸਟਰੇਲੀਆ ਦੇ ਤਸਮਾਨੀਆ ਦੀਪ ਉਪਰ 1996 ਵਿਚ ਇਕ ਬੰਦੂਕਧਾਰੀ ਨੇ 35 ਲੋਕਾਂ ਦੀ ਹੱਤਿਆ ਕਰ ਦਿੱਤੀ ਸੀ। ਇਸ ਕਾਂਡ ਤੋਂ ਤੁਰੰਤ ਬਾਅਦ ਉਥੋਂ ਦੀ ਸਰਕਾਰ ਨੇ ਬੰਦੂਕ ਖ਼ਰੀਦਣ ਅਤੇ ਰੱਖਣ ਨਾਲ ਸਬੰਧਤ ਕਾਨੂੰਨਾਂ ਨੂੰ ਬਹੁਤ ਸਖ਼ਤ ਬਣਾ ਦਿੱਤਾ ਸੀ। ਤਕਰੀਬਨ ਦੋ ਦਹਾਕਿਆਂ ਦੇ ਇਸ ਅਰਸੇ ਵਿਚ ਸਮੁੱਚੇ ਆਸਟਰੇਲੀਆ ਵਿਚ ਮਨੁੱਖੀ ਹੱਤਿਆਵਾਂ ਦੀ ਐਸੀ ਕੋਈ ਵਾਰਦਾਤ ਨਹੀਂ ਹੋਈ ਜਿਸ ਵਿਚ ਪੰਜ ਜਾਂ ਇਸ ਤੋਂ ਜ਼ਿਆਦਾ ਲੋਕਾਂ ਦੀ ਹੱਤਿਆ ਹੋਈ ਹੋਵੇ।

ਸਿਡਨੀ ਮਾਰਨਿੰਗ ਹੇਰਾਲਡ ਵਿਚ ਛਪੇ ਲੇਖ ਵਿਚ ਮਾਈਕਲ ਪਾਸਕੋ ਨੇ ਲਿਖਿਆ ਸੀ, "ਅਮਰੀਕਾ ਇਸ ਕਦਰ ਅਨਾੜੀ ਸਮਾਜ ਹੈ ਜਿਸ ਨੂੰ ਬੰਦੂਕਾਂ ਨਾਲ ਖੇਡਣ ਦੀ ਇਜਾਜ਼ਤ ਹੀ ਨਹੀਂ ਹੋਣੀ ਚਾਹੀਦੀ। ਉਸ ਨੇ ਆਪਣੀ ਪੱਛਮ ਵਾਲੀ ਵਹਿਸ਼ੀ ਪੁਰਾਤਨਤਾ ਨੂੰ ਕਦੇ ਤਿਲਾਂਜਲੀ ਨਹੀਂ ਦਿੱਤੀ। ਅਮਰੀਕਨ ਅਜੇ ਵੀ ਆਪਣੀਆਂ ਅਦਾਲਤਾਂ ਦਾ ਇਸਤੇਮਾਲ ਲੋਕਾਂ ਦੀਆਂ ਹੱਤਿਆਵਾਂ ਕਰਨ ਲਈ ਕਰਦੇ ਹਨ, ਜਿਸ ਦਾ ਇਕ ਸੰਦੇਸ਼ ਸਮਾਜ ਵਿਚ ਜਾਂਦਾ ਹੈ। ਇਹ ਇਕ ਐਸਾ ਮੁਲਕ ਹੈ ਜੋ ਜ਼ਿੰਦਗੀ ਨਾਲੋਂ ਜਾਇਦਾਦ ਨੂੰ ਕੀਮਤੀ ਸਮਝਦਾ ਹੈ।"

ਦੋ ਸਾਲ ਪਹਿਲਾਂ ਬੰਦੂਕਾਂ ਉਪਰ ਹਲਕੇ-ਫੁਲਕੇ ਕੰਟਰੋਲ ਕਰਨ ਦੀ ਓਬਾਮਾ ਦੀ ਤਜਵੀਜ਼ ਨੂੰ ਰਿਪਬਲੀਕਨ ਅਤੇ ਡੈਮੋਕਰੇਟਿਕ ਪਾਰਟੀਆਂ ਦੇ ਵਿਧਾਨਕਾਰ ਮੈਂਬਰਾਂ ਨੇ ਨਕਾਰ ਦਿੱਤਾ ਸੀ। ਉਦੋਂ ਵੀ, ਅਤੇ ਉਸ ਤੋਂ ਪਹਿਲਾਂ ਐਸੇ ਕਾਂਡਾਂ ਦੇ ਵਕਤ ਓਬਾਮਾ ਦੇ ਭਾਸ਼ਣਾਂ ਅਤੇ ਉਸ ਤੋਂ ਪਹਿਲਾਂ ਰਾਸ਼ਟਰਪਤੀ ਚੋਣ ਵਿਚ ਉਸ ਦੇ ਭਾਸ਼ਣਾਂ, ਤੇ ਓਰੇਗਾਨ ਦੀ ਘਟਨਾ ਤੋਂ ਬਾਅਦ ਦਿੱਤੇ ਗਏ ਭਾਸ਼ਣ ਨੂੰ ਅਮਰੀਕਾ ਦੇ ਲਿਹਾਜ਼ ਨਾਲ ਚਾਹੇ 'ਇਨਕਲਾਬੀ' ਮੰਨਿਆ ਜਾਵੇ, ਪਰ ਜਿਵੇਂ ਬਿਨੈ ਲਾਲ ਕਹਿੰਦੇ ਹਨ, "ਇਹ ਸਭ ਗ਼ੈਰਗੰਭੀਰ ਯਤਨ ਹੈ ਜਿਸ ਨੂੰ ਬੰਦੂਕ ਸਭਿਆਚਾਰ ਉਪਰ ਕਥਿਤ ਬਹਿਸ ਦੇ ਰੂਪ ਵਿਚ ਪੇਸ਼ ਕੀਤਾ ਜਾਂਦਾ ਹੈ।"




ਅਮਰੀਕਾ ਨੂੰ ਸਮਝਣ ਲਈ ਪਾਸਕੋ ਦੀ ਗੱਲ ਮਹੱਤਵਪੂਰਨ ਹੈ। ਲੰਮੇ ਅਰਸੇ ਤੋਂ ਬੇਸ਼ੁਮਾਰ ਲੇਖਾਂ ਅਤੇ ਕਿਤਾਬਾਂ ਵਿਚ ਕਿਹਾ ਗਿਆ ਹੈ ਕਿ ਅਮਰੀਕਾ ਦੀ ਨੀਂਹ ਵਿਚ ਹਿੰਸਾ ਦੀ ਜ਼ਿਹਨੀਅਤ ਪਈ ਹੈ। ਹਿੰਸਾ ਤੋਂ ਬਿਨਾ ਅਮਰੀਕਾ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ।

ਬਿਨੈ ਲਾਲ ਨੇ ਓਰੇਗਾਨ ਦੀ ਘਟਨਾ ਉਪਰ ਲਿਖੇ ਲੇਖ ਵਿਚ 1991 ਵਿਚ ਇਰਾਕ ਉਪਰ ਹੋਏ ਅਮਰੀਕੀ ਹਮਲੇ ਦੇ ਵਕਤ ਆਪਣੇ ਮਿੱਤਰਾਂ ਨਾਲ ਹੋਈ ਚਰਚਾ ਵਿਚ ਜ਼ਿਕਰ ਕੀਤਾ ਸੀ, "ਅਸੀਂ ਸਾਰੇ ਇਸ ਗੱਲ ਨਾਲ ਸਹਿਮਤ ਸੀ ਕਿ ਯੁੱਧ ਅਮਰੀਕਾ ਜ਼ਿਹਨੀਅਤ ਦੇ ਵਜੂਦ ਵਿਚ ਸਮੋਇਆ ਹੋਇਆ ਹੈ: ਉਦੋਂ ਮੁਲਕ ਵਿਚ ਇਸ ਤਰ੍ਹਾਂ ਪ੍ਰਤੀਤ ਹੁੰਦਾ ਸੀ ਜਿਵੇਂ ਅੱਜ ਵੀ ਹੋ ਰਿਹਾ ਹੈ, ਕਿ ਯੁੱਧ ਦੀਆਂ ਤਿਆਰੀਆਂ ਜ਼ੋਰ-ਸ਼ੋਰ ਨਾਲ ਚੱਲ ਰਹੀਆਂ ਹੋਣ। ਬੰਬਾਰੀ ਤੈਅ ਸੀ ਅਤੇ ਹਜ਼ਾਰਾਂ ਲੋਕਾਂ ਦੀਆਂ ਮੌਤਾਂ ਵੀ ਹੋਣੀਆਂ ਸਨ ਜਿਹਨਾਂ ਦੀ 'ਕੋਲੈਟਰਲ ਡੈਮੇਜ' (ਅਟੱਲ ਜਾਨੀ ਨੁਕਸਾਨ) ਦੇ ਰੂਪ ਵਿਚ ਨਿਸ਼ਾਨਦੇਹੀ ਕੀਤੀ ਗਈ ਸੀ। ਉਦੋਂ ਕਿਸੇ ਨੇ ਟਿੱਪਣੀ ਕੀਤੀ ਸੀ ਕਿ ਜਦੋਂ ਅਮਰੀਕਾ ਦੂਜੇ ਮੁਲਕਾਂ ਦੀਆਂ ਗੋਡਣੀਆਂ ਲਵਾਉਣ ਲਈ ਉਹਨਾਂ ਉਪਰ ਬੰਬ ਵਰਸਾਉਂਦਾ ਹੈ, ਉਹਨਾਂ ਨੂੰ (ਜਿਵੇਂ ਇਕ ਅਮਰੀਕੀ ਅਧਿਕਾਰੀ ਨੇ ਮਾਣ ਨਾਲ ਐਲਾਨ ਕੀਤਾ ਸੀ) ਪੱਥਰ ਯੁਗ ਵਿਚ ਧੱਕਣ 'ਤੇ ਤੁਲਿਆ ਹੁੰਦਾ ਹੈ, ਉਦੋਂ ਅਮਰੀਕਾ ਦੀਆਂ ਸੜਕਾਂ ਉਪਰ ਬਹੁਤ ਸਾਰੇ ਲੋਕ ਬੰਦੂਕਾਂ ਨਾਲ ਜੁੜੀ ਹਿੰਸਾ ਨਾਲ ਮਾਰੇ ਜਾਂਦੇ ਹਨ।"

ਓਰੇਗਾਨ ਕਾਂਡ ਤੋਂ ਦੋ ਦਿਨ ਬਾਅਦ ਇਕ ਵਾਰ ਫਿਰ ਰਾਸ਼ਟਰਪਤੀ ਓਬਾਮਾ ਵ੍ਹਾਈਟ ਹਾਊਸ ਦੇ ਪੋਡੀਅਮ ਤੋਂ ਸੋਗ ਸੰਦੇਸ਼ ਦੇ ਰਹੇ ਸਨ। ਅਫ਼ਗਾਨਿਸਤਾਨ ਵਿਚ ਅਮਰੀਕੀ ਜਹਾਜ਼ਾਂ ਨੇ ਹਸਪਤਾਲ 'ਤੇ ਹਮਲਾ ਕਰ ਕੇ 19 ਜਾਨਾਂ ਲੈ ਲਈਆਂ ਸਨ ਜਿਸ ਵਿਚ ਡਾਕਟਰ ਸ਼ਾਮਲ ਸਨ। ਦੋ ਦਿਨ ਪਹਿਲਾਂ ਬੰਦੂਕਾਂ ਨਾਲ ਹੋਣ ਵਾਲੀਆਂ ਘਟਨਾਵਾਂ ਉਪਰ ਦਿੱਤੇ ਜਾਣ ਵਾਲੇ ਸੋਗ ਸੰਦੇਸ਼ਾਂ ਨੂੰ ਨਾਕਾਫ਼ੀ ਕਰਾਰ ਦੇਣ ਵਾਲਾ ਰਾਸ਼ਟਰਪਤੀ ਅਫ਼ਗਾਨਿਸਤਾਨ ਦੇ ਹੱਤਿਆ ਕਾਂਡ ਨੂੰ 'ਤ੍ਰਾਸਦਿਕ ਘਟਨਾ' ਕਹਿ ਕੇ ਆਪਣਾ ਰਸਮੀ ਫ਼ਰਜ਼ ਨਿਭਾ ਰਿਹਾ ਸੀ।

ਇਹਨਾਂ ਦੋ ਕਾਂਡਾਂ ਵਿਚਕਾਰਲੇ 72 ਘੰਟਿਆਂ ਵਿਚ ਅਮਰੀਕਾ ਅਤੇ ਅਮਰੀਕਾ ਤੋਂ ਬਾਹਰ ਅਮਰੀਕੀ ਹਿੰਸਕ ਸਭਿਆਚਾਰ ਨੇ ਅਨੇਕਾਂ ਸਥਾਨਾਂ ਉਪਰ ਤ੍ਰਾਸਦੀਆਂ ਨੂੰ ਅੰਜਾਮ ਦਿੱਤਾ ਹੋਵੇਗਾ। ਇਹ ਵੱਖਰੀ ਗੱਲ ਹੈ ਕਿ ਕਿਹੜੀ ਖ਼ਬਰ ਸਾਡੇ ਤਕ ਪਹੁੰਚਦੀ ਹੈ ਅਤੇ ਕਿਹੜੀ ਖ਼ਬਰ ਅਸੀਂ ਪੜ੍ਹਨਾ ਚਾਹੁੰਦੇ ਹਾਂ। ਇਰਾਕ ਅਤੇ ਅਫ਼ਗਾਨਿਸਤਾਨ ਉਪਰ ਅਮਰੀਕੀ ਹਮਲੇ ਅਤੇ ਸੀਰੀਆ ਅਤੇ ਲਿਬੀਆ ਵਿਚ ਫ਼ੌਜੀ ਦਖ਼ਲਅੰਦਾਜ਼ੀ ਦੀਆਂ ਖ਼ਬਰਾਂ ਆਉਂਦੀਆਂ ਹੀ ਰਹਿੰਦੀਆਂ ਹਨ, ਪਰ ਅਮਰੀਕਾ ਦੀ ਆਲਮੀ ਫ਼ੌਜੀ ਮੁਹਿੰਮ ਦਾ ਦਾਇਰਾ ਤਾਂ ਬਹੁਤ ਵਸੀਹ ਹੈ।

ਪਿਛਲੇ ਸਾਲ ਅਮਰੀਕਾ ਵਲੋਂ 674 ਫ਼ੌਜੀ ਕਾਰਵਾਈਆਂ ਕੀਤੀਆਂ ਸਨ, ਯਾਨੀ ਦੋ ਮਿਸ਼ਨ ਰੋਜ਼ਾਨਾ। ਸਾਲ 2008 ਵਿਚ ਯੂ.ਐਸ.-ਅਫ਼ਰੀਕਾ ਕਮਾਂਡ (ਐਫਰੀਕਾਮ) ਬਣਾਏ ਜਾਣ ਤੋਂ ਬਾਅਦ ਅਮਰੀਕੀ ਸਰਗਰਮੀਆਂ ਵਿਚ ਇਹ 300 ਫ਼ੀਸਦੀ ਵਾਧਾ ਹੋਇਆ ਹੈ। ਦੁਨੀਆਂ ਭਰ ਵਿਚ 800 ਤੋਂ ਵੱਧ ਅਮਰੀਕੀ ਫ਼ੌਜੀ ਅੱਡੇ ਹਨ। ਅਮਰੀਕੀ ਫ਼ੌਜ ਦੀ ਮੌਜੂਦਗੀ 135 ਮੁਲਕਾਂ ਵਿਚ ਹੈ।

ਕੌਮਾਂਤਰੀ ਸਿਆਸਤ ਦੇ ਸਾਧਾਰਨ ਵਾਕਫ਼ਕਾਰ ਨੂੰ ਵੀ ਇਹ ਪਤਾ ਹੈ ਕਿ ਅਮਰੀਕੀ ਸਭਿਆਚਾਰ, ਆਰਥਿਕਤਾ ਅਤੇ ਉਸ ਦੇ ਫ਼ੌਜੀ ਗਲਬੇ ਵਿਚ ਆਪਸੀ ਰਿਸ਼ਤਾ ਐਨਾ ਗੂੜ੍ਹਾ ਹੈ ਕਿ ਇਕ ਤੋਂ ਬਿਨਾ ਦੂਜੇ ਦੀ ਹੋਂਦ ਹੀ ਨਹੀਂ ਹੋ ਸਕਦੀ। ਓਰੇਗਾਨ ਦੇ ਕਾਂਡ ਤੋਂ ਥੋੜ੍ਹੇ ਦਿਨ ਪਹਿਲਾਂ ਰਾਸ਼ਟਰਪਤੀ ਓਬਾਮਾ ਸੰਯੁਕਤ ਰਾਸ਼ਟਰ ਵਿਚ ਕਹਿ ਰਹੇ ਸਨ ਕਿ ਅਮਰੀਕਾ ਇਕੱਲਾ ਹੀ ਦੁਨੀਆਂ ਦੀਆਂ ਸਮੱਸਿਆਵਾਂ ਨੂੰ ਹੱਲ ਨਹੀਂ ਕਰ ਸਕਦਾ। ਇਹ ਉਹਨਾਂ ਦੇ ਸੀਮਤ ਗਿਆਨ ਦਾ ਇਜ਼ਹਾਰ ਨਹੀਂ ਸੀ, ਸਗੋਂ ਇਕ ਬੇਪ੍ਰਵਾਹੀ ਵਾਲਾ ਹੰਕਾਰ ਸੀ।

ਦਹਾਕਿਆਂ ਤੋਂ ਦੁਨੀਆਂ ਕਹਿ ਰਹੀ ਹੈ ਕਿ ਮਸਲਿਆਂ ਦਾ ਹੱਲ ਬਹੁਤ ਹੱਦ ਤਕ ਸਿਰਫ਼ ਇਸ ਗੱਲ ਨਾਲ ਹੋ ਜਾਵੇਗਾ ਕਿ ਅਮਰੀਕਾ ਦੂਜਿਆਂ ਦੇ ਮਾਮਲਿਆਂ 'ਚ ਬੂਥੀ ਘੁਸੇੜਨਾ ਬੰਦ ਕਰ ਦੇਵੇ। ਇਹੀ ਉਪਾਅ ਉਹਦੀਆਂ ਅੰਦਰੂਨੀ ਪ੍ਰੇਸ਼ਾਨੀਆਂ ਦਾ ਹੱਲ ਵੀ ਹੈ। ਉਸ ਦੀ ਹਿੰਸਕ ਅਤੇ ਸੰਵੇਦਨਹੀਣ ਤਰਜ਼-ਜ਼ਿੰਦਗੀ ਅਤੇ ਸਿਆਸਤ ਦਾ ਭਿਆਨਕ ਨਤੀਜਾ ਦੁਨੀਆਂ ਭੁਗਤ ਰਹੀ ਹੈ ਤੇ ਉਸ ਦਾ ਆਪਣਾ ਸਮਾਜ ਵੀ। ਅਮਰੀਕੀ ਸਿਆਸਤਦਾਨ ਇਸ ਤੱਥ ਨੂੰ ਸਵੀਕਾਰ ਕਰਨਾ ਨਹੀਂ ਚਾਹੁੰਦੇ। ਕਦੇ ਟਰੰਪ ਦਾ ਲੰਪਟਪੁਣਾ, ਕਦੇ ਬੁਸ਼ ਦਾ ਤੇ ਕਦੇ ਓਬਾਮਾ ਦਾ ਮੈਨਰਿਜ਼ਮ, ਕਦੇ ਕਲਿੰਟਨ ਦਾ ਚਾਰਮ, ਤੇ ਕਦੇ ਰੀਗਨ ਦੀ ਓਡਾਸਿਟੀ। ਇਹ ਅਮਰੀਕੀ ਮੰਤਰ-ਮੁਗਧਤਾ ਦੇ ਵੰਨ-ਸੁਵੰਨੇ ਰੂਪ ਹਨ। ਮਦਾਰੀ ਦੁਨੀਆਂ ਨੂੰ ਇਹਨਾਂ ਨਾਲ ਕੀਲ ਲੈਂਦਾ ਹੈ।

1999 ਵਿਚ ਇਕ ਅਮਰੀਕੀ ਸਕੂਲ ਵਿਚ ਦੋ ਵਿਦਿਆਰਥੀਆਂ ਵਲੋਂ ਕੀਤੀ ਗੋਲੀਬਾਰੀ ਉਪਰ ਅਧਾਰਤ ਮਾਈਕਲ ਮੂਰ ਦੀ ਦਸਤਾਵੇਜ਼ੀ ਫਿਲਮ (ਬਾਓਲਿੰਗ ਫਾਰ ਕੋਲੰਬਾਈਨ, 2002) ਵਿਚ ਇਕ ਦ੍ਰਿਸ਼ ਹੈ: ਨਿਰਦੇਸ਼ਕ ਨੌਜਵਾਨਾਂ ਵਿਚ ਵਾਹਵਾ ਮਕਬੂਲ ਕਲਾਕਾਰ ਮੈਰੀਲੀਨ ਮੈਂਸਨ ਨੂੰ ਪੁੱਛਦਾ ਹੈ ਕਿ ਉਹ ਉਹਨਾਂ ਇਲਜ਼ਾਮਾਂ ਨਾਲ ਸਹਿਮਤ ਹੈ ਕਿ ਉਸ ਵਰਗੇ ਹੋਰ ਕਲਾਕਾਰਾਂ ਦੇ ਗੀਤਾਂ ਅਤੇ ਸਟੇਜੀ ਪੇਸ਼ਕਾਰੀਆਂ ਵਿਚ ਹਿੰਸਾ ਦੇ ਵਖਿਆਣ ਦਾ ਅਸਰ ਵਿਦਿਆਰਥੀਆਂ ਅਤੇ ਨੌਜਵਾਨਾਂ ਨੂੰ ਹਿੰਸਕ ਬਣਾ ਰਿਹਾ ਹੈ। ਮੈਂਸਨ ਦਾ ਜਵਾਬ ਹੈ ਕਿ ਜਦੋਂ ਰਾਸ਼ਟਰਪਤੀ ਦੂਜੇ ਮੁਲਕਾਂ ਉਪਰ ਮਿਜ਼ਾਈਲਾਂ ਦਾਗ਼ਦਾ ਹੈ, ਤਾਂ ਨੌਜਵਾਨਾਂ-ਬੱਚਿਆਂ ਉਪਰ ਉਸ ਦੀ ਹਿੰਸਾ ਦੇ ਅਸਰ ਨੂੰ ਲੈ ਕੇ ਚਰਚਾ ਕਿਉਂ ਨਹੀਂ ਹੁੰਦੀ।

ਓਰੇਗਾਨ ਦੇ ਕਾਂਡ ਤੋਂ ਬਾਅਦ ਜੋ ਪ੍ਰਤੀਕਰਮ ਅਮਰੀਕਾ ਜਨਤਕ ਖੇਤਰ ਵਿਚੋਂ ਆਏ ਹਨ, ਉਹਨਾਂ ਤੋਂ ਤਾਂ ਬਿਲਕੁਲ ਇਹ ਉਮੀਦ ਨਹੀਂ ਬੱਝਦੀ ਕਿ ਅਮਰੀਕਾ ਬੰਦੂਕ ਸਭਿਆਚਾਰ ਦੇ ਬਾਰੇ ਵਿਚ ਨੇੜ ਭਵਿਖ ਅੰਦਰ ਕੋਈ ਠੋਸ ਪਹਿਲ ਕਰੇਗਾ। ਇਸ ਦੇ ਉਲਟ ਵਧੇਰੇ ਸੰਭਾਵਨਾ ਇਹੀ ਹੈ ਕਿ ਬੰਦੂਕਾਂ ਪਹਿਲਾਂ ਤੋਂ ਵੀ ਕਿਤੇ ਜ਼ਿਆਦਾ ਆਮ ਅਤੇ ਸਹਿਜੇ ਹੀ ਮਿਲਣੀਆਂ ਸ਼ੁਰੂ ਹੋ ਜਾਣਗੀਆਂ। ਉਥੇ ਤਾਂ ਪੁਲਿਸ ਵਲੋਂ ਨਿਹੱਥੇ ਲੋਕਾਂ ਨੂੰ ਗੋਲੀ ਮਾਰਨ ਦੇ ਕਈ ਕਾਂਡ ਹੋ ਚੁੱਕੇ ਹਨ। ਤੇ ਇਸ ਉਮੀਦ ਦੀ ਚਰਚਾ ਵੀ ਕਾਹਦੇ ਲਈ ਕਰਨੀ ਹੈ ਕਿ ਕੌਮਾਂਤਰੀ ਪੱਧਰ ਉਪਰ ਅਮਰੀਕਾ ਆਪਣੀ ਭਿਆਨਕ ਗੁੰਡਾਗਰਦੀ ਤੋਂ ਪਰਹੇਜ਼ ਕਰੇਗਾ! ਇਸ ਬਾਰੇ ਵਿਚ ਕਿਸੇ ਨੂੰ ਕੋਈ ਸ਼ੱਕ ਹੋਵੇ ਤਾਂ ਉਹ ਡੈਮੋਕਰੇਟ ਅਤੇ ਰਿਪਬਲੀਕਨ ਉਮੀਦਵਾਰਾਂ ਦੀ ਵਿਦੇਸ਼ ਨੀਤੀ ਉਪਰ ਝਾਤ ਮਾਰ ਸਕਦਾ ਹੈ।

# ਅਮਰੀਕਾ ਤੇ ਬੰਦੂਕ ਸਭਿਆਚਾਰ

ਲਾਸ ਵੇਗਸ ਗੋਲੀ ਕਾਂਡ ਦੇ ਹਮਲਾਵਰ ਬਾਰੇ ਬਿਨਾਂ ਕਿਸੇ ਜਾਣਕਾਰੀ ਹੋਣ ਦੇ, ਅਮਰੀਕਾ ਦੇ ਰੱਖਿਆ ਮੰਤਰਾਲੇ ਦੇ ਇੱਕ ਸਾਬਕਾ ਅਧਿਕਾਰੀ ਨੇ ਬਿਆਨ ਦਾਗ ਦਿੱਤਾ ਕਿ ਕਤਰ, ਤੁਰਕੀ ਤੇ ਪਾਕਿਸਤਾਨ ਨੂੰ ਹੁਣ ਅਤਿਵਾਦੀ ਸਟੇਟ ਐਲਾਨ ਦੇਣਾ ਚਾਹੀਦਾ ਹੈ। ਇਸਲਾਮਿਕ ਸਟੇਟ ਨੇ ਪਹਿਲਾਂ ਤਾਂ ਇਸ ਵਾਰਦਾਤ ਜ਼ਿੰਮੇਵਾਰੀ ਲੈ ਲਈ, ਪਰ ਅਮਰੀਕੀ ਖੁਫੀਆ ਏਜੰਸੀ ਐਫ਼.ਬੀ.ਆਈ. ਨੇ ਇਸ ਦਾਅਵੇ ਨੂੰ ਨਕਾਰ ਦਿੱਤਾ। ਹਮਲੇ ਵਾਲੀ ਜਗ੍ਹਾ ਤੋਂ ਹਥਿਆਰਾਂ ਦਾ ਜ਼ਖ਼ੀਰਾ ਮਿਲਣਾ ਅਤੇ ਇੰਨੀ ਵੱਡੀ ਗਿਣਤੀ ਵਿਚ ਲੋਕਾਂ ਦਾ ਮਾਰਿਆ ਜਾਣਾ ਕਈ ਸਵਾਲ ਖੜ੍ਹੇ ਕਰਦਾ ਹੈ। ਅਮਰੀਕਾ ਤੋਂ ਅਜਿਹੀਆਂ ਖ਼ਬਰਾਂ ਆਉਂਦੀਆਂ ਰਹਿੰਦੀਆਂ ਹਨ ਕਿ ਕਿਸੇ ਸਨਕੀ ਨੇ ਬੇਵਜ੍ਹਾ ਗੋਲੀਆਂ

**ਦੇਵੇਂਦਰ ਪਾਲ**
**ਫੋਨ: +91-95305-14520**

ਚਲਾਈਆਂ ਤੇ ਕਈ ਲੋਕ ਮਾਰੇ ਗਏ। ਸਕੂਲ-ਕਾਲਜ, ਹੋਟਲ, ਸ਼ੌਪਿੰਗ ਸੈਂਟਰ, ਨਾਈਟ ਕਲੱਬ ਆਦਿ ਵਰਗੀ ਕਿਸੇ ਵੀ ਜਨਤਕ ਜਗ੍ਹਾ 'ਤੇ ਇਹੋ ਜਿਹੀ ਵਾਰਦਾਤ ਹੋ ਜਾਂਦੀ ਹੈ ਤੇ ਹਮਲਾਵਰ ਬੱਚਾ ਜਾਂ ਬੁੱਢਾ- ਕਿਸੇ ਵੀ ਉਮਰ ਦਾ ਹੋ ਸਕਦਾ ਹੈ। ਦੁਨੀਆਂ ਭਰ ਵਿਚ ਅਜਿਹੀ ਵਾਰਦਾਤ 'ਤੇ ਅਫਸੋਸ ਜਤਾਇਆ ਜਾਂਦਾ ਹੈ। ਅਮਰੀਕੀ ਰਾਸ਼ਟਰਪਤੀ ਵੱਲੋਂ ਬੜਾ ਹੀ ਭਾਵੁਕਤਾ ਭਰਿਆ ਬਿਆਨ ਤਰੌਂਕਿਆ ਜਾਂਦਾ ਹੈ। ਮੀਡੀਆ ਦੇ ਨਾਲ-ਨਾਲ ਹਥਿਆਰ ਲੌਬੀ ਸਰਗਰਮ ਹੋ ਜਾਂਦੀ ਹੈ। ਆਮ ਲੋਕਾਂ ਵੱਲੋਂ ਬੜੇ ਜ਼ੋਰ-ਸ਼ੋਰ ਨਾਲ ਹਥਿਆਰਾਂ 'ਤੇ ਪਾਬੰਦੀ ਜਾਂ ਕੰਟਰੋਲ ਨੂੰ ਲੈ ਕੇ ਮੁਜ਼ਾਹਰੇ ਤੇ ਬਹਿਸਾਂ ਹੁੰਦੀਆਂ ਜੋ ਹੌਲੀ-ਹੌਲੀ ਸਮਾਂ ਪਾ ਕੇ ਦੁੱਧ ਦੀ ਝੱਗ ਵਾਂਗ ਬੈਠ ਜਾਂਦੀਆਂ ਹਨ। ਪਿੱਛੇ ਉਹੀ ਸਵਾਲ ਹਵਾ ਵਿਚ ਲਟਕਿਆ ਰਹਿ ਜਾਂਦਾ ਹੈ ਕਿ ਇਹੋ ਜਿਹੀਆਂ ਘਟਨਾਵਾਂ ਕਿਉਂ ਵਾਪਰ ਰਹੀਆਂ ਹਨ ਤੇ ਇਨ੍ਹਾਂ ਦਾ ਹੱਲ ਕੀ ਹੈ?

ਬੰਦੂਕਾਂ ਨਾਲ ਮਾਰੇ ਜਾ ਰਹੇ ਅਮਰੀਕੀਆਂ ਨੂੰ ਬੰਦੂਕਾਂ ਨਾਲ ਕਿੰਨਾ ਪਿਆਰ ਹੈ, ਇਸ ਗੱਲ ਦਾ ਅੰਦਾਜ਼ਾ ਇਸ ਤੱਥ ਤੋਂ ਲਾਇਆ ਜਾ ਸਕਦਾ ਹੈ ਕਿ ਦੁਨੀਆਂ ਦੀ ਕੁਲ ਆਬਾਦੀ ਦਾ ਅਮਰੀਕਨ ਸਿਰਫ 5 ਫੀਸਦੀ ਹਿੱਸਾ ਹਨ, ਪਰ ਦੁਨੀਆਂ ਦੀਆਂ 42 ਫੀਸਦੀ ਬੰਦੂਕਾਂ ਉਨ੍ਹਾਂ ਕੋਲ ਹੀ ਹਨ। ਅਮਰੀਕਾ ਵਿਚ ਅਗਸਤ ਵਿਚ ਹੀ ਕੁਲ 4500 ਲੋਕ ਬੰਦੂਕ-ਹਿੰਸਾ ਦਾ ਸ਼ਿਕਾਰ ਹੋਏ ਹਨ। ਦੁਨੀਆਂ ਦੇ 31 ਫੀਸਦੀ ਸਮੂਹਿਕ ਗੋਲੀਬਾਰੀ ਕਾਂਡ ਅਮਰੀਕਾ ਵਿਚ ਹੀ ਹੁੰਦੇ ਹਨ ਜਿਨ੍ਹਾਂ ਵਿਚ ਫੌਜ ਲਈ ਬਣਾਈਆਂ ਗਈਆਂ ਅਸਾਲਟ ਰਾਈਫਲਾਂ ਦਾ ਇਸਤੇਮਾਲ ਕੀਤਾ ਜਾਂਦਾ ਹੈ। ਪਿਛਲੇ ਸਾਲ ਔਰਲੈਂਡੋ ਦੇ ਸਮਲਿੰਗੀ ਕਲੱਬ ਵਿਚ ਹਮਲਾਵਰ ਨੇ ਅਜਿਹੀ ਹੀ ਰਾਈਫਲ ਦਾ ਇਸਤੇਮਾਲ ਕੀਤਾ ਸੀ ਤੇ 49 ਬੰਦੇ ਮਾਰ ਦਿੱਤੇ ਸਨ। ਇਸ ਕਤਲੇਆਮ ਦੇ ਤੁਰੰਤ ਬਾਅਦ ਦੁਨੀਆਂ ਦੇ ਸਭ ਤੋਂ ਤਾਕਤਵਰ ਇਨਸਾਨ, ਭਾਵ ਅਮਰੀਕਾ ਦੇ ਉਸ ਵੇਲੇ ਦੇ ਰਾਸ਼ਟਰਪਤੀ ਬਰਾਕ ਓਬਾਮਾ ਨੇ ਜੋ ਕਿਹਾ ਸੀ, ਉਹ ਸੁਣ ਕੇ ਸਾਰੀ ਦੁਨੀਆਂ ਹੈਰਾਨ ਰਹਿ ਗਈ ਸੀ। ਉਨ੍ਹਾਂ ਨੇ ਪੀ.ਬੀ.ਐਸ. ਚੈਨਲ ਦੇ 'ਨਿਊਜ਼ ਆਵਰ' ਪ੍ਰੋਗਰਾਮ ਵਿਚ ਸ਼ਿਰਕਤ ਕਰਦੇ ਹੋਏ ਇਹ ਗੱਲ ਕਹੀ, "ਮੈਂ ਅੱਜ ਇਕ ਮੀਟਿੰਗ ਤੋਂ ਉਠ ਕੇ ਆਇਆ ਹਾਂ ਜਿਸ ਵਿਚ ਕੁਝ ਅਜਿਹੇ ਬੰਦੇ ਵੀ ਸ਼ਾਮਿਲ ਸਨ ਜਿਨ੍ਹਾਂ ਨੂੰ ਅਸੀਂ ਆਈ.ਐਸ. ਦੀ ਵੈਬਸਾਈਟ 'ਤੇ ਦੇਖਿਆ ਹੈ। ਉਹ ਇਥੇ ਅਮਰੀਕਾ ਵਿਚ ਹੀ ਰਹਿੰਦੇ ਹਨ ਤੇ ਅਮਰੀਕਾ ਦੇ ਨਾਗਰਿਕ ਹਨ, ਪਰ ਮੈਂ ਸਿਰਫ 'ਨੈਸ਼ਨਲ ਰਾਈਫਲ ਐਸੋਸੀਏਸ਼ਨ' ਦੀ ਵਜ੍ਹਾ ਨਾਲ ਉਨ੍ਹਾਂ ਨੂੰ ਬੰਦੂਕਾਂ ਖਰੀਦਣ ਤੋਂ ਨਹੀਂ ਰੋਕ ਸਕਦਾ। ਉਨ੍ਹਾਂ ਨੂੰ ਸਾਰੇ ਜਾਣਦੇ ਹਨ ਕਿ ਉਹ ਆਈ.ਐਸ. ਦੇ ਹਮਦਰਦ ਹਨ। ਉਨ੍ਹਾਂ ਨੂੰ ਐਫ.ਬੀ.ਆਈ. ਵੀ ਜਾਣਦੀ ਹੈ, ਪਰ ਉਹ ਇਸ ਵੇਲੇ ਵੀ ਕਿਸੇ ਗਨ-ਸਟੋਰ 'ਤੇ ਜਾ ਕੇ ਜਿੰਨੀਆਂ ਚਾਹੁਣ ਬੰਦੂਕਾਂ ਖਰੀਦ ਸਕਦੇ ਹਨ...!" ਓਬਾਮਾ ਨੇ ਇਹ ਗੱਲ ਸਪਸ਼ਟ ਰੂਪ ਵਿਚ ਸਵੀਕਾਰ ਕਰ ਲਈ ਸੀ ਕਿ ਬੰਦੂਕਾਂ ਦੇ ਵਪਾਰੀਆਂ ਦੀ ਲੌਬੀ ਦੇ ਸਾਹਮਣੇ ਉਹਦੀ ਵੀ ਕੋਈ ਪੇਸ਼ ਨਹੀਂ ਜਾਂਦੀ। 2016 ਦੀ ਚੋਣ ਮੁਹਿੰਮ ਵਿਚ ਬੰਦੂਕ ਲੌਬੀ ਨੇ ਡੋਨਲਡ ਟਰੰਪ ਵਾਲੀ ਹਥਿਆਰਾਂ ਦੀ ਸਮਰਥਕ ਰਿਪਬਲਿਕਨ ਪਾਰਟੀ 'ਤੇ 59 ਲੱਖ ਡਾਲਰ ਖਰਚ ਕੀਤੇ ਤੇ ਪੂਰਾ ਜ਼ੋਰ ਲਾ ਕੇ ਬੰਦੂਕਾਂ ਵਿਰੋਧੀ ਹਿਲੇਰੀ ਕਲਿੰਟਨ ਨੂੰ ਹਰਾ ਦਿੱਤਾ ਸੀ।

ਲਾਸ ਵੇਗਸ ਵਰਗੀ ਕਿਸੇ ਵੀ ਵਾਰਦਾਤ ਦੇ ਬਾਅਦ ਅਚਾਨਕ ਸਟਾਕ ਐਕਸਚੇਂਜ ਵਿਚ ਹਥਿਆਰ ਕੰਪਨੀਆਂ ਦੇ ਭਾਅ ਵਿਚ ਉਛਾਲ ਆ ਜਾਂਦਾ ਹੈ। ਹਥਿਆਰਾਂ ਦੀ ਵਿਕਰੀ ਬਹੁਤ ਜ਼ਿਆਦਾ ਵਧ ਜਾਂਦੀ ਹੈ। ਬੰਦੂਕ ਲੌਬੀ ਨੂੰ ਬਾਜ਼ਾਰ ਵਿਚ ਬੰਦੂਕਾਂ ਦੀ ਸਪਲਾਈ ਨੂੰ ਯਕੀਨੀ ਬਣਾਈ ਰੱਖਣ ਦੇ ਨਾਲ ਹੀ ਇੱਕ ਪਾਸੇ ਲੋਕਾਂ ਦਾ ਰੋਹ ਤੇ ਦੂਜੇ ਪਾਸੇ ਸਿਆਸੀ ਪ੍ਰਬੰਧਨ ਨੂੰ ਵੀ ਸੰਭਾਲਣਾ ਪੈਂਦਾ ਹੈ। ਬੰਦੂਕਾਂ ਸਕੀਮ ਵਿਚ ਵੀ ਮਿਲਦੀਆਂ ਨੇ। 'ਬੂਟ ਖਰੀਦੋ, ਬੰਦੂਕ ਬਿਲਕੁਲ ਮੁਫ਼ਤ'। 'ਬੈਂਕ ਵਿਚ ਖਾਤਾ ਖੁਲ੍ਹਵਾਓ, ਬੰਦੂਕ ਬਿਲਕੁਲ ਮੁਫ਼ਤ'। 'ਅਸਾਲਟ ਰਾਈਫਲ ਨਾਲ ਪਿਸਤੌਲ ਬਿਲਕੁਲ ਮੁਫ਼ਤ'। ਉਥੋਂ ਦਾ ਹਥਿਆਰ ਬਣਾਉਣ ਅਤੇ ਵੇਚਣ ਵਾਲਾ ਮਾਫ਼ੀਆ, ਜਿਹਨੂੰ ਪਿਆਰ ਨਾਲ ਸਰੀਫ਼ ਲੋਕ 'ਗਨ ਲੌਬੀ' ਕਹਿੰਦੇ ਨੇ, ਸੰਵਿਧਾਨ ਵੱਲੋਂ ਦਿੱਤੇ 'ਰਾਈਟ ਟੂ ਵੈਪਨ' (ਹਥਿਆਰ ਰੱਖਣ ਦੇ ਅਧਿਕਾਰ) ਦੀ ਪੁਰਜ਼ੋਰ ਵਕਾਲਤ ਕਰਦਾ ਹੈ। ਇਹ ਅਧਿਕਾਰ ਉਨ੍ਹਾਂ ਨੂੰ ਸੰਵਿਧਾਨ ਵੱਲੋਂ ਹਾਸਲ ਹੈ, ਬਸ ਖ਼ਰੀਦਦਾਰ ਕੋਲ ਕੋਈ ਪਛਾਣ ਪੱਤਰ ਹੋਣਾ ਚਾਹੀਦਾ ਹੈ।

ਅਮਰੀਕਾ ਵਿਚ ਹਿੰਸਾ ਦਾ ਤਾਂਡਵ ਹੋ ਰਿਹਾ ਹੈ, ਉਹਨੂੰ ਸਮਝਣ ਲਈ ਅਮਰੀਕੀ ਸਿਨੇਮਾ ਦੀ ਮਦਦ ਲਈ ਜਾ ਸਕਦੀ ਹੈ। ਫਿਲਮਕਾਰ ਮਾਈਕਲ ਮੂਰ ਦੀ ਦਸਤਾਵੇਜ਼ੀ ਫਿਲਮ 'ਬਾਉਲਿੰਗ ਫਾਰ ਕੋਲੰਬੀਅਨ' ਦੀ ਸ਼ੁਰੂਆਤ ਵਿਚ ਮੂਰ ਆਪ ਕਿਸੇ ਬੈਂਕ ਵਿਚ ਜਾਂਦਾ ਹੈ ਤੇ ਬੈਂਕ ਮੈਨੇਜਰ ਨੂੰ ਕਹਿੰਦਾ ਹੈ, "ਮੈਂ ਅਖ਼ਬਾਰ ਵਿਚ ਇਸ਼ਤਿਹਾਰ ਦੇਖ ਕੇ ਤੁਹਾਡੇ ਬੈਂਕ ਵਿਚ ਖਾਤਾ ਖੁਲ੍ਹਵਾਉਣ ਆਇਆ ਹਾਂ। ਇਸ ਇਸ਼ਤਿਹਾਰ ਮੁਤਾਬਿਕ, ਜੇ ਮੈਂ ਤੁਹਾਡੇ ਬੈਂਕ ਵਿਚ ਖਾਤਾ ਖੋਲ੍ਹਦਾ ਹਾਂ ਤਾਂ ਕੀ ਮੈਨੂੰ ਮੇਰੀ ਮਨਪਸੰਦ ਬੰਦੂਕ ਮੁਫ਼ਤ ਮਿਲ ਜਾਏਗੀ?" ਬੈਂਕ ਮੈਨੇਜਰ ਉਹਨੂੰ ਵਿਸ਼ਵਾਸ ਦਿਵਾਉਂਦੀ ਹੈ ਕਿ ਉਸ ਬੈਂਕ ਦੇ 'ਵਾਲਟ' ਵਿਚ ਦੁਨੀਆਂ ਦੀਆਂ ਸਭ ਤੋਂ ਆਧੁਨਿਕ 500 ਬੰਦੂਕਾਂ ਪਈਆਂ ਨੇ, ਉਹ ਬੈਂਕ ਵਿਚ ਖਾਤਾ ਖੁਲ੍ਹਵਾਉਣ ਤੋਂ ਬਾਅਦ ਆਪਣੀ ਪਸੰਦ ਦੀ ਕੋਈ ਵੀ ਬੰਦੂਕ ਲਿਜਾ ਸਕਦਾ ਹੈ। ਮਾਈਕਲ ਖਾਤਾ ਖੁਲ੍ਹਵਾ ਕੇ ਬੰਦੂਕ ਮੁਫ਼ਤ ਵਿਚ ਹਾਸਿਲ ਕਰਨ ਬਾਅਦ ਬੈਂਕ ਅਧਿਕਾਰੀ ਨੂੰ ਪੁੱਛਦਾ ਹੈ, "ਕੀ ਕਿਸੇ ਵੀ ਬੈਂਕ ਵਿਚ ਬੰਦੂਕ ਲੈ ਕੇ ਜਾਣਾ ਖ਼ਤਰਨਾਕ ਨਹੀਂ ਹੁੰਦਾ?" ਬੜੀ ਖ਼ੂਬਸੂਰਤੀ ਨਾਲ ਇਹ ਫਿਲਮ ਅਮਰੀਕਾ ਦੇ ਮੋਕੋਗਲੀ ਕਪਟ ਵਿਦਿਆ ਤੇ ਮਨੁੱਖੀ ਅਧਿਕਾਰਾਂ ਦੇ ਪਾਖੰਡ ਦਾ ਪਰਦਾ ਫ਼ਾਸ਼ ਕਰਦੀ ਹੈ। 'ਬਾਉਲਿੰਗ ਫਾਰ ਕੋਲੰਬੀਅਨ' ਫਿਲਮ ਨੇ ਆਸਕਰ ਐਵਾਰਡ ਹੀ ਨਹੀਂ, ਜਿੱਤਿਆ ਬਲਕਿ ਆਮ ਲੋਕਾਂ ਨੂੰ ਐਫਰੋ-ਅਮਰੀਕੀਆਂ ਖ਼ਿਲਾਫ਼ ਨਸਲੀ ਨਫ਼ਰਤ ਫੈਲਾਉਣ ਲਈ ਚਲ ਰਹੀ ਮੀਡੀਆ ਦੀ ਮੁਹਿੰਮ ਨੂੰ ਸਮਝਣ ਵਿਚ ਮਦਦ ਵੀ ਕੀਤੀ ਅਤੇ ਕੇ-ਮਾਰਟ ਵਰਗੇ ਸਟੋਰ ਨੂੰ ਇਸ ਗੱਲ 'ਤੇ ਰਾਜ਼ੀ ਕਰ ਲਿਆ ਕਿ ਉਹ ਆਪਣੇ ਸਟੋਰ ਤੋਂ ਅਸਲਾ ਨਹੀਂ ਵੇਚਣਗੇ। ਇੱਕ ਪਾਸੇ ਮਾਈਕਲ ਮੂਰ ਦਾ ਸਿਨਮਾ ਹੈ ਤੇ ਦੂਜੇ ਪਾਸੇ ਅਮਰੀਕਾ ਦਾ ਹੌਲੀਵੁਡ ਸਿਨਮਾ ਜਿਸ ਦੀ ਮਦਦ ਨਾਲ ਇਹ ਬੰਦੂਕ-ਸਭਿਆਚਾਰ ਪੱਕੇ ਪੈਰੀਂ ਖੜ੍ਹਾ ਹੋਇਆ ਹੈ। ਆਰਨਲਡ ਸਵਾਜ਼ਨੇਗਰ, ਸਿਲਵੇਸਟਰ ਸਟੈਲੋਨ, ਬਰੂਸ ਵਿਲੀਸ ਤੇ ਅਨੇਕਾਂ ਹੋਰ ਅਜਿਹੇ ਸਿਤਾਰੇ ਹਨ ਜਿਨ੍ਹਾਂ ਦੇ ਬਾਰੇ ਬੰਦੂਕ ਤੇ ਹਿੰਸਾ ਤੋਂ ਬਗ਼ੈਰ ਫਿਲਮ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ।

ਨੈਸ਼ਨਲ ਰਾਈਫਲ ਐਸੋਸੀਏਸ਼ਨ (ਐਨ.ਆਰ.ਏ.) ਅਜਿਹੀ ਜਥੇਬੰਦੀ ਹੈ ਜੋ 1871 ਵਿਚ ਅਮਰੀਕਾ ਵਿਚ ਹੋਏ ਗ੍ਰਹਿ ਯੁੱਧ ਦੇ ਬਾਅਦ ਬਣੀ ਸੀ। ਅੱਜ ਇਹ ਬਹੁਤ ਸ਼ਕਤੀਸ਼ਾਲੀ ਹੈ। ਤਕਰੀਬਨ 50 ਲੱਖ ਅਮਰੀਕੀ ਇਹਦੇ ਮੈਂਬਰ ਹਨ। ਅਜਿਹੀਆਂ ਹੋਰ ਕਈ ਜਥੇਬੰਦੀਆਂ ਇਸ ਨਾਲ ਜੁੜੀਆਂ ਹੋਈਆਂ ਹਨ।

# ਉਚੀਆਂ ਕੰਧਾਂ ਬੌਣੇ ਲੋਕ

*ਕਈ ਲੋਕਾਂ ਨੂੰ ਚੁਬਾਰੇ ਚੜ੍ਹ ਕੇ ਹੀ ਇਉਂ ਲੱਗਣ ਲੱਗ ਪੈਂਦਾ ਹੈ, 'ਲੈ ਹਿਮਾਲਾ ਪਰਬਤ ਕਿਤੇ ਬਹੁਤ ਉਚਾ ਹੋਣੈ!' ਵਿਆਹ ਤੋਂ ਬਾਅਦ ਜਦੋਂ ਪਹਿਲੀ ਵਾਰ ਪਤਨੀ ਪੇਕੇ ਜਾਂਦੀ ਹੈ ਤਾਂ ਬੰਦਾ ਸਮਝਦੈ, 'ਸੁਆਹ ਜ਼ਿੰਦਗੀ ਐ 'ਕੱਲਿਆਂ ਦੀ।' ਫਿਰ ਜਦੋਂ ਇਕ ਅੱਧਾ ਜੁਆਕ ਹੋ ਜਾਂਦੈ ਤਾਂ ਬੰਦਾ ਕਹਿਣ ਲੱਗਜੂ, 'ਬੇਬੇ ਢਿੱਲੀ ਮੱਠੀ ਰਹਿੰਦੀ ਐ, ਚਾਰ ਦਿਨ ਪੇਕੇ ਜਾ ਆਉਂਦੀ, ਮਾਪੇ ਕਿਹੜਾ ਲੱਭਦੇ ਨੇ?' ਤੰਗ ਕੱਪੜਾ ਪਾਉਣ ਦਾ ਰਿਵਾਜ਼ ਮੁੜ ਕੇ ਤਾਂ ਸ਼ੁਰੂ ਹੋ ਗਿਆ ਹੈ ਕਿ ਪਹਿਲਾਂ ਸਰੀਰ ਫਿੱਟ ਹੁੰਦੇ ਸਨ ਤੇ ਹੁਣ ਜਿਮ ਵਧੇਰੇ ਹੋ ਗਿਆ ਹੈ। ਉਂਜ ਵੀ ਮਨੁੱਖ 'ਲੁੱਕ' ਨੂੰ ਸਿਆਣਪ ਦੀ ਨਿਸ਼ਾਨੀ ਸਮਝਣ ਲੱਗ ਪਿਐ। ਮਿਰਗੀ ਦੇ ਰੋਗੀ ਨੂੰ ਡਾਕਟਰ ਦਰਿਆ ਕੰਢੇ ਸੈਰ ਕਰਨ ਦੀ ਸਲਾਹ ਨਹੀਂ ਦਿੰਦੇ। ਪਰ ਕਈ ਘਰਾਂ ਵਿਚ ਆਥਣੇ ਠੇਕਿਆਂ ਤੋਂ ਮਿਰਗੀ ਬੋਤਲਾਂ 'ਚ ਬੰਦ ਹੋ ਕੇ ਪ੍ਰਵੇਸ਼ ਕਰ ਗਈ ਹੁੰਦੀ ਹੈ। ਜਦੋਂ ਦੇ ਬੰਦੇ ਪਤਨੀਵਰਤਾ ਨਹੀਂ ਰਹੇ ਕਈਆਂ ਦਾ ਦੇਰ ਨਾਲ ਘਰ ਪਰਤਦੀ ਬੀਵੀ ਨੂੰ ਪੁੱਛਣ ਵੇਲੇ ਮੂੰਹ ਬੰਦ ਹੋ ਜਾਂਦਾ ਹੈ ਅਤੇ ਨੱਕ ਛਿੱਕ ਨਾਲ ਖੁੱਲ੍ਹ ਜਾਂਦਾ ਹੈ। 'ਇਕ ਸੀ ਰਾਜਾ ਇਕ ਸੀ ਰਾਣੀ' ਦੀਆਂ ਕਹਾਣੀਆਂ ਹਾਲੇ ਵੀ ਤਾਂ ਚੱਲਦੀਆਂ ਆ ਰਹੀਆਂ ਹਨ ਕਿਉਂਕਿ ਹੁਣ ਰਾਜੇ ਗੱਦੀਆਂ 'ਤੇ ਬੈਠਦੇ ਹੀ ਨਹੀਂ, ਇਨ੍ਹਾਂ 'ਤੇ ਬੇਈਮਾਨੀ ਦੀਆਂ ਬੱਤੀਆਂ ਤੇ ਭ੍ਰਿਸ਼ਟਾਚਾਰ ਦੇ ਦੀਵੇ ਬਲ ਰਹੇ ਹੁੰਦੇ ਨੇ। ਮੌਸਮ ਤੇ ਮਾਹੌਲ ਤਾਂ ਚਲੋ ਠੀਕ ਰਿਹਾ ਹੀ ਨਹੀਂ, ਖੁਰਾਕਾਂ ਵੀ ਹੁਣ ਤਾਕਤ ਨਹੀਂ ਕਾਮ ਵਧਾਉਣ ਲੱਗ ਪਈਆਂ ਹਨ। ਇਸੇ ਲਈ ਪੈਸੇ ਵਾਲੇ ਜ਼ੋਰਾਵਰ ਅਤੇ ਬੇਕਾਬੂ ਹੁੰਦੇ ਜਾ ਰਹੇ ਹਨ। ਬਲਾਤਕਾਰ ਪਿੱਛੋਂ ਸਭ ਕੁਝ ਉਜੜ ਜਾਣ ਕਰਕੇ ਔਰਤ ਰੋਂਦੀ ਹੈ ਤੇ ਮਰਦ ਹੱਸਦਾ ਹੈ ਪਰ ਜਦੋਂ ਦੇ ਦ੍ਰਿਸ਼ ਕੈਮਰਾਬੱਧ ਹੋਣ ਲੱਗੇ ਹਨ, ਔਰਤ ਤਾਂ ਚਲੋ ਸ਼ਰਮਿੰਦੀ ਹੀ ਹੋ ਰਹੀ ਹੈ ਪਰ ਮਰਦ ਬੇਸ਼ਰਮ ਹੋ ਕੇ ਕੈਮਰੇ ਨੂੰ ਗਾਲ੍ਹ ਕੱਢਦੈ, 'ਸਾਲਾ ਝੂਠ ਬੋਲਦੈ।' ਕੀ ਕਰੀਏ ਚੋਰੀ ਕਰਨਾ ਜਿਨ੍ਹਾਂ ਲਈ ਰੁਜ਼ਗਾਰ ਬਣ ਗਿਆ ਹੋਵੇ, ਉਨ੍ਹਾਂ ਲਈ ਛਿੱਤਰ ਮਿੱਠੇ ਪ੍ਰਸ਼ਾਦੇ ਹੀ ਹੁੰਦੇ ਹਨ। ਪੁਰਾਣੇ ਜ਼ਮਾਨਿਆਂ 'ਚ ਮਨੁੱਖ ਸਿਹਤ ਭਾਲਦਾ ਸੀ, ਹੁਣ ਹਕੂਮਤ ਭਾਲਦੈ। ਇਸੇ ਕਰਕੇ ਦਿਨ ਢਲਣ ਨਾਲ ਦੋ-ਦੋ ਨਸ਼ੇ ਕਰਨ ਦੀ ਆਦਤ ਪੈਂਦੀ ਜਾ ਰਹੀ ਹੈ। ਸ਼ਰਾਬ ਤੇ ਸ਼ਬਾਬ ਕਿੱਕਲੀ ਪਾਉਂਦੀਆਂ ਹਨ। ਪਰਜਾ ਵੀ ਕੀ ਕਰੇ, ਸੌਣਾ ਚੁਬਾਰੇ 'ਤੇ ਪਵੇ, ਭਾਵੇਂ ਵਿਹੜੇ 'ਚ, ਮਕਾਨ ਬਦਲਣ ਦੀ ਹਿੰਮਤ ਝੂਠੇ ਲਾਰਿਆਂ ਨੇ ਛੱਡੀ ਹੀ ਕਿੱਥੇ ਹੈ? ਕਾਸ਼! ਕਿਤੇ ਰੁਜ਼ਗਾਰ ਦੇਣ ਵੇਲੇ ਅਜਿਹੀ ਦਿਮਾਗੀ ਕਸਰਤ ਵਾਲੇ ਪ੍ਰਸ਼ਨ ਪੁੱਛੇ ਜਾਣ ਲੱਗ ਪੈਣ। ਐਵੇਂ ਉਚੇ ਹੋਣ ਦੇ ਭਰਮ ਨੇ ਹੀ ਪੱਟੀ ਪਈ ਹੈ, ਸਾਰੀ ਦੁਨੀਆਂ। ਉਚੀਆਂ ਸਮਾਜ ਦੀਆਂ ਕੰਧਾਂ ਹੀ ਹੁੰਦੀਆਂ ਹਨ।*

"ਜੁਆਨਾ ਕਿਹਦਾ ਮੁੰਡਾ ਐਂ?" ਬਸੰਤ ਸਿਹੁੰ ਨੇ ਬੱਸ ਵਿਚੋਂ ਉਤਰਦੇ ਗੱਭਰੂ ਨੂੰ ਆਵਾਜ਼ ਮਾਰ ਕੇ ਪੁੱਛਿਆ।

"ਤੂੰ ਸਿਆਣਿਆਂ ਨ੍ਹੀਂ? ਇਹ ਆਪਣੇ ਸੁਰਜਣ ਸੂੰ ਦਾ ਮੁਖਤਿਆਰ ਐ।" ਢਲਦੀ ਸ਼ਾਮ ਨੂੰ ਦਰਵਾਜ਼ੇ ਬੈਠੇ ਠਾਕੁਰ ਸਿਹੁੰ ਨੇ ਬਸੰਤ ਸਿਹੁੰ ਨੂੰ ਦੱਸਿਆ।

"ਹੱਲਾ ਬਈ, ਸੋਹਣਾ ਜੁਆਨ ਨਿੱਕਲਿਆਂ। ਕਿੱਧਰੋਂ ਆਇਆਂ?" ਠਾਕਰ ਸਿਹੁੰ ਨੇ ਵੀ ਸੁਆਲ ਕਰ ਦਿੱਤਾ।

"ਤਾਇਆ ਇਕ ਵੱਡੀ ਨੌਕਰੀ ਲਈ ਇੰਟਰਵਿਊ 'ਤੇ ਗਿਆ ਸੀ, ਅਫਸਰ ਨੇ ਤਿੰਨ ਸੁਆਲ ਪੁੱਛੇ ਸੀ, ਪਰ ਲੱਗਦੈ ਇਕੋ ਹੀ ਠੀਕ ਹੋਣੈ।"

"ਬਈ ਜੁਆਨਾ ਦੱਸ ਤਾਂ ਸਹੀ ਸੁਆਲ ਕਿਹੜੇ ਸੀ?"

"ਤਾਇਆ, ਉਹ ਤਾਂ ਪੜ੍ਹਿਆਂ-ਲਿਖਿਆਂ ਵਾਲੇ ਸੀ।"

"ਉਹ ਮੁੰਡਿਆ ਜੇ ਜ਼ਮਾਨਾ ਬਦਲ ਗਿਆ ਤਾਂ ਤੂੰ ਸਾਨੂੰ ਐਵੇਂ ਸਮਝਦੈਂ, ਤੂੰ ਦੱਸ ਤਾਂ ਸਹੀਂ ਸ਼ਾਇਦ ਅਸੀਂ ਜੁਆਬ ਦੇ ਦਈਏ।" ਠਾਕੁਰ ਸਿਹੁੰ ਨੇ ਦੋਨਾਂ ਹੱਥਾਂ ਨਾਲ ਖੂੰਡੀ 'ਤੇ ਭਾਰ ਦਿੰਦਿਆਂ ਕਿਹਾ।

"ਤਾਇਆ ਪਹਿਲਾ ਸੁਆਲ ਸੀ ਕਿ ਸੱਪ ਦੁੱਧ ਕਿਉਂ ਪੀਂਦਾ ਹੈ? ਦੂਜਾ ਸੁਆਲ ਸੀ, ਦੁਨੀਆਂ ਦੀ ਸਭ ਤੋਂ ਤੇਜ਼-ਤਰਾਰ, ਚੁਸਤ-ਫੁਰਤ ਬੱਚੀ ਕਿਹੜੀ ਹੈ? ਤੇ ਤੀਜਾ ਦੁਨੀਆਂ ਦਾ ਸਭ ਤੋਂ ਵੱਧ ਝੂਠ ਬੋਲਣ ਵਾਲਾ ਬਾਦਸ਼ਾਹ ਕਿਹੜਾ ਏ।"

"ਬਈ ਜੁਆਨਾ, ਦੋ ਸੁਆਲਾਂ ਦੇ ਜਵਾਬ ਤਾਂ ਮੇਰੇ ਕੋਲ ਹੈਗੇ ਆ, ਤੀਜੇ ਦਾ ਹੈਨੀ।" ਬਸੰਤ ਸਿਹੁੰ ਨੇ ਵੀ ਪੈਰਾਂ ਭਾਰ ਬੈਠੇ ਨੇ ਥੱਲਾ ਥੱਲੇ ਲਾ ਲਿਆ।

"ਚੱਲ ਤਾਇਆ ਦੱਸ ਫਿਰ।"

"ਸੱਪ ਖੁੱਡਾਂ 'ਚ ਜੰਗਲਾਂ 'ਚ ਰਹਿੰਦੈ। ਚੂਹੇ, ਸਿਉਂਕ, ਕੀੜੇ ਮਕੌੜੇ ਖਾਂਦੈ। ਫਿਰ ਦੁੱਧ ਉਹਦੀ ਖੁਰਾਕ ਕਿਵੇਂ ਹੋ ਸਕਦੈ? ਪਰ ਸੱਪ ਦੇ ਦੁੱਧ ਪੀਣ ਦੀ ਕਹਾਣੀ ਬੜੀ ਚਿਲਚਸਪ ਹੈ। ਬਈ ਕਾਕਾ ਇਕ ਬਾਦਸ਼ਾਹ ਦੀ ਕੁੜੀ ਤੇ ਗਰੀਬ ਘਰ ਦੇ ਮੁੰਡੇ ਦਾ ਪਿਆਰ ਹੋ ਗਿਆ। ਬਾਦਸ਼ਾਹ ਨੇ ਉਸ ਗਰੀਬ ਮੁੰਡੇ ਦਾ ਸਾਰਾ ਪਰਿਵਾਰ ਸ਼ਹਿਰੋਂ ਦੂਰ ਝੁੱਗੀਆਂ ਝੋਂਪੜੀਆਂ 'ਚ ਛੱਡ ਆਂਦਾ ਤੇ ਆਪਣੀ ਲੜਕੀ ਦਾ ਵਿਆਹ ਇਕ ਹੋਰ ਰਿਆਸਤ ਦੇ ਰਾਜੇ ਦੇ ਪੁੱਤ ਨਾਲ ਕਰਨ ਦਾ ਫੈਸਲਾ ਕਰ ਲਿਆ। ਜਿਸ ਦਿਨ ਵਿਆਹ ਸੀ, ਗਰੀਬ ਮੁੰਡੇ ਨੂੰ ਵੀ ਖਬਰ ਲੱਗ ਗਈ। ਰੱਜ ਕੇ ਖੂਬਸੂਰਤ ਮੁੰਡਾ ਪਿਆਰ 'ਚ ਹਾਰਿਆ ਹੋਣ ਕਰਕੇ ਉਦਾਸ ਮੂੰਹ ਲੈ ਕੇ, ਜਾਨ ਤਲੀ 'ਤੇ ਧਰ ਕੇ ਬਾਦਸ਼ਾਹ ਦੇ ਮਹਿਲਾਂ ਵੱਲ ਪੈਦਲ ਚੱਲ ਪਿਆ। ਰਸਤੇ 'ਚ ਜੰਗਲ ਨੂੰ ਅੱਗ ਲੱਗੀ ਹੋਈ ਸੀ ਤੇ ਅੱਗ 'ਚ ਇਕ ਅਜ਼ਗਰ ਫਸਿਆ ਹੋਇਆ ਸੀ। ਮੁੰਡੇ ਨੂੰ ਲੱਗਾ ਕਿ ਅਜ਼ਗਰ ਜਾਨ ਬਚਾਉਣ ਲਈ ਹੀਲੇ ਕਰ ਰਿਹਾ ਹੈ। ਉਹ ਅੱਗੇ ਵਧ ਕੇ ਅਜ਼ਗਰ ਨੂੰ ਬਾਹਰ ਕੱਢਣ ਦਾ ਯਤਨ ਕਰਨ ਲੱਗਾ ਤਾਂ ਉਹਨੇ ਐਸਾ ਫਰਾਟਾ ਮਾਰਿਆ ਕਿ ਰਾਜ ਕੁਮਾਰਾਂ ਵਰਗੇ ਗੱਭਰੂ ਨੂੰ ਸਾੜ ਕੇ ਸੁਆਹ ਵਰਗਾ ਕਰ ਦਿੱਤਾ। ਉਹ ਮੁੰਡਾ ਉਚੀ ਉਚੀ ਰੋਣ ਲੱਗ ਪਿਆ ਕਿ ਹੁਣ ਤਾਂ ਮੇਰੀ ਪ੍ਰੇਮਿਕਾ ਮੈਨੂੰ ਪਛਾਣੇਗੀ ਵੀ ਨਹੀਂ। ਅਜ਼ਗਰ ਹੱਸ ਪਿਆ ਤੇ ਕਹਿਣ ਲੱਗਾ, 'ਪੁੱਤਰਾ ਰੋ ਨਾ, ਮੈਂ ਜੋ ਕੀਤਾ ਚੰਗਾ ਕੀਤਾ। ਜਦੋਂ ਮੇਰੀ ਲੋੜ ਪਈ ਤਾਂ ਮੈਂ ਤੇਰੇ ਕੰਮ ਆਵਾਂਗਾ, ਫਿਰ ਤੂੰ ਖੁਸ਼ ਹੋਵੇਂਗਾ।' ਉਦਾਸ ਹੋਇਆ ਉਹ ਗੱਭਰੂ ਵਾਪਿਸ ਘਰ ਨੂੰ ਪਰਤ ਆਇਆ। ਉਧਰ ਰਾਜਕੁਮਾਰੀ ਦੇ ਵਿਆਹ ਦੀਆਂ ਰਸਮਾ ਮੁਕੰਮਲ ਹੋਈਆਂ। ਸੁਹਾਗ ਰਾਤ ਵੇਲੇ ਭਾਗਾਂ ਵਾਲੇ ਰਾਜ ਕੁਮਾਰ ਨੇ ਜਿਉਂ ਹੀ ਬੂਹਾ ਢੋਇਆ, ਅਜ਼ਗਰ ਨੇ ਡੱਸ ਲਿਆ, ਉਸ ਦੀ ਥਾਂਏਂ ਮੌਤ ਹੋ ਗਈ। ਰਾਜ ਕੁਮਾਰੀ ਡਰ ਨਾਲ ਪਾਗਲ ਹੋ ਗਈ। ਬੜਾ ਇਲਾਜ ਕਰਵਾਇਆ ਬਾਦਸ਼ਾਹ ਨੇ ਪਰ ਵੱਸਣ ਤੋਂ ਪਹਿਲਾਂ ਵਿਧਵਾ ਹੋਈ ਧੀ ਤੰਦਰੁਸਤ ਨਾ ਹੋਈ। ਇਕ ਸਿਆਣੇ ਫਕੀਰ ਕੋਲ ਲੈ ਕੇ ਗਏ ਤਾਂ ਉਸ ਨੇ ਕਿਹਾ ਕਿ ਇਸ ਲੜਕੀ ਨੂੰ ਅਜ਼ਗਰ ਦੀ ਕੁੰਜ ਦੁੱਧ 'ਚ ਭਿਉਂ ਕੇ ਉਸ ਦੁੱਧ ਨਾਲ ਨੁਹਾਓ। ਇਸੇ ਦੁੱਧ ਨੂੰ ਇਕ ਬਰਤਨ 'ਚ ਇਕੱਠਾ ਕਰਕੇ ਉਸੇ ਅਜ਼ਗਰ ਨੂੰ ਪਿਆਓ, ਜਿਸ ਦੀ ਇਹ ਕੁੰਜ ਹੋਵੇ। ਕੁੰਜ ਨੂੰ ਵੀ ਇਸ ਦਾ ਪ੍ਰੇਮੀ ਲੈ ਕੇ ਆਵੇ ਜਿਸ ਨਾਲ ਇਹ ਵਿਆਹ ਕਰਵਾਉਣਾ ਚਾਹੁੰਦੀ ਸੀ। ਧੀ ਦੀ ਖੁਸ਼ੀ ਲਈ ਬਾਦਸ਼ਾਹ ਨੇ ਸਾਰੇ ਅਸੂਲ ਛਿੱਕੇ ਟੰਗ ਦਿੱਤੇ। ਆਪਣੀ ਧੀ ਦੇ ਉਸ ਗਰੀਬ ਪ੍ਰੇਮੀ ਨੂੰ ਜਦੋਂ ਲੱਭਿਆ ਗਿਆ ਤਾਂ ਉਸ ਦਾ ਰੰਗ ਕਾਲਾ ਸੁਆਹ ਹੋ ਚੁੱਕਾ ਸੀ। ਸਾਰੀ ਵਿਥਿਆ ਉਸ ਨੌਜਵਾਨ ਨੂੰ ਸੁਣਾਈ ਗਈ। ਉਸ ਨੇ ਸੋਚਿਆ ਕਿ ਅਜ਼ਗਰ ਨੇ ਕਿਹਾ ਸੀ ਜਦੋਂ ਲੋੜ ਪਈ ਮੈਨੂੰ ਯਾਦ ਕਰੀਂ, ਮੈਂ ਤੇਰੇ ਕੰਮ ਆਵਾਂਗਾ। ਉਸ ਨੇ ਅੱਖਾਂ ਮੀਟ ਕੇ ਅਜ਼ਗਰ ਨੂੰ ਯਾਦ ਕੀਤਾ ਤਾਂ ਅਜ਼ਗਰ ਸਾਹਮਣੇ ਪ੍ਰਗਟ ਹੋ ਗਿਆ। ਪਲਾਂ ਛਿਣਾਂ 'ਚ ਆਪਣੀ ਕੁੰਜ ਉਤਾਰ ਦਿੱਤੀ ਤੇ ਨਾਲ ਹੀ ਅਜ਼ਗਰ ਬੋਲ ਪਿਆ,



'ਪੁੱਤਰਾ ਜਦੋਂ ਰਾਜਕੁਮਾਰੀ ਕੁੰਜ ਵਾਲੇ ਦੁੱਧ ਨਾਲ ਨਹਾ ਕੇ ਹਟੇ ਤਾਂ ਮੈਨੂੰ ਦੁੱਧ ਪਿਲਾਉਣ ਤੋਂ ਪਹਿਲਾਂ ਉਸ ਕੁੰਜ ਨਾਲ ਤੂੰ ਵੀ ਨਹਾ ਲਈਂ। ਤੂੰ ਪਹਿਲਾਂ ਨਾਲੋਂ ਵੀ ਖੂਬਸੂਰਤ ਹੋ ਜਾਵੇਂਗਾ।' ਤੇ ਹੋਇਆ ਵੀ ਇੰਜ ਹੀ। ਰਾਜਕੁਮਾਰੀ ਨੂੰ ਜਦੋਂ ਨੁਹਾਇਆ ਗਿਆ ਤਾਂ ਉਹ ਪਹਿਲਾਂ ਵਾਂਗ ਖਿੜ ਖਿੜ ਕੇ ਹੱਸਣ ਲੱਗ ਪਈ। ਆਪਣੇ ਪ੍ਰੇਮੀ ਦਾ ਕਾਲਾ ਚਿਹਰਾ ਦੇਖ ਕੇ ਉਦਾਸ ਹੋਈ। ਪਰ ਜਦੋਂ ਉਸੇ ਕੁੰਜ ਨਾਲ ਪ੍ਰੇਮੀ ਨੇ ਇਸ਼ਨਾਨ ਕੀਤਾ ਤਾਂ ਉਹ ਸੱਚੀਂ ਰਾਜਕੁਮਾਰ ਬਣ ਗਿਆ। ਅਜ਼ਗਰ ਫਿਰ ਪ੍ਰਗਟ ਹੋ ਗਿਆ। ਦੋਹਾਂ ਨੇ ਇੱਕਠਿਆਂ ਉਸ ਅਜ਼ਗਰ ਨੂੰ ਦੁੱਧ ਪਿਆਇਆ ਤਾਂ ਉਹ ਅਲੋਪ ਹੋ ਗਿਆ। ਇਉਂ ਗਰੀਬ ਘਰ ਦਾ ਪੁੱਤਰ ਬਾਦਸ਼ਾਹ ਦਾ ਜੁਆਈ ਬਣ ਗਿਆ। ਉਦੋਂ ਤੋਂ ਮੁਸੀਬਤ 'ਚ ਫਸੇ ਲੋਕ ਸੱਪ ਨੂੰ ਦੁੱਧ ਪਿਆਉਣ ਦੀ ਧਾਰਨਾ ਰੱਖਣ ਲੱਗ ਪਏ। ਇਹ ਪਰੰਪਰਾ ਯੁੱਗਾਂ ਤੋਂ ਚਲਦੀ ਆਈ ਹੈ।"

ਮੁਖਤਿਆਰ ਹੱਸ ਪਿਆ, "ਤਾਇਆ ਇਹ ਜੁਆਬ ਤਾਂ ਕੋਈ ਵੀ ਨਹੀਂ ਦੇ ਸਕਦਾ ਸੀ। ਪਰ ਹੁਣ ਮੇਰੇ ਦੂਜੇ ਸਵਾਲ ਦਾ ਵੀ ਜਵਾਬ ਦੇਹ।"

"ਲੈ ਫਿਰ ਉਹ ਵੀ ਸੁਣ ਜੁਆਨਾ। ਦੋ ਸਕੇ ਭਰਾ ਸਨ, ਇਕ ਅਮੀਰ ਤੇ ਇਕ ਗਰੀਬ। ਗਰੀਬ ਕੋਲ ਘੋੜੀ ਸੀ ਤੇ ਅਮੀਰ ਕੋਲ ਘੋੜਾ। ਦੋਵੇਂ ਲੰਬੇ ਸਫਰ 'ਤੇ ਨਿਕਲ ਗਏ। ਦੋਵੇਂ ਆਪੋ ਆਪਣੀਆਂ ਬੱਘੀਆਂ 'ਤੇ ਸਨ। ਰਾਤ ਪਈ ਤਾਂ ਦੋਵੇਂ ਆਰਾਮ ਕਰਨ ਲਈ ਲੇਟ ਗਏ। ਥਕੇਵੇਂ ਨਾਲ ਦੋਵਾਂ ਨੂੰ ਗੂੜ੍ਹੀ ਨੀਂਦ ਆ ਗਈ। ਰਾਤ ਵੇਲੇ ਗਰੀਬ ਭਰਾ ਦੀ ਘੋੜੀ ਸੂ ਪਈ। ਬਸ਼ੇਰਾ ਰੁੜ੍ਹ ਕੇ ਅਮੀਰ ਭਰਾ ਦੀ ਬੱਘੀ ਕੋਲ ਚਲਾ ਗਿਆ। ਸਵੇਰੇ ਅਮੀਰ ਭਰਾ ਉਠਿਆ ਤਾਂ ਖੁਸ਼ੀ 'ਚ ਕਿਲਕਾਰੀਆਂ ਮਾਰਨ ਲੱਗਾ। ਦੇਖ ਓ ਭਰਾਵਾ ਮੇਰੀ ਬੱਘੀ ਨੇ ਬਸ਼ੇਰਾ ਦਿੱਤਾ। ਗਰੀਬ ਭਰਾ ਕਹਿਣ ਲੱਗਾ, 'ਬਸ਼ੇਰਾ ਮੇਰੀ ਘੋੜੀ ਨੇ ਦਿੱਤਾ, ਬੱਘੀ ਬਸ਼ੇਰਾ ਨਹੀਂ ਦੇ ਸਕਦੀ।'

'ਜੇ ਤੇਰੀ ਘੋੜੀ ਨੇ ਬਸ਼ੇਰਾ ਦਿੱਤਾ ਹੁੰਦਾ ਤਾਂ ਇਹ ਉਹਦੇ ਕੋਲ ਹੁੰਦਾ, ਇਹ ਮੇਰੀ ਬੱਘੀ ਨੇ ਦਿੱਤਾ।' ਜ਼ੋਰਾਵਰ ਦਾ ਸੱਤੀਂ ਵੀਹੀਂ ਸੌ ਹੋਣ ਲੱਗਾ। ਮਾਮਲਾ ਅਦਾਲਤ ਵਿਚ ਚਲਾ ਗਿਆ। ਅਮੀਰ ਭਰਾ ਨੇ ਲਾਲ ਕੱਪੜਾ ਹਿਲਾਇਆ, ਜਿਹਦੇ ਲੜ ਨਾਲ ਕੁਝ ਬੰਨ੍ਹਿਆ ਹੋਇਆ ਸੀ। ਜੱਜ ਦੀ ਨੀਅਤ ਬਦਲ ਗਈ। ਜੱਜ ਨੇ ਦੋਵਾਂ ਭਰਾਵਾਂ ਨੂੰ ਕੋਲ ਬਿਠਾ ਕੇ ਚਾਰ ਬੁਝਾਰਤਾਂ ਪਾਈਆਂ, ਬਈ ਜਿਹੜਾ ਅਗਲੀ ਤਰੀਕ 'ਤੇ ਠੀਕ ਉਤਰ ਲੈ ਕੇ ਆਊ, ਬਸ਼ੇਰਾ ਉਹਦਾ। ਬੁਝਾਰਤਾਂ ਸਨ ਕਿ ਦੁਨੀਆਂ ਦੀ ਸਭ ਤੋਂ ਤਕੜੀ ਤੇ ਛੋਹਲੀ ਚੀਜ਼ ਕਿਹੜੀ ਹੈ? ਸਭ ਤੋਂ ਮੋਟਾ ਕੌਣ ਹੈ? ਸਭ ਤੋਂ ਕੂਲਾ ਕੌਣ ਹੈ? ਤੇ ਸਭ ਤੋਂ ਪਿਆਰੀ ਚੀਜ਼ ਕਿਹੜੀ ਹੈ? ਪੰਜ ਦਿਨ ਬਾਅਦ ਅਗਲੀ ਤਰੀਕ ਪਾ ਦਿੱਤੀ ਗਈ। ਅਗਲੀ ਤਰੀਕ 'ਤੇ ਅਮੀਰ ਭਰਾ ਨੇ ਜੱਜ ਨੂੰ ਬੁਝਾਰਤਾਂ ਦੇ ਉਤਰ ਦਿੱਤੇ ਕਿ ਸਭ ਤੋਂ ਤਕੜਾ ਤੇ ਛੋਹਲੀ ਚੀਜ਼ ਮੇਰਾ ਘੋੜਾ ਹੈ! ਸਭ ਤੋਂ ਮੋਟਾ ਸਾਡੇ ਘਰ 'ਚ ਪਲਿਆ ਸੂਰ ਹੈ, ਦੋ ਵਰ੍ਹਿਆਂ ਦਾ, ਆਪਣੇ ਪੈਰਾਂ 'ਤੇ ਖਲੋ ਨਹੀਂ ਸਕਦਾ! ਸਭ ਤੋਂ ਪਿਆਰਾ ਮੇਰਾ ਪੁੱਤਰ ਇਵਾਂਸ਼ੂ ਹੈ। ਜੱਜ ਹੱਸ ਪਿਆ, 'ਹੁਣ ਤੈਨੂੰ ਚੌਥੀ ਬੁਝਾਰਤ ਦਾ ਉਤਰ ਦੇਣ ਦੀ ਲੋੜ ਨਹੀਂ।'

ਗਰੀਬ ਭਰਾ ਦੀ ਵਾਰੀ ਆਈ। ਉਹਨੇ ਕਿਹਾ, 'ਜੱਜ ਸਾਹਿਬ ਦੁਨੀਆਂ ਦੀ ਸਭ ਤੋਂ ਤਕੜੀ ਤੇ ਛੋਹਲੀ ਚੀਜ਼ ਹੈ-ਹਵਾ, ਸਭ ਤੋਂ ਮੋਟੀ ਹੈ-ਧਰਤੀ ਜੋ ਬਨਸਪਤੀ ਨੂੰ ਪਾਲ ਰਹੀ ਹੈ, ਸਭ ਤੋਂ ਕੂਲੀ ਚੀਜ਼ ਹੈ-ਹੱਥ, ਸਭ ਤੋਂ ਪਿਆਰੀ ਚੀਜ਼ ਹੈ-ਨੀਂਦ।' ਜੱਜ ਗਰੀਬ ਭਰਾ ਦੇ ਉਤਰ ਸੁਣ ਕੇ ਸੁੰਨ ਹੋ ਗਿਆ ਤੇ ਕਹਿਣ ਲੱਗਾ, 'ਤੂੰ ਤਾਂ ਮੈਨੂੰ ਏਨਾ ਸਿਆਣਾ ਨਹੀਂ ਲੱਗਦਾ, ਮੈਨੂੰ ਦੱਸ ਤੈਨੂੰ ਇਹ ਜੁਆਬ ਕਿਹਨੇ ਦੱਸੇ ਨੇ?'

ਗਰੀਬ ਭਰਾ ਬੋਲਿਆ, 'ਜੱਜ ਸਾਹਿਬ, ਮੇਰੀ ਸੱਤ ਵਰ੍ਹਿਆਂ ਦੀ ਇਕ ਧੀ ਹੈ, ਇਹ ਸਾਰੇ ਉਤਰ ਉਸ ਨੇ ਮੈਨੂੰ ਦੱਸੇ ਨੇ।'

ਜੱਜ ਨੇ ਅਗਲਾ ਹੁਕਮ ਸੁਣਾਇਆ, 'ਜੇ ਤੇਰੀ ਧੀ ਏਨੀ ਸਿਆਣੀ ਹੈ ਤਾਂ ਉਹਨੂੰ ਆਖ ਕਿ ਮੇਰੇ ਲਈ ਇਕ ਮੀਟਰ ਧਾਗੇ ਦਾ ਤੌਲੀਆ ਬੁਣ ਕੇ ਲਿਆਵੇ।'

ਇਹ ਸੁਣ ਕੇ ਗਰੀਬ ਭਰਾ ਦੇ ਹੋਸ਼ ਉਡ ਗਏ। ਉਹ ਘਰ ਆ ਕੇ ਗੋਡਿਆਂ 'ਚ ਮੂੰਹ ਦੇ ਕੇ ਰੋਣ ਲੱਗ ਪਿਆ।

ਧੀ ਨੇ ਪੁੱਛਿਆ, 'ਬਾਪੂ ਰੋਂਦਾ ਕਿਉਂ ਐਂ?'

ਆਖਣ ਲੱਗਾ, 'ਧੀਏ ਇਸ ਬੁਝਾਰਤ ਦਾ ਉਤਰ ਤੇਰੇ ਕੋਲ ਵੀ ਕੋਈ ਨਹੀਂ ਹੋਣਾ, ਮੈਂ ਕੱਲ੍ਹ ਨੂੰ ਮੁਕੱਦਮਾ ਹਾਰ ਜਾਵਾਂਗਾ।'

'ਬਾਪੂ ਦੱਸ ਤਾਂ ਸਹੀ।'

'ਮੇਰੀਏ ਲਾਡਲੀਏ, ਜੱਜ ਨੇ ਕਿਹਾ ਕਿ ਮੇਰੇ ਲਈ ਇਕ ਮੀਟਰ ਧਾਗੇ ਦਾ ਤੌਲੀਆ ਬੁਣ ਕੇ ਲਿਆ।'

'ਬਾਪੂ ਆਹ ਫੜ੍ਹ ਝਾੜੂ ਦਾ ਤੀਲਾ ਤੇ ਜੱਜ ਨੂੰ ਆਖ ਕਿ ਇਹਦੀ ਖੱਡੀ ਬਣਾ ਕੇ ਦੇਵੇ ਤੇ ਫਿਰ ਮੈਂ ਉਹਨੂੰ ਤੌਲੀਆ ਬੁਣ ਕੇ ਦੇਵਾਂਗੀ।' ਅਗਲੇ ਦਿਨ ਜਦੋਂ ਗਰੀਬ ਭਰਾ ਨੇ ਜੱਜ ਨੂੰ ਇਹ ਉਤਰ ਦਿੱਤਾ ਤਾਂ ਜੱਜ ਫਿਰ ਹੱਸ ਪਿਆ, 'ਅੱਛਾ! ਤੇਰੀ ਧੀ ਏਨੀ ਸਿਆਣੀ ਐ? ਜਾਹ ਫਿਰ ਉਹਨੂੰ ਕਹਿ ਕੇ ਉਹ ਭਲਕੇ ਸਵੇਰੇ ਅਦਾਲਤ ਵਿਚ ਪੁੱਜੇ, ਨਾ ਨੰਗੀ, ਨਾ ਕੱਜੀ, ਨਾ ਪੈਦਲ, ਨਾ ਘੋੜੇ 'ਤੇ, ਨਾ ਸੁਗਾਤ ਲੈ ਕੇ ਆਵੇ, ਨਾ ਖਾਲੀ ਹੱਥ ਆਵੇ।'

ਉਦਾਸ ਚਿਹਰਾ ਲੈ ਕੇ ਗਰੀਬ ਭਰਾ ਫਿਰ ਘਰ ਪਰਤ ਆਇਆ। ਧੀ ਨੂੰ ਕਹਿਣ ਲੱਗਾ, 'ਲਾਡਲੀਏ ਹੁਣ ਆਪਣੀ ਬਸ ਐ।'

'ਤੂੰ ਦੱਸ ਤਾਂ ਸਹੀ ਬਾਪੂ, ਹੁਣ ਕੀ ਕਿਹਾ ਜੱਜ ਨੇ?'

ਜਦੋਂ ਬਾਪ ਨੇ ਜੱਜ ਦੇ ਨਵੇਂ ਸਵਾਲ ਦੱਸੇ ਤਾਂ ਧੀ ਖਿੜ ਖਿੜਾ ਕੇ ਹੱਸ ਪਈ ਤੇ ਕਹਿੰਦੀ, 'ਬਾਪੂ ਫਿਕਰ ਨਾ ਕਰ, ਮੈਂ ਤੇਰੇ ਨਾਲ ਸਵੇਰੇ ਅਦਾਲਤ ਵਿਚ ਪੇਸ਼ ਹੋਵਾਂਗੀ।'

ਅਗਲੀ ਸਵੇਰ ਕੁੜੀ ਨੇ ਕੱਪੜੇ ਉਤਾਰੇ, ਮੱਛੀਆਂ ਫੜਨ ਵਾਲਾ ਜਾਲ ਉਪਰ ਲਿਆ, ਹੱਥ ਵਿਚ ਬਟੇਰਾ ਫੜ ਲਿਆ ਤੇ ਖਰਗੋਸ਼ ਲੱਤਾਂ 'ਚ ਲੈ ਕੇ ਅਦਾਲਤ ਵੱਲ ਤੁਰ ਪਈ।

'ਆਹ ਥੋਡੇ ਲਈ ਸੁਗਾਤ ਏ ਜੱਜ ਸਾਹਿਬ।' ਜੱਜ ਬਟੇਰਾ ਫੜ੍ਹਨ ਹੀ ਲੱਗਾ ਸੀ ਕਿ ਉਹ ਉਡ ਗਿਆ। ਜੱਜ ਹੈਰਾਨ ਰਹਿ ਗਿਆ ਕਿ ਜਿਵੇਂ ਮੈਂ ਕਿਹਾ ਸੀ ਕੁੜੀ ਨੇ ਸਾਰਾ ਕੁਝ ਉਵੇਂ ਹੀ ਕੀਤਾ। ਕਹਿਣ ਲੱਗਾ, 'ਬਹੁਤ ਸਿਆਣੀਂ ਏ ਤੂੰ ਪਰ ਇਹ ਦੱਸ ਕਿ ਤੇਰਾ ਬਾਪ ਤਾਂ ਬਹੁਤ ਗਰੀਬ ਹੈ ਤੁਹਾਡੇ ਘਰ ਦਾ ਦਾਲ ਫੁਲਕਾ ਕਿਵੇਂ ਚੱਲਦਾ ਹੈ?'

'ਜੱਜ ਸਾਹਿਬ, ਮੇਰਾ ਪਿਓ ਦਰਿਆ ਵਿਚ ਜਾਲ ਨਹੀਂ ਲਾਉਂਦਾ, ਸੁੱਕੀ ਜ਼ਮੀਨ ਵਿਚੋਂ ਮੱਛੀਆਂ ਫੜ੍ਹਦਾ। ਮੱਛੀਆਂ ਮੈਂ ਘਰੇ ਲੈ ਆਉਂਦੀ ਆਂ ਤੇ ਇਨ੍ਹਾਂ ਦਾ ਉਹ ਸ਼ੋਰਬਾ ਬਣਾਉਂਦੀ ਹਾਂ ਕਿ ਜੇ ਤੂੰ ਵੀ ਇਕ ਘੁੱਟ ਭਰ ਲਵੇਂ ਤਾਂ ਤੇਰੀ ਵੀ ਰੂਹ ਨਸ਼ਿਆ ਜਾਵੇਗੀ।'

ਜੱਜ ਗੁੱਸੇ 'ਚ ਕੁਰਸੀ ਤੋਂ ਉਠ ਕੇ ਖੜਾ ਹੋ ਗਿਆ, 'ਵੱਡੀਏ ਸਿਆਣੀਏ, ਤੂੰ ਮੈਨੂੰ ਮੂਰਖ ਸਮਝਦੀ ਏਂ, ਮੱਛੀਆਂ ਪਾਣੀ 'ਚ ਹੁੰਦੀਆਂ ਨੇ ਮਿੱਟੀ 'ਚ ਨਹੀਂ।'

ਕੁੜੀ ਵੀ ਚੀਕ ਮਾਰ ਕੇ ਉਸੇ ਸੁਰ ਵਿਚ ਬੋਲੀ, 'ਤੇ ਫਿਰ ਵੱਡਿਆ ਸਿਆਣਿਆ ਬਸ਼ੇਰੇ ਘੋੜੀ ਦਿੰਦੀ ਹੈ, ਬੱਘੀ ਨਹੀਂ।' ਤੇ ਜੱਜ ਨੇ ਬਸ਼ੇਰਾ ਗਰੀਬ ਭਰਾ ਦੇ ਸਪੁਰਦ ਕਰ ਦਿੱਤਾ।"

ਬਸੰਤ ਸਿਹੁੰ ਵੀ ਉਚੀ ਉਚੀ ਹੱਸਣ ਲੱਗ ਪਿਆ ਤੇ ਕਹਿੰਦਾ, "ਬਈ ਜੁਆਨਾ ਤੂੰ ਤਾਂ ਪਤਾ ਨਹੀਂ ਆਪਣੀ ਨੌਕਰੀ ਲਈ ਕਿਹੜੇ ਉਤਰ ਦੇ ਆਇਐਂ ਪਰ ਠਾਕਰ ਨੇ ਕਮਾਲ ਕਰ'ਤੀ। ਇਸ ਤੋਂ ਵਧੀਆ ਉਤਰ ਨਹੀਂ ਹੋ ਸਕਦਾ। ਤੇ ਫਿਰ ਜੁਆਨਾ ਤੂੰ ਜਿਹੜਾ ਤੀਜਾ ਠੀਕ ਉਤਰ ਦੇ ਕੇ ਆਇਆਂ, ਉਹ ਸਾਨੂੰ ਵੀ ਦੱਸ ਜਾ ਕਿ ਦੁਨੀਆਂ ਦਾ ਸਭ ਤੋਂ ਝੂਠ ਬੋਲਣ ਵਾਲਾ ਬਾਦਸ਼ਾਹ ਕਿਹੜਾ ਹੈ?"

ਮੁਖਤਿਆਰ ਵੀ ਖਿੜ ਖਿੜਾ ਕੇ ਹੱਸ ਪਿਆ, "ਤਾਇਆ ਇਹ ਨਾਮ ਦੱਸਣ ਦੀ ਮੈਨੂੰ ਵੀ ਲੋੜ ਨਹੀਂ ਕਿਉਂਕਿ ਪਿਛਲੇ ਤਿੰਨ ਚਾਰ ਸਾਲਾਂ ਤੋਂ ਜਿੰਨੇ ਲੋਕ ਵੀ ਆਪਣੇ ਖਾਤਿਆਂ 'ਚ ਪੰਦਰਾਂ ਪੰਦਰਾਂ ਲੱਖ ਆਉਣ ਦੀ ਉਡੀਕ ਕਰ ਰਹੇ ਨੇ, ਉਨ੍ਹਾਂ ਸਾਰਿਆਂ ਨੂੰ ਈ ਪਤੈ ਕਿ ਬਾਦਸ਼ਾਹ ਝੂਠ ਕਿਹੜਾ ਬੋਲਦੈ?"

ਤੇ ਤਿੰਨੇ ਜਣੇ ਹੱਸਦੇ ਹੱਸਦੇ ਆਪੋ ਆਪਣੇ ਘਰਾਂ ਨੂੰ ਚਲੇ ਗਏ।

## ਨੋਕ-ਝੋਕ



**ਐਸ. ਅਸ਼ੋਕ ਭੌਰਾ**
**ਫੋਨ: 510-415-3315**

## ਸੰਪਾਦਕ ਦੀ ਡਾਕ

### ਰਮਤੇ ਦੀਆਂ ਰਮਜ਼ਾਂ

'ਪੰਜਾਬ ਟਾਈਮਜ਼' ਦੇ ਅੰਕ ਨੰਬਰ 39 ਵਿਚ ਸ. ਹਜ਼ਾਰਾ ਸਿੰਘ ਰਮਤਾ ਬਾਰੇ ਸ. ਹਰਦਿਆਲ ਸਿੰਘ ਥੂਹੀ ਦਾ ਵਿਸਥਾਰ ਭਰਪੂਰ ਲੇਖ ਪੜ੍ਹਿਆ। ਯਾਦਾਂ ਤਾਜ਼ਾ ਹੋ ਗਈਆਂ। ਇਕ ਵਾਰ ਅਸੀਂ ਉਨ੍ਹਾਂ ਨੂੰ ਪੰਜਾਬੀ ਕਲਚਰਲ ਸੁਸਾਇਟੀ, ਸ਼ਿਕਾਗੋ ਦੇ ਖੇਡ ਮੇਲੇ 'ਤੇ ਬੁਲਾਇਆ। ਜਦੋਂ ਪ੍ਰੋਗਰਾਮ ਲਈ ਤੂੰਬੀ ਸੁਰ ਕਰਨ ਲੱਗੇ ਤਾਂ ਉਨ੍ਹਾਂ ਨੂੰ ਘੋੜੀ ਨਾ ਲੱਭੀ। ਥੋੜ੍ਹੀ ਦੇਰ ਪ੍ਰੇਸ਼ਾਨ ਹੋਏ, ਫਿਰ ਕਹਿੰਦੇ, "ਠਹਿਰ ਜਾਓ।" ਉਨ੍ਹਾਂ ਬਟੂਆ ਕੱਢਿਆ, ਤੇ ਵਿਚੋਂ ਕ੍ਰੈਡਿਟ ਕਾਰਡ ਕੱਢ ਕੇ ਤਾਰ ਥੱਲੇ ਦੇ ਦਿੱਤਾ ਅਤੇ ਫਿਰ ਆਪਣੇ ਗੀਤਾਂ ਰਾਹੀਂ ਰਮਤੇ ਹੋਰੀਂ ਚਲੇ ਗਏ ਅਫਰੀਕਾ!

*-ਠਾਕਰ ਸਿੰਘ ਬਸਾਤੀ, ਸ਼ਿਕਾਗੋ*

### ਡਾ. ਅੰਬੇਦਕਰ ਬਾਰੇ ਲੇਖ

ਪਿਛਲੇ ਅੰਕ ਵਿਚ ਕਮਲਜੀਤ ਸਿੰਘ ਫਰੀਮਾਂਟ ਦਾ ਡਾ. ਅੰਬੇਦਕਰ ਬਾਰੇ ਲੇਖ ਪੜ੍ਹਿਆ ਜੋ ਬਹੁਤ ਹੀ ਜਾਣਕਾਰੀ ਭਰਪੂਰ ਸੀ। ਬਹੁਤ ਸਾਰੇ ਲੋਕ ਗਦਰੀ ਬਾਬਿਆਂ, ਬੱਬਰ ਅਕਾਲੀਆਂ ਅਤੇ ਆਜ਼ਾਦੀ ਲਹਿਰ ਦੇ ਹੋਰ ਸ਼ਹੀਦਾਂ ਦੀ ਕੁਰਬਾਨੀ ਨੂੰ ਭੁੱਲ ਕੇ ਡਾ. ਅੰਬੇਦਕਰ ਨੂੰ ਆਪਣਾ ਮਸੀਹਾ ਸਮਝ ਬੈਠੇ ਹਨ। ਜੇ ਦੇਸ਼ ਆਜ਼ਾਦ ਨਾ ਹੁੰਦਾ ਤਾਂ ਰਾਖਵਾਂਕਰਣ ਕਿਸ ਕੰਮ ਆਉਣਾ ਸੀ?

*-ਬਲਿਹਾਰ ਸਿੰਘ ਲੇਹਲ*

ਪੁਸਤਕ ਚਰਚਾ

# ਸਰੋਕਾਰਾਂ ਦੀ ਸਤਰੰਗੀ 'ਕਾਇਆ ਦੀ ਕੈਨਵਸ'

ਜਤਿੰਦਰ ਰੰਧਾਵਾ
ਫੋਨ: 647-982-2390

ਡਾ. ਗੁਰਬਖਸ਼ ਸਿੰਘ ਭੰਡਾਲ ਬਾਰੇ ਲਿਖਣਾ ਮੇਰੇ ਵਰਗੇ ਇਨਸਾਨ ਲਈ ਸੂਰਜ ਨੂੰ ਦੀਵਾ ਦਿਖਾਉਣ ਵਾਂਗ ਹੈ। 'ਕਾਇਆ ਦੀ ਕੈਨਵਸ' ਦੇ ਰੂਪ ਵਿਚ ਉਨ੍ਹਾਂ ਦੀ ਅਲੋਕਾਰੀ ਕਿਰਤ ਮੇਰੇ ਹੱਥਾਂ ਵਿਚ ਹੈ ਅਤੇ ਇਹ ਕਿਤਾਬ ਪੜ੍ਹਦਿਆਂ ਅਤੇ ਪੜ੍ਹਨ ਤੋਂ ਬਾਅਦ ਵਾਰ ਵਾਰ ਮੇਰੇ ਮਨ-ਅੰਤਰ ਵਿਚ ਇਹੀ ਖਿਆਲ ਉਭਰ ਕੇ ਆ ਰਿਹਾ ਹੈ ਕਿ 'ਕੀ ਵਾਰਤਕ ਇੰਜ ਵੀ ਲਿਖੀ ਜਾ ਸਕਦੀ ਹੈ?' ਵਿਗਿਆਨ ਅਤੇ ਸਾਹਿਤ ਦਾ ਇੰਨਾ ਸੋਹਣਾ ਸੁਮੇਲ, ਕਵਿਤਾ ਵਰਗੀ ਕੋਮਲਤਾ ਅਤੇ ਸੁਹਜ ਦਾ ਨਿਰੰਤਰ ਵਗਦਾ ਝਰਨਾ। ਜਿਵੇਂ ਜਿਵੇਂ ਮੈਂ 'ਕਾਇਆ ਦੀ ਕੈਨਵਸ' ਵਿਚਲੇ ਸੁਹਜ ਵਿਚ ਉਤਰਦੀ ਜਾਂਦੀ ਹਾਂ, ਤਿਵੇਂ ਤਿਵੇਂ ਇਸ ਵਿਚਲਾ ਸੋਹਜ, ਸੂਝ-ਬੂਝ, ਗਿਆਨ, ਰੂਹਾਨੀਅਤ, ਕਾਵਿ-ਰਸ ਅਤੇ ਉਭਰਵੀਂ ਸੁਰ ਵਿਚ ਵਿਗਿਆਨ ਮੈਨੂੰ ਕੀਲੀ ਜਾਂਦਾ ਹੈ। ਜਿਵੇਂ ਜਿਵੇਂ ਮੈਂ ਇਸ ਰਚਨਾ-ਵਸਤੂ ਦੀਆਂ ਰੰਗ-ਬਰੰਗੀਆਂ ਤੰਦਾਂ ਨੂੰ ਫੜ੍ਹਨ 'ਤੇ ਮਹਿਸੂਸ ਕਰਨ ਦੀ ਕੋਸ਼ਿਸ਼ ਕਰਦੀ ਹਾਂ, ਇਸ ਵਿਚਲਾ ਸ਼ਬਦ-ਸੰਗੀਤ ਅਤੇ ਗੂੜ-ਗਿਆਨ ਮੈਨੂੰ ਆਪਣੇ ਕਲਾਵੇ ਵਿਚ ਲੈਂਦਾ ਪ੍ਰਤੀਤ ਹੁੰਦਾ ਹੈ। ਅਜਿਹਾ ਅਲੋਕਾਰੀ ਅਨੁਭਵ ਮੈਨੂੰ ਪਹਿਲਾਂ ਕਦੇ ਨਹੀਂ ਸੀ ਹੋਇਆ ਕਿ ਕਿਸੇ ਕਿਤਾਬ ਬਾਰੇ ਮੈਨੂੰ ਕੁਝ ਲਿਖਣਾ ਪਵੇ ਤੇ ਮੇਰੇ ਕੋਲ ਸ਼ਬਦ ਹੀ ਨਾ ਹੋਣ ਅਤੇ ਮੈਨੂੰ ਆਪਣੀ ਸਮਰੱਥਾ 'ਤੇ ਸ਼ੱਕ ਜਿਹਾ ਹੋਣ ਲੱਗ ਪਵੇ।

ਵਿਗਿਆਨੀਆਂ ਅਤੇ ਰੂਹਾਨੀਅਤ ਨਾਲ ਸਰੋਬਾਰ ਮਾਹਿਰਾਂ ਲਈ ਭਾਵੇਂ ਇਹ ਪੁਸਤਕ ਮੇਰੀ ਸਮਝ ਨਾਲੋਂ ਵੱਖਰੀ ਹੋਵੇ ਜਾਂ ਸੁਖਾਲੀ ਪਕੜ ਵਿਚ ਆ ਜਾਣ ਵਾਲੀ ਹੋਵੇ, ਪਰ ਮੇਰੀ ਜਾਚੇ ਇਹ ਆਪਣੀ ਕਿਸਮ ਦੀ ਪਹਿਲੀ ਅਲੋਕਾਰੀ ਰਚਨਾ ਹੈ ਜਿਸ ਵਿਚ ਵਾਰਤਕ, ਵਿਗਿਆਨ, ਕਵਿਤਾ, ਧਰਮ, ਲੋਕ-ਸਾਹਿਤ ਅਤੇ ਫਿਲਾਸਫੀ ਦਾ ਇੰਦਰ-ਧਨੁਸ਼ੀ ਸੁਮੇਲ ਹੈ ਜੋ ਪੰਜਾਬੀ ਸਾਹਿਤ ਨੂੰ ਆਪਣੀ ਸਤਰੰਗੀ ਆਭਾ ਨਾਲ ਸ਼ਰਸਾਰ ਕਰ ਦੇਵੇਗਾ।

ਮੈਂ ਗੁਰਬਖਸ਼ ਸਿੰਘ ਭੰਡਾਲ ਨੂੰ ਹਾਲੇ ਦੋ ਕੁ ਵਾਰ ਹੀ ਮਿਲੀ ਹਾਂ ਅਤੇ ਉਹ ਵੀ ਸਮਾਗਮ ਦੌਰਾਨ ਕੇਵਲ ਚਾਰ-ਪੰਜ ਮਿੰਟ ਲਈ। ਪਰ ਇੰਨੇ ਸਮੇਂ ਵਿਚ ਹੀ ਉਨ੍ਹਾਂ ਦੀ ਵਿਦਵਤਾ, ਸ਼ਾਂਤ ਤੇ ਨਿੱਘਾ ਸੁਭਾਅ, ਸ਼ਬਦਾਂ 'ਤੇ ਉਨ੍ਹਾਂ ਦੀ ਪਕੜ ਅਤੇ ਸਾਹਿਤਕ ਅਮੀਰੀ ਨੇ ਮੇਰੇ ਉਪਰ ਡੂੰਘਾ ਪ੍ਰਭਾਵ ਸਿਰਜਿਆ ਹੈ। ਉਨ੍ਹਾਂ ਦਾ ਉਤਮ ਕਿਰਦਾਰ, ਉਚੇ ਵਿਚਾਰ, ਸੁੱਚਾ ਵਿਹਾਰ ਅਤੇ ਵਿਗਿਆਨ ਤੇ ਸਾਹਿਤ ਪ੍ਰਤੀ ਉਨ੍ਹਾਂ ਦੀ ਦ੍ਰਿੜ ਲਗਨ ਹਰ ਇਕ 'ਤੇ ਸਹਿਜੇ ਹੀ ਅਨੂਠਾ ਪ੍ਰਭਾਵ ਛੱਡਦੀ ਹੈ। ਇਹੀ ਕੁਝ ਉਨ੍ਹਾਂ ਦੀ ਲੇਖਣੀ ਤੋਂ ਪ੍ਰਤੱਖ ਹੁੰਦਾ ਹੈ। ਪੁਸਤਕ 'ਕਾਇਆ ਦੀ ਕੈਨਵਸ' ਉਨ੍ਹਾਂ ਦੀਆਂ ਹੁਣ ਤੱਕ ਦੀਆਂ ਰਚੀਆਂ ਪੁਸਤਕਾਂ (ਵਾਰਤਕ, ਕਵਿਤਾ, ਸਫਰਨਾਮਾ) ਵਿਚੋਂ ਸਿਖਰਲੀ ਪੱਧਰ 'ਤੇ ਹੈ। ਨਾ ਕੇਵਲ ਉਨ੍ਹਾਂ ਦੀਆਂ ਰਚਨਾਵਾਂ ਵਿਚੋਂ, ਸਗੋਂ ਇਹ ਵੀ ਕਿਹਾ ਜਾ ਸਕਦਾ ਹੈ ਕਿ ਸਾਹਿਤ ਵਿਗਿਆਨ ਦੇ ਸੋਹਣੇ ਸੁਮੇਲ ਦੀ ਇਹ ਪੰਜਾਬੀ ਸਾਹਿਤ ਦੀ ਸਿਖਰ ਹੈ।

ਡਾ. ਭੰਡਾਲ ਨੇ ਮਨੁੱਖੀ ਕਾਇਆ ਦੇ ਸਾਰੇ ਅੰਗਾਂ ਤੇ ਉਨ੍ਹਾਂ ਦੀ ਉਪਯੋਗਤਾ ਦਾ ਇਸ ਖੂਬਸੂਰਤੀ ਨਾਲ ਵਰਣਨ ਕੀਤਾ ਹੈ ਕਿ ਪਾਠਕ ਦੀ ਪੁਸਤਕ ਪੜ੍ਹਨ ਦੀ ਜਗਿਆਸਾ ਹੋਰ ਵਧਦੀ ਜਾਂਦੀ ਹੈ। ਉਨ੍ਹਾਂ ਇਸ ਪੁਸਤਕ ਵਿਚ ਜਿਥੇ ਸਮੂਹ ਅੰਗਾਂ ਦੀ ਕਾਰਗੁਜ਼ਾਰੀ ਦਾ ਵੱਖੋ-ਵੱਖਰੇ ਨਜ਼ਰੀਏ ਤੋਂ ਵਰਣਨ ਕੀਤਾ ਹੈ, ਉਥੇ ਰੂਹ ਅਤੇ ਸਰੀਰ ਦੇ ਰੂਹਾਨੀਅਤ ਸੁਮੇਲ ਦੀ ਗੱਲ ਵੀ ਬਹੁਤ ਸੋਹਣੀ ਤਰ੍ਹਾਂ ਕੀਤੀ ਹੈ। ਇਕ ਪਲ ਵਿਚ ਉਹ ਸਰੀਰਕ ਵਿਸ਼ੇਸ਼-ਅੰਗ ਦੀ ਗੱਲ ਕਰਦਿਆਂ, ਉਸ ਦੀ ਉਪਯੋਗਤਾ ਦੀ ਸਧਾਰਨ ਅਵਸਥਾ ਤੋਂ ਲੈ ਕੇ ਕਦੋਂ ਧਰਮ-ਸ਼ਾਸਤਰ, ਲੋਕ-ਸ਼ਾਸਤਰ ਅਤੇ ਗਿਆਨ-ਸ਼ਾਸਤਰ ਨਾਲ ਜੋੜ ਦਿੰਦੇ ਹਨ, ਪਤਾ ਹੀ ਨਹੀਂ ਲੱਗਦਾ। ਪਾਠਕ ਸੋਚਦਾ ਹੀ ਰਹਿ ਜਾਂਦਾ ਹੈ ਕਿ ਵਿਗਿਆਨ ਐਨਾ ਖੂਬਸੂਰਤ ਵੀ ਹੋ ਸਕਦਾ ਹੈ! ਸਾਡੀ ਕਾਇਆ ਵਿਚ ਬਿਰਾਜਮਾਨ ਅੰਗ ਅਹਿਮ ਤਾਂ ਹਨ ਪਰ ਉਨ੍ਹਾਂ ਦੀ ਮਹੱਤਤਾ ਜੀਵਨ ਦੇ ਹਰ ਪੱਖ ਵਿਚ ਕਿਵੇਂ ਵਿਸ਼ੇਸ਼ ਹੈ, ਭਾਵੇਂ ਉਹ ਭੌਤਿਕ, ਮਨੋਵਿਗਿਆਨਕ ਜਾਂ ਅਹਿਸਾਸ ਪੱਧਰ 'ਤੇ ਹੋਵੇ ਜਾਂ ਰੂਹਾਨੀਅਤ ਤੇ ਧਾਰਮਿਕ ਸੰਦਰਭ ਵਿਚ ਹੋਵੇ, ਉਨ੍ਹਾਂ ਦਾ ਵਿਸ਼ਲੇਸ਼ਣ ਕਮਾਲ ਦਾ ਹੈ। ਮਿਸਾਲ ਵਜੋਂ ਡਾ. ਭੰਡਾਲ 'ਸਿਰ-ਸਿਹਰਾ' ਵਿਚ ਕਾਇਆ ਦੇ ਸਿਰਮੌਰ ਅੰਗ ਦੀ ਮਹੱਤਤਾ ਦਾ ਵਿਸ਼ਲੇਸ਼ਣ ਕਰਦਿਆਂ ਕਦੋਂ ਉਸ ਨੂੰ ਸਮਾਜਿਕ ਆਦਰਸ਼ ਨਾਲ ਜੋੜ ਦਿੰਦੇ ਹਨ ਅਤੇ ਚਿੰਤਨ, ਸਾਹਿਤ, ਵਿਗਿਆਨ ਤੇ ਸੂਝਬੂਝ ਕਦੋਂ ਇਕਮਿਕ ਹੋ ਜਾਂਦੇ ਹਨ, ਪਤਾ ਹੀ ਨਹੀਂ ਲੱਗਦਾ। ਇਹ ਵਾਰਤਕ ਨਮੂਨਾ ਉਨ੍ਹਾਂ ਦੀ ਇਸ ਜੁਗਤ ਦੀ ਪ੍ਰਤੱਖ ਮਿਸਾਲ ਹੈ;


"ਕਲੇ 'ਕਲੇ ਸਿਰਾਂ ਨੂੰ ਕੌਣ ਪੁੱਛਦਾ? ਪਰ ਜਦ ਸਿਰ, ਸਿਰਾਂ ਨਾਲ ਜੁੜ ਕੇ ਸੋਚ, ਸਲਾਹ, ਸਦਭਾਵਨਾ ਅਤੇ ਸਮਰਪਣ ਲਈ ਪ੍ਰਤੀਬੱਧ ਹੋ, ਅਕੀਦੇ ਦੀ ਪੂਰਨਤਾ ਲਈ ਕਸਮ ਬਣਦੇ ਤਾਂ ਲੋਕ-ਲਹਿਰ ਰਾਹੀਂ ਨਵੇਂ ਸਮਾਜ, ਕੌਮ ਜਾਂ ਸਭਿਅਤਾ ਦੀ ਪਹਿਲੀ ਪਉੜੀ ਬਣਦੇ। ਨਸਲਾਂ ਅਤੇ ਨੀਂਹਾਂ ਸੰਦਲੀ ਰੰਗ ਵਿਚ ਰੰਗੀਆਂ ਜਾਂਦੀਆਂ।"

ਉਨ੍ਹਾਂ ਦੀ ਸ਼ੈਲੀ ਕਾਵਿਕ ਹੈ। ਵਾਰਤਕ ਕਵਿਤਾ ਦਾ ਭੁਲੇਖਾ ਪਾਉਂਦੀ ਜਾਪਦੀ ਹੈ। ਸ਼ਬਦ ਅਲੌਕਿਕ ਹਨ। ਚਾਰ-ਚੁਫੇਰੇ ਰੰਗ ਘੋਲਦੇ ਪ੍ਰਤੀਤ ਹੁੰਦੇ ਹਨ। ਵਿਦਵਤਾ ਦਾ ਖਜ਼ਾਨਾ ਡਾ. ਭੰਡਾਲ ਆਪਣੀ ਵਾਰਤਕ ਵਿਚ ਅਰਥਾਂ ਦੀਆਂ ਅਨੰਤ ਸੰਭਾਵਨਾਵਾਂ ਸਿਰਜਦੇ ਪ੍ਰਤੀਤ ਹੁੰਦੇ ਹਨ। ਜਿਵੇਂ ਉਹ ਆਪ ਬੋਲਦੇ ਹਨ, ਉਂਜ ਹੀ ਉਨ੍ਹਾਂ ਦੀ ਵਾਰਤਕ ਆਪ ਮੁਹਾਰੇ ਸੰਵਾਦ ਰਚਾਉਂਦੀ ਹੈ। ਸ਼ਬਦਾਂ ਅਤੇ ਵਾਕ ਬਣਤਰ ਦੀ ਅਮੀਰੀ ਖਾਸ ਉਨ੍ਹਾਂ ਦੇ ਹੀ ਹਿੱਸੇ ਆਈ ਹੈ। ਮਿਸਾਲ ਵਜੋਂ ਵਾਰਤਕ ਟੋਟਾ ਪੇਸ਼ ਹੈ:

"ਜਦ ਕੋਈ ਜੋਰਾਵਰ ਧੀ-ਭੈਣ ਦੀ ਇੱਜਤ ਸ਼ੱਰ੍ਹੇਆਮ ਨੀਲਾਮ ਕਰੇ, ਸੱਤਾਂ ਪਰਦਿਆਂ ਵਿਚ ਲਪੇਟੀ ਪੱਤ ਚੌਗਿਰਦੇ ਵਿਚ ਬੇ-ਪਰਦ ਹੋ ਜਾਵੇ ਜਾਂ ਆਪਣੇ ਹੀ ਹਿੱਕ ਵਿਚ ਖੁੱਭਿਆ ਕਬਰੀ-ਕਿੱਲ ਬਣ ਜਾਣ ਤਾਂ ਨੱਕ ਆਪਣੀ ਸਮਾਜਿਕ ਹੋਂਦ ਤੇ ਪਹਿਚਾਣ ਨੂੰ ਕੋਸਦਾ, ਆਪਣੀ ਮੌਤੇ ਖੁਦ ਮਰ ਜਾਂਦਾ।"

ਇਸ ਪੁਸਤਕ ਵਿਚਲੀ ਵਾਰਤਕ-ਸ਼ੈਲੀ ਜਿਥੇ ਸਰੀਰਕ ਵਿਗਿਆਨ ਦੀਆਂ ਗੁੱਝੀਆਂ ਪਰਤਾਂ ਖੋਲ੍ਹਦੀ ਜਾਂਦੀ ਹੈ, ਉਥੇ ਰਚਨਹਾਰੇ ਦੀ ਸਿਰਜੀ ਕਾਇਆ ਅਤੇ ਬਹੁਪੱਖੀ ਪਸਾਰੇ ਦੀ ਬਾਤ ਵੀ ਨਾਲੋ-ਨਾਲ ਪਾਈ ਜਾਂਦੀ ਹੈ। ਜਿਥੇ ਸਰੀਰਕ ਵਿਗਿਆਨ ਰਾਹੀਂ ਸਮੁੱਚੇ ਸਰੀਰ ਦੀ ਕਾਰਜਸ਼ੀਲਤਾ ਦਾ ਸੋਹਣਾ ਵਿਸਥਾਰ ਪੇਸ਼ ਕੀਤਾ ਗਿਆ ਹੈ, ਉਥੇ ਕਰਤੇ ਦੀਆਂ ਗੁੱਝੀਆਂ ਦਾਤਾਂ ਦਾ ਕਾਵਿ-ਮਈ ਅਤੇ ਰੂਹਾਨੀ ਉਸਤਤ ਗਾਥਾ ਵੀ ਬਾਖੂਬੀ ਪੇਸ਼ ਕੀਤੀ ਗਈ ਹੈ:

"ਕੁਦਰਤ ਵੀ ਅਜੀਬ ਏ ਅਤੇ ਅਜ਼ਬ ਏ ਮਨੁੱਖ ਦੀ ਸਰੀਰਕ ਬਣਤਰ। ਦੋ ਅੱਖਾਂ, ਦੋ ਕੰਨ, ਦੋ ਹੱਥ ਅਤੇ ਦੋ ਪੈਰਾਂ ਦੀ ਸੌਗਾਤ, ਮਨੁੱਖ ਦੀ ਝੋਲੀ ਪਾਉਣ ਵਾਲੀ ਕੁਦਰਤ ਨੇ ਸਿਰਫ ਇਕ ਮੂੰਹ ਅਤੇ ਇਕ ਹੀ ਜ਼ੁਬਾਨ ਦਿੱਤੀ ਏ ਤਾਂ ਕਿ ਮਨੁੱਖ ਵੱਧ ਦੇਖੇ, ਜ਼ਿਆਦਾ ਸੁਣੇ, ਰੱਜ ਕੇ ਕਾਰ ਕਰੇ, ਸਾਬਤ ਕਦਮੀਂ ਮੰਜ਼ਿਲਾਂ ਦੀ ਪੈੜ ਸਿਰਜੇ ਪਰ ਇਕ ਮੂੰਹ ਹੋਣ ਕਾਰਨ ਘੱਟ ਖਾਵੇ ਤੇ ਇਕ ਜ਼ੁਬਾਨ ਹੋਣ ਕਾਰਨ ਸੋਚ-ਸਮਝ ਕੇ ਘੱਟ ਪਰ ਸੰਤੁਲਤ ਬੋਲੇ। ਕੁਦਰਤ ਨੇ ਚਿਰ-ਸੰਜੀਵਤਾ ਅਤੇ ਸੁੰਦਰ ਜੀਵਨ-ਜਾਚ ਦਾ ਰਾਜ਼, ਸੁਚੇਤ ਰੂਪ ਵਿਚ ਮਨੁੱਖ ਦੀ ਝੋਲੀ ਵਿਚ ਬਖਸ਼ਿਸ਼ ਕੀਤਾ ਹੈ। ਲੋੜ ਸਿਰਫ ਮਨੁੱਖ ਨੂੰ ਸਮਝਣ ਦੀ ਹੈ।" (ਪੰਨਾ 25)




'ਕਾਇਆ ਦੀ ਕੈਨਵਸ' ਵਿਚ ਲੇਖਕ ਗਲਪ ਅਤੇ ਤੱਥ ਦੀਆਂ ਸੀਮਾਵਾਂ ਨੂੰ ਤੋੜਦਾ ਪ੍ਰਤੀਤ ਹੁੰਦਾ ਹੈ। ਵਿਗਿਆਨ ਅਤੇ ਗਲਪ ਇਕ ਹੁੰਦੇ ਜਾਪਦੇ ਹਨ। ਉਹ ਨਿਰਾ ਸ਼ਬਦਾਂ ਦਾ ਮਾਇਆ ਜਾਲ ਹੀ ਨਹੀਂ ਸਿਰਜਦਾ ਸਗੋਂ ਤਰਕ ਅਤੇ ਦਲੀਲ ਰਾਹੀਂ ਸਿੱਧ ਵੀ ਕਰਦਾ ਹੈ। ਕਦੀ ਕਦੀ ਤਾਂ ਵਿਦਵਤਾ ਅਤੇ ਬੌਧਿਕਤਾ ਦੇ ਸਿਖਰ ਵਿਚੋਂ ਵਿਚਰਦੀ ਇਹ ਪੁਸਤਕ ਇਕ ਵਾਰਤਕ ਪੁਸਤਕ ਦੇ ਨਾਲ ਨਾਲ ਇਕ ਗਾਈਡ ਜਾਪਣ ਲੱਗ ਪੈਂਦੀ ਹੈ। ਲੇਖਕ ਆਪਣੀ ਇਸ ਅਦਭੁੱਤ ਅਤੇ ਮਨਮੋਹਣੀ ਸ਼ੈਲੀ ਕਾਰਨ ਵਰਤਮਾਨ ਅਤੇ ਅਤੀਤ ਦੇ ਲੇਖਕਾਂ ਤੇ ਸਾਹਿਤਕਾਰਾਂ ਨਾਲੋਂ ਵੱਖਰੀ ਅਤੇ ਨਿਵੇਕਲੀ ਸ਼੍ਰੇਣੀ ਵਿਚ ਆ ਖੜ੍ਹਾ ਹੁੰਦਾ ਹੈ। 'ਕਾਇਆ ਦੀ ਕੈਨਵਸ' ਉਸ ਨੂੰ ਦੂਜੇ ਸਾਹਿਤਕਾਰਾਂ ਨਾਲੋਂ ਵੱਖਰਾ ਸਥਾਪਤ ਕਰਦੀ ਹੈ।

ਇਸ ਪੁਸਤਕ ਵਿਚ ਗੁਰਬਾਣੀ ਅਤੇ ਗੁਰ-ਇਤਿਹਾਸ ਵਿਚੋਂ ਲਏ ਗਏ ਦ੍ਰਿਸ਼ਟਾਂਤ ਤੇ ਹਵਾਲੇ ਸਾਨੂੰ ਜਿਥੇ ਸਿੱਖ ਵਿਰਸੇ, ਗੁਰੂ ਸਾਹਿਬਾਨ ਦੀ ਜੀਵਨ-ਜਾਚ ਨਾਲ ਜੋੜਦੇ ਹਨ, ਉਥੇ ਲੋਕ ਆਦਰਸ਼, ਸਮਾਜਿਕ ਯਥਾਰਥ ਅਤੇ ਆਮ ਜੀਵਨ ਦੀ ਕਾਰਜ ਸ਼ੈਲੀ ਨਾਲ ਵੀ ਜੋੜੀ ਰੱਖਦੇ ਹਨ। ਇਸ ਪੁਸਤਕ ਵਿਚੋਂ ਨਿਕਲਦੀਆਂ ਸਾਕਾਰਾਤਮਕ ਤਰੰਗਾਂ ਜਿਥੇ ਸਾਨੂੰ ਸਰੀਰਕ ਗਿਆਨ-ਵਿਗਿਆਨ ਨਾਲ ਜੋੜਦੀਆਂ ਹਨ, ਉਥੇ ਉਨ੍ਹਾਂ ਨੂੰ ਸਮਝਣ ਅਤੇ ਉਨ੍ਹਾਂ ਤੋਂ ਯਥਾਯੋਗ ਕੰਮ ਲੈਣ ਭਾਵ ਅਸਲੀ ਮਨੋਰਥ ਨਾਲ ਵੀ ਜੋੜਦੀਆਂ ਹਨ। ਇਹ ਪੁਸਤਕ ਬਹੁਤ ਵਿਸਥਾਰ ਨਾਲ ਸਾਡੇ ਮੈਟਾਫਿਜ਼ੀਕਲ ਮਨ ਅਤੇ ਸਰੀਰ ਤੋਂ ਜਾਣੂ ਕਰਵਾਉਂਦੀ ਹੈ।

ਹੇਠ ਲਿਖਿਆ ਵਾਰਤਕ ਟੁੱਕੜਾ 'ਮਨ' ਸਿਰਲੇਖ ਅਧੀਨ ਆਏ ਵਿਚਾਰਾਂ ਦੀ ਪੇਸ਼ਕਾਰੀ ਕਰਦਾ ਉਤਮ ਨਮੂਨਾ ਕਿਹਾ ਜਾ ਸਕਦਾ ਹੈ। ਇਸ ਵਿਚ ਗੁਰੂ ਅਮਰ ਦਾਸ ਜੀ ਵਲੋਂ ਆਖੇ ਗਏ ਬੋਲਾਂ ਦੁਆਰਾ ਲੇਖਕ ਧਰਮ-ਸ਼ਾਸ਼ਤਰ ਰਾਹੀਂ ਮਨ ਨੂੰ ਰਾਹੇ ਪਾਉਣ ਦੀ ਜਾਚ ਦੱਸਦਾ ਪ੍ਰਤੀਤ ਹੁੰਦਾ ਹੈ, "ਗੁਰੂ ਅਮਰ ਦਾਸ ਜੀ ਦੇ ਪੰਡਿਤ ਬੇਣੀ ਨਾਮੇ ਨੂੰ ਆਖੇ ਬੋਲ 'ਇਹ ਮਨ ਗਿਰਹੀ ਕਿ ਇਹ ਮਨ ਉਦਾਸੀ॥ ਕਿ ਇਹ ਮਨ ਅਵਗੁਨ ਸਦਾ ਅਵਿਨਾਸੀ॥ ਕਿ ਇਹ ਮਨ ਚੰਚਲ ਕਿ ਇਹ ਮਨ ਬੈਰਾਗ॥ ਇਸ ਮਨ ਕਉ ਮਮਤਾ ਕਿਥਹੁ ਲਾਗੀ॥ ਪੰਡਿਤ ਇਸ ਮਨ ਕਾ ਕਰਹੁ ਬੀਚਾਰ॥ ਅਵਰੁ ਕਿ ਬਹੁਤਾ ਪੜਹਿ ਉਠਾਵਹਿ ਡਾਰ॥' ਪੰਡਿਤ ਬੇਣੀ ਦੇ ਮਨ ਦੀ ਸੂਖਮਤਾ ਫਰੋਲਦੇ, ਹਰੇਕ ਮਨੁੱਖ ਦੇ ਹੰਕਾਰੇ ਮਨ 'ਤੇ ਕਾਬੂ ਪਾਉਣ ਦੀ ਸਿੱਖਿਆ ਦਿੰਦੇ ਹਨ।"

ਡਾ. ਭੰਡਾਲ ਦਰਸ਼ਨ-ਸ਼ਾਸਤਰ ਰਾਹੀਂ ਮਨ ਦੀ ਚੰਚਲ ਬਿਰਤੀ ਦੀ ਤਰਜ਼ਮਾਨੀ ਕਰਦੇ, ਕਿੰਨਾ ਸੋਹਣਾ ਲਿਖਦੇ ਹਨ, "ਮਨ-ਮਾਰਗ 'ਤੇ ਤੁਰਨਾ ਸਭ ਤੋਂ ਸਹਿਲ ਅਤੇ ਸਭ ਤੋਂ ਕਠਿਨ ਵੀ। ਮਨ-ਬੀਹੀ ਵਿਚ ਸੁਰਤਾਲ ਵੱਜੇ ਤਾਂ ਇਸ ਨੂੰ ਖੰਭ ਲੱਗ ਜਾਂਦੇ, ਹੂਕ ਸੁਣੇ ਤਾਂ ਗੁੰਮ-ਸੁੰਮ ਹੋ ਜਾਂਦਾ, ਹੁਲਾਸ ਵਿਚ ਹੋਵੇ ਤਾਂ ਧਰਤ ਤੇ ਅੰਬਰ ਨੂੰ ਇਕਸਾਰ ਕਰ ਜਾਂਦਾ, ਖੁਸ਼ੀ ਵਿਚ ਖੀਵਾ ਹੋਵੇ ਤਾਂ ਜੀਵਨ-ਰਾਹਾਂ ਵਿਚ ਕੇਸਰ ਛਿੜਕ ਜਾਂਦਾ।"

ਭੰਡਾਲ ਸਾਹਿਬ ਜਿਥੇ ਵਧੀਆ ਵਾਰਤਕਕਾਰ ਹਨ, ਉਥੇ ਬਿਹਤਰੀਨ ਕਵੀ ਵੀ ਹਨ, ਇਸੇ ਕਰਕੇ ਉਨ੍ਹਾਂ ਦੀ ਵਾਰਤਕ ਵੀ ਵਾਕ-ਸੁਹਜ ਖਿਲਾਰਦੀ ਪ੍ਰਤੀਤ ਹੁੰਦੀ ਹੈ। ਉਨ੍ਹਾਂ ਨੂੰ ਸ਼ਬਦਾਂ ਅਤੇ ਵਾਕਾਂ ਨੂੰ ਸੋਹਣੀ ਤੇ ਆਕਰਸ਼ਕ ਤਰਤੀਬ ਵਿਚ ਜੋੜਨਾ ਆਉਂਦਾ ਹੈ। ਅੱਖਰਾਂ ਦੇ ਅੱਖਰ ਉਨ੍ਹਾਂ ਦੇ ਹੱਥਾਂ ਵਿਚੋਂ ਕਿਰ ਕਿਰ ਪੈਂਦੇ ਹਨ ਅਤੇ ਮੋਤੀਆਂ ਵਾਂਗ ਸ਼ਬਦ-ਮਾਲਾ ਜੜੀ-ਮੜੀ ਜਾਂਦੇ ਹਨ ਜੋ ਪੁਸਤਕ ਦੇ ਚੌਖਟੇ ਵਿਚ ਗਹਿਣਿਆਂ ਵਾਂਗ ਸੱਜਦੀ ਹੈ। ਵਾਰਤਕ ਨੂੰ ਰਸੀਲਾ ਬਣਾਉਣ ਲਈ ਉਹ ਸੂਫੀਆਂ, ਦਰਵੇਸ਼ਾਂ, ਗੁਰੂਆਂ, ਪੀਰਾਂ, ਵਿਗਿਆਨੀਆਂ, ਸੂਰਮਿਆਂ ਤੇ ਸ਼ਹੀਦਾਂ ਨਾਲ ਜੁੜੇ ਇਤਿਹਾਸਕ-ਮਿਥਿਹਾਸਕ ਗਲਪ ਟੋਟੇ ਵਰਤ ਕੇ ਕਹਾਣੀ-ਰਸ ਅਤੇ ਉਪਦੇਸ਼ਾਤਮਕ ਵਾਰਤਕ ਸਿਰਜਦੇ ਪ੍ਰਤੀਤ ਹੁੰਦੇ ਹਨ। ਜਿਥੇ ਉਹ ਮਨ, ਸਰੀਰ ਅਤੇ ਰੂਹ ਦੀ ਇਕਸਾਰਤਾ ਦਾ ਵਰਣਨ ਰੂਹਾਨੀ ਅਤੇ ਮਨੋਵਿਗਿਆਨਕ ਪੱਧਰ 'ਤੇ ਕਰਦੇ ਹਨ, ਉਥੇ ਵਿਗਿਆਨਕ ਤੱਥ, ਦਲੀਲਾਂ ਨੂੰ ਵੀ ਲਾਂਭੇ ਨਹੀਂ ਕਰਦੇ। ਪੇਸ਼ ਕੀਤੇ ਗਏ ਵਿਸ਼ੇ ਜਾਂ ਵਿਚਾਰ ਨੂੰ ਪੁਸ਼ਟ ਤੇ ਪ੍ਰਮਾਣਿਕ ਕਰਨ ਲਈ ਉਹ ਲੋੜ ਪੈਣ 'ਤੇ ਗੁਰਬਾਣੀ ਦੀਆਂ ਤੁਕਾਂ ਜਿਵੇਂ ਬਾਬਰਵਾਣੀ ਵਿਚ ਗੁਰੂ ਨਾਨਕ ਦੇਵ ਜੀ ਦੁਆਰਾ ਰਚਿਤ ਹਵਾਲੇ, ਗੁਰੂ ਅਮਰ ਦਾਸ ਜੀ ਦੇ ਬੋਲ ਪੇਸ਼ ਕਰਦੇ ਹਨ, ਉਥੇ ਬਜ਼ੁਰਗ ਜਰਨੈਲ ਬਾਬਾ ਦੀਪ ਸਿੰਘ ਦੀ ਸ਼ਹੀਦੀ ਗਾਥਾ ਰਾਹੀਂ ਗਰਦਨ ਦੇ ਅਸਲੀ ਮਨੋਰਥ ਵੀ ਬਾਖੂਬੀ ਨਾਲ ਪੇਸ਼ ਕਰਦੇ ਹਨ। ਇਸ ਪੁਸਤਕ ਰਾਹੀਂ ਜਿਥੇ ਡਾ. ਭੰਡਾਲ ਵਾਰਤਕ ਨੂੰ ਰੂਹਾਨੀਅਤ ਤੇ ਧਰਮ ਨਾਲ ਜੋੜ ਕੇ ਸਰਸ਼ਾਰ ਕਰਦੇ ਹਨ, ਉਥੇ ਲੋਕ ਚੇਤਿਆਂ ਵਿਚ ਵਸੇ ਕਾਵਿ-ਟੋਟਿਆਂ ਅਤੇ ਪ੍ਰਸਿੱਧ ਵਿਦਵਾਨਾਂ, ਵਿਗਿਆਨੀਆਂ ਅਤੇ ਗਿਆਨੀਆਂ ਦੇ ਕਥਨਾਂ ਨੂੰ ਵੀ ਵਿਭਿੰਨ ਰੰਗਾਂ ਵਿਚ ਪੇਸ਼ ਕਰਦੇ ਹਨ। ਇੰਜ ਵਿਸ਼ੇ ਦਾ ਗਿਆਨ ਅਤੇ ਪੇਸ਼ਕਾਰੀ ਦੀ ਕਲਾ ਇਕਮਿਕ ਹੋ ਕੇ ਬਹੁਰੰਗੀ ਪਸਾਰ ਸਿਰਜਦੀ ਨਜ਼ਰ ਆਉਂਦੀ ਹੈ। ਵਾਕ ਬਣਤਰ, ਮਨਮੋਹਣੀ ਜੜ੍ਹਤ, ਸ਼ਬਦਾਂ ਦੀ ਖੂਬਸੂਰਤੀ ਅਤੇ ਤਰਤੀਬ ਉਨ੍ਹਾਂ ਦੀ ਵਾਰਤਕ ਨੂੰ ਹੋਰ ਸ਼ਿੰਗਾਰਦੀ ਹੈ।

ਮਿੱਠ ਬੋਲੜੇ, ਮਿਲਾਪੜੇ ਅਤੇ ਸਹਿਯੋਗੀ ਸੁਭਾਅ ਵਾਲੇ ਇਸ ਵਾਰਤਕਕਾਰ ਦੀ ਪੁਸਤਕ ਦੇ ਪਹਿਲੇ ਸਫੇ ਤੋਂ ਹੀ ਕਾਵਿ-ਸੁਹਜ ਦੇ ਹੁਲਾਰੇ ਆਉਣ ਲੱਗ ਪੈਂਦੇ ਹਨ। ਉਹ ਆਪਣੀ ਕਾਵਿਮਈ ਵਾਰਤਕ ਵਿਚ ਸਾਹਾਂ ਬਾਰੇ ਕੁਝ ਇੰਜ ਬਿਆਨ ਕਰਦਾ ਹੈ:

"ਸਾਹ ਸਾਹਾਂ ਦੀ ਕਰਨ ਇਬਾਦਤ, ਸਾਹ ਸਾਹਾਂ ਦੇ ਜਾਏ। ਸਾਹਾਂ ਦੇ ਨਗਰ ਵਸੇਂਦੇ, ਸਾਹਾਂ ਦੇ ਹਮਸਾਏ। ਸਾਹਾਂ ਵਰਗੀਆਂ ਸੋਚਾਂ ਵਿਹੜੇ, ਸਾਹ ਦੇ ਬੂਟੇ ਲਾਈਏ। ਅਤੇ ਸਾਹਾਂ ਵਿਚਲੀ ਮਰਨ ਮਿੱਟੀ ਨੂੰ, ਕਬਰਾਂ ਵਿਚ ਦਫਨਾਈਏ। ਸਾਹ ਸਮੇਂ ਦਾ ਸੁੱਚਾ ਨਗਮਾ, ਹੋਠੀਂ ਗੁਣਗੁਣਾਈਏ। ਇਸ ਦੀ ਸੱਖਣੀ ਝੋਲੀ ਦੇ ਵਿਚ, ਜੀਵਨ-ਨਾਦ ਹੀ ਪਾਈਏ।"

ਡਾ. ਭੰਡਾਲ ਇਕ ਅਜਿਹਾ ਬਹੁਗੁਣੀ ਵਿਦਵਾਨ ਹੈ ਜਿਸ ਦੀਆਂ ਸੀਮਾਵਾਂ ਇਕ ਸਾਹਿਤਕ ਕ੍ਰਿਤ ਦੇ ਰੂਪ ਵਿਚ ਸੀਮਤ ਨਹੀਂ ਕਰ ਸਕਦੇ। ਉਸ ਦੀ ਵਾਰਤਕ ਸ਼ੈਲੀ ਵੀ ਬਹੁਗੁਣੀ ਹੈ। ਉਸ ਦੇ ਬੋਲ, ਸ਼ਬਦ ਅਤੇ ਵਾਕ ਮਿੱਠੇ, ਪਿਆਰੇ, ਕੋਮਲ ਅਤੇ ਵਿਲੱਖਣ ਹਨ। ਪੁਸਤਕ 'ਕਾਇਆ ਦੀ ਕੈਨਵਸ' ਰਾਹੀਂ ਡਾ. ਗੁਰਬਖਸ਼ ਸਿੰਘ ਭੰਡਾਲ ਨੇ ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਆਪਣਾ ਨਾਮ, ਬਹੁਪੱਖੀ ਪ੍ਰਤਿਭਾਵਾਨ ਅਤੇ ਉਚਕੋਟੀ ਦੇ ਸ਼੍ਰੇਸ਼ਠ ਵਿਦਵਾਨ ਵਜੋਂ ਦਰਜ ਕਰਵਾ ਲਿਆ ਹੈ।

#

## ਕਾਵਿ-ਜਗਤ

### ਹਵਸ

ਹਵਸ ਛਲਕਦੀ ਹੈ ਪਿਆਰਾਂ ਦੇ ਵਿਚੋਂ
ਨਫਰਤ ਹੈ ਦਿਸਦੀ ਸਤਿਕਾਰਾਂ ਦੇ ਵਿਚੋਂ।
ਹਵਾ ਹੋਈ ਮੈਲੀ ਤੇ ਗੰਧਲਾ ਹੈ ਪਾਣੀ
ਕਿਉਂ ਅੱਗ ਵਰਸੀ ਸਾਵਣ ਫੁਹਾਰਾਂ ਦੇ ਵਿਚੋਂ।
ਕੋਇਲਾਂ, ਬੁਲਬੁਲਾਂ ਦੀ ਆਵਾਜ਼ ਬੰਦ ਹੈ
ਬਿਜਲੀ ਹੈ ਕੌਂਧੀ ਹਥਿਆਰਾਂ ਦੇ ਵਿਚੋਂ।
ਇਹ ਭਾਗੋ ਦੀਆਂ ਧੀਆਂ, ਝਾਂਸੀ ਦੀਆਂ ਭੈਣਾਂ
ਕਿਉਂ ਚੁਕਦੇ ਨੇ ਗੁੰਡੇ ਬਾਜ਼ਾਰਾਂ ਦੇ ਵਿਚੋਂ।

ਇਹ ਔਰਤ ਦੀ ਗੈਰਤ ਤੇ ਸ਼ਰਮੋ ਹਯਾ ਸਭ
ਕਿਉਂ ਮੁਕਦੀ ਹੈ ਜਾਂਦੀ ਮੁਟਿਆਰਾਂ ਦੇ ਵਿਚੋਂ।
ਪਾਵੇਂ ਤਨ 'ਤੇ ਕੱਪੜੇ ਤੇ ਸਿਰ 'ਤੇ ਦੁਪੱਟੇ
ਨਜ਼ਰ ਆਵੇ ਇਕ ਵੀ ਹਜ਼ਾਰਾਂ ਦੇ ਵਿਚੋਂ।

ਇਹ ਘਟੀਆ ਜਿਹੇ ਗਾਣੇ ਬੇਸੁਰੀਆਂ ਆਵਾਜ਼ਾਂ
ਇਨ੍ਹਾਂ ਚੈਨ ਲੁਟ ਲਏ ਪਰਿਵਾਰਾਂ ਦੇ ਵਿਚੋਂ।
ਰਾਹੂ ਅਤੇ ਕੇਤੂ ਨੇ ਸੂਰਜ ਨਿਗਲਿਆ
ਜਦੋਂ ਕੇਸ ਲਟਕੇ ਦਸਤਾਰਾਂ ਦੇ ਵਿਚੋਂ।

ਊਧਮ, ਭਗਤ ਸਿੰਘ, ਸਰਾਭੇ ਦੇ ਵੀਰੇ
ਹੁਣ ਕਿਉਂ ਨਹੀਂ ਉਠਦੇ ਗੱਦਾਰਾਂ ਦੇ ਵਿਚੋਂ।
ਗੋਲਕ ਤੇ ਚੌਧਰ, ਧਰਮ ਤੇ ਸਿਆਸਤ
ਨਲੂਏ ਨੇ ਮੁੱਕ ਗਏ ਸਰਦਾਰਾਂ ਦੇ ਵਿਚੋਂ।
ਇਹ ਅੱਗ ਕਿਸ ਨੇ ਲਾਈ, ਭਾਲੋ ਵੇ ਉਸ ਨੂੰ
ਫੁਲ ਕਲੀਆਂ ਸੜ ਗਏ ਗੁਲਜ਼ਾਰਾਂ ਦੇ ਵਿਚੋਂ।
ਆਜ਼ਾਦੀ ਦੀ ਡੋਲੀ ਨੂੰ ਖਤਰਾ ਕਿਉਂ ਹੈ
ਕੋਈ ਤਾਂ ਹੈ ਕਾਤਿਲ ਕਹਾਰਾਂ ਦੇ ਵਿਚੋਂ।

ਜਾਗੋ ਵੇ ਕਵੀਓ, ਵੇ ਕਲਮਾਂ ਜਗਾਓ
ਬਚਾਵੋ ਸ਼ਬਦ ਬੂਰੀਆਂ ਮਾਰਾਂ ਦੇ ਵਿਚੋਂ।
ਜੇ ਕਲਮਾਂ ਦੇ ਚੱਪੂ ਨਾ ਕਵੀਆਂ ਨੇ ਲਾਏ
ਨਾ ਬਚਣੀ ਏ ਬੇੜੀ ਮੰਝਧਾਰਾਂ ਦੇ ਵਿਚੋਂ।

ਇਹ ਅਣਖਾਂ ਦੀ ਧਰਤੀ ਤੇ ਗੈਰਤ ਦਾ ਬੂਟਾ
ਨਿਕਲਿਆ ਹੈ ਤੇਗਾਂ ਦੀਆਂ ਧਾਰਾਂ ਦੇ ਵਿਚੋਂ।
'ਸੁਰਜੀਤ' ਸ਼ਬਦਾਂ ਨੂੰ ਰੱਖੀਂ ਜਿਉਂਦੇ
ਗੁਜਰ ਕੇ ਵੀ ਤੀਰਾਂ ਤਲਵਾਰਾਂ ਦੇ ਵਿਚੋਂ।

***-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ***

---

### ਉਜੜਦਾ ਪੰਜਾਬ

ਹਰੀਆਂ ਭਰੀਆਂ ਫਸਲਾਂ ਨੂੰ
ਜ਼ਹਿਰ ਨਸ਼ੇ ਦਾ ਡੰਗੀ ਜਾਂਦਾ।
ਕੁਰਸੀ ਉਤੇ ਬੈਠਾ ਹਾਕਮ
ਟੋਟਿਆਂ ਦੇ ਵਿਚ ਵੰਡੀ ਜਾਂਦਾ।
ਆਪਣਾ ਜਿਹਨੂੰ ਰਾਖਾ ਮੰਨਿਆ
ਹੱਕ ਸਾਡੇ ਉਹੀ ਵੇਚ ਰਿਹਾ।
ਅੱਜ ਅੱਖਾਂ ਸਾਹਮਣੇ ਮੈਂ ਦੋਸਤਾ
ਪੰਜਾਬ ਉਜੜਦਾ ਦੇਖ ਰਿਹਾ।

ਗੁਰਬਾਣੀ ਜੀਣ ਦੇ ਨੁਕਤੇ ਦੱਸੇ
ਅਸੀਂ ਰੱਟੇ ਉਸ 'ਤੇ ਮਾਰ ਲਏ।
ਸੁਚਾਰੂ ਜੀਵਨ ਜਿਉਣਾ ਭੁੱਲੇ
ਚੰਗੇ ਮਹਿਲ ਮੁਨਾਰੇ ਉਸਾਰ ਲਏ।
ਅੱਖਰ ਪੜ੍ਹਿਆ ਨਹੀਂ ਕਦੇ ਬਹਿ ਕੇ
ਉਂਜ ਨੱਕ ਰਗੜ੍ਹ ਕੇ ਮੱਥੇ ਟੇਕ ਰਿਹਾ...।

ਪੁੱਤ ਦੀ ਅਰਥੀ ਬਾਪੂ ਚੁੱਕਦੇ
ਜਵਾਨੀ ਚਿੱਟੇ ਵਿਚ ਰੁੜ੍ਹ ਗਈ ਏ।
ਨੂੰਹ ਦੀ ਚੁੰਨੀ ਦੇ ਰੰਗ ਫਿੱਕੇ
ਮਾਂ ਏਸੇ ਦੁੱਖ 'ਚ ਝੁਰ ਗਈ ਏ।
ਦਾਜ ਦੇ ਲਈ ਜੋ ਤੀਲੀ ਲੱਗਦੀ
ਭਾਂਬੜ ਤਨ ਔਰਤ ਦਾ ਸੇਕ ਰਿਹਾ...।

ਸਾਧ ਪਖੰਡੀ ਡੇਰੇ ਪਾ ਕੇ
ਇੱਜਤਾਂ ਸ਼ੱਰੇਆਮ ਹੀ ਲੁੱਟ ਰਿਹਾ।
ਮਰ ਗਈ ਅਣਖ, ਜਮੀਰਾਂ ਸੁੱਤੀਆਂ
ਬੰਦਾ ਬੰਦੇ ਦਾ ਗਲ ਘੁੱਟ ਰਿਹਾ।
ਪੱਥਰ ਜੜ੍ਹ ਲਏ ਦਿਲਾਂ ਦੀ ਥਾਂਵੇਂ
ਖਿਆਲ ਨਾ ਕੋਈ ਨੇਕ ਰਿਹਾ।
ਅੱਜ ਅੱਖਾਂ ਸਾਹਮਣੇ ਮੈਂ ਦੋਸਤਾ
ਪੰਜਾਬ ਉਜੜਦਾ ਦੇਖ ਰਿਹਾ।

***-ਬਲਜਿੰਦਰ ਆਲੀਕੇ***
***ਫੋਨ: 91-94645-62678***

---

### ਕਾਵਿ-ਵਿਅੰਗ

ਹਨੀਪ੍ਰੀਤ ਨੂੰ ਸਾਧ ਫੋਨ ਕਰਦਾ
ਨਾ ਜਾਮ, ਨਾ ਨਾਮ ਹੀ ਫੁਰੇ ਬੀਬੋ।
ਤੜਕੇ ਪਹਿਰ ਦੇ ਚਾਟਾ ਛਕਾਉਣ ਆ ਕੇ
ਸਿਰ 'ਤੇ ਜਿਨ੍ਹਾਂ ਦੇ ਖਾਕੀ ਤੁਰੇ ਬੀਬੋ।
ਗੁਫਾ ਅੰਦਰਲੀ 'ਕਥਾ' ਹੁਣ ਨਸ਼ਰ ਹੋ'ਗੀ
ਸਿੱਟੇ ਭੁਗਤਣੇ ਪੈਣੇ ਨੇ ਬੁਰੇ ਬੀਬੋ।
ਯਾਰੀ ਸਿਆਸਤਦਾਨਾਂ ਦੀ ਬੜੀ ਮਾੜੀ
'ਗਿੱਲ' ਪੁਲਸੀਆਂ ਵਾਂਗ ਬੇਗੁਰੇ ਬੀਬੋ।

***-ਜੁਗਰਾਜ ਗਿੱਲ, ਯੌਰਕ***
***ਫੋਨ: 704-257-6693***

# ਦਹਿਸ਼ਤ ਦਾ ਜੁਗਰਾਫੀਆ


## ਕਮਿਊਨਿਸਟ ਪੱਖੀਆਂ ਬਾਰੇ ਕੁਝ ਸਵਾਲ

*ਪੰਜਾਬੀ ਲਿਖਾਰੀ ਅਤੇ ਲੰਡਨ ਦੀ ਈਲਿੰਗ ਕੌਂਸਲ ਦੇ ਮੇਅਰ ਦੀ ਕੁਰਸੀ ਤਕ ਪੁੱਜਣ ਵਾਲਾ ਰਣਜੀਤ ਧੀਰ ਮੁਕਤਸਰ ਦੇ ਸਰਕਾਰੀ ਕਾਲਜ ਵਿਚ ਅੰਗਰੇਜ਼ੀ ਪੜ੍ਹਾਉਂਦਾ-ਪੜ੍ਹਾਉਂਦਾ ਬਰਤਾਨੀਆ ਜਾ ਵਸਿਆ। ਉਥੇ ਉਹ ਬਹੁਤ ਸਾਰੇ ਅਹਿਮ ਅਹੁਦਿਆਂ 'ਤੇ ਰਿਹਾ। 'ਦਹਿਸ਼ਤ ਦਾ ਜੁਗਰਾਫੀਆ' ਲੇਖ ਵਿਚ ਉਹਨੇ ਕਮਿਊਨਿਸਟ ਮੁਲਕਾਂ ਅੰਦਰ ਹੋਈਆਂ ਵਧੀਕੀਆਂ ਦੀ ਦਾਸਤਾਨ ਸੁਣਾਈ ਹੈ। ਨਾਲ ਹੀ ਇਨ੍ਹਾਂ ਮੁਲਕਾਂ ਦੇ ਯੋਗਦਾਨ ਦੀ ਚਰਚਾ ਵੀ ਕੀਤੀ ਹੈ। -ਸੰਪਾਦਕ*


ਬਰਲਿਨ ਵਿਚ ਅਜਾਇਬਘਰ ਦੇਖ ਰਹੇ ਲੋਕ।

2009 ਦਾ ਵਰ੍ਹਾ ਬਰਲਿਨ ਕੰਧ ਦੀ ਪੰਜਾਹਵੀਂ ਵਰ੍ਹੇਗੰਢ ਦਾ ਸਾਲ ਸੀ। ਦੁਨੀਆਂ ਭਰ ਦੇ ਲੋਕ ਇਸ ਇਤਿਹਾਸਕ ਮੌਕੇ ਬਰਲਿਨ ਜਾ ਰਹੇ ਸਨ। ਬਰਲਿਨ ਵਿਚ ਸੋਵੀਅਤ ਸਮਿਆਂ ਅਤੇ ਪੂਰਬੀ ਜਰਮਨੀ ਵਿਚ ਸਮਾਜਵਾਦੀ ਦੌਰ ਸਬੰਧੀ ਕਈ ਕਾਨਫਰੰਸਾਂ ਅਤੇ ਸੈਮੀਨਾਰ ਹੋ ਰਹੇ ਹਨ। ਅਸੀਂ ਵੀ ਇਸ ਕੰਧ ਦੇ ਇਤਿਹਾਸ ਨੂੰ ਸਮਝਣਾ ਚਾਹੁੰਦੇ ਸਾਂ। ਦੁਨੀਆਂ ਭਰ ਦੇ ਅਖਬਾਰਾਂ ਸਮੇਤ ਭਾਰਤੀ ਮੀਡੀਏ ਵਿਚ ਇਸ ਦੀ ਚਰਚਾ ਸੀ।

ਅਸੀਂ ਵੀ ਮਈ ਮਹੀਨੇ ਬਰਲਿਨ ਪਹੁੰਚ ਗਏ। 1989 ਵਿਚ ਬਰਲਿਨ ਦੀ ਇਹ ਕੰਧ ਢਾਹ ਦਿੱਤੀ ਗਈ ਸੀ। ਲੋਕਾਂ ਦੇ ਰੋਹ ਮੂਹਰੇ ਐਡਾ ਵੱਡਾ ਨਿਜ਼ਾਮ ਭੈਅਭੀਤ ਹੋਇਆ ਇਕ ਪਾਸੇ ਖੜ੍ਹਾ ਵੇਖਦਾ ਰਹਿ ਗਿਆ। ਦੁਨੀਆਂ ਦੇ ਕਰੋੜਾਂ ਲੋਕਾਂ



**ਰਣਜੀਤ ਧੀਰ**

ਵਾਂਗ ਅਸੀਂ ਵੀ ਟੈਲੀਵਿਜ਼ਨ ਉਤੇ ਇਸ ਕੰਧ ਨੂੰ ਢਾਹੁਣ ਦੇ ਸੀਨ ਵੇਖੇ ਸਨ। ਕਿਆ ਸਮਾਂ ਸੀ ਉਹ!

ਪੂਰਬੀ ਯੂਰਪ ਵਿਚ ਵਾਪਰ ਰਹੀਆਂ ਘਟਨਾਵਾਂ ਨੇ ਦੁਨੀਆਂ ਦੇ ਕਈ ਦੇਸ਼ਾਂ ਅਤੇ ਮਹਾਂਦੀਪਾਂ ਦੀ ਕਿਸਮਤ ਨੂੰ ਹਲੂਣ ਦਿੱਤਾ। ਬਾਅਦ ਵਿਚ ਮਹਾਨ ਸੋਵੀਅਤ ਯੂਨੀਅਨ ਵੀ ਇਨ੍ਹਾਂ ਹਾਲਾਤ ਦੀ ਲਪੇਟ ਵਿਚ ਆ ਗਿਆ। ਦੁਨੀਆਂ ਦੇ ਕਿੰਨੇ ਹੀ ਮੁਲਕਾਂ ਦੀਆਂ ਹੱਦਾਂ ਬਦਲ ਗਈਆਂ। ਕੌਮਾਂਤਰੀ ਰਾਜਨੀਤੀ ਦੇ ਸਮੀਕਰਨ ਬਦਲ ਗਏ। ਬਸ, ਸਮਝੋ ਯੂਰਪ ਦਾ ਜੁਗਰਾਫੀਆ ਹੀ ਬਦਲ ਗਿਆ।

ਸਮਾਜਵਾਦੀ ਦੇਸ਼ਾਂ ਦੀ ਇਸ ਤਰ੍ਹਾਂ ਕਿਰਦੀ ਸਾਖ ਨਾਲ ਮਨ ਦੁਖੀ ਵੀ ਹੁੰਦਾ। ਪੱਛਮੀ ਮੀਡੀਏ ਦਾ ਸਾਰਾ ਜ਼ੋਰ ਇਹ ਸਾਬਤ ਕਰਨ 'ਤੇ ਲੱਗਿਆ ਹੋਇਆ ਸੀ ਕਿ ਸਮਾਜਵਾਦ ਬੁਨਿਆਦੀ ਤੌਰ 'ਤੇ ਅਸਾਵੀਂ ਸਮਾਜਕ ਅਤੇ ਆਰਥਿਕ ਪ੍ਰਣਾਲੀ ਹੈ। ਟੈਲੀਵਿਜ਼ਨ 'ਤੇ ਵਾਰ ਵਾਰ ਹਥੌੜਿਆਂ ਨਾਲ ਕੰਧ ਢਾਹੁਣ ਦੇ ਸੀਨ ਵਿਖਾਉਂਦੇ। ਮਨਚਲੇ ਮੁੰਡੇ ਕੁੜੀਆਂ ਢਾਹੀ ਹੋਈ ਕੰਧ 'ਤੇ ਬੈਠੇ ਵਿਖਾਉਂਦੇ, ਪਰ ਦੂਜੇ ਪਾਸੇ ਇਹ ਵੀ ਪ੍ਰਤੱਖ ਦਿਸਦਾ ਸੀ ਕਿ ਪੂਰਬੀ ਜਰਮਨੀ ਦੇ ਲੋਕ ਕਿਸੇ ਡਰੋਂ ਆਪਣੇ ਹੀ ਮੁਲਕ ਵਿਚੋਂ ਭੱਜ ਨਿਕਲੇ ਸਨ। ਸਾਡੀਆਂ ਅੱਖਾਂ ਸਾਹਮਣੇ ਮਨੁੱਖੀ ਇਤਿਹਾਸ ਦਾ ਅਗਲਾ ਚੈਪਟਰ ਲਿਖਿਆ ਜਾ ਰਿਹਾ ਸੀ। ਇਨ੍ਹਾਂ ਲੋਕਾਂ ਦੀ ਕੀ ਮਜਬੂਰੀ ਸੀ ਕਿ ਆਪਣੇ ਟੱਬਰ, ਘਰ-ਬਾਰ ਛੱਡ ਕੇ ਆਪਣੇ ਮੁਲਕ ਤੋਂ ਹੀ ਭੱਜ ਨਿਕਲਣ?

ਸਾਡੀ ਟੂਰ ਗਾਈਡ ਸਾਨੂੰ ਪੂਰਾ ਦਿਨ ਬਰਲਿਨ ਦੀਆਂ ਇਤਿਹਾਸਕ ਥਾਂਵਾਂ ਵਿਖਾਉਂਦੀ ਰਹੀ। ਬਰਲਿਨ ਕੰਧ, ਪਾਰਲੀਮੈਂਟ ਹਾਊਸ, ਬਰੈਂਡਨ ਬਰਗ ਗੇਟ, ਹੌਲੋਕਾਸਟ ਅਜਾਇਬ ਘਰ, ਚਾਰਲੀ ਪੁਆਇੰਟ ਸਮੇਤ ਸਾਰਾ ਸ਼ਹਿਰ ਵੇਖਿਆ। ਅਗਲੇ ਦਿਨ ਅਸੀਂ ਫਿਰ ਇਨ੍ਹਾਂ ਥਾਂਵਾਂ ਨੂੰ ਵੇਖਣ ਗਏ, ਕਿਉਂਕਿ ਕਈ ਸ਼ੰਕੇ ਹਾਲੇ ਮਨ ਵਿਚ ਕਈ ਸੁਆਲ ਪੈਦਾ ਕਰ ਰਹੇ ਸਨ।

1961 ਵਿਚ ਉਸਾਰੀ ਇਹ ਕੰਧ 1989 ਵਿਚ ਢਾਹ ਦਿੱਤੀ, ਪਰ ਅਜੇ ਵੀ ਵਿਚੋਂ ਵਿਚੋਂ ਕਈ ਥਾਂਵਾਂ 'ਤੇ ਕੰਧ ਉਵੇਂ ਦੀ ਉਵੇਂ ਖੜ੍ਹੀ ਸੀ। ਸ਼ਾਇਦ ਦੁਨੀਆਂ ਭਰ ਦੇ ਲੋਕਾਂ ਨੂੰ ਵਿਖਾਉਣ ਲਈ। ਜਿਵੇਂ ਇਤਿਹਾਸ ਦੇ ਇਸ ਦੌਰ ਦੇ ਇਕ ਅਹਿਮ ਸਬੂਤ ਨੂੰ ਸਾਂਭ ਕੇ ਰੱਖਣਾ ਹੋਵੇ!

ਇਸ ਕੰਧ ਦਾ ਪਿਛੋਕੜ ਦੂਜੀ ਵੱਡੀ ਸੰਸਾਰ ਜੰਗ ਦੀਆਂ ਭਿਅੰਕਰ ਘਟਨਾਵਾਂ ਵਿਚੋਂ ਹੀ ਉਸਰਿਆ। ਇਸ ਦੀਆਂ ਨੀਹਾਂ ਦੀ ਨਿਸ਼ਾਨਦੇਹੀ ਉਨ੍ਹਾਂ ਸੜਕਾਂ ਗਲੀਆਂ ਵਿਚ ਹੀ ਹੋ ਗਈ ਜਿਥੇ ਜਿਥੇ ਸੋਵੀਅਤ ਯੂਨੀਅਨ ਤੇ ਪੱਛਮੀ ਮੁਲਕਾਂ ਦੀਆਂ ਫੌਜਾਂ ਪੂਰੇ ਯੂਰਪ ਨੂੰ ਨਾਜ਼ੀਆਂ ਤੋਂ ਆਜ਼ਾਦ ਕਰਾਉਣ ਲਈ ਆ ਪਹੁੰਚੀਆਂ ਸਨ। ਜੰਗ ਖਤਮ ਹੋਣ ਉਪਰੰਤ ਦੋਹਾਂ ਧਿਰਾਂ ਦੀਆਂ ਫੌਜਾਂ ਦਾ ਬੈਠ ਟਿਕਾਣਾ ਪੂਰਬੀ ਪੱਛਮੀ ਜਰਮਨੀ ਦਾ ਬਾਰਡਰ ਹੋ ਨਿਬੜਿਆ। ਸੜਕਾਂ ਬਾਜ਼ਾਰਾਂ ਦਾ ਇਕ ਪਾਸਾ ਪੱਛਮੀ ਅਤੇ ਦੂਜਾ ਪੂਰਬੀ ਜਰਮਨੀ ਬਣ ਗਿਆ। ਇਕ ਪਾਸੇ ਪੱਛਮੀ ਜਰਮਨੀ ਦਾ ਰਾਜ ਅਤੇ ਸੜਕ ਦੇ ਦੂਜੇ ਪਾਸੇ ਪੂਰਬੀ ਜਰਮਨੀ ਦਾ ਸਮਾਜਵਾਦੀ ਰਾਜ।

ਦੁਨੀਆਂ ਭਰ ਦੇ ਇਤਿਹਾਸਕਾਰ ਮੰਨਦੇ ਹਨ ਕਿ ਸੋਵੀਅਤ ਯੂਨੀਅਨ ਦੀ ਸਹਾਇਤਾ ਬਿਨਾ ਅਮਰੀਕਾ ਨਾਲ ਹੋਣ ਦੇ ਬਾਵਜੂਦ ਯੂਰਪੀ ਮੁਲਕ ਹਿਟਲਰ ਦੇ ਨਾਜ਼ੀ ਜਰਮਨੀ ਉਤੇ ਜਿੱਤ ਪ੍ਰਾਪਤ ਕਰਨ ਦੇ ਸਮਰੱਥ ਨਹੀਂ ਸਨ। ਇਨ੍ਹਾਂ ਦੀ ਕਿਸਮਤ ਚੰਗੀ ਸੀ ਕਿ ਹਿਟਲਰ ਵੀ ਡੇਢ ਸੌ ਸਾਲਾਂ ਮਗਰੋਂ ਉਹੋ ਗਲਤੀ ਕਰ ਬੈਠਾ ਜਿਹੜੀ ਫਰਾਂਸ ਦੇ


ਜਰਮਨੀ ਨੂੰ ਵੰਡਦੀ ਬਰਲਿਨ ਦੀ ਕੰਧ ਨੂੰ ਤੋੜੇ ਜਾਣ ਦੀ ਝਲਕ।

ਨੈਪੋਲੀਅਨ ਨੇ ਰੂਸ ਉਤੇ ਹਮਲਾ ਕਰ ਕੇ ਕੀਤੀ ਸੀ। ਇੰਨ ਬਿਨ ਇਤਿਹਾਸ ਦੁਹਰਾਉਣ ਵਾਲੀ ਗੱਲ ਹੋਈ ਅਤੇ ਰੂਸ ਉਤੇ ਹਮਲਾ ਹਿਟਲਰ ਵਾਸਤੇ ਵੀ ਉਸੇ ਤਰ੍ਹਾਂ ਤਬਾਹਕੁਨ ਸਾਬਤ ਹੋਇਆ, ਜਿਵੇਂ ਨੈਪੋਲੀਅਨ ਵਾਸਤੇ। ਮਾਸਕੋ ਤੋਂ ਕਰੀਬ ਦੋ ਮੀਲ ਪਿਛਿਓਂ ਤੁਰ ਕੇ ਰੂਸੀ ਫੌਜਾਂ ਨੇ ਹਿਟਲਰ ਦੀਆਂ ਫੌਜਾਂ ਨੂੰ ਅੱਗੇ ਲਾ ਲਿਆ। ਨਾਜ਼ੀ ਫੌਜਾਂ ਦਾ ਸਫਾਇਆ ਕਰਦਿਆਂ ਰੂਸੀ ਫੌਜਾਂ ਅਖੀਰ ਜਰਮਨ ਰਾਜਧਾਨੀ ਬਰਲਿਨ ਆ ਪਹੁੰਚੀਆਂ। ਬਿਲਕੁਲ ਐਨ ਬਰੈਂਡਨਬਰਗ ਗੇਟ ਦੇ ਸਾਹਮਣੇ ਅਤੇ ਜਰਮਨ ਪਾਰਲੀਮੈਂਟ ਦੇ ਮੂਹਰੇ। ਲੱਖਾਂ ਰੂਸੀ ਫੌਜੀਆਂ ਅਤੇ ਸ਼ਹਿਰੀਆਂ ਦੀਆਂ ਕੁਰਬਾਨੀਆਂ ਦਾ ਇਹ ਸਾਕਾ ਸੋਵੀਅਤ ਇਤਿਹਾਸ ਦਾ ਸ਼ਾਨਦਾਰ ਕਾਰਨਾਮਾ ਹੈ ਜਿਸ ਨੂੰ ਦੁਨੀਆਂ ਭਰ ਦੇ ਲੋਕ ਸਤਿਕਾਰ ਨਾਲ ਮੰਨਦੇ ਹਨ। ਦੁਨੀਆਂ ਭਰ ਤੋਂ ਆਉਂਦੇ ਸੈਲਾਨੀ ਅੱਜ ਵੀ ਬਰੈਂਡਨਬਰਗ ਗੇਟ ਲਾਗੇ 'ਸੋਵੀਅਤ ਵਰਦੀ' ਵਾਲੇ ਜਰਮਨਾਂ ਨਾਲ ਫੋਟੋਆਂ ਖਿਚਵਾਉਂਦੇ ਹਨ। ਸਟਾਲਿਨ ਅਤੇ ਸੋਵੀਅਤ ਯੂਨੀਅਨ ਦੀ ਅੰਦਰੂਨੀ ਸਿਆਸਤ ਬਾਰੇ ਲੋਕਾਂ ਦੇ ਵਿਚਾਰ ਬੇਸ਼ੱਕ ਵੱਖਰੇ ਹੋਣ, ਪਰ ਦੂਜੀ ਸੰਸਾਰ ਜੰਗ ਵਿਚ ਸਟਾਲਿਨ ਦਾ ਸਾਰਥਕ ਰੋਲ ਪੱਛਮੀ ਮੁਲਕ ਵੀ ਮੰਨਦੇ ਹਨ।

1989 ਵਿਚ ਬਰਲਿਨ ਕੰਧ ਢਾਹ ਦਿੱਤੀ। ਮਗਰੋਂ 1991 ਵਿਚ ਸੋਵੀਅਤ ਯੂਨੀਅਨ ਦਾ ਵੀ ਅੰਤ ਹੋ ਗਿਆ। ਗੱਲ ਕੀ, ਸਾਰਾ ਸੋਵੀਅਤ ਅਤੇ ਪੂਰਬੀ ਯੂਰਪੀ ਸਮਾਜਵਾਦੀ ਬਲਾਕ ਹੀ ਢਹਿ ਢੇਰੀ ਹੋ ਗਿਆ। ਇਹ ਭਾਣਾ ਕਿਉਂ ਵਰਤਿਆ, ਇਸ ਬਾਰੇ ਬਹੁਤ ਕੁਝ ਲਿਖਿਆ ਜਾ ਚੁੱਕਿਆ ਹੈ। ਇਹ ਕੋਈ ਲੁਕੀ ਛਿਪੀ ਗੱਲ ਨਹੀਂ। ਕਾਮਰੇਡ ਭਰਾਵਾਂ ਨੂੰ ਮੰਨਣਾ ਪਵੇਗਾ ਕਿ ਬਰਲਿਨ ਕੰਧ ਨੂੰ ਢਾਹੁਣ ਵਾਲੇ ਕੋਈ ਬਾਹਰੋਂ ਹਮਲਾਵਰ ਨਹੀਂ ਸਨ ਆਏ। ਇਹਦਾ ਕਾਰਨ ਸਮਾਜਵਾਦੀ ਮੁਲਕਾਂ ਦੇ ਢਾਂਚਿਆਂ ਦੇ ਅੰਦਰੂਨੀ ਵਿਰੋਧਾਂ ਵਿਚੋਂ ਹੀ ਮਿਲਦੈ।

ਵੱਡੀ ਹਕੀਕਤ ਤਾਂ ਇਹ ਵੀ ਹੈ ਕਿ ਇਹ ਨਿਘਾਰ 1956 ਵਿਚ ਹੰਗਰੀ ਅਤੇ 1968 ਵਿਚ ਚੈਕੋਸਲਵਾਕੀਆ ਵਿਚ ਵਾਪਰੀਆਂ ਘਟਨਾਵਾਂ ਤੋਂ ਹੀ ਦਿੱਸਣ ਲਗ ਪਿਆ ਸੀ। ਸਭ ਤੋਂ ਵੱਡਾ ਵਿਰੋਧ ਇਹ ਸੀ ਕਿ ਕਮਿਊਨਿਸਟ ਢਾਂਚਿਆਂ ਵਿਚ ਪਰਜਾਤੰਤਰੀ ਜਵਾਬਦੇਹੀ ਦੀ ਕੋਈ ਵਿਵਸਥਾ ਨਹੀਂ ਸੀ। ਇਸ ਦਾ ਨਤੀਜਾ ਇਹ ਨਿਕਲਿਆ ਕਿ ਪਾਰਟੀ ਵਿਚ ਲੋਕਾਂ ਦੀ ਪਰਜਾਤੰਤਰੀ ਸਵੀਕ੍ਰਿਤੀ ਪ੍ਰਾਪਤ ਕਰਨ ਦੀ ਥਾਂ ਹੌਲੀ ਹੌਲੀ ਪਾਰਟੀ ਢਾਂਚੇ ਅਤੇ ਸਾਰੇ ਸਰਕਾਰੀ ਸਿਸਟਮ ਦਾ ਲੋਕ ਆਧਾਰ ਹੀ ਖਤਮ ਹੋ ਗਿਆ।

ਇਸ ਨਿਘਾਰ ਦਾ ਦੂਜਾ ਪਹਿਲੂ ਇਹ ਸੀ ਕਿ ਸੋਵੀਅਤ ਯੂਨੀਅਨ ਅਤੇ ਸਮਾਜਵਾਦੀ ਬਲਾਕ ਦੇ ਦੂਜੇ ਦੇਸ਼ਾਂ ਵਿਚਾਲੇ ਦੋਹਾਂ ਧਿਰਾਂ ਦੇ ਆਪਸੀ ਸਬੰਧ ਸਮਾਜਵਾਦੀ ਬਰਾਬਰੀ ਦੇ ਨਹੀਂ ਹਨ। ਪੂਰਬੀ ਮੁਲਕਾਂ ਵਿਚ ਪੈਦਾ ਹੋਈਆਂ ਰਾਸ਼ਟਰਵਾਦੀ ਲਹਿਰਾਂ ਸੋਵੀਅਤ ਯੂਨੀਅਨ ਦੇ ਦਾਬੇ ਅਤੇ ਗੈਰ ਜਮਹੂਰੀ ਸਮਾਜਵਾਦੀ ਹਕੂਮਤਾਂ-ਦੋਹਾਂ ਤੋਂ ਬਾਹਰੀ ਸਨ। ਕਿਉਂਕਿ ਪੂਰਬੀ ਯੂਰਪੀ ਮੁਲਕ ਬੇਸ਼ੱਕ ਆਪਣੇ ਆਪ ਨੂੰ ਸਮਾਜਵਾਦੀ ਕਹਿੰਦੇ ਰਹੇ, ਪਰ ਉਨ੍ਹਾਂ ਨੂੰ ਸੋਵੀਅਤ ਯੂਨੀਅਨ ਦੇ ਹੁਕਮਾਂ ਅਨੁਸਾਰ ਹੀ ਚੱਲਣਾ ਪੈਂਦਾ ਸੀ। ਅੱਜ ਜਦ ਅਸੀਂ ਇਨ੍ਹਾਂ ਘਟਨਾਵਾਂ ਦੀ ਚੀਰ-ਫਾੜ ਕਰਦੇ ਹਾਂ ਤਾਂ ਇਨ੍ਹਾਂ ਕੌੜੀਆਂ ਸੱਚਾਈਆਂ ਤੋਂ ਭੱਜਣਾ ਔਖਾ ਹੈ। ਠੀਕ ਹੈ, ਪੰਜਾਹ ਸਾਲ ਪਹਿਲਾਂ ਅਸੀਂ ਕੱਚੀ ਪੱਕੀ ਦਲੀਲ ਨਾਲ ਪੱਲਾ ਛੁਡਾ ਲੈਂਦੇ ਸਾਂ। ਉਦੋਂ ਹਾਲਾਤ ਹੀ ਇਹੋ ਜਿਹੇ ਸਨ। ਬਸਤੀਵਾਦੀ ਪਿਛੋਕੜ ਕਾਰਨ ਪੱਛਮੀ ਯੂਰਪੀ ਮੁਲਕਾਂ ਦੀਆਂ ਦਲੀਲਾਂ ਵਿਚ ਇਖਲਾਕੀ ਵਜ਼ਨ ਨਹੀਂ ਸੀ ਲੱਗਦਾ। ਇਸ ਕਰ ਕੇ ਦੁਨੀਆਂ ਭਰ ਦੇ ਅਗਾਂਹਵਧੂ ਵਿਦਵਾਨ ਅਤੇ ਖੱਬੀਆਂ ਪਾਰਟੀਆਂ ਸੋਵੀਅਤ ਯੂਨੀਅਨ ਦੀ ਨੁਕਤਾਚੀਨੀ ਨੂੰ ਅਮਰੀਕੀ ਪ੍ਰਾਪੇਗੰਡਾ ਕਹਿ ਕੇ ਰੱਦ ਕਰ ਦਿੰਦੀਆਂ ਸਨ। ਇਹ ਸਿਆਸੀ ਨਜ਼ਰੀਆ ਵੀਹਵੀ ਸਦੀ ਦੇ ਸੱਤਵੇਂ-ਅੱਠਵੇਂ ਦਹਾਕੇ ਤੀਕ ਜਾਰੀ ਰਿਹਾ।

ਸੋਲਜ਼ੇਨਿਤਸਨ ਨੇ ਖਬਰਦਾਰ ਕਰਨ ਦੀ ਕੋਸ਼ਿਸ਼ ਕੀਤੀ ਤਾਂ ਹੰਗਰੀ ਅਤੇ ਚੈਕੋਸਲੋਵਾਕੀਆ ਦੀਆਂ ਘਟਨਾਵਾਂ ਨੂੰ ਖਤਰੇ ਦੀ ਘੰਟੀ ਸਮਝ ਕੇ ਇਨ੍ਹਾਂ ਦਾ ਕੋਈ ਉਪਾਅ ਲੱਭਦੇ। ਇੰਜ ਹੋਇਆ ਹੁੰਦਾ ਤਾਂ ਬਰਲਿਨ ਕੰਧ ਉਸਾਰਨ ਦੀ ਲੋੜ ਹੀ ਨਾ ਪੈਂਦੀ। ਸ਼ਾਇਦ ਸੋਵੀਅਤ ਯੂਨੀਅਨ ਸਮੇਤ ਪੂਰਬੀ ਯੂਰਪੀ ਸਮਾਜਵਾਦੀ ਮੁਲਕਾਂ ਦਾ ਅੰਤ ਹੀ ਨਾ ਹੁੰਦਾ। ਇਸੇ ਕਰ ਕੇ ਕਈ ਭਾਰਤੀ ਕਮਿਊਨਿਸਟ ਦੋਸਤਾਂ ਦੀ ਸੋਚ ਸਹੀ ਨਹੀਂ ਲੱਗਦੀ। ਬਰਲਿਨ ਕੰਧ ਢਾਹੁਣ ਵਾਲੇ ਲੋਕਾਂ ਤੇ ਇਸ ਸਾਕੇ ਨੂੰ ਸਹੀ ਕਹਿਣ ਵਾਲੇ ਦਾਨਿਸ਼ਵਰਾਂ ਦੇ 'ਸਾਮਰਾਜ ਦੀਆਂ ਜੂਠਾਂ' ਕਹਿਣ ਦਾ ਕੋਈ ਆਧਾਰ ਨਹੀਂ ਬਣਦਾ।

ਰੂਸ ਤੋਂ ਬਿਨਾ ਮੈਨੂੰ ਕਈ ਸਾਬਕਾ ਕਮਿਊਨਿਸਟ ਮੁਲਕਾਂ ਵਿਚ ਜਾਣ ਦਾ ਮੌਕਾ ਮਿਲਿਆ ਹੈ। ਹੰਗਰੀ, ਚੈਕੋਸਲੋਵਾਕੀਆ, ਪੋਲੈਂਡ, ਅਲਬਾਨੀਆ, ਰੁਮਾਨੀਆ, ਲਾਤਵੀਆ, ਇਸਟੋਨੀਆ, ਲਿਥੂਏਨੀਆ ਅਤੇ ਯੁਗੋਸਲਾਵੀਆ-ਮੈਂ ਸਭ ਵੇਖ ਚੁਕਿਆ ਹਾਂ। ਇਨ੍ਹਾਂ ਬਹੁਤੇ ਮੁਲਕਾਂ ਵਿਚ ਹੁਣ ਮਾਰਕਸ, ਲੈਨਿਨ ਅਤੇ ਸਟਾਲਿਨ ਦੇ ਬੁੱਤ ਚੁਕਵਾ ਦਿੱਤੇ ਗਏ ਹਨ। ਪਾਰਕਾਂ ਅਤੇ ਚੌਰਾਹਿਆਂ ਤੋਂ ਚੁਕਾ ਕੇ ਇਨ੍ਹਾਂ ਨੂੰ ਸ਼ਹਿਰਾਂ ਤੋਂ ਬਾਹਰ ਬਣਾਏ ਅਜਾਇਬ ਘਰਾਂ ਵਿਚ ਰਖਵਾ ਦਿੱਤਾ ਗਿਆ ਹੈ।

ਬਾਲਟਿਕ ਮੁਲਕਾਂ ਵਿਚ ਕਈ ਥਾਂਈਂ 'ਕਮਿਊਨਿਸਟ ਦਹਿਸ਼ਤ' ਵਿਚ ਮਾਰੇ ਗਏ ਲੋਕਾਂ ਦੀ ਯਾਦ ਵਿਚ ਬਣੇ ਸਮਾਰਕ ਅਸੀਂ ਖੁਦ ਵੇਖੇ ਹਨ। ਜਰਮਨੀ ਦੇ ਇਕ ਪਾਰਕ ਵਿਚ ਇਕ ਪਾਸੇ ਨਾਜ਼ੀਆਂ ਹੱਥੋਂ ਮਾਰੇ ਗਏ ਅਤੇ ਦੂਜੇ ਪਾਸੇ ਸਟਾਲਿਨ ਦੀ ਦਹਿਸ਼ਤ ਦਾ ਸ਼ਿਕਾਰ ਹੋਏ ਲੋਕਾਂ ਦੀ ਯਾਦ ਵਿਚ ਪੱਥਰ ਦੇ ਸਮਾਰਕ ਬਣੇ ਹੋਏ ਹਨ। ਇਸੇ ਕਰ ਕੇ ਬਰਲਿਨ ਕੰਧ ਨੂੰ ਪਾਰ ਕਰਦੇ ਮਰੇ ਲੋਕਾਂ ਦੀਆਂ ਕਹਾਣੀਆਂ 'ਜੂਠਾਂ' ਦੀਆਂ ਕਹਾਣੀਆਂ ਨਹੀਂ ਹਨ। ਇਨ੍ਹਾਂ ਮੁਲਕਾਂ ਵਿਚ ਤੁਰਦਿਆਂ ਫਿਰਦਿਆਂ ਅਸੀਂ ਸੈਂਕੜੇ ਲੋਕਾਂ ਦੀਆਂ ਕਹਾਣੀਆਂ ਸੁਣੀਆਂ ਹਨ। ਇਨ੍ਹਾਂ ਅੱਖੀਂ ਵੇਖੀਆਂ ਅਤੇ ਕੰਨੀ ਸੁਣੀਆਂ ਹਕੀਕਤਾਂ ਨੂੰ ਰੱਦ ਕਰਨਾ ਸੰਭਵ ਨਹੀਂ।

ਇਨ੍ਹਾਂ ਮੁਲਕਾਂ ਦੇ ਲੋਕ ਹੁਣ ਤੀਕ ਮੰਨਦੇ ਹਨ ਕਿ ਸਮਾਜਵਾਦੀ ਸਮਿਆਂ ਵਿਚ ਆਰਥਿਕ ਸੁਰੱਖਿਆ ਸੀ। ਹਰ ਸ਼ਹਿਰੀ ਨੂੰ ਰੁਜ਼ਗਾਰ, ਘਰ ਅਤੇ ਪੈਨਸ਼ਨ ਮਿਲਦੀ ਸੀ। ਸਮਾਜੀ ਸੇਵਾਵਾਂ, ਹਸਪਤਾਲਾਂ, ਸਕੂਲਾਂ, ਕਾਲਜਾਂ ਅਤੇ ਹਰ ਤਰ੍ਹਾਂ ਦੀ ਤਰੱਕੀ ਦੀਆਂ ਯੋਜਨਾਵਾਂ ਸਨ, ਪਰ ਹੌਲੀ ਹੌਲੀ ਫੈਲਦੀ ਪਾਰਟੀ ਦੀ ਅੰਦਰੂਨੀ ਕੁਰੱਪਸ਼ਨ ਲੋਕਾਂ ਦੀ ਸੁਰੱਖਿਆ ਅਤੇ ਉਨ੍ਹਾਂ ਦੇ ਸਾਰੇ ਸੁਪਨੇ ਨਿਗਲ ਗਈ।

ਸੋਵੀਅਤ ਯੂਨੀਅਨ ਅਤੇ ਇਸ ਦੇ ਨਾਲ ਸਮਾਜਵਾਦੀ ਆਦਰਸ਼ ਦਾ ਅੰਤ ਅਜੋਕੇ ਸਮਿਆਂ ਵਿਚ ਮਨੁੱਖਤਾ ਨਾਲ ਵਾਪਰੀ ਮਹਾਂ ਤ੍ਰਾਸਦੀ ਹੈ। ਹਰ ਸ਼ਹਿਰ, ਹਰ ਕਸਬੇ ਵਿਚ ਬਣੇ ਕੇ.ਜੀ.ਬੀ. ਅਤੇ ਖੁਫੀਆ ਏਜੰਸੀਆਂ ਦੇ ਥਾਣੇ ਜਾਂ ਇੰਜ ਕਹਿ ਲਉ 'ਤਸੀਹਾ ਕੇਂਦਰ' ਸਮਾਜਵਾਦੀ ਸੁਪਨੇ ਖਾ ਗਏ। ਲਿਥੂਏਨੀਆ ਵਿਚ ਇਸ ਤਰ੍ਹਾਂ ਦੇ ਕੇ.ਜੀ.ਬੀ. ਦਿਖਾਉਂਦਾ ਸਾਡਾ ਗਾਈਡ ਰੋ ਪਿਆ ਸੀ!

ਇਹ ਕੇਹਾ ਸਮਾਜਵਾਦ ਸੀ? ਮਾਰਕਸ ਦੀਆਂ ਲਿਖਤਾਂ ਵਿਚ ਇਹਦਾ ਕਿਧਰੇ ਜ਼ਿਕਰ ਨਹੀਂ ਮਿਲਦਾ। ਇਸੇ ਸਮਾਜਵਾਦ ਦੀਆਂ ਬਰਕਤਾਂ ਤੋਂ ਸਤੇ ਪੂਰਬੀ ਜਰਮਨੀ ਦੇ ਲੋਕ ਆਪਣੇ ਮੁਲਕ ਤੋਂ ਭੱਜ ਨਿਕਲੇ ਸਨ। ਸਮਾਜਵਾਦ ਦੇ ਤਜਰਬੇ ਦਾ ਇਹ ਦੌਰ ਦੱਸਦਾ ਹੈ ਕਿ ਕੋਈ ਸਿਸਟਮ ਸਦਾ ਲਈ ਲੋਕਾਂ ਨੂੰ ਖੁਫੀਆ ਪੁਲਿਸ ਦੀ ਦਹਿਸ਼ਤ ਨਾਲ ਦਬਾਅ ਕੇ ਨਹੀਂ ਰੱਖ ਸਕਦਾ। ਕੋਈ ਹਾਕਮ ਲੋਕਾਂ ਨੂੰ ਭੈਅ ਨਾਲ ਬਰਲਿਨ ਵਰਗੀ ਕੰਧ ਉਸਾਰ ਕੇ ਕਿਸੇ ਵਾੜੇ ਵਿਚ ਤਾੜ ਕੇ ਨਹੀਂ ਰੱਖ ਸਕਦਾ। ਇਕ ਮੌਕਾ ਆਉਂਦਾ ਜਦੋਂ ਲੋਕ ਮੌਤ ਤੇ ਹਰ ਖਤਰੇ ਦੇ ਬਾਵਜੂਦ ਹਰ ਖੌਫ ਭੁਲਾ ਕੇ ਉਠ ਖੜੋਂਦੇ ਹਨ। ਪੋਲੈਂਡ ਗਿਆ, ਅਸੀਂ ਯਹੂਦੀ ਵਿਹੜਾ ਵੇਖਿਆ ਜਿਥੇ ਨਿਹੱਥੇ, ਬਿਮਾਰ ਅਤੇ ਭੁੱਖੇ ਯਹੂਦੀ ਸ਼ਕਤੀਸ਼ਾਲੀ ਨਾਜ਼ੀਆਂ ਖਿਲਾਫ ਉਠ ਖਲੋਤੇ ਸਨ।

ਅਮਰੀਕੀ ਵਿਦਵਾਨ ਫਰਾਂਸਿਸ ਫੂਕੋਯਾਮਾ ਕਹਿੰਦਾ ਹੈ ਕਿ ਇਤਿਹਾਸ ਦਾ ਅੰਤ ਹੋ ਗਿਆ। ਇਹ ਧਾਰਨਾ ਸਹੀ ਨਹੀਂ। ਮਨੁੱਖੀ ਇਤਿਹਾਸ ਨੇ ਹਮੇਸ਼ਾ ਤੁਰਦੇ ਰਹਿਣਾ ਹੈ, ਪਰ ਸਮਾਜ ਸਫਰ ਦੇ ਅਗਲੇ ਪੜਾਅ ਵੱਲ ਤੁਰਦਿਆਂ ਸਾਨੂੰ ਪਿਛਲੇ ਤਜਰਬੇ ਤੋਂ ਸਿੱਖਣਾ ਜ਼ਰੂਰੀ ਹੈ।

ਬਰਲਿਨ ਕੰਧ ਦੇ ਜਿਹੜੇ ਹਿੱਸਿਆਂ ਨੂੰ ਸਾਂਭ ਕੇ ਰੱਖਿਆ ਹੋਇਆ ਹੈ, ਉਨ੍ਹਾਂ ਮੂਹਰੇ ਵੱਡੇ ਵੱਡੇ ਬੋਰਡ ਲੱਗੇ ਹੋਏ ਹਨ। ਇਨ੍ਹਾਂ ਬੋਰਡਾਂ ਉਤੇ ਲਿਖਿਆ ਹੋਇਆ TOPOGAPHY OF TERROR, ਭਾਵ ਦਹਿਸ਼ਤ ਦਾ ਜੁਗਰਾਫੀਆ। ਇਹ ਬਰਲਿਨ ਦੇ ਨਵੇਂ ਅਜਾਇਬਘਰ ਦਾ ਨਾਂ ਹੈ। ਇਹ ਠੀਕ ਹੈ ਕਿ ਕੁਝ ਹੱਦ ਤੀਕ ਪੱਛਮੀ ਮੁਲਕ ਇਸ ਨੂੰ ਆਪਣੇ ਪੱਖ ਵਿਚ ਵਰਤ ਰਹੇ ਹਨ, ਪਰ ਇਸ ਦਹਿਸ਼ਤ ਪਿੱਛੇ ਲੁਕੀ ਲੋਕਾਂ ਦੀ ਕਹਾਣੀ ਨੂੰ ਭੁੱਲਣਾ ਅਤੇ 'ਜੂਠਾਂ' ਦੀ ਕਹਾਣੀ ਕਹਿਣਾ ਵੀ ਬਹੁਤ ਵੱਡੀ ਗਲਤੀ ਹੈ।

*ਬਾਲਟਿਕ ਮੁਲਕਾਂ ਵਿਚ ਕਈ ਥਾਂਈਂ 'ਕਮਿਊਨਿਸਟ ਦਹਿਸ਼ਤ' ਵਿਚ ਮਾਰੇ ਗਏ ਲੋਕਾਂ ਦੀ ਯਾਦ ਵਿਚ ਬਣੇ ਸਮਾਰਕ ਅਸੀਂ ਖੁਦ ਵੇਖੇ ਹਨ। ਜਰਮਨੀ ਦੇ ਇਕ ਪਾਰਕ ਵਿਚ ਇਕ ਪਾਸੇ ਨਾਜ਼ੀਆ ਹੱਥੋਂ ਮਾਰੇ ਗਏ ਅਤੇ ਦੂਜੇ ਪਾਸੇ ਸਟਾਲਿਨ ਦੀ ਦਹਿਸ਼ਤ ਦਾ ਸ਼ਿਕਾਰ ਹੋਏ ਲੋਕਾਂ ਦੀ ਯਾਦ ਵਿਚ ਪੱਥਰ ਦੇ ਸਮਾਰਕ ਬਣੇ ਹੋਏ ਹਨ। ਇਸੇ ਕਰ ਕੇ ਬਰਲਿਨ ਕੰਧ ਨੂੰ ਪਾਰ ਕਰਦੇ ਮਰੇ ਲੋਕਾਂ ਦੀਆਂ ਕਹਾਣੀਆਂ 'ਜੂਠਾਂ' ਦੀਆਂ ਕਹਾਣੀਆਂ ਨਹੀਂ ਹਨ। ਇਨ੍ਹਾਂ ਮੁਲਕਾਂ ਵਿਚ ਤੁਰਦਿਆਂ ਫਿਰਦਿਆਂ ਅਸੀਂ ਸੈਂਕੜੇ ਲੋਕਾਂ ਦੀਆਂ ਕਹਾਣੀਆਂ ਸੁਣੀਆਂ ਹਨ। ਇਨ੍ਹਾਂ ਅੱਖੀਂ ਵੇਖੀਆਂ ਅਤੇ ਕੰਨੀ ਸੁਣੀਆਂ ਹਕੀਕਤਾਂ ਨੂੰ ਰੱਦ ਕਰਨਾ ਸੰਭਵ ਨਹੀਂ।... ਇਨ੍ਹਾਂ ਮੁਲਕਾਂ ਦੇ ਲੋਕ ਹੁਣ ਤੀਕ ਮੰਨਦੇ ਹਨ ਕਿ ਸਮਾਜਵਾਦੀ ਸਮਿਆਂ ਵਿਚ ਆਰਥਿਕ ਸੁਰੱਖਿਆ ਸੀ। ਹਰ ਸ਼ਹਿਰੀ ਨੂੰ ਰੁਜ਼ਗਾਰ, ਘਰ ਅਤੇ ਪੈਨਸ਼ਨ ਮਿਲਦੀ ਸੀ। ਸਮਾਜੀ ਸੇਵਾਵਾਂ, ਹਸਪਤਾਲਾਂ, ਸਕੂਲਾਂ, ਕਾਲਜਾਂ ਅਤੇ ਹਰ ਤਰ੍ਹਾਂ ਦੀ ਤਰੱਕੀ ਦੀਆਂ ਯੋਜਨਾਵਾਂ ਸਨ, ਪਰ ਹੌਲੀ ਹੌਲੀ ਫੈਲਦੀ ਪਾਰਟੀ ਦੀ ਅੰਦਰੂਨੀ ਕੁਰੱਪਸ਼ਨ ਲੋਕਾਂ ਦੀ ਸੁਰੱਖਿਆ ਅਤੇ ਉਨ੍ਹਾਂ ਦੇ ਸਾਰੇ ਸੁਪਨੇ ਨਿਗਲ ਗਈ।*

# ਜ਼ਿੰਦਗੀ ਨਾਲ ਨੰਗੇ ਧੜ ਲੜਨ ਵਾਲਾ ਲੇਖਕ ਗੁਲਜ਼ਾਰ ਸਿੰਘ ਸ਼ੌਂਕੀ



ਸੁਰਜੀਤ ਜੱਸਲ
ਫੋਨ: 91-981460-7737

ਨੀਲੀ ਪੱਗ, ਖੱਟੀ ਫਿੱਫਟੀ, ਕਲੀਆਂ ਵਾਲਾ ਕੁੜਤਾ, ਤੰਗ ਮੂਹਰੀ ਦਾ ਰੇਵ ਪਜਾਮਾ, ਪ੍ਰਕਾਸ਼ ਕੀਤੀ ਦਾਹੜੀ, ਚੌੜੀ ਪੱਟੀ ਵਾਲਾ ਗਾਤਰਾ, ਮਧਰੇ ਜਿਹੇ ਕੱਦ ਦਾ ਫੁਰਤੀਲਾ ਜਿਹਾ ਸ਼ਖਸ ਸਾਹਿਤਕ ਅਤੇ ਸੱਭਿਆਚਾਰਕ ਸਮਾਗਮਾਂ 'ਚ ਊਰੀ ਵਾਂਗ ਘੁੰਮਦਾ ਨਜ਼ਰ ਆਵੇ ਤਾਂ ਸਮਝੋ ਇਹ ਬੰਦਾ ਗੁਲਜ਼ਾਰ ਸਿੰਘ ਸ਼ੌਂਕੀ ਹੈ। ਉਹ ਗੁਲਜਾਰ ਸਿੰਘ ਸ਼ੌਂਕੀ ਜਿਸ ਦਾ ਮੁਲਾਹਜਾ ਗਾਉਣ ਵਾਲਿਆਂ ਨਾਲ ਵੀ ਹੈ ਤੇ ਸਾਹਿਤਕਾਰਾਂ ਨਾਲ ਵੀ। ਲੋਕ-ਹੱਕੀ ਘੋਲਾਂ ਵਿਚ ਵੀ ਇਹ ਬੰਦਾ ਕਦੇ ਪਿੱਛੇ ਨਹੀਂ ਹਟਿਆ। ਉਹ ਮੁਲਾਜ਼ਮ ਜਥੇਬੰਦੀਆਂ ਦਾ ਵੀ ਸਿਰਕੱਢ ਬੁਲਾਰਾ ਹੈ। ਸਾਰੀ ਜ਼ਿੰਦਗੀ ਸਰਗਰਮ ਰਹਿਣ ਵਾਲਾ ਇਹ ਬੰਦਾ ਸਮਾਜ ਲਈ ਇੱਕ ਮਿਸ਼ਾਲ ਹੋਣ ਕਰਕੇ ਨੌਜਵਾਨ ਪੀੜ੍ਹੀ ਲਈ ਇੱਕ ਚਾਨਣ ਮੁਨਾਰਾ ਹੈ। ਗਰੀਬੀ ਦੀ ਦਲਦਲ 'ਚੋਂ ਉਪਰ ਉਠਣ ਲਈ ਰਾਤਾਂ ਨੂੰ ਦੀਵੇ ਦੀ ਲੋਅ ਵਿਚ ਪੜ੍ਹਾਈਆਂ ਕਰਨੀਆਂ ਤੇ ਦਿਨੇ ਭੱਠਿਆਂ, ਖੇਤਾਂ ਦੀਆਂ ਵੱਟਾਂ, ਲੋਹੇ ਦੇ ਕਾਰਖਾਨਿਆਂ ਵਿਚ ਕੰਮ ਕਰਨਾ ਗੁਲਜ਼ਾਰ ਸਿੰਘ ਸ਼ੌਂਕੀ ਦੀ ਜ਼ਿੰਦਗੀ ਦਾ ਸੱਚ ਹੈ। ਜ਼ਿੰਦਗੀ ਦੇ ਹਰ ਖੇਤਰ ਵਿਚ ਨੰਗੇ ਧੜ ਲੜਨ ਵਾਲੇ ਇਸ ਯੋਧੇ ਨੇ ਕਦੇ ਹਾਰ ਨਹੀਂ ਮੰਨੀ।

ਗੁਲਜ਼ਾਰ ਸਿੰਘ ਸ਼ੌਂਕੀ ਵੱਖ ਵੱਖ ਕਲਾਵਾਂ ਦਾ ਸੁਮੇਲ ਹੈ, ਉਸ ਦੀਆਂ ਪ੍ਰਾਪਤੀਆਂ ਵੇਖ ਇੰਜ ਲਗਦਾ ਹੈ ਜਿਵੇਂ ਉਸ ਨੇ ਕਲਾ ਦੇ ਹਰ ਖੇਤਰ ਵਿਚ ਪੀਐਚ. ਡੀ. ਕੀਤੀ ਹੋਵੇ। ਰੇਡੀਓ ਤੇ ਦੂਰਦਰਸ਼ਨ ਦੇ ਪ੍ਰੋਗਰਾਮਾਂ ਵਿਚ ਵੀ ਉਸ ਦੀ ਚੰਗੀ ਹਾਜ਼ਰੀ ਹੈ। ਰਾਮ ਲੀਲਾ ਦੀਆਂ ਸਟੇਜਾਂ ਤੋਂ ਲੈ ਕੇ ਮਰਹੂਮ ਨਾਟਕਕਾਰ ਗੁਰਸ਼ਰਨ ਸਿੰਘ ਦੇ ਡਰਾਮਿਆਂ ਤੱਕ, ਪੇਂਡੂ ਜਲਸਿਆਂ, ਲੋਕ ਗਾਇਕੀ ਦੇ ਅਖਾੜਿਆਂ ਤੋਂ ਸੰਤ ਰਾਮ ਉਦਾਸੀ ਦੀਆਂ ਇਨਕਲਾਬੀ ਕਵਿਤਾਵਾਂ ਤੱਕ, ਗੁਰੂਘਰ ਦੇ ਧਾਰਮਿਕ ਸਮਾਗਮਾਂ, ਦੀਵਾਨਾਂ ਤੋਂ ਲੈ ਕੇ ਸਾਹਿਤਕ ਸਮਾਗਮਾਂ ਦੇ ਕਵੀ ਦਰਬਾਰਾਂ ਤੱਕ ਹੁੰਦੇ ਸਮਾਗਮਾਂ ਵਿਚ ਗੁਲਜਾਰ ਸਿੰਘ ਸ਼ੌਂਕੀ ਦੀ ਹਾਜ਼ਰੀ ਯਕੀਨੀ ਹੁੰਦੀ ਹੈ। ਸਾਹਿਤਕ ਅਤੇ ਗਾਇਕੀ ਨਾਲ ਸਬੰਧਤ 32 ਪੁਸਤਕਾਂ ਪ੍ਰਕਾਸ਼ਿਤ ਕਰਵਾ ਚੁਕੇ ਗੁਲਜ਼ਾਰ ਸਿੰਘ ਸ਼ੌਂਕੀ ਦੇ ਦਰਜਨਾਂ ਧਾਰਮਿਕ ਗੀਤ ਐਚ. ਐਮ. ਵੀ. ਦੇ ਤਵਿਆਂ 'ਤੇ ਰਿਕਾਰਡ ਹੋਏ ਹਨ।

ਨਾਭਾ ਨੇੜਲੇ ਪਿੰਡ ਰੋਹਟੀ ਮੌੜਾਂ ਵਿਖੇ ਮਾਤਾ ਹਰਪਾਲ ਕੌਰ ਤੇ ਪਿਤਾ ਭਗਵਾਨ ਸਿੰਘ ਗੁਰੂ ਦੇ ਘਰ 5 ਦਸੰਬਰ 1948 ਨੂੰ ਜਨਮੇ ਗੁਲਜ਼ਾਰ ਸਿੰਘ ਸ਼ੌਂਕੀ ਨੇ ਗੁਰਮੁਖੀ ਪੜ੍ਹਨ ਦਾ ਗਿਆਨ ਆਪਣੇ ਪਿਤਾ ਜੀ ਤੋਂ ਹੀ ਲਿਆ। ਥੋੜ੍ਹੀ ਸੁਰਤ ਸੰਭਲੀ ਤਾਂ ਪਿਤਾ ਨੇ ਸ਼ੌਂਕੀ ਨੂੰ ਸਕੂਲ ਭੇਜਣਾ ਸ਼ੁਰੂ ਕਰ ਦਿੱਤਾ। ਗੁਰੂ ਘਰ ਦੀ ਬਾਣੀ ਦੇ ਲੜ ਲੱਗੇ ਹੋਣ ਕਰਕੇ ਬਹੁਤ ਛੋਟੀ ਉਮਰੇ ਹੀ ਉਹ ਗੁਰੂ ਘਰ ਦਾ ਪਾਠੀ ਬਣ ਗਿਆ ਸੀ। ਘਰ ਦੀ ਕਬੀਲਦਾਰੀ ਤੋਰਨ ਲਈ ਨਿੱਕੇ ਹੁੰਦਿਆਂ ਉਸ ਨੇ ਅਨੇਕਾਂ ਕੰਮ ਕੀਤੇ। ਬਿਜਲੀ ਮਹਿਕਮੇ ਦੇ ਖੰਭੇ ਗੱਡੇ, ਰੇਲਵੇ ਮਹਿਕਮੇ 'ਚ ਮਜਦੂਰੀ ਕੀਤੀ, ਕੱਪੜਾ ਬੁਣਨ ਦਾ ਕੰਮ ਕੀਤਾ, ਫੈਕਟਰੀਆਂ ਵਿਚ ਲੋਹਾ ਵੀ ਕੁੱਟਿਆ ਤੇ ਹੋਰ ਬੜਾ ਕੁਝ ਕੀਤਾ।

ਇੱਕ ਕੰਮ ਉਸ ਦੇ ਹਿੱਸੇ ਅਜਿਹਾ ਆਇਆ ਜਿਸ ਨੇ ਉਸ ਨੂੰ ਕਲਾ ਖੇਤਰ ਨਾਲ ਜੋੜ ਦਿੱਤਾ। ਉਨ੍ਹਾਂ ਸਮਿਆਂ ਵਿਚ ਪਿੰਡਾਂ ਵਿਚ ਸਪੀਕਰ ਨਵੇਂ-ਨਵੇਂ ਆਏ ਸਨ। ਵਿਆਹ-ਸਾਹਿਆਂ ਮੌਕੇ ਪਿੰਡਾਂ ਵਿਚ ਸਪੀਕਰ ਵਜਾਉਣ ਵਾਲਿਆਂ ਦੀ ਚੰਗੀ ਵੁੱਕਤ ਸੀ। ਗੁਲਜ਼ਾਰ ਦੇ ਬਾਪੂ ਜੀ ਨੇ ਵੀ ਉਸ ਨੂੰ ਸਪੀਕਰ ਸੈਟ ਲੈ ਦਿੱਤਾ। ਵਿਆਹ ਦੇ ਸੀਜ਼ਨ 'ਚ ਉਹ ਦੂਰ ਨੇੜੇ ਦੇ ਪਿੰਡਾਂ ਵਿਚ ਸਪੀਕਰ ਵਜਾਉਣ ਜਾਂਦਾ। ਸਪੀਕਰ ਤੋਂ ਵੱਜਦੇ ਗੀਤਾਂ ਨਾਲ ਸ਼ੌਂਕੀ ਨੂੰ ਇੱਕ ਮੋਹ ਜਿਹਾ ਹੋ ਗਿਆ। ਪਾਲ ਸਿੰਘ ਪੰਛੀ, ਅਮਰ ਸਿੰਘ ਸ਼ੌਂਕੀ, ਕਰਨੈਲ ਸਿੰਘ ਪਾਰਸ, ਉਦੈ ਸਿੰਘ, ਦਲੀਪ ਸਿੰਘ, ਦੀਦਾਰ ਸਿੰਘ ਰਟੈਂਡਾ ਵਰਗੇ ਪੁਰਾਣੇ ਕਲਾਕਾਰਾਂ ਦੀ ਗਾਇਨ ਸ਼ੈਲੀ ਦਾ ਉਹ ਮੁਰੀਦ ਹੋ ਗਿਆ। ਉਸ ਅੰਦਰਲਾ ਗੀਤਕਾਰ ਜਾਗ



ਪਿਆ ਜੋ ਉਸ ਨੂੰ ਗੀਤਕਾਰ ਤੇ ਸਾਹਿਤ ਰਸੀਆ ਗੁਰਦੇਵ ਸਿੰਘ ਮਾਨ (ਮਿੱਤਰਾਂ ਦੀ ਲੂਣ ਦੀ ਡਲੀ) ਦੇ ਚਰਨਾਂ ਵਿਚ ਲੈ ਗਿਆ। ਉਸਤਾਦ ਮਾਨ ਨੇ ਇਸ ਬਾਗ ਵਿਚ ਖਿੜੀ ਗੁਲਜ਼ਾਰ ਦੀ ਮਹਿਕ ਨੂੰ ਭਾਂਪਦਿਆ ਪਿੰਗਲ, ਅਰੂਜ ਦੇ ਸਿਧਾਂਤਾਂ ਮੁਤਾਬਕ ਉਸ ਨੂੰ ਗੀਤਕਾਰੀ ਦੇ ਨੁਕਤੇ ਸਮਝਾਏ। ਗੁਲਜ਼ਾਰ ਸਿੰਘ ਸ਼ੌਂਕੀ ਨੇ ਸ਼ੁਰੂ ਸ਼ੁਰੂ ਵਿਚ ਦੇਸ਼ ਭਗਤੀ ਦੇ ਗੀਤ ਲਿਖੇ ਪਰ ਗੁਰੂ ਘਰ ਦੀ ਬਾਣੀ ਨਾਲ ਜੁੜੇ ਹੋਣ ਕਰਕੇ ਉਸ ਦਾ ਕਲਮੀ ਝੁਕਾਅ ਧਾਰਮਿਕ ਲਿਖਤਾਂ ਵੱਲ ਵਧੇਰੇ ਰਿਹਾ। ਧੂਰੀ ਦੇ ਹੀ ਨਾਮੀ ਗਾਇਕ ਕਰਮਜੀਤ ਸਿੰਘ ਧੂਰੀ ਨੇ ਸ਼ੌਂਕੀ ਦੇ ਲਿਖੇ ਧਾਰਮਿਕ ਗੀਤਾਂ-ਗੁਰ ਤੇਗ ਬਹਾਦਰ ਸਿਮਰੀਐ, ਅੰਬਰਾਂ ਨੂੰ ਛੋਹੇ ਮੇਰੇ ਪੰਥ ਦਾ ਨਿਸ਼ਾਨ, ਅੰਮ੍ਰਿਤ ਦੀ ਮਹੱਤਤਾ, ਧੰਨ ਧਰਤੀ ਹੈ ਅੰਮ੍ਰਿਤਸਰ ਦੀ, ਭਗਤ ਕਬੀਰ ਜੀ, ਭਗਤ ਨਾਮਦੇਵ ਜੀ, ਭਗਤ ਧੰਨਾ ਜੀ, ਬਾਬਾ ਫਰੀਦ, ਬਾਬਾ ਕਬੀਰ ਆਦਿ ਨੂੰ ਪੱਥਰ ਦੇ ਤਵਿਆਂ 'ਤੇ ਰਿਕਾਰਡ ਕਰਵਾਇਆ।

ਪੰਜਾਬ ਦੀ ਕੋਇਲ ਸੁਰਿੰਦਰ ਕੌਰ ਨੇ ਵੀ 'ਅੰਮ੍ਰਿਤ ਬਾਜਾਂ ਵਾਲੇ ਦਾ ਜਿੰਦ ਮੋਇਆਂ ਦੇ ਵਿਚ ਪਾ ਦੇਵੇ', 'ਹੱਸ ਹੱਸ ਕੌਮ ਲਈ ਮੁਸੀਬਤਾਂ ਸਹਾਰੀਆਂ' ਅਤੇ 'ਬੱਚਿਆਂ 'ਤੇ ਜ਼ੁਲਮ ਕਮਾਇਆ ਜ਼ਾਲਮਾਂ' ਗੀਤ ਰਿਕਾਰਡ ਕਰਵਾਏ। ਗਾਇਕ ਪੰਮੀ ਬਾਈ ਨੇ ਵੀ ਗੁਲਜ਼ਾਰ ਸਿੰਘ ਸ਼ੌਂਕੀ ਦੇ ਧਾਰਮਿਕ ਗੀਤਾਂ-ਮਿੱਟੀ ਦਾ ਤੇਰਾ ਬੁਰਜ ਬਣਾ ਕੇ ਆਦਮੀ ਧਰਿਆ ਨਾਂ ਬੰਦਿਆ, ਮਨੀ ਸਿੰਘ ਦੀ ਵਾਰ, ਛੋਟੇ ਸ਼ਾਹਿਬਜ਼ਾਦਿਆਂ ਦੀ ਵਾਰ ਅਤੇ ਕੱਚਾ ਰਹਿ ਗਿਆ ਬੁੱਧੂ ਸ਼ਾਹ ਤੇਰਾ ਆਵਾ ਨੂੰ ਆਪਣੀ ਆਵਾਜ਼ ਦਿੱਤੀ।

ਗਾਇਕੀ ਦੇ ਖੇਤਰ ਵਿਚ ਵਿਚਰਦਿਆਂ ਗੁਲਜ਼ਾਰ ਸਿੰਘ ਸ਼ੌਂਕੀ ਨੇ ਅਨੇਕਾਂ ਗਾਇਕਾਂ, ਕਲਾਕਾਰਾਂ ਬਾਰੇ ਨਾਮੀ ਅਖਬਾਰਾਂ-ਰਸਾਲਿਆਂ ਲਈ ਸ਼ਬਦ ਚਿੱਤਰ ਵੀ ਲਿਖੇ। ਗੀਤਕਾਰੀ ਤੋਂ ਸਾਹਿਤ ਵੱਲ ਆਉਣ ਦੀ ਪ੍ਰੇਰਣਾ ਡਾ. ਤੇਜਵੰਤ ਸਿੰਘ ਮਾਨ ਨੇ ਦਿੱਤੀ। ਧੂਰੀ ਦੀਆਂ ਸਾਹਿਤਕ ਗਤੀਵਿਧੀਆਂ ਨਾਲ ਜੁੜੇ ਹੋਣ ਕਰਕੇ ਸ਼ੌਂਕੀ ਨੇ ਕਵੀ ਸੰਮੇਲਨਾਂ ਵਿਚ ਕਵਿਤਾਵਾਂ ਅਤੇ ਗੀਤ ਪੇਸ਼ ਕਰਕੇ ਇੱਕ ਵੱਖਰੀ ਪਛਾਣ ਬਣਾਈ। ਗੁਰਦੇਵ ਸਿੰਘ ਮਾਨ, ਪਾਸ਼, ਨੰਦ ਲਾਲ ਨੂਰਪੁਰੀ, ਸ਼ਿਵ ਕੁਮਾਰ ਬਟਾਲਵੀ, ਦੀਪਕ ਜੈਤੋਈ, ਚਰਨ ਸਿੰਘ ਸਫਰੀ, ਸੰਤ ਰਾਮ ਉਦਾਸੀ ਆਦਿ ਸ਼ੌਂਕੀ ਦੇ ਸਮਕਾਲੀ ਕਵੀ ਰਹੇ ਹਨ। ਉਹ ਦੱਸਦਾ ਹੈ ਕਿ ਉਸ ਨੂੰ ਖੁਸ਼ੀ ਹੈ ਕਿ ਮੈਂ ਉਸਤਾਦਾਂ ਤੋਂ ਸਿੱਖਿਆ ਹੈ ਤੇ ਆਸ਼ੀਰਵਾਦ ਲਿਆ ਹੈ। ਨੂਰਪੁਰੀ ਨੂੰ ਮੈਂ ਤਾਇਆ ਉਸਤਾਦ ਕਹਿੰਦਾ ਸੀ ਤੇ ਸ਼ਿਵ ਕੁਮਾਰ ਬਟਾਲਵੀ ਨਾਲ ਮੇਰਾ ਭਰਾਵਾਂ ਵਰਗਾ ਨਾਤਾ ਸੀ। ਸਾਹਿਤਕ ਸਮਾਗਮਾਂ ਨੇ ਹੀ ਸ਼ੌਂਕੀ ਨੂੰ ਕਿਤਾਬਾਂ ਪ੍ਰਕਾਸ਼ਿਤ ਕਰਵਾਉਣ ਦੀ ਚਿਣਗ ਲਾਈ। ਉਸ ਦੀਆਂ ਪੰਜਾਬ ਦੀ ਕੋਇਲ ਸੁਰਿੰਦਰ ਕੌਰ ਦੀ ਜੀਵਨੀ ਪੁਸਤਕ 'ਪੰਜਾਬ ਦੀ ਨਹੀਂ ਵਿਸ਼ਵ ਦੀ ਕੋਇਲ', ਅਮਰ ਸਿੰਘ ਚਮਕੀਲਾ ਬਾਰੇ 'ਆਵਾਜ਼ ਮਰਦੀ ਨਹੀਂ', ਜਨਾਬ ਬਾਕਰ ਹੁਸੈਨ ਬਾਰੇ 'ਪਟਿਆਲਾ ਸੰਗੀਤ ਘਰਾਣੇ ਦੇ ਵਾਰਸ', ਮੁਹੰਮਦ ਸਦੀਕ ਬਾਰੇ 'ਸਦਾ ਬਹਾਰ ਗਾਇਕ', ਸੰਗੀਤਕਾਰ ਕੇਸਰ ਸਿੰਘ ਨਰੂਲਾ ਤੇ ਗੀਤਕਾਰ ਗੁਰਦੇਵ ਸਿੰਘ ਮਾਨ ਦੀ ਜੀਵਨੀ ਤੋਂ ਇਲਾਵਾ ਕਾਵਿ ਸੰਗ੍ਰਿਹ, ਗਜ਼ਲ ਸੰਗ੍ਰਿਹ, ਵਾਰ ਸੰਗ੍ਰਿਹ ਤੇ ਓਪੇਰਾ ਸੰਗ੍ਰਿਹ ਸਮੇਤ ਕੋਈ 32 ਪੁਸਤਕਾਂ ਪ੍ਰਕਾਸ਼ਿਤ ਹੋਈਆਂ ਹਨ। ਪੰਜਾਬ ਦੇ ਯੋਧੇ ਲੋਕ ਨਾਇਕਾਂ ਦੀ ਗੱਲ ਕਰਦੀ ਇੱਕ ਹੋਰ ਪੁਸਤਕ 'ਅਣਖੀ ਜਰਨੈਲ' ਵਿਚ ਉਸ ਨੇ ਰਾਜਾ ਪੋਰਸ, ਰਾਜਾ ਰਸਾਲੂ, ਦੁੱਲਾ ਭੱਟੀ, ਜਿਊਣਾ ਮੌੜ ਆਦਿ ਯੋਧਿਆਂ ਦੇ ਕਾਵਿ ਚਿੱਤਰ ਲਿਖੇ ਹਨ। ਉਸ ਨੂੰ ਪੰਜਾਬੀ ਲੋਕ ਮਾਨਤਾਵਾਂ, ਮੁਹਾਵਰਿਆਂ ਅਤੇ ਛੰਦਾਂ ਦੀ ਪੂਰੀ ਪਛਾਣ ਹੈ। ਇਸ ਕਰਕੇ ਉਹ ਆਪਣੀ ਰਚਨਾ ਨੂੰ ਲੋਕ-ਛੰਦਬੰਦੀ ਅਤੇ ਲੋਕ ਮਹਾਤਮ ਦੇ ਬਹੁਤ ਨੇੜੇ ਰੱਖਦਾ ਹੈ।

ਗੁਲਜ਼ਾਰ ਸਿੰਘ ਸ਼ੌਂਕੀ ਦੀ ਜ਼ਿੰਦਗੀ ਦਾ ਬਹੁਤਾ ਸਮਾਂ ਧੂਰੀ ਹੀ ਗੁਜ਼ਰਿਆ। ਉਸ ਨੇ ਸਰਕਾਰੀ ਤੇ ਗੈਰ-ਸਰਕਾਰੀ ਮਹਿਕਮਿਆਂ ਵਿਚ ਅਨੇਕਾਂ ਥਾਂਈਂ ਕੰਮ ਕੀਤਾ। ਆਖਿਰ ਉਹ ਸਿੱਖਿਆ ਵਿਭਾਗ ਵਿਚ ਬਤੌਰ ਸੇਵਾਦਾਰ ਪੱਕਾ ਹੋ ਗਿਆ ਜਿਥੋਂ ਕਈ ਸਾਲ ਨੌਕਰੀ ਕਰਨ ਮਗਰੋਂ ਸੇਵਾਮੁਕਤ ਹੋਇਆ।

ਪੋਤੇ-ਪੋਤੀਆਂ ਵਾਲਾ ਗੁਲਜ਼ਾਰ ਸਿੰਘ ਸ਼ੌਂਕੀ ਆਪਣੀ ਸੰਘਰਸ਼ਮਈ ਜ਼ਿੰਦਗੀ ਵਿਚ ਧਰਮ ਪਤਨੀ ਅਮਰਜੀਤ ਕੌਰ ਦਾ ਬਹੁਤ ਵੱਡਾ ਸਹਿਯੋਗ ਮੰਨਦਾ ਹੈ। ਧੂਰੀ ਸ਼ਹਿਰ ਦਾ ਪੱਕਾ ਵਸਨੀਕ ਕਲਮ ਦਾ ਇਹ ਸਿਪਾਹੀ ਅੱਜ ਵੀ ਸਰਗਰਮ ਹੈ। ਉਹ ਕਈ ਨਵੇਂ ਵਿਸ਼ਿਆਂ 'ਤੇ ਪੁਸਤਕਾਂ ਲਿਖ ਰਿਹਾ ਹੈ, ਕੁਝ ਛਪਾਈ ਅਧੀਨ ਹਨ। ਹਮੇਸ਼ਾ ਚੜ੍ਹਦੀ ਕਲਾ 'ਚ ਰਹਿਣ ਵਾਲਾ ਗੁਲਜ਼ਾਰ ਸਿੰਘ ਸ਼ੌਂਕੀ ਸੱਚਮੁੱਚ ਸਾਹਿਤ ਫੁੱਲਵਾੜੀ ਦਾ ਖਿੜ੍ਹਿਆ ਗੁਲਜ਼ਾਰ ਹੈ।

# ਅਮਰੀਕਾ ਦੇ ਕਾਤਲਾਨਾ ਹਮਲੇ ਤੇ ਭਾਰਤ ਦੀ ਕਾਤਲਾਨਾ ਭੀੜ



ਡਾ. ਪਰਮਜੀਤ ਸਿੰਘ ਕੱਟੂ
ਫੋਨ: 91-94631-24131

ਲਾਸ ਵੇਗਸ ਵਿਚ ਇਕ ਬੰਦੂਕਧਾਰੀ ਵੱਲੋਂ ਸੰਗੀਤ ਸਮਾਗਮ ਵਿਚ ਅੰਨ੍ਹੇਵਾਹ ਗੋਲੀਆਂ ਚਲਾ ਕੇ ਘੱਟੋ-ਘੱਟ 58 ਲੋਕਾਂ ਨੂੰ ਮਾਰ ਦੇਣ ਤੇ 500 ਤੋਂ ਵੱਧ ਲੋਕਾਂ ਨੂੰ ਜ਼ਖਮੀ ਕਰਨ ਦੀ ਹੌਲਨਾਕ ਘਟਨਾ ਨੇ ਇਕ ਵਾਰ ਫੇਰ ਹਿੰਸਕ ਵਰਤਾਰਿਆਂ ਬਾਰੇ ਸੋਚਣ ਲਈ ਮਜ਼ਬੂਰ ਕਰ ਦਿੱਤਾ ਹੈ। ਹਿੰਸਾ ਦਾ ਮਾਹੌਲ ਪੂਰੀ ਦੁਨੀਆਂ ਵਿਚ ਹੀ ਵਧ ਰਿਹਾ ਹੈ। ਇਕ ਪਾਸੇ ਅਮਰੀਕਾ ਆਪਣੇ ਆਪ ਨੂੰ ਮਹਾਂ-ਸ਼ਕਤੀ ਮੰਨ ਰਿਹਾ ਹੈ ਅਤੇ ਦੂਜੇ ਪਾਸੇ ਭਾਰਤ, ਜਿਸ ਨੂੰ ਦੁਨੀਆਂ ਵਿਚ ਮਹਾਤਮਾ ਗਾਂਧੀ ਦੇ ਅਹਿੰਸਾ ਦੇ ਸਿਧਾਂਤ ਕਰਕੇ ਇੱਕ ਵੱਖਰੀ ਪਛਾਣ ਮਿਲੀ ਹੋਈ ਹੈ। ਮਹਾਤਮਾ ਗਾਂਧੀ ਦੇ ਅਹਿੰਸਾ ਦੇ ਸਿਧਾਂਤ ਤੋਂ ਵੀ ਪਹਿਲਾਂ ਮਹਾਤਮਾ ਬੁੱਧ ਅਤੇ ਭਗਵਾਨ ਮਹਾਂਵੀਰ ਵੀ ਅਹਿੰਸਾ ਦੇ ਸਿਧਾਂਤ ਦੇ ਧਾਰਨੀ ਸਨ। ਅਮਰੀਕਾ ਦੀ ਅਜਿਹੀ ਕੋਈ ਵਿਰਾਸਤ ਹੋਵੇ, ਫਿਲਹਾਲ ਕੋਈ ਪਤਾ ਨਹੀਂ।

ਡਾ. ਸਵਰਾਜ ਸਿੰਘ ਲਿਖਦੇ ਹਨ ਕਿ ਅਮਰੀਕਾ ਸਰਮਾਏਦਾਰ ਦੇਸ਼ਾਂ ਵਿਚੋਂ ਸਭ ਤੋਂ ਵੱਧ ਹਿੰਸਾ ਵਾਲਾ ਦੇਸ਼ ਰਿਹਾ ਹੈ। ਅਮਰੀਕਾ ਵਿਚ ਹਿੰਸਾ ਦੀ ਤੁਲਨਾ ਅਸੀਂ ਯੂਰਪ, ਜਾਪਾਨ ਜਾਂ ਇਸ ਦੇ ਗੁਆਂਢੀ ਦੇਸ਼ ਕੈਨੇਡਾ ਨਾਲ ਕਰਕੇ ਦੇਖ ਸਕਦੇ ਹਾਂ ਕਿ ਅਮਰੀਕਾ ਵਿਚ ਹਿੰਸਾ ਦੇ ਅੰਕੜੇ ਇਨ੍ਹਾਂ ਦੇਸ਼ਾਂ ਨਾਲੋਂ ਹੈਰਾਨੀਜਨਕ ਹਨ। ਮਿਸਾਲ ਵਜੋਂ ਜੇ ਅਮਰੀਕਾ 'ਚ ਇੱਕ ਲੱਖ ਵਸੋਂ ਪਿੱਛੇ ਬੰਦੂਕਾਂ ਨਾਲ ਮਰਨ ਵਾਲਿਆਂ ਦੀ ਗਿਣਤੀ ਦੀ ਯੂਰਪੀ ਦੇਸ਼ਾਂ, ਜਾਪਾਨ ਅਤੇ ਕੈਨੇਡਾ ਨਾਲ ਤੁਲਨਾ ਕਰੀਏ ਤਾਂ ਹੈਰਾਨੀਜਨਕ ਫਰਕ ਸਾਹਮਣੇ ਆਵੇਗਾ। ਅਮਰੀਕਾ ਵਿਚ ਇਹ ਗਿਣਤੀ 37 ਹੈ ਜਦੋਂਕਿ ਇੰਗਲੈਂਡ ਵਿਚ 0.07 ਭਾਵ ਅਮਰੀਕਾ ਵਿਚ ਇੰਗਲੈਂਡ ਨਾਲੋਂ 500 ਗੁਣਾ ਵੱਧ ਹੈ। ਕੈਨੇਡਾ ਵਿਚ 0.5 ਹੈ ਭਾਵ ਕੈਨੇਡਾ ਨਾਲੋਂ ਅਮਰੀਕਾ ਵਿਚ 74 ਗੁਣਾ ਵੱਧ ਹੈ ਅਤੇ ਜਾਪਾਨ ਵਿਚ 0.01 ਹੈ ਭਾਵ ਜਾਪਾਨ ਨਾਲੋਂ ਅਮਰੀਕਾ ਵਿਚ 3700 ਗੁਣਾ ਵੱਧ ਹਿੰਸਾ ਹੈ।

ਅਮਰੀਕੀ ਰਾਸ਼ਟਰਪਤੀ ਅਬਰਾਹਿਮ ਲਿੰਕਨ, ਗਾਰਫੀਲਡ ਅਤੇ ਕੈਨੇਡੀ ਕਤਲ ਕਰ ਦਿੱਤੇ ਗਏ। ਥਿਊਡੋਰ ਰੂਜ਼ਵੈਲਟ, ਫੋਰਡ ਅਤੇ ਰੀਗਨ 'ਤੇ ਕਾਤਲਾਨਾ ਹਮਲੇ ਹੋਏ। ਅਮਰੀਕਾ ਵਿਚ 30 ਕਰੋੜ ਬੰਦੂਕਾਂ ਰਜਿਸਟਰ ਕਰਵਾਈਆਂ ਗਈਆਂ ਹਨ। ਇਹ ਗਿਣਤੀ ਅਮਰੀਕਾ ਦੀ ਕੁੱਲ ਵਸੋਂ ਦੇ ਨੇੜੇ ਪਹੁੰਚ ਜਾਂਦੀ ਹੈ। ਇਸ ਤੋਂ ਬਿਨਾ ਗੈਰ-ਕਾਨੂੰਨੀ ਹਥਿਆਰ ਵੀ ਘੱਟ ਨਹੀਂ।

ਭਾਰਤ ਵਿਚ ਇਸ ਤਰ੍ਹਾਂ ਦੀਆਂ ਹਿੰਸਕ ਘਟਨਾਵਾਂ ਨੂੰ ਭੀੜ ਅੰਜਾਮ ਦਿੰਦੀਆਂ ਹਨ। ਪਿਛਲੇ ਸਮੇਂ ਵਿਚ ਭੀੜ ਵਲੋਂ ਬਹੁਤ ਹੀ ਹੌਲਨਾਕ ਵਾਰਦਾਤਾਂ ਹੋ ਚੁਕੀਆਂ ਹਨ। ਖਬਰਾਂ ਅਨੁਸਾਰ ਭੀੜ ਨੇ ਦਿੱਲੀ ਤੋਂ ਕੁਝ ਮੀਲ ਦੂਰ ਦਾਦਰੀ ਨੇੜੇ ਮੁਹੰਮਦ ਅਖਲਾਕ ਨੂੰ ਗਊ ਰੱਖਿਆ ਦੇ ਨਾਂ 'ਤੇ ਮੌਤ ਦੇ ਘਾਟ ਉਤਾਰ ਦਿੱਤਾ ਸੀ। ਇਸ ਮਗਰੋਂ ਗਊ ਰਾਖਿਆਂ ਵੱਲੋਂ ਅਲਵਰ ਨੇੜੇ ਡੇਅਰੀ ਲਈ ਗਾਂਵਾਂ ਖਰੀਦ ਕੇ ਲਿਆ ਰਹੇ ਪੀਹਲੂ ਖਾਨ ਨੂੰ ਪੁਲਿਸ ਦੀ ਹਾਜ਼ਰੀ ਵਿਚ ਕੁੱਟ-ਕੁੱਟ ਕੇ ਮਾਰ ਦਿੱਤਾ। ਰਾਜਸਥਾਨ ਦੇ ਜ਼ਿਲ੍ਹੇ ਪ੍ਰਤਾਪਗੜ੍ਹ ਵਿਚ ਸਵੱਛ ਭਾਰਤ ਮੁਹਿੰਮ ਦੇ ਨਾਂ 'ਤੇ ਇੱਕ ਸਮਾਜ ਸੇਵੀ ਕਾਰਕੁਨ ਜ਼ਫਰ ਖਾਨ ਨੂੰ ਮਿਊਂਸਪਲ ਕਾਰਪੋਰੇਸ਼ਨ ਦੇ ਅਹਿਲਕਾਰਾਂ ਨੇ ਇਸ ਲਈ ਕੁੱਟ-ਕੁੱਟ ਕੇ ਮਾਰ ਦਿੱਤਾ ਕਿ ਉਸ ਨੇ ਉਨ੍ਹਾਂ ਨੂੰ ਜੰਗਲ-ਪਾਣੀ ਲਈ ਬੈਠੀਆਂ ਔਰਤਾਂ ਦੀਆਂ ਤਸਵੀਰਾਂ ਲੈਣ ਤੋਂ ਰੋਕਿਆ ਸੀ। ਜ਼ਫਰ ਖਾਨ ਨੇ ਨਵੀਂ ਬਸਤੀ ਦੇ ਵਸਨੀਕਾਂ ਦੇ ਘਰਾਂ ਵਿਚ ਲੈਟਰੀਨਾਂ ਦੇ ਨਿਰਮਾਣ ਲਈ ਇੱਕ ਨਹੀਂ, ਅਨੇਕ ਵਾਰ ਜ਼ਿਲ੍ਹਾ ਅਧਿਕਾਰੀਆਂ ਨੂੰ ਲਿਖਤੀ ਤੇ ਜ਼ਬਾਨੀ ਬੇਨਤੀਆਂ ਕੀਤੀਆਂ ਸਨ, ਪਰ ਕੋਈ ਸੁਣਵਾਈ ਨਹੀਂ ਸੀ ਹੋਈ। ਉਸ ਨੂੰ ਇਸ ਦੀ ਕੀਮਤ ਜਾਨ ਦੇ ਕੇ ਚੁਕਾਉਣੀ ਪਈ।

ਧਰਤੀ 'ਤੇ ਸਵਰਗ ਕਹੇ ਜਾਂਦੇ ਕਸ਼ਮੀਰ ਵਾਦੀ ਦੇ ਸ਼ਹਿਰ ਸ੍ਰੀਨਗਰ ਤੋਂ ਇਹ ਦਰਦਨਾਕ ਖਬਰ ਆਈ ਕਿ ਈਦ ਦੀ ਨਮਾਜ਼ ਤੋਂ ਬਾਅਦ ਜਾਮਾ ਮਸਜਿਦ ਦੇ ਬਾਹਰ ਮੀਰਵਾਜ਼ ਦੀ ਸੁਰੱਖਿਆ ਲਈ ਤਾਇਨਾਤ ਡੀ.ਐਸ.ਪੀ. ਨੂੰ ਪਾਕਿਸਤਾਨ ਦੇ ਹੱਕ ਵਿਚ ਨਾਹਰੇ ਲਾਉਣ ਵਾਲੇ ਜਨੂੰਨੀਆਂ ਨੇ ਕੋਹ-ਕੋਹ ਕੇ ਮਾਰ ਦਿੱਤਾ। ਇਸ ਦੇ ਨਾਲ ਹੀ ਪਿਛਲੇ ਸਮੇਂ ਵਿਚ ਪੰਜਾਬ ਤੇ ਹਰਿਆਣਾ ਵਿਚ ਵੀ ਹਿੰਸਕ ਭੀੜ ਨੇ ਕਰੋੜਾਂ ਰੁਪਏ ਦੀ ਜਾਇਦਾਦ ਦਾ ਨੁਕਸਾਨ ਕੀਤਾ ਹੈ।

ਵਿਸ਼ਵ ਸਿਹਤ ਸੰਗਠਨ ਅਨੁਸਾਰ "ਜਾਣ ਬੁਝ ਕੇ ਸਰੀਰਕ ਤਾਕਤ ਜਾਂ ਧੱਕੇ-ਜੋਰ ਦੀ ਵਰਤੋਂ ਕਰਨ ਨੂੰ ਹਿੰਸਾ ਕਿਹਾ ਜਾਂਦਾ ਹੈ। ਇਹ ਧੱਕਾ-ਜੋਰੀ ਕਿਸੇ ਖਾਸ ਗਰੁਪ ਦੇ ਖਿਲਾਫ ਵੀ ਹੋ ਸਕਦੀ ਹੈ ਤੇ ਕਿਸੇ ਬਰਾਦਰੀ ਦੇ ਖਿਲਾਫ ਵੀ। ਇਹ ਧੱਕਾ-ਜੋਰੀ ਕਿਸੇ ਦੂਜੇ ਮਨੁੱਖ ਉਪਰ ਵੀ ਹੋ ਸਕਦੀ ਹੈ ਅਤੇ ਆਪਣੇ ਆਪ ਉਪਰ ਵੀ ਹੋ ਸਕਦੀ ਹੈ। ਇਸ ਦੇ ਨਤੀਜੇ ਵਜੋਂ ਕਿਸੇ ਦੀ ਮੌਤ ਵੀ ਹੋ ਸਕਦੀ ਹੈ, ਕਿਸੇ ਨੂੰ ਸਰੀਰਕ ਨੁਕਸਾਨ ਪਹੁੰਚ ਸਕਦਾ ਹੈ, ਕਿਸੇ ਨੂੰ ਸੱਟ ਫੇਟ ਲਗ ਸਕਦੀ ਹੈ ਅਤੇ ਇਸੇ ਦੀ ਮਾਨਸਿਕਤਾ ਵੀ ਜਖਮੀ ਹੋ ਸਕਦੀ ਹੈ।"

ਇਕ ਅੰਦਾਜ਼ੇ ਮੁਤਾਬਕ ਵਿਸ਼ਵ ਪੱਧਰ 'ਤੇ ਇਸ ਤਰ੍ਹਾਂ ਦੀ ਹਿੰਸਾ ਕਾਰਨ ਹਰ ਸਾਲ 15 ਲੱਖ ਲੋਕ ਆਪਣੀ ਜਾਨ ਗੁਆ ਬੈਠਦੇ ਹਨ ਜਿਨ੍ਹਾਂ ਵਿਚੋਂ 50 ਪ੍ਰਤੀਸਤ ਆਪਣੇ ਆਪ ਉਪਰ ਕੀਤੀ ਹਿੰਸਾ ਭਾਵ ਖੁਦਕੁਸ਼ੀ ਕਾਰਨ ਜਾਨ ਗੁਆਉਂਦੇ ਹਨ। 35 ਪ੍ਰਤੀਸਤ ਲੋਕ ਹੋਰਾਂ ਹੱਥੋਂ ਮਾਰੇ ਜਾਂਦੇ ਹਨ ਅਤੇ 12 ਪ੍ਰਤੀਸਤ ਲੋਕਾਂ ਦਾ ਜੀਵਨ ਯੁੱਧ ਜਾਂ ਹੋਰ ਤਰ੍ਹਾਂ ਦੇ ਦੰਗੇ-ਫਸਾਦਾਂ ਦੀ ਭੇਟ ਚੜ੍ਹ ਜਾਂਦਾ ਹੈ। ਅੰਕੜੇ ਦੱਸਦੇ ਹਨ ਕਿ ਦੁਨੀਆਂ ਵਿਚ ਹਿੰਸਾ ਘਟਣ ਦੀ ਥਾਂ ਵਧ ਰਹੀ ਹੈ।

ਰਾਜਸੀ ਵਿਸ਼ਲੇਸ਼ਕ ਵਜੋਂ ਜਾਣੀ ਜਾਂਦੀ ਲੇਖਿਕਾ, ਫਿਲਮਸਾਜ਼ ਅਤੇ ਸਮਾਜ ਸੇਵਿਕਾ ਨੇਓਮੀ ਕਲੇਨ ਨੇ 2007 ਵਿਚ ਸਦਮਾ ਸਿਧਾਂਤ (ਦ ਸ਼ੌਕ ਡੋਕਟਰਾਈਨ) ਪੁਸਤਕ ਲਿਖੀ, ਜਿਸ ਵਿਚ ਉਸ ਨੇ ਕਿਹਾ ਹੈ ਕਿ ਦੁਨੀਆਂ ਵਿਚ ਆਪਣੀ ਗੱਲ ਮੰਨਵਾਉਣ ਲਈ ਲੋਕਾਂ/ਮੁਲਕਾਂ ਨੂੰ ਸਦਮਾ ਦਿੱਤਾ ਜਾਂਦਾ ਹੈ। ਸਦਮੇ ਵਿਚ ਆਏ ਲੋਕ/ਮੁਲਕ ਸਾਹਮਣੇ ਵਾਲੇ ਦੀ ਗੱਲ ਨੂੰ ਹਰ ਹਾਲਤ ਵਿਚ ਮੰਨ ਲੈਂਦੇ ਹਨ। ਸ਼ਾਇਦ ਹੁਣ 10 ਸਾਲ ਬਾਅਦ



ਨੇਓਮੀ ਕਲੇਨ ਨੂੰ ਹਿੰਸਾ/ਕਤਲ ਸਿਧਾਂਤ ਪੁਸਤਕ ਲਿਖਣੀ ਪਵੇ ਕਿਉਂਕਿ ਹੁਣ ਸਦਮੇ ਦੀ ਥਾਂ ਕਤਲ ਕਰਨ ਦੀ ਪ੍ਰਵਿਰਤੀ ਵਧ ਰਹੀ ਹੈ।

ਮਨੋਵਿਗਿਆਨ ਦੀ ਭਾਸ਼ਾ ਵਿਚ ਭੀੜ ਦੀ ਮਾਨਸਿਕਤਾ ਨੂੰ 'ਸਮੂਹਿਕ ਝੱਲ' ਆਖਦੇ ਹਨ। ਭੀੜ ਵਿਚ ਕਿਸੇ ਨੂੰ ਇਹ ਪਤਾ ਨਹੀਂ ਹੁੰਦਾ ਕਿ ਉਹ ਕੀ ਕਰ ਰਿਹਾ ਹੈ ਤੇ ਕਿਉਂ ਕਰ ਰਿਹਾ ਹੈ। ਸਮੂਹਿਕ ਝੱਲ ਨੂੰ ਜੇ ਪਰਿਭਾਸ਼ਤ ਕੀਤਾ ਜਾਵੇ ਤਾਂ ਮਨੋਵਿਗਿਆਨੀ ਕਿੰਬਲ ਯੰਗ ਦੀ ਧਾਰਨਾ ਦੇਖੀ ਜਾ ਸਕਦੀ ਹੈ, "ਕਿਰਿਆਸ਼ੀਲ ਭੀੜ ਵਿਅਕਤੀਆਂ ਦਾ ਉਹ ਸਮੂਹ ਹੈ ਜਿਸ ਦਾ ਧਿਆਨ ਕਿਸੇ ਇਕ ਬਿੰਦੂ ਉਪਰ ਕੇਂਦ੍ਰਿਤ ਹੋ ਜਾਂਦਾ ਹੈ ਅਤੇ ਜੋ ਕੁਝ ਵਿਸ਼ੇਸ਼ ਦੱਬੀਆਂ ਹੋਈਆਂ ਭਾਵਨਾਵਾਂ, ਮਨੋਵਿਕਾਰਾਂ ਨੂੰ ਪੇਸ਼ ਕਰਦੀ ਹੈ।" ਲੋਕ-ਭਾਸ਼ਾ ਵਿਚ ਕਹਿਣਾ ਹੋਵੇ ਤਾਂ ਭੀੜ ਦਾ ਕਿਸੇ ਨਾ ਕਿਸੇ ਨਾਂਹ-ਪੱਖੀ ਨੁਕਤੇ ਉਪਰ ਕੁੱਤਾ ਫਸ ਜਾਂਦਾ ਹੈ।

ਅਜਿਹੀ ਸਮੂਹਿਕ ਝੱਲ ਸਮਾਜ ਦੀ ਲੰਮੀ ਉਦਾਸੀ ਤੋਂ ਬਾਅਦ ਦਾ ਪੜਾਅ ਹੈ। ਜਦੋਂ ਕਿਸੇ ਖਿੱਤੇ ਦੇ ਲੋਕ ਲੰਮਾ ਸਮਾਂ ਕਿਸੇ ਵੀ ਪ੍ਰਕਾਰ ਦੀ ਉਦਾਸੀ ਵਿਚੋਂ ਲੰਘਦੇ ਹਨ ਤਾਂ ਮੌਕਾ ਮਿਲਦਿਆਂ ਹੀ ਇਹ ਉਦਾਸੀ ਵਿਸ਼ੇਸ਼ ਕਿਸਮ ਦੀ ਕ੍ਰਿਆਸ਼ੀਲਤਾ ਦਾ ਰੂਪ ਧਾਰ ਲੈਂਦੀ ਹੈ। ਮਨੋਵਿਗਿਆਨੀ ਇਸ ਨੂੰ ਝੱਲ ਜਾਂ ਸ਼ੁਦਾਅ ਆਖਦੇ ਹਨ। ਜਦੋਂ ਇਹ ਝੱਲ ਜਾਂ ਸ਼ੁਦਾਅ ਸਮੂਹਿਕ ਰੂਪ ਵਿਚ ਵਾਪਰਦਾ ਹੈ ਤਾਂ ਇਹ ਬਹੁਤ ਖਤਰਨਾਕ ਹੋ ਜਾਂਦਾ ਹੈ ਤੇ ਇਸ ਨੂੰ ਕਾਬੂ ਕਰਨਾ ਜੇ ਅਸੰਭਵ ਨਹੀਂ ਤਾਂ ਮੁਸ਼ਕਿਲ ਜ਼ਰੂਰ ਹੁੰਦਾ ਹੈ। ਸਮੂਹਿਕ ਝੱਲ ਦੇ ਕੇਂਦਰ ਵਿਚ ਹਿੰਸਾ ਆ ਜਾਂਦੀ ਹੈ ਤੇ ਇਹ ਹਿੰਸਾ ਮਨੁੱਖੀ ਮਨ ਦੀਆਂ ਅਪੂਰਨ ਖਾਹਿਸ਼ਾਂ ਦੇ ਵੇਗ ਵਜੋਂ ਬੜੀ ਪ੍ਰਬਲਤਾ ਨਾਲ ਨੁਕਸਾਨ ਕਰਦੀ ਹੈ।

ਇਸ ਵੇਲੇ ਵਿਸ਼ਵ ਕਈ ਤਰ੍ਹਾਂ ਦੇ ਸਮਾਜਿਕ, ਆਰਥਿਕ ਅਤੇ ਰਾਜਸੀ ਸੰਕਟਾਂ ਵਿਚੋਂ ਲੰਘ ਰਿਹਾ ਹੈ। ਇਨ੍ਹਾਂ ਸੰਕਟਾਂ ਵਿਚੋਂ ਉਦਾਸੀ ਅਤੇ ਇਕੱਲਾਪਣ ਉਪਜਿਆ ਹੈ। ਇਹੀ ਉਦਾਸੀ ਪਾਗਲਪਣ ਵੱਲ ਵਧ ਰਹੀ ਹੈ। ਅਮਰੀਕਾ ਜਹੇ ਮੁਲਕਾਂ 'ਚ ਇਹ ਵਿਅਕਤੀਗਤ ਰੂਪ ਵਿਚ ਕਾਤਲਾਨਾ ਪ੍ਰਗਟਾਵਾ ਕਰ ਰਹੀ ਹੈ ਅਤੇ ਭਾਰਤ ਵਰਗੇ ਮੁਲਕਾਂ ਵਿਚ ਇਹ ਭੀੜ ਦੇ ਰੂਪ ਵਿਚ ਕਾਤਲਾਨਾ ਰੁਖ ਅਖਤਿਆਰ ਕਰ ਚੁਕੀ ਹੈ। ਜਿਨ੍ਹਾਂ ਧਿਰਾਂ ਨੇ ਅਜਿਹੇ ਸੰਕਟਾਂ ਬਾਰੇ ਸੰਵਾਦ ਰਚਾਉਣਾ ਸੀ, ਉਹ ਖੁਦ ਅਜਿਹੇ ਸੰਕਟਾਂ ਦਾ ਸ਼ਿਕਾਰ ਹੋ ਰਹੀਆਂ ਹਨ। ਆਮ ਲੋਕਾਂ ਲਈ ਅਸੁਰੱਖਿਆ ਦੀ ਅਜਿਹੀ ਸਥਿਤੀ ਵਿਚ ਹਿੰਸਾ ਅਤੇ ਪਾਗਲਪਣ ਦਾ ਘੇਰਾ ਹੋਰ ਵਧ ਸਕਦਾ ਹੈ। ਇਸ ਸਥਿਤੀ ਬਾਰੇ ਵਿਸ਼ਵ ਭਰ ਵਿਚ ਚਿੰਤਾ ਅਤੇ ਚਿੰਤਨ ਕਰਕੇ ਠੋਸ ਹੱਲ ਕੱਢਣੇ ਪੈਣਗੇ, ਵਰਨਾ ਲੰਘਿਆ ਸਮਾਂ ਹੱਥ ਨਹੀਂ ਆਉਣਾ।

# ਨੀ ਮਾਏ ਇੱਕ ਘਰ ਤੇਰਾ ਜੋੜਿਆ ਦੂਜਾ ਜੋੜਨ ਚੱਲੀ ਨੀ

"ਮੈਡਮ ਤੁਹਾਨੂੰ ਦੋ ਲੇਡੀਜ਼ ਮਿਲਣ ਆਈਆਂ ਨੇ, ਸਟਾਫ ਰੂਮ ਵਿਚ ਬੈਠੀਆਂ ਨੇ।" ਜਦੋਂ ਪੀਅਨ ਨੇ ਆ ਕੇ ਮੀਤ ਨੂੰ ਕਲਾਸ ਰੂਮ ਵਿਚ ਕਿਹਾ, ਇੱਕ ਵਾਰੀ ਤਾਂ ਉਸ ਨੂੰ ਲਗਾ ਕਿ ਕੌਣ ਹੋ ਸਕਦਾ ਹੈ ਪਰ ਫਿਰ ਉਸ ਨੇ ਕਿਹਾ, "ਪੀਰੀਅਡ ਖਤਮ ਹੀ ਹੋਣ ਵਾਲਾ ਹੈ, ਤੂੰ ਪਾਣੀ-ਧਾਣੀ ਪਿਲਾ, ਮੈਂ ਆਉਂਦੀ ਹਾਂ।" ਪਰ ਜਿਉਂ ਹੀ ਉਹ ਸਟਾਫ ਰੂਮ ਦੇ ਦਰਵਾਜ਼ੇ 'ਤੇ ਪਹੁੰਚੀ ਤਾਂ ਸਾਹਮਣੇ ਸਰਦਾਰਨੀ ਮਨਜੀਤ ਕੌਰ (ਉਸ ਦੀ ਸੱਸ) ਅਤੇ ਗੁਆਂਢਣ ਨੂੰ ਬੈਠਿਆਂ ਦੇਖ ਉਹ ਇੱਕ ਦਮ ਭੁਚੱਕੀ ਰਹਿ ਗਈ ਤੇ ਉਸ ਦੇ ਮੂੰਹੋਂ 'ਸਤਿ ਸ੍ਰੀ ਅਕਾਲ' ਮੁਸ਼ਕਿਲ ਨਾਲ ਹੀ ਨਿਕਲਿਆ। ਉਹ ਡਿਗਦੀ ਡਿਗਦੀ ਮਸਾਂ ਬਚੀ। ਉਥੇ ਬੈਠੀ ਸਮਾਜਕ ਸਿੱਖਿਆ ਵਾਲੀ ਮੈਡਮ ਨੇ ਉਸ ਨੂੰ ਬਾਹੋਂ ਫੜ ਕੇ ਕੁਰਸੀ 'ਤੇ ਬਿਠਾਇਆ ਤੇ ਪਾਣੀ ਪਿਲਾਇਆ।



**ਸੁਕੰਨਿਆ ਭਾਰਦਵਾਜ ਨਾਭਾ**
ਫੋਨ: 815-307-3112

ਜਦੋਂ ਸੰਭਲੀ ਤਾਂ ਸੱਸ ਨੇ ਆਪਣਾ ਜਾਲ ਵਿਛਾਉਣਾ ਸ਼ੁਰੂ ਕਰ ਦਿੱਤਾ, "ਵਿਆਹੀਆਂ ਵਰੀਆਂ ਪੇਕੀਂ ਬੈਠੀਆਂ ਸ਼ੋਭਾ ਨਹੀਂ ਦਿੰਦੀਆਂ। ਤੂੰ ਪਿਓ ਦੀ ਜਾਇਦਾਦ ਦੀ ਅੱਧ ਦੀ ਮਾਲਕ ਹੈਂ, ਆਪਾਂ ਪਿੰਡ ਜਾ ਕੇ ਤੇਰੇ ਬਾਪ 'ਤੇ ਦਾਅਵਾ ਕਰ ਸਕਦੇ ਹਾਂ। ਇਥੇ ਬੈਠ ਕੇ ਤੈਨੂੰ ਧੇਲਾ ਨਹੀਂ ਮਿਲਣਾ। ਸਿਆਣੀ ਬਣ, ਅਸੀਂ ਤੇਰੇ ਨਾਲ ਹਾਂ। ਮੇਰਾ ਇਕਲੌਤਾ ਪੁੱਤ ਜੇਲ੍ਹ ਵਿਚ ਹੈ ਤੇ ਤੂੰ ਪੇਕੀਂ ਆ ਬੈਠੀ।" ਇੰਨਾ ਕੁਝ ਹੋਣ ਦੇ ਬਾਵਜੂਦ ਸੱਸ ਨੇ ਫਿਰ ਉਹੋ ਹੀ ਪਹਿਲਾਂ ਵਾਲਾ ਰਾਗ ਅਲਾਪਿਆ। ਉਸ ਦੀਆਂ ਮੋਮੋ ਠੱਗਣੀਆਂ ਤੇ ਕੌੜੀਆਂ-ਮਿੱਠੀਆਂ ਦਾ ਉਸ ਜੁਆਬ ਦੇਣ ਦੀ ਥਾਂ ਚੁਪ ਰਹਿਣਾ ਹੀ ਵਾਜਬ ਸਮਝਿਆ।

ਸੇਵਾਦਾਰ ਚਾਹ ਬਿਸਕੁਟ ਧਰ ਗਿਆ। ਉਸ ਨੇ ਚਾਹ ਦੀਆਂ ਪਿਆਲੀਆਂ ਉਨ੍ਹਾਂ ਦੇ ਹੱਥ ਵਿਚ ਫੜਾ ਦਿੱਤੀਆਂ। ਨਾਲ ਦੀਆਂ ਮੈਡਮਾਂ ਵੀ ਪੀਰੀਅਡ ਲਾਉਣ ਚਲੀਆਂ ਗਈਆਂ। ਮੀਤ ਬਹੁਤ ਕੁਝ ਕਹਿਣਾ ਚਾਹੁੰਦੀ ਸੀ ਕਿ ਅੱਜ ਤੈਨੂੰ ਦਿਸ ਗਿਆ। ਉਦੋਂ ਕਿਥੇ ਸੀ ਜਦੋਂ ਸਾਰਾ ਟੱਬਰ ਘਰੋਂ ਭੱਜ ਗਿਆ ਸੀ ਸਿਵਾਏ ਆਪਣੇ ਸਮੈਕੀਏ ਪੁੱਤ ਦੇ ਹੱਥੋਂ ਉਸ ਨੂੰ ਜਿਬਾ ਹੁੰਦੀ ਨੂੰ ਬਚਾਉਣ ਦੇ ਜਦੋਂ ਉਸ ਨੂੰ ਗਲ ਵਿਚ ਚੁੰਨੀ ਬੰਨ੍ਹ ਕੇ ਉਹ ਸਾਰੇ ਵਿਹੜੇ ਵਿਚ ਖਿੱਚੀ ਫਿਰਦਾ ਸੀ। ਉਚੀ ਉਚੀ ਕਹਿ ਰਿਹਾ ਸੀ ਆਪਣੇ ਬਾਪ ਤੋਂ ਹਿੱਸਾ ਵੰਡਾ ਕੇ ਲਿਆ, ਨਹੀਂ ਤਾਂ ਇਥੇ ਨਾ ਵੜੀਂ।

ਦੋਵਾਂ ਮਾਂ-ਪੁੱਤਾਂ ਨੇ ਇਸ ਮੰਗ ਉਤੇ ਉਸ ਦੀ ਜ਼ਿੰਦਗੀ ਨਰਕ ਬਣਾ ਦਿੱਤੀ ਸੀ। ਉਹ ਆਪਣੇ ਪਿਓ ਨੂੰ ਕੀ ਦਸਦੀ ਜਿਹੜਾ 'ਆਪਣੇ ਵਜ਼ੀਰ ਦੇ ਬੇਵਕਤੀ ਵਿਛੋੜੇ ਤੇ ਪੁੱਤ ਦੇ ਨਸ਼ਿਆਂ 'ਚ' ਗਲਤਾਨ ਹੋਣ 'ਤੇ ਪਹਿਲਾਂ ਹੀ ਦੁਖੀ ਸੀ। ਉਸ ਦੇ ਪਿਤਾ ਨੇ ਵਿੱਤੋਂ ਵੱਧ ਉਸ ਦੇ ਵਿਆਹ 'ਤੇ ਖਰਚ ਕੀਤਾ ਸੀ। ਹਰ ਖੇਤਰ ਵਿਚ ਸ਼ੀਰੇ ਤੋਂ ਅੱਗੇ ਹੋਣ ਦੇ ਬਾਵਜੂਦ ਸਹੁਰਿਆਂ ਦਾ ਹਰ ਜੁਰਮ ਸਹਿ ਰਹੀ ਸੀ। ਜੇ ਮੌਕੇ 'ਤੇ ਸੀਰੀ ਤੇ ਉਸ ਦੀ ਘਰਵਾਲੀ ਆ ਕੇ ਰੌਲਾ ਨਾ ਪਾਉਂਦੇ ਤਾਂ ਅੱਜ ਨੂੰ ਤਾਂ ਉਸ ਦੇ ਫੁੱਲ ਗੰਗਾ ਪੈ ਜਾਣੇ ਸਨ। ਜਿਉਂ ਹੀ ਉਹ ਉਸ ਕਸਾਈ ਦੇ ਹੱਥੋਂ ਛੁੱਟੀ, ਬੇਹੋਸ਼ ਹੋ ਕੇ ਵਿਹੜੇ ਵਿਚੇ ਡਿਗੀ ਤੇ ਅਮਲੀ ਆਪਣੇ ਆਪ ਨੂੰ ਫਸਦਾ ਦੇਖ ਕੇ ਭੱਜ ਨਿਕਲਿਆ ਸੀ। ਸੱਸ-ਸਹੁਰਾ ਪਹਿਲਾਂ ਹੀ ਘਰੋਂ ਭੱਜ ਗਏ ਸਨ।

ਰੌਲਾ ਸੁਣ ਕੇ ਗੁਆਂਢੀਆਂ ਨੇ ਉਸ ਦੇ ਬਾਪ ਚਰਨੇ ਨੂੰ ਫੋਨ ਕਰਕੇ ਇਸ ਘਟਨਾਕ੍ਰਮ ਬਾਰੇ ਦੱਸਿਆ ਤੇ ਉਸ ਨੂੰ ਵੀ ਹਸਪਤਾਲ ਲੈ ਕੇ ਗਏ। ਸਮਰਾਲਾ ਹਸਪਤਾਲ ਵਾਲਿਆਂ ਨੇ ਉਸ ਨੂੰ ਫਸਟ-ਏਡ ਦੇ ਕੇ ਲੁਧਿਆਣੇ ਸੀ.ਐਮ.ਸੀ. ਭੇਜ ਦਿੱਤਾ, ਜਿਥੇ ਉਨ੍ਹਾਂ ਨੇ ਆਈ.ਸੀ.ਯੂ. ਵਿਚ ਦਾਖਲ ਤਾਂ ਕਰ ਲਿਆ ਪਰ ਕਹਿ ਦਿੱਤਾ ਸੀ ਕਿ ਉਸ ਨਾਲ ਵਾਪਰੇ ਇਸ ਜੁਲਮ ਨਾਲ ਕੁਝ ਸਮੇਂ ਲਈ ਉਸ ਦੇ ਦਿਮਾਗ ਨੂੰ ਆਕਸੀਜਨ ਸਪਲਾਈ ਬੰਦ ਹੋ ਗਈ ਸੀ ਜਿਸ ਕਰਕੇ ਉਸ ਦਾ ਬਚਣਾ ਮੁਸ਼ਕਿਲ ਹੈ। ਜੇ ਬਚ ਗਈ ਤਾਂ ਪਤਾ ਨਹੀਂ ਦਿਮਾਗ ਦੀ ਕੀ ਹਾਲਤ ਹੋਵੇਗੀ, ਬੋਲ ਵੀ ਸਕੇਗੀ ਕਿ ਨਾ। ਉਹ ਜ਼ਿੰਦਗੀ-ਮੌਤ ਦੀ ਲੜਾਈ ਲੜਦਿਆਂ ਪੂਰੇ ਹਫਤੇ ਬਾਅਦ ਹੋਸ਼ ਵਿਚ ਆਈ ਸੀ। ਬਾਪ ਨੇ ਆਪਣੀ ਲਾਡਲੀ ਨੂੰ ਬਚਾਉਣ ਲਈ ਪੈਸਾ ਪਾਣੀ ਵਾਂਗ ਵਹਾਇਆ।

ਜਿਉਂ ਇਹ ਖਬਰ ਉਸ ਦੇ ਪੇਕੇ ਪਿੰਡ ਪਹੁੰਚੀ ਤਾਂ ਸਾਰੇ ਪਿੰਡ ਵਿਚ ਕੋਹਰਾਮ ਮੱਚ ਗਿਆ। ਪਿੰਡ ਵਾਸੀ ਤੇ ਰਿਸ਼ਤੇਦਾਰ ਹਸਪਤਾਲ ਪਹੁੰਚੇ, ਇਕੱਠੇ ਹੋ ਕੇ ਉਨ੍ਹਾਂ ਥਾਣੇ ਰਿਪੋਰਟ ਲਿਖਾਈ। ਥਾਣੇਦਾਰ ਵਾਕਫ ਹੋਣ ਕਾਰਨ ਉਸ ਨੇ ਸ਼ਾਮ ਤਕ ਘਰਵਾਲੇ ਜਗਸੀਰ ਸਿੰਘ ਨੂੰ ਗ੍ਰਿਫਤਾਰ ਕਰਕੇ ਜੇਲ੍ਹ ਭੇਜ ਦਿੱਤਾ। ਸੱਸ-ਸਹੁਰੇ ਨੂੰ ਥਾਣੇ ਲਿਆ ਬਿਠਾਇਆ। ਪੁਲਿਸ ਦੀ ਇਕ ਵਾਰੀ ਤਾਂ ਕਾਰਗੁਜਾਰੀ ਪੈ ਗਈ ਪਰ ਇਹ ਲੰਬਾ ਸਮਾਂ ਨਾ ਰਹੀ। ਜਿਉਂ ਹੀ ਮੀਤ ਦੇ ਸਹੁਰਿਆਂ ਦੇ ਡਾਲਰਾਂ ਦੀ ਚਮਕ ਪਈ, ਪੁਲਿਸ ਨੇ ਪੈਂਤੜਾ ਬਦਲ ਲਿਆ। ਸੱਸ-ਸਹੁਰੇ ਨੂੰ ਛੱਡ ਦਿੱਤਾ।

ਡਾਲਰਾਂ ਦੀ ਚਮਕ ਨੇ ਹੀ ਉਸ ਦੀ ਸੋਨੇ ਵਰਗੀ ਧੀ ਨੂੰ ਵਰਗਲਾ ਲਿਆ ਸੀ ਜਿਸ 'ਤੇ ਉਸ ਦੇ ਸਹੁਰੇ ਆਪਣੇ ਸਮੈਕੀਏ ਪੁੱਤ ਨੂੰ ਇਸ ਸਰਕਾਰੀ ਟੀਚਰ ਸਰੂ ਵਰਗੀ ਲੰਬੀ ਲੰਝੀ ਅੰਤਾਂ ਦੀ ਸੋਹਣੀ ਸੁਸ਼ੀਲ ਮੀਤ ਨਾਲ ਵਿਆਹੁਣ ਵਿਚ ਕਾਮਯਾਬ ਰਹੇ ਸਨ। ਮੀਤ ਦਾ ਸਹੁਰਾ ਦਲੀਪ ਸਿੰਘ ਕੁਝ ਦੇਰ ਅਮਰੀਕਾ ਲਾ ਕੇ ਆਇਆ ਸੀ। ਖੇਤ ਵਿਚ ਵਧੀਆ ਕੋਠੀ ਪਾ ਲਈ ਸੀ ਤੇ ਜੱਦੀ ਜ਼ਮੀਨ ਸਮੇਤ 60 ਕੁ ਵਿੱਘੇ ਸਿਆੜ ਇਕੱਠੇ ਕਰ ਲਏ ਸਨ। ਪਿਛੋਂ 'ਕੱਲਾ ਪੁੱਤ ਡਾਲਰਾਂ ਦੀ ਕਮਾਈ ਹੇਠ ਮਾੜੀ ਸੰਗਤ ਵਿਚ ਪੈ ਗਿਆ। ਪੜ੍ਹਾਈ ਦੇ ਨਾਂ 'ਤੇ ਮਾਂ ਤੋਂ ਪੈਸੇ ਲਿਜਾ ਸਮੈਕ ਪੀਂਦਾ ਰਿਹਾ। ਪਿੰਡ ਵਾਸੀਆਂ ਨੂੰ ਉਸ ਦੇ ਚੰਡੀਗੜ੍ਹ ਪੜ੍ਹਨ ਕਾਰਨ ਬਹੁਤਾ ਉਸ ਬਾਰੇ ਪਤਾ ਵੀ ਨਹੀਂ ਸੀ। ਰਿਸ਼ਤਾ ਕਰਾਉਣ ਵਾਲੇ ਮਾਸੀ-ਮਾਸੜ ਨੇ ਘਰ ਜਮੀਨ ਦਿਖਾ ਕੇ ਸਮੈਕੀਏ ਦਾ ਇਹ ਐਬ ਜਾਣੇ ਅਣਜਾਣੇ ਵਿਚ ਦਬਾ ਕੇ ਮੀਤ ਤੋਂ ਹਾਂ ਕਰਵਾ ਲਈ ਸੀ। ਮੁੰਡੇ ਦਾ ਰੰਗ ਮੁਸ਼ਕੀ ਸੀ ਪਰ ਨੈਣ ਨਕਸ਼ ਫਬਵੇਂ ਸਨ। ਪਿਛੇ ਲੱਗੀ ਅਮਰੀਕਾ ਦੀ ਪੂਛ ਨੇ ਸਾਰਾ ਕੁਝ ਹੀ ਲੁਭਾਉਣਾ ਬਣਾ ਦਿੱਤਾ ਸੀ। ਮੀਤ ਨਾਲੋਂ ਜਮੀਨ-ਅਸਮਾਨ ਦਾ ਫਰਕ ਸੀ। ਉਸ ਰੰਗ ਰੂਪ ਨੂੰ ਇਸ ਲਈ ਤਰਜੀਹ ਨਾ ਦਿੱਤੀ ਕਿ ਰੰਗ ਤਾਂ ਦੋ ਹੀ ਹੁੰਦੇ ਨੇ-ਕਾਲਾ ਜਾਂ ਗੋਰਾ। ਪਰ 'ਮੁੰਡਾ ਹੋਵੇ ਦਿਲਾਂ ਦਾ ਜਾਨੀ' ਉਸ ਨੂੰ ਕੀ ਪਤਾ ਸੀ ਕਿ ਉਸ ਲਈ ਤਾਂ ਨਰਕ ਸਹੇੜਿਆ ਜਾ ਰਿਹਾ ਸੀ।

ਮਾਂ ਮਹਿੱਟਰ ਮੀਤ ਨੂੰ ਮਾਂ ਪਿਛੋਂ ਮਾਸੀ 'ਤੇ ਹੀ ਵਿਸ਼ਵਾਸ ਸੀ ਕਿ ਉਹ ਉਸ ਦਾ ਭਲਾ ਹੀ ਕਰਨਗੇ। ਜਗਸੀਰ ਜੋ ਬੀ.ਏ. ਵੀ ਨਹੀਂ ਸੀ, ਬਾਰੇ ਕਿਹਾ ਗਿਆ ਕਿ ਉਹ ਐਮ.ਟੈਕ. ਸੀ। ਮੀਤ ਨੂੰ ਦੇਖ ਕੇ ਉਨ੍ਹਾਂ ਕਿਹਾ ਸੀ ਕਿ ਬਸ ਉਨ੍ਹਾਂ ਨੂੰ ਤਿੰਨ ਕੱਪੜਿਆਂ ਵਿਚ ਲੜਕੀ ਚਾਹੀਦੀ ਹੈ, ਮਹਾਰਾਜ ਦਾ ਦਿੱਤਾ ਉਨ੍ਹਾਂ ਦੇ ਘਰ ਬਹੁਤ ਕੁਝ ਹੈ। ਚਰਨੇ ਨੂੰ ਵੀ ਮਾਸੀ-ਮਾਸੜ ਨੇ ਭਰਮਾ ਲਿਆ ਸੀ। ਚਰਨਾ ਜੀਵਨ ਸਾਥਣ ਦੇ ਬੇਵਕਤੀ ਚਲਾਣੇ ਨਾਲ ਅੰਦਰੋਂ ਟੁੱਟ ਚੁਕਾ ਸੀ, ਉਹ ਵੀ ਜਲਦੀ ਤੋਂ ਜਲਦੀ ਧੀ ਦੇ ਹੱਥ ਪੀਲੇ ਕਰਨਾ ਚਾਹੁੰਦਾ ਸੀ।

ਪਰ ਹੱਥਾਂ ਤੋਂ ਅਜੇ ਸ਼ਗਨਾਂ ਦੀ ਮਹਿੰਦੀ ਵੀ ਨਹੀਂ ਲੱਥੀ ਸੀ ਕਿ ਸਹੁਰਿਆਂ ਨੇ ਅਸਲ ਰੰਗ ਵਿਖਾਉਣਾ ਸ਼ੁਰੂ ਕਰ ਦਿੱਤਾ। ਉਹ ਗੱਲ ਗੱਲ 'ਤੇ ਉਸ ਨੂੰ ਗੱਡੀ ਨਾ ਲਿਆਉਣ ਦੇ ਮਿਹਣੇ ਦਿੰਦੇ ਤੇ ਇਸ ਆੜ ਵਿਚ ਬਾਪ ਤੋਂ ਆਪਣੇ ਹਿੱਸੇ ਦੀ ਜਮੀਨ ਵੰਡਾ ਕੇ ਲਿਆਉਣ ਲਈ ਫੁਰਮਾਨ ਜਾਰੀ ਕਰਦੇ। ਉਹ ਸਿਰ ਨੀਵਾਂ ਕਰਕੇ ਸਭ ਕੁਝ ਜਰੀ ਜਾਂਦੀ, ਆਪਣੇ ਬਾਪ ਨੂੰ ਕੁਝ ਨਾ ਦੱਸਦੀ। ਮਰੀ ਮਾਂ ਉਸ ਦੇ ਚੇਤਿਆਂ ਵਿਚ ਆ ਜਾਂਦੀ। ਮੀਤ ਦੀ ਮਾਂ ਜਿਥੇ ਘਰ ਦੇ ਬੇੜੇ ਦਾ ਬੰਨ੍ਹ ਸੀ ਉਥੇ ਪਿੰਡ ਦਾ ਸ਼ਿੰਗਾਰ ਸੀ। ਬੁੱਧੀ ਤੇ ਸੁਹੱਪਣ ਦੇ ਸੁਮੇਲ ਨੂੰ ਜੇ ਕਿਸੇ ਦੇਖਣਾ ਹੋਵੇ ਤਾਂ ਸੰਦੀਪ ਵਿਚ ਦੇਖ ਸਕਦਾ ਸੀ। ਪਿੰਡ ਵਿਚ ਕੋਈ ਵੀ ਵਿਆਹ ਮਰਨਾ ਜਾਂ ਪਰਿਵਾਰਕ-ਧਾਰਮਿਕ ਸਮਾਗਮ ਉਸ ਦੀ ਸ਼ਮੂਲੀਅਤ ਤੋਂ ਬਿਨਾ ਨਾ ਨੇਪਰੇ ਚੜ੍ਹਦਾ। ਛੋਟੇ ਜਿਹੇ ਪਿੰਡ ਦੀ ਉਹ ਜਿੰਦਜਾਨ ਸੀ। ਮੀਤ ਤੇ ਵੱਡੇ ਭਰਾ ਨੂੰ ਪੜ੍ਹਨ ਤੇ ਅੱਗੇ ਵਧਣ ਲਈ ਉਤਸ਼ਾਹਿਤ ਕਰਨਾ ਤੇ ਘਰ ਦਾ ਸਾਰਾ ਕੰਮ ਵੀ ਆਪਣੇ ਹੱਥੀਂ ਕਰਨਾ, ਉਸ ਦਾ ਨਿੱਤਨੇਮ ਸੀ। ਨਾਲ ਨਾਲ ਉਸ ਨੇ ਆਪਣੇ ਸਾਥੀ ਚਰਨੇ ਨੂੰ ਪੀ.ਏ.ਯੂ. ਦੇ ਆਧੁਨਿਕ ਤਰੀਕਿਆਂ ਨੂੰ ਅਪਨਾ ਕੇ ਕਣਕ-ਝੋਨੇ ਦੇ ਫਸਲੀ ਚੱਕਰ ਵਿਚੋਂ ਕੱਢ ਕੇ ਸਬਜੀਆਂ-ਦਾਲਾਂ ਦੀ ਪੈਦਾਵਾਰ ਵੱਲ ਵਧਾਉਣ ਲਈ ਪਹਿਲਕਦਮੀ ਕੀਤੀ। ਚਰਨਾ ਵੀ ਕੋਈ ਕੰਮ ਉਸ ਦੀ ਰਾਇ ਤੋਂ ਬਿਨਾ ਨਾ ਕਰਦਾ। ਦੋਹਾਂ ਜੀਆਂ ਦੀ ਆਪਸੀ ਸਮਝਦਾਰੀ ਦੀ ਸਾਰਾ ਪਿੰਡ ਗੱਲਾਂ ਕਰਦਾ। ਦਰਜਨ ਮੱਝਾਂ-ਗਊਆਂ ਦੀਆਂ ਧਾਰਾਂ-ਡੋਕਿਆਂ, ਖੇਤਾਂ ਵਿਚੋਂ ਸਬਜੀਆਂ ਤੋੜਨ ਲਈ ਤੁੜਾਵੀਆਂ ਨਾਲ ਕੰਮ ਨੂੰ ਉਹ ਬਿਨਾ ਬ੍ਰੇਕ, ਬਿਨਾ ਥੱਕੇ ਕਰਦੀ। ਹੁੰਦੜਹੇਲ ਇੰਨੀ ਕਿ ਦੋ ਬੰਦਿਆਂ ਨੂੰ ਸਿਰ ਤੋਂ ਫੜ ਕੇ ਭਿੜਾ ਦੇਵੇ। ਸਵੇਰੇ ਸਿੱਖ ਬੋਲਦੇ ਨਾਲ ਉਠ ਕੇ ਚਾਹ ਬਣਾ ਕੇ ਚਰਨੇ ਨੂੰ ਵੀ ਜਗਾ ਲੈਂਦੀ ਜੋ ਪਸ਼ੂਆਂ ਨੂੰ ਨੀਰਾ ਚਾਰਾ ਪਾ ਦਿੰਦਾ ਤੇ ਆਪ ਦੁੱਧ ਨੂੰ ਮਧਾਣੀ ਲਾ ਦਿੰਦੀ। ਦੂਜੇ ਪਾਸੇ ਚੁੱਲ੍ਹੇ 'ਤੇ ਰਾਤ ਨੂੰ ਤਿਆਰ ਕਰਕੇ ਰੱਖੀ ਦਾਲ ਸਬਜੀ ਚਾੜ੍ਹ ਦਿੰਦੀ। ਧਾਰਾਂ ਕੱਢ ਦੋਵੇਂ ਜਣੇ ਗੁਰਦੁਆਰਾ ਸਾਹਿਬ ਜਾ ਸਿਜਦਾ ਕਰਦੇ। ਗੁਰੂ ਦਾ ਓਟ ਆਸਰਾ ਲੈ ਕੇ ਨਿੱਤ ਦੇ ਕਾਰਜ ਅਰੰਭ ਕਰਨੇ-ਇਹ ਉਨ੍ਹਾਂ ਦਾ ਨਿੱਤਨੇਮ ਸੀ। ਘਰਦੇ ਕੰਮ ਮੁਕਾ ਕੇ ਉਹ 8 ਵਜੇ ਨੂੰ ਖੇਤ ਵਿਚ ਹੁੰਦੀ। ਸੂਈ ਸਿਲਾਈ ਪਿੰਡ ਦੀਆਂ ਕੁੜੀਆਂ ਉਹਦੇ ਕੋਲ ਸਿੱਖਣ ਆਉਂਦੀਆਂ। ਉਹ ਕਦੇ ਮੱਥੇ ਵੱਟ ਨਾ ਪਾਉਂਦੀ।

ਪਰ ਪਤਾ ਨਹੀਂ ਕਿਸ ਚੰਦਰੇ ਦੀ ਨਜ਼ਰ ਲੱਗ ਗਈ ਇਸ ਹੱਸਦੇ-ਵੱਸਦੇ ਪਰਿਵਾਰ ਨੂੰ। ਸੰਦੀਪ ਨੂੰ ਬੱਚੇਦਾਨੀ ਦੇ ਕੈਂਸਰ ਨੇ ਘੇਰ ਲਿਆ। ਡਾਕਟਰ ਨੂੰ ਦਿਖਾਉਣ ਤੇ ਪਹਿਲੀ ਸਟੇਜ ਦਾ ਕੈਂਸਰ ਦੱਸਿਆ ਤੇ ਥੋੜ੍ਹੀ ਜਿਹੀ ਕੀਮੋਥੈਰਪੀ ਨਾਲ ਹੀ ਠੀਕ ਕਰਨ ਦਾ ਭਰੋਸਾ ਦਿੱਤਾ। ਪਰ ਪਿਛੋਂ ਪਤਾ ਲੱਗਾ ਕਿ ਡਾਕਟਰ ਨੇ ਜਰੂਰਤ ਤੋਂ ਵੱਧ ਕੀਮੋ ਦੇ ਦਿੱਤੀ ਜੋ ਉਸ ਦੀ ਮੌਤ ਦਾ ਕਾਰਨ ਬਣੀ। ਮੀਤ ਦੀ ਤਾਂ ਜਿਵੇਂ ਦੁਨੀਆਂ ਉਜੜ ਗਈ ਸੀ। ਸਦਮਾ ਤਾਂ ਸਾਰੇ ਪਰਿਵਾਰ ਲਈ ਹੀ ਅਸਹਿ ਸੀ ਪਰ ਉਸ ਦਾ ਤਾਂ ਰਾਜ ਖੁਸ ਗਿਆ ਸੀ। ਸਕੂਲੀ ਤੇ ਐਮ.ਟੈਕ. ਦੀ ਪੜ੍ਹਾਈ ਤਕ ਉਹ ਪਹਿਲੀਆਂ ਪੁਜੀਸ਼ਨਾਂ 'ਤੇ ਰਹਿੰਦੀ। ਕਾਲਜ ਦੀ ਗਿੱਧੇ ਦੀ ਟੀਮ ਦੀ ਉਹ ਕੈਪਟਨ ਸੀ ਤੇ ਗਿੱਧੇ ਵਿਚ ਉਹਦੀ ਟੀਮ ਦੋ ਵਾਰ ਪੰਜਾਬ ਚੈਂਪੀਅਨ ਰਹਿ ਚੁਕੀ ਸੀ। ਪਹਿਲੀ ਵਾਰੀ ਵਿਚ ਹੀ ਉਸ ਨੇ ਪੰਜਾਬ ਸਰਕਾਰ ਵਲੋਂ ਰੱਖਿਆ ਟੈਟ (ਟੀਚਰ ਸਿਖਲਾਈ ਟੈਸਟ) ਵਧੀਆ ਨੰਬਰਾਂ ਵਿਚ ਪਾਸ ਕਰ ਲਿਆ ਸੀ। ਮਿਹਨਤੀ, ਸਾਊ ਤੇ ਪ੍ਰਤਿਭਾਸ਼ਾਲੀ ਹੋਣ ਕਾਰਨ ਘਰ ਦੇ ਹਰ ਛੋਟੇ-ਬੜੇ ਕੰਮ ਵਿਚ ਉਸ ਦੀ ਰਾਇ ਨੂੰ ਹੀ ਮੰਨਿਆ ਜਾਂਦਾ ਸੀ। ਮਾਂ ਤਾਂ ਜਿਵੇਂ ਉਸ ਤੋਂ ਬਿਨਾ ਪੈਰ ਨਾ ਪੁੱਟਦੀ। 'ਮੀਤਿਆ ਮੀਤਿਆ' ਕਹਿੰਦੀ ਦੀ ਜੁਬਾਨ ਨਾ ਥੱਕਦੀ।



ਵੱਡਾ ਭਰਾ ਵਿਆਹਿਆ ਵਰਿਆ ਸੀ ਪਰ ਉਸ ਨੂੰ ਲੱਗੀ ਨਸ਼ੇ ਦੀ ਲਤ ਨੇ ਘਰ ਨੂੰ ਹੌਲੀ ਹੌਲੀ ਖੋਖਲਾ ਕਰ ਦਿੱਤਾ। ਚੰਗੇ ਚੰਗੇ ਘਰਾਂ ਦੇ ਬਰਾਬਰ ਦੀ ਯੋਗਤਾ ਵਾਲੇ ਲੜਕਿਆਂ ਦੇ ਰਿਸ਼ਤੇ ਉਸ ਲਈ ਆਏ ਪਰ ਉਨ੍ਹਾਂ ਮਾਸੀ ਵਲੋਂ ਦਰਸਾਏ ਰਿਸ਼ਤੇ ਨੂੰ ਹੀ ਪਹਿਲ ਦਿੱਤੀ ਕਿ 'ਮਰੇ ਮਾਂ ਜੀਵੇ ਮਾਸੀ' ਉਨ੍ਹਾਂ ਲਈ ਵੱਡਾ ਸਹਾਰਾ ਸੀ। ਪਰ ਇਹ ਨਹੀਂ ਸੀ ਪਤਾ ਕਿ ਮਾਸੀ ਹੀ ਧੋਖਾ ਕਰ ਜਾਵੇਗੀ ਤੇ ਇਸ ਮਾਂ ਮਹਿੱਟਰ ਦੀ ਮਜਬੂਰੀ ਦਾ ਫਾਇਦਾ ਉਠਾ ਕੇ ਉਸ ਨੂੰ ਅਜਿਹੇ ਅਮਲੀ ਦੇ ਲੜ ਲਾ ਜਾਵੇਗੀ ਜਿਸ ਨੂੰ ਕਈ ਵਾਰੀ ਨਸ਼ਾ ਛੁਡਾਊ ਕੇਂਦਰਾਂ ਵਿਚ ਦਾਖਲ ਕੀਤਾ ਗਿਆ ਸੀ ਪਰ ਨਸ਼ੇ ਦੀ ਲਤ ਨੇ ਉਸ ਦਾ ਪਿੱਛਾ ਨਾ ਛਡਿਆ। ਉਹਦੀ ਵਿਆਹੁਤਾ ਜ਼ਿੰਦਗੀ ਤਾਂ ਬਰਬਾਦ ਹੋ ਚੁਕੀ ਸੀ। ਉਹ ਹੁਣ ਚੌਰਾਹੇ 'ਤੇ ਖੜੀ ਸੀ, ਕੀ ਕਰਦੀ?

ਬਾਪੂ ਬਾਰੇ ਵੀ ਉਹਨੂੰ ਲੋਕਾਂ ਤੋਂ ਕਨਸੋਆਂ ਮਿਲਦੀਆਂ ਸਨ ਕਿ ਉਹ ਕਿਸੇ ਲੁਹਾਰੀ ਦੇ ਚੱਕਰ ਵਿਚ ਹੈ ਜੋ ਵੇਲੇ-ਕੁਵੇਲੇ ਉਨ੍ਹਾਂ ਦੇ ਘਰ ਵੀ ਆਉਂਦੀ ਜਾਂਦੀ ਸੀ। ਇਹੋ ਗੱਲਾਂ ਉਸ ਦੇ ਸਹੁਰਿਆਂ ਨੂੰ ਵੀ ਕਿਸੇ ਨੇ ਜਾ ਦੱਸੀਆਂ। ਹੁਣ ਉਸ ਦੀ ਸ਼ਰਾਫਤ-ਲਿਆਕਤ ਤਾਂ ਕਿਸੇ ਨੂੰ ਨਹੀਂ ਦਿਸਦੀ ਸੀ ਉਨ੍ਹਾਂ ਨੂੰ ਤਾਂ ਗੱਲ ਚਾਹੀਦੀ ਸੀ ਉਹਦੇ ਪੇਕੇ ਪਰਿਵਾਰ ਦੇ ਖਿਲਾਫ। ਉਨ੍ਹਾਂ ਕੋਲ ਮਸਾਲਾ ਪਹਿਲਾਂ ਹੀ ਵਾਧੂ ਸੀ ਕਿਉਂਕਿ ਜੇ ਉਹ ਆਪਣੇ ਘਰ ਵਾਲੇ ਨੂੰ ਨਸ਼ੇ ਤੋਂ ਹਟਕਦੀ ਸੀ ਤਾਂ ਸੱਸ ਕਹਿੰਦੀ, ਤੇਰਾ ਭਰਾ ਨਹੀਂ ਖਾਂਦਾ! ਤੇ ਹੁਣ ਬਾਪ ਬਾਰੇ ਇਹ ਝੂਠੀ ਸੱਚੀ ਅਫਵਾਹ 'ਤੇ ਤਾਂ ਉਨ੍ਹਾਂ ਦੀਆਂ ਚੜ੍ਹ ਮੱਚੀਆਂ। ਘਰਵਾਲੇ ਤੇ ਸੱਸ ਨੂੰ ਤਾਂ ਜਿਵੇਂ ਮੌਕਾ ਹੀ ਮਿਲ ਗਿਆ ਸੀ। ਉਹ ਤਾਂ ਗੱਲ ਗੱਲ 'ਤੇ ਇਸ ਕਥਿਤ ਅਫਵਾਹ ਨੂੰ ਸੱਚ ਬਣਾ ਕੇ ਪੇਸ਼ ਕਰਦੇ।

ਉਹ ਅੰਦਰੇ ਅੰਦਰ ਮਸੋਸ ਕੇ ਰਹਿ ਜਾਂਦੀ। ਆਪਣੇ ਦਿਲ ਦੀਆਂ ਕਿਹਨੂੰ ਸੁਣਾਉਂਦੀ। ਉਤੋਂ ਸਾਲ ਦੇ ਅੰਦਰ ਹੀ ਨੋਨੀ ਪੈਦਾ ਹੋ ਗਈ। ਹੁਣ ਉਹਦੀ ਜਿੰਮੇਵਾਰੀ ਵੀ ਮੀਤ ਦੀ ਸੀ। ਉਹਨੂੰ ਕਿਥੇ ਲੈ ਕੇ ਜਾਂਦੀ? ਉਹ ਦਿਨ ਰਾਤ ਸੋਚਦੀ। ਇਸ ਘੁੰਮਣਘੇਰੀ ਵਿਚੋਂ ਉਸ ਨੂੰ ਨਿਕਲਣ ਦਾ ਕੋਈ ਰਾਹ ਨਾ ਦਿਸਦਾ। ਮਰੀ ਮਾਂ ਨਾਲ ਝੇੜੇ ਕਰਦੀ ਰਹਿੰਦੀ ਕਿ ਜੇ ਤੈਂ ਇੰਜ ਹੀ ਜਾਣਾ ਸੀ ਤਾਂ ਮੈਨੂੰ ਵੀ ਕਿਉਂ ਇਸ ਬੇਦਰਦ ਸਮਾਜ ਵਿਚ ਛੱਡਿਆ। ਮੈਨੂੰ ਵੀ ਨਾਲ ਹੀ ਲੈ ਜਾਂਦੀ। ਖਾਨਦਾਨੀ ਘਰ ਦੀ ਮੀਤ ਤਾਂ ਆਪ ਆਪਣੇ ਸਹੁਰੇ ਘਰ ਰਹਿਣ ਨੂੰ ਹੀ ਤਰਜੀਹ ਦਿੰਦੀ ਪਰ ਕੋਈ ਰਹਿਣ ਦੇਵੇ ਤਾਂ ਨਾ! ਰਹਿ ਰਹਿ ਕੇ ਉਸ ਘੜੀ ਨੂੰ ਕੋਸਦੀ ਜਦੋਂ ਉਹ ਮਾਸੀ ਦੀਆਂ ਗੱਲਾਂ ਵਿਚ ਆ ਆਪਣੀ ਜ਼ਿੰਦਗੀ ਦਾ ਇੰਨਾ ਵੱਡਾ ਫੈਸਲਾ ਕਰ ਬੈਠੀ। ਹੁਣ ਸਾਰੇ ਛੁੱਟ ਗਏ, ਭੁਗਤ ਉਹ ਰਹੀ ਹੈ।

ਹੁਣ ਸੱਸ ਦੇ ਚਲਿਤਰਾਂ ਦਾ ਕੀ ਜੁਆਬ ਦੇਵੇ, ਕੀ ਫੈਸਲਾ ਕਰੇ ਕਿਉਂਕਿ ਉਸ ਨੂੰ ਤਾਂ ਆਪਣੇ ਜੇਲ੍ਹ ਗਏ ਪੁੱਤ ਦੀ ਚਿੰਤਾ ਹੈ ਕਿ ਕਿਵੇਂ ਨਾ ਕਿਵੇਂ ਬਾਹਰ ਆ ਜਾਵੇ। ਜੋ ਦਫਾ 307 ਅਧੀਨ ਸੈਂਟਰਲ ਜੇਲ੍ਹ ਪਟਿਆਲਾ ਵਿਚ ਬੰਦ ਸੀ। ਭਾਵੇਂ ਉਸ ਨੂੰ ਜੇਲ੍ਹ ਵਿਚ ਵੀ ਨਸ਼ੇ ਪੱਤੇ ਦੀ ਕੋਈ ਘਾਟ ਨਹੀਂ ਸੀ ਪਰ ਹੁਣ ਤਾਂ ਕਹਾਣੀ ਸਿਰੇ ਹੀ ਲਗ ਚੁਕੀ ਸੀ। ਅੱਗੇ ਖੂਹ ਪਿਛੇ ਖਾਈ ਵਾਲੀ ਹਾਲਤ ਬਣ ਚੁਕੀ ਸੀ। ਉਸ ਦੇ ਸੁਧਰਨ ਦੇ ਮੌਕੇ ਹੋਰ ਵੀ ਘੱਟ ਚੁਕੇ ਸਨ ਕਿਉਂਕਿ ਇਹ ਜੇਲ੍ਹ ਵਾਲਾ ਡਰ ਵੀ ਚੁੱਕਿਆ ਗਿਆ। ਉਹ ਨੌਕਰੀਯਾਫਤਾ ਸੀ, ਹਰ ਪੱਖੋਂ ਸਾਧਨ ਸੰਪੰਨ ਸੀ ਪਰ ਫਿਰ ਵੀ ਮਰਦ ਦੇ ਸਾਥ ਤੋਂ ਬਿਨਾ ਰਹਿਣਾ ਤੇ ਸਮਾਜ ਦੇ ਤਾਹਨੇ ਮਿਹਣੇ ਜਰਨਾ ਉਸ ਲਈ ਪਹਾੜ ਚੜ੍ਹਨ ਬਰਾਬਰ ਸੀ। ਜੇ ਉਹ ਦੂਜਾ ਵਿਆਹ ਵੀ ਕਰਵਾਏਗੀ ਤਾਂ ਨੋਨੀ ਕਿਸੇ ਦੀ ਕੀ ਲੱਗੀ। ਉਹ ਤਾਂ ਆਪਣੇ ਮਾਂ-ਬਾਪ ਦੇ ਪਿਆਰ ਤੋਂ ਵਾਂਝੀ ਹੋ ਜਾਵੇਗੀ।

ਉਸ ਨੇ ਆਲੇ-ਦੁਆਲੇ ਝਾਤੀ ਮਾਰੀ ਕਿਵੇਂ ਦਫੇਦਾਰਾਂ ਦੀ ਜਸ਼ਨ, ਸੁਨਿਆਰਾਂ ਦੀ ਜੀਤੋ, ਤਖਾਣਾਂ ਦੀ ਮਿੰਦਰੋ, ਸਰਪੰਚਾਂ ਦੀ ਕੈਲੋ ਤੇ ਚੌਧਰੀਆਂ ਦੀ ਨਿੱਕੀ ਬੱਚਿਆਂ ਨੂੰ ਲੈ ਕੇ ਪੇਕੀਂ ਆ ਬੈਠੀਆਂ ਨੇ, ਸਹੁਰਿਆਂ ਦੀਆਂ ਸਤਾਈਆਂ ਦੇ ਭਰਜਾਈਆਂ ਮੂੰਹ ਪਾਣੀ ਨੀਂ ਧਰਦੀਆਂ। ਬਹੁਤੀਆਂ ਉਸ ਦੇ ਹਾਣ ਦੀਆਂ ਸਹੁਰੇ ਘਰੀਂ ਇਸੇ ਤਰ੍ਹਾਂ ਸਮਝੌਤਾ ਕਰੀਂ ਆਪਣੀ ਵਿਆਹੁਤਾ ਜ਼ਿੰਦਗੀ ਨੂੰ ਠੁੰਮਣਾ ਵੀ ਦੇ ਰਹੀਆਂ ਹਨ। ਖੁਦ ਉਸ ਦੀ ਭਰਜਾਈ ਵੀ ਤਾਂ ਉਸ ਦੇ ਭਰਾ ਨਾਲ ਇਸੇ ਤਰ੍ਹਾਂ ਟਾਇਮ ਕੱਢਦੀ ਹੈ, ਉਹ ਵੀ ਘਰੋਂ ਕਦਮ ਪੁੱਟ ਸਕਦੀ ਸੀ ਪਰ ਉਹ ਤਾਂ ਉਦੋਂ ਵੀ ਪੇਕੀਂ ਨਹੀਂ ਗਈ ਜਦੋਂ ਉਸ ਦਾ ਭਰਾ ਕੈਲਾ ਡੁਬਈ ਤੁਰ ਗਿਆ ਸੀ। ਇਕੱਲੀ ਔਰਤ ਨੂੰ ਤਾਂ ਦੁਨੀਆਂ ਉਂਜ ਹੀ ਟਿਕਣ ਨਹੀਂ ਦਿੰਦੀ। ਫਿਰ ਮਰੀ ਮਾਂ ਸੁਪਨਿਆਂ ਵਿਚ ਆ ਜਾਂਦੀ, ਮੀਤਿਆ! ਸਹੁਰਿਆਂ ਦੀ ਲੱਤ ਚੰਗੀ ਪੇਕਿਆਂ ਦੀ ਖੱਟ ਨਾਲੋਂ। ਭਾਵੇਂ ਉਸ ਦਾ ਫੱਟੜ ਮਨ ਇਸ ਦਕੀਆਨੂਸੀ ਕਹੌਤ ਨਾਲ ਸਹਿਮਤ ਨਾ ਹੁੰਦਾ ਪਰ ਅੰਦਰੋਂ ਆਵਾਜ਼ ਆਉਂਦੀ, ਫਿਰ ਕਰੇਂਗੀ ਕੀ?

"ਹਾਂ ਮੀਤ ਕਿਥੇ ਗੁੰਮ ਹੋ ਗਈ? ਕਿਸੇ ਦੀਆਂ ਗੱਲਾਂ ਵਿਚ ਨਾ ਆ, ਆਪਣੇ ਘਰ ਵਲ ਦੇਖ।" ਸੱਸ ਨੇ ਉਸ ਨੂੰ ਚੁੱਪ ਦੇਖ ਨਵਾਂ ਪੈਂਤੜਾ ਲਿਆ। ਉਹਨੇ ਆਪਣੇ ਆਪ ਵਿਚ ਆਉਂਦਿਆਂ ਕਿਹਾ ਕਿ ਉਹ ਸੋਚ ਕੇ ਦੱਸੇਗੀ। ਸੱਸ ਦੇ ਇਸ ਕਦਮ ਨੇ ਦੋਰਾਹੇ 'ਤੇ ਖੜੀ ਜ਼ਿੰਦਗੀ ਨੂੰ ਸੋਚਣ ਲਈ ਮਜਬੂਰ ਕਰ ਦਿੱਤਾ ਸੀ।

ਉਹ ਤਾਂ ਆਪਣੇ ਵਲੋਂ ਸਾਰਾ ਕੁਝ ਮੁਕਾ ਬੈਠੀ ਸੀ ਕਿ ਜਦੋਂ ਉਸ ਦਾ ਘਰ ਵਾਲਾ ਸ਼ੀਰਾ ਉਸ ਦੇ ਆਪਣੇ ਬਿਆਨਾਂ 'ਤੇ ਉਸ ਦੀ ਹੱਤਿਆ ਦੀ ਕੋਸ਼ਿਸ ਦੇ ਦੋਸ਼ ਵਿਚ ਜੇਲ੍ਹ ਚਲਿਆ ਗਿਆ ਸੀ, ਹੁਣ ਬਾਕੀ ਕੀ ਰਹਿ ਗਿਆ ਸੀ? ਉਸ ਨੇ ਮਨ ਹੀ ਮਨ ਬਾਪ ਤੇ ਭਰਜਾਈ ਨਾਲ ਪਹਿਲਾਂ ਗੱਲ ਕਰਨ ਦੀ ਸੋਚੀ। ਅੱਗੇ ਦੇਖਿਆ ਜਾਵੇਗਾ ਕਿ ਕੀ ਹੋਵੇਗਾ। ਹੁਣ ਵੀ ਕਿਹੜਾ ਸੌਖਾ ਸੀ ਪੇਕੇ ਬੈਠਣਾ। ਉਨ੍ਹਾਂ ਉਸ ਦੀ ਤੇ ਛੋਟੀ ਬੱਚੀ ਦੀ ਅਸੁਰੱਖਿਆ ਕਾਰਨ ਅਜਿਹਾ ਜੋਖਮ ਭਰਿਆ ਕਦਮ ਚੁਕਣ ਤੋਂ ਨਾਂਹ ਕਰ ਦਿੱਤੀ।

ਦੁਬਿਧਾ ਵਿਚ ਹੀ ਉਸ ਨੇ ਕੁਝ ਦੇਰ ਆਪਣੇ ਮਨ ਨੂੰ ਇਸ ਹਾਲਤ ਵਿਚੋਂ ਕੱਢਣ ਲਈ ਗੁਰੂ ਘਰ ਦਾ ਓਟ ਆਸਰਾ ਲਿਆ। ਭਾਈ ਜੀ ਨੇ ਕਥਾ ਛੋਹੀ ਤੇ ਮਾਈ ਭਾਗੋ ਦੀ ਸੂਝ ਸਿਆਣਪ ਦੀ ਇਤਿਹਾਸਕ ਮਿਸਾਲ ਦਿੰਦਿਆਂ ਦੱਸਿਆ ਕਿ ਕਿਵੇਂ ਉਸ ਨੇ ਗੁਰੂ ਦਾ ਸਾਥ ਛੱਡ ਕੇ ਆਉਣ ਵਾਲੇ ਆਪਣੇ ਪਤੀ ਮਹਾਂ ਸਿੰਘ ਸਣੇ 40 ਸਿੰਘਾਂ ਨੂੰ ਵਾਪਸ ਮੁਕਤਸਰ ਦੀ ਧਰਤੀ 'ਤੇ ਲੜਨ ਲਈ ਪ੍ਰੇਰਿਆ ਸੀ। ਇਸ ਕਥਾ ਨੇ ਜਿਵੇਂ ਉਸ ਦੀਆਂ ਤਾਂ ਅੱਖਾਂ ਖੋਲ੍ਹ ਦਿੱਤੀਆਂ। ਭਾਵੇਂ ਅਜਿਹੀਆਂ ਕਥਾਵਾਂ ਇਸ ਤੋਂ ਪਹਿਲਾਂ ਵੀ ਉਸ ਨੇ ਕਈ ਵਾਰ ਸੁਣੀਆਂ ਸੀ ਪਰ ਅੱਜ ਦਾ ਕਥਾ ਵਖਿਆਨ ਤਾਂ ਲਗਦਾ ਸੀ ਜਿਵੇਂ ਉਸ ਲਈ ਹੀ ਸੀ।

ਮੀਤ ਨੇ ਮਨ ਹੀ ਮਨ ਦੁਆ ਮੰਗੀ, 'ਮਾਲਕਾ ਰਸਤਾ ਦਿਖਾ ਤਾਂ ਜੋ ਘਰ ਨੂੰ ਮੁੜ ਤੋਂ ਵਸਾਉਣ ਦੀ ਉਹ ਹਿੰਮਤ ਬਟੋਰ ਸਕੇ, ਅੱਗੇ ਉਸ ਦੇ ਕਰਮ।' ਅੱਜ ਦੇ ਇਸ ਵਿਖਿਆਨ ਨੇ ਤਾਂ ਜਿਵੇਂ ਇਸ ਘਰੇਲੂ ਜੰਗ ਨੂੰ ਸਰ ਕਰਨ ਦਾ ਰਾਹ ਪੱਧਰਾ ਕਰ ਦਿੱਤਾ ਸੀ। ਸਭ ਤੋਂ ਪਹਿਲਾਂ ਤਾਂ ਉਹ ਕਦਮ ਚੁੱਕਿਆ ਜਿਸ ਨੇ ਉਸ ਦੀ ਜ਼ਿੰਦਗੀ ਨਰਕ ਬਣਾ ਰੱਖੀ ਸੀ। ਉਸ ਨੇ ਆਪਣੇ ਬਾਪੂ ਨੂੰ ਹਲਫੀਆ ਬਿਆਨ 'ਤੇ ਦਸਤਖਤ ਕਰ ਦਿੱਤੇ ਕਿ ਉਸ ਦੀ ਜਾਇਦਾਦ ਦਾ ਮਾਲਕ 'ਮੇਰੇ ਸਾਰੀ ਉਮਰ ਦੇ ਮਾਪੇ' ਉਸ ਦਾ ਭਰਾ-ਭਤੀਜਾ ਹੈ, ਉਹ ਨਹੀਂ। ਉਸ ਦੇ ਵਿਆਹ, ਪੜ੍ਹਾਈ 'ਤੇ ਬਥੇਰਾ ਖਰਚਾ ਉਸ ਦੇ ਪਿਓ ਨੇ ਕੀਤਾ ਸੀ। ਨਾਲੇ ਇਸ ਕਦਮ ਨਾਲ ਸਹੁਰਿਆਂ ਦੀ ਵੀ 'ਕੁੱਤੇ ਝਾਕ' ਬੰਦ ਹੋ ਜਾਵੇਗੀ। ਉਸ ਨਾਲ ਜੋ ਬੀਤੂ, ਦੇਖੀ ਜਾਊ।

ਉਸ ਨੂੰ ਲੱਗਿਆ ਜਿਵੇਂ ਕੋਈ ਰੂਹਾਨੀ ਤਾਕਤ ਹਲੂਣ ਕ ਕਹਿ ਰਹੀ ਹੈ, 'ਨਸ਼ੇ ਦੀ ਲੋਰ ਵਿਚ ਸ਼ੀਰੇ ਵਲੋਂ ਕੀਤੀ ਗਲਤੀ ਨੂੰ ਵੀ ਮੁਆਫ ਕਰ ਇੱਕ ਵਾਰੀ ਉਸ ਨੂੰ ਸੁਧਰਨ ਦਾ ਮੌਕਾ ਦੇਹ। ਭਾਵੇਂ ਉਸ ਨਾਲ ਕਿੰਨਾ ਵੀ ਮਾੜਾ ਵਿਹਾਰ ਕੀਤਾ ਸੀ।' ਸੌ ਵਿਰੋਧਾਂ ਦੇ ਬਾਵਜੂਦ ਉਸ ਨੇ ਹਿੰਮਤੀ ਕਦਮ ਚੁੱਕਦਿਆਂ ਪਤੀ ਨੂੰ ਜੇਲ੍ਹ ਵਿਚੋਂ ਛੁਡਾਇਆ ਜੋ ਜੇਲ੍ਹੋਂ ਛੁਟਦਿਆਂ ਸਿੱਧਾ ਮੀਤ ਤੇ ਉਸ ਦੇ ਪੇਕੇ ਪਰਿਵਾਰ ਕੋਲ ਆਇਆ ਤੇ ਆਪਣੇ ਕੀਤੇ ਉਤੇ ਪਛਤਾਵਾ ਕਰਦਿਆਂ ਅੱਗੇ ਲਈ ਹਰ ਤਰ੍ਹਾਂ ਦੇ ਨਸ਼ੇ ਤੋਂ ਤੋਬਾ ਕੀਤੀ। ਉਸ ਨੇ ਮੀਤ ਤੇ ਨੋਨੀ ਨੂੰ ਆਪਣੇ ਘਰ ਲਿਜਾਣ ਦੀ ਗੁਜ਼ਾਰਿਸ਼ ਕੀਤੀ। ਚਰਨੇ ਨੇ ਧੀ ਦੇ ਇਲਾਜ ਉਤੇ ਲੱਖਾਂ ਰੁਪਏ ਖਰਚ ਕਰ ਦਿੱਤੇ ਸਨ। ਸ਼ੀਰਾ ਤਾਂ ਆਪਣੇ ਵਲੋਂ ਮੀਤ ਨੂੰ ਮੁਕਾ ਹੀ ਗਿਆ ਸੀ। ਪਤਾ ਨਹੀਂ ਕੀਹਦੇ ਭਾਗਾਂ ਨੂੰ ਉਹ ਬਚ ਗਈ। ਪਰ ਅੱਜ 'ਜਦੋਂ ਭੁਲਿਆ ਨਾ ਜਾਣੋ ਜੇ ਸ਼ਾਮ ਨੂੰ ਘਰ ਆ ਜਾਵੇ' ਵਾਲੇ ਹਾਲਾਤ ਵਿਚ ਆਪਣੇ ਜੁਆਈ ਨੂੰ ਦੇਖਿਆ ਤਾਂ ਉਸ ਨੇ ਉਸ ਨੂੰ ਆਪਣੇ ਗਲ ਨਾਲ ਲਾ ਕੇ ਮੀਤ ਨੂੰ ਲੈ ਜਾਣ ਦੀ ਇਜਾਜ਼ਤ ਦੇ ਦਿੱਤੀ। ਦੂਰ ਪਿੰਡ ਵਿਚ ਕਿਸੇ ਕੁੜੀ ਦੀ ਡੋਲੀ ਵਿਦਾ ਹੋ ਰਹੀ ਸੀ ਜਿਸ ਵਿਚ ਵਜਦਾ ਰਿਕਾਰਡ 'ਨੀ ਮਾਏ ਇੱਕ ਘਰ ਤੇਰਾ ਜੋੜਿਆ ਦੂਜਾ ਜੋੜਨ ਚੱਲੀ ਨੀਂ' ਰੁਕ ਰੁਕ ਕੇ ਉਸ ਦੇ ਕੰਨਾਂ ਵਿਚ ਪੈ ਰਿਹਾ ਸੀ। ਮੀਤ ਕਾਰ ਦੀ ਤਾਕੀ ਖੋਲ੍ਹ ਕੇ ਖੜੇ ਸ਼ੀਰੇ ਵੱਲ ਮੁਸਕਰਾਉਂਦੀ ਹੋਈ ਦੇਖਦੀ ਤੇ ਵਿਦਾ ਕਰਨ ਆਏ ਆਪਣੇ ਬਾਪ ਦੀ ਫੁਲਵਾੜੀ ਵੱਲ ਸੰਤੁਸ਼ਟੀ ਜ਼ਾਹਰ ਕਰਦੀ ਹੋਈ ਗੱਡੀ ਦੀ ਮੂਹਰਲੀ ਸੀਟ ਉਤੇ ਜਾ ਬੈਠੀ ਸੀ।



ਸ਼ੌਰਟ ਕੱਟ
ਵਾਇਆ
ਲੌਂਗ ਰੂਟ

14

ਅਮਰੀਕ ਸਿੰਘ ਬਲ
ਫੋਨ: 34602835897

# ਸਮੇਂ ਦੀਆਂ ਮਾਰਾਂ

***ਅਮਰੀਕ ਸਿੰਘ ਬਲ ਅੱਜ ਕੱਲ੍ਹ ਸਪੇਨ ਵੱਸਦਾ ਹੈ, ਪਰ ਉਥੇ ਪੁੱਜਣ ਦੀ ਜਿਹੜੀ ਕਹਾਣੀ ਉਸ ਨੇ ਆਪਣੀ ਪੋਥੀ 'ਸ਼ੌਰਟ ਕੱਟ ਵਾਇਆ ਲੌਂਗ ਰੂਟ' ਰਾਹੀਂ ਸੁਣਾਈ ਹੈ, ਉਹ ਲੂੰ-ਕੰਡੇ ਖੜ੍ਹੇ ਕਰਨ ਵਾਲੀ ਹੈ। ਦੇਸ ਤੋਂ ਪਰਦੇਸ ਪੁੱਜਣ ਦੀ ਇਸ ਮਾਰਮਿਕ ਕਹਾਣੀ ਦੀ 14ਵੀਂ ਕਿਸ਼ਤ ਹਾਜ਼ਰ ਹੈ। -ਸੰਪਾਦਕ***

## ਤੁਸੀਂ ਪੜ੍ਹ ਚੁਕੇ ਹੋ...

***ਟ੍ਰੈਵਲ ਏਜੰਟ ਦੇ ਸੁਨੇਹੇ ਨਾਲ ਪਿੰਡ ਬੁਤਾਲਾ ਦੇ ਨੌਜਵਾਨ ਅਮਰੀਕ ਸਿੰਘ ਬਲ ਦਾ ਸਫਰ ਸ਼ੁਰੂ ਹੋ ਜਾਂਦਾ ਹੈ। ਪਹਿਲਾ ਵੱਡਾ ਝਟਕਾ ਤੁਰੰਤ ਕੇਸ ਕਟਵਾਉਣ ਵਾਲੇ ਹੁਕਮ ਨਾਲ ਲੱਗਦਾ ਹੈ। ਹਵਾਈ ਜਹਾਜ਼ ਤੋਂ ਬਾਅਦ ਜੀਪਾਂ ਦਾ ਸਫਰ ਸ਼ੁਰੂ ਹੋਇਆ ਤਾਂ ਲੱਗਿਆ, ਕੁਝ ਅਣਹੋਇਆ ਹੋਣ ਵਾਲਾ ਹੈ। ਫਿਰ ਇਕ ਏਜੰਟ ਤੋਂ ਦੂਜੇ ਤੱਕ ਪੁੱਜਣ ਦਾ ਸਿਲਸਿਲਾ ਚੱਲ ਪਿਆ। ਹਰ ਥਾਂ ਦੁਸ਼ਵਾਰੀਆਂ! ਪਤਾ ਨਹੀਂ ਸੀ ਕਿ ਸੰਸਾਰ ਦੇ ਸਭ ਤੋਂ ਵੱਡੇ ਤੇ ਮਾਰੂ, ਸਹਾਰਾ ਮਾਰੂਥਲ ਵਿਚੋਂ ਵੀ ਲੰਘਣਾ ਪੈਣਾ ਹੈ... ਫਿਰ ਉਹ ਕਦੇ ਮੋਰੱਕੋ ਦੇ ਉਜਾੜਾਂ ਅਤੇ ਕਦੀ ਜੇਲ੍ਹਾਂ ਅੰਦਰ ਰੁਲਣ ਜੋਗੇ ਰਹਿ ਗਏ!... ਹੁਣ ਪੜ੍ਹੋ ਇਸ ਤੋਂ ਅੱਗੇ...***

ਰਾਤ ਦੇ ਸੰਨਾਟੇ 'ਚ ਨੇੜੇ ਕਿਤੇ ਗੱਡੀ ਰੁਕਣ ਦੀ ਆਵਾਜ਼ ਸੁਣੀ। ਸੋਚਿਆ, ਮੁਹੰਮਦ ਆ ਗਿਆ ਸ਼ਾਇਦ। ਕੁਝ ਅਸਪਸ਼ਟ ਜਿਹੀਆਂ ਆਹਟਾਂ ਆਈਆਂ। 8-10 ਮਿੰਟ ਦੀ ਚੁੱਪ ਬਾਅਦ ਸਾਨੂੰ ਲੱਗਾ ਜਿਵੇਂ ਛੱਤ ਪਾਟ ਗਈ ਹੋਵੇ, ਛੱਤ 'ਤੇ ਭਗਦੜ ਜਿਹੀ ਮਚ ਗਈ। ਛੱਤ ਵਾਲੇ ਦਰਵਾਜ਼ੇ 'ਤੇ ਸੱਟਾਂ ਪੈਣ ਲੱਗੀਆਂ। ਤਾਕੀਆਂ ਵਿਚੋਂ ਸਾਏ ਇਧਰ-ਉਧਰ ਦੌੜਦੇ ਨਜ਼ਰ ਆਏ। ਕਿੰਨੀਆਂ ਹੀ ਗੂੰਜਦੀਆਂ ਆਵਾਜ਼ਾਂ, ਰਲ-ਗਡ ਹੋ ਕੇ ਸ਼ੋਰ ਜਿਹਾ ਬਣ ਗਿਆ। ਸਾਨੂੰ ਤਾਂ ਦਿਲ ਦੇ ਦੌਰੇ ਪੈਣ ਨੂੰ ਫਿਰਨ। ਅੰਦਰਲੀ ਤਾਕੀ 'ਚੋਂ ਛੱਤ ਵੱਲ ਨੂੰ ਦੇਖਿਆ, ਰੌਸ਼ਨੀ ਲਈ ਬਣਾਏ ਖਾਲੀ ਥਾਂ ਦੇ ਬਨੇਰੇ 'ਤੇ ਪੁਲਿਸ ਪਿਸਤੌਲਾਂ-ਬੰਦੂਕਾਂ ਫੜੀ, ਬੈਟਰੀਆਂ ਮਾਰਦੀ, ਅਰਬੀ 'ਚ ਚੀਕਦੀ ਸਾਨੂੰ ਕੋਈ ਆਦੇਸ਼ ਦਿੰਦੀ ਨਜ਼ਰੀਂ ਪਈ। ਸਭ ਦੇ ਰੰਗ ਫੱਕ ਹੋ ਗਏ।

ਇੱਕ ਵਾਰ ਫਿਰ ਸਭ ਆਸਾਂ 'ਤੇ ਪਾਣੀ ਫਿਰ ਗਿਆ। ਉਨ੍ਹਾਂ ਗੈਰ-ਜ਼ਿੰਮੇਦਾਰ ਮੁੰਡਿਆਂ ਨੂੰ ਸਭ ਨੇ ਲਾਹਨਤਾਂ ਪਾਈਆਂ, ਪਰ ਹੁਣ ਕੀ ਕੀਤਾ ਜਾ ਸਕਦਾ ਸੀ? ਹੋਰ ਤਾਂ ਕੀ ਕਰਨਾ ਸੀ, ਸਭ ਨੇ ਕੱਪੜੇ ਪਾਏ, ਕੰਬਲ ਤੇ ਹੋਰ ਜ਼ਰੂਰੀ ਸਮਾਨ ਸਮੇਟਣਾ ਸ਼ੁਰੂ ਕਰ ਦਿੱਤਾ। ਜੇਲ੍ਹ ਵੱਲ ਕੂਚ ਕਰਨ ਦੀਆਂ ਘੜੀਆਂ ਆਣ ਢੁੱਕੀਆਂ ਸਨ। ਆਖਿਰ ਫਿਰ ਨਾਮੁਰਾਦ, ਨਾਪਸੰਦੀਦਾ, ਨਕਾਰਾਤਮਕ ਸਫਰ ਜ਼ਬਰਦਸਤੀ ਗਲ ਪੈ ਚੱਲਿਆ ਸੀ। ਜਦੋਂ ਤਕ ਦਰਵਾਜ਼ਾ ਤੋੜ ਕੇ 7-8 ਹਥਿਆਰਬੰਦ ਪੁਲਸੀਏ ਥੱਲੇ ਆਏ, ਅਸੀਂ ਜੁੱਤੀਆਂ ਪਾ, ਕੰਬਲ ਆਦਿ ਕੱਛਾਂ 'ਚ ਦੇ ਜਾਣ ਲਈ ਤਿਆਰ ਬੈਠੇ ਸਾਂ।

ਸਭ ਦੀ ਜਾਮਾ-ਤਲਾਸ਼ੀ ਹੋਈ। ਗੁਆਂਢੀ ਸੂਹੀਆ ਵੀ ਅਹਿਮ ਪਾਤਰ ਵਾਂਗ ਆਪਣੇ ਦੇਸ਼ ਭਗਤ ਤੇ ਆਦਰਸ਼ ਨਾਗਰਿਕ ਹੋਣ ਦੀ ਹਵਾ ਵਿਚ ਫੁੱਲਿਆ ਆ ਪੁੱਜਾ। ਸਾਰੇ ਅਰਬੀ ਵਿਚ ਗੱਲਬਾਤ ਕਰਦੇ ਸਾਡੇ 'ਤੇ ਤਿੱਖੀਆਂ ਨਜ਼ਰਾਂ ਗੱਡੀ, ਸਾਡੀ ਅਤੇ ਸਾਰੇ ਕਮਰਿਆਂ ਦੀ ਤਲਾਸ਼ੀ ਲੈਂਦੇ ਰਹੇ। ਪਤਾ ਨਹੀਂ ਪੁਲਸੀਏ ਬਹੁਤ ਅਹਿਮ 'ਕਰਾਈਮ ਅਪਰੇਸ਼ਨ' ਦੀ ਸਫਲ ਕਾਰਵਾਈ ਪਿਛੋਂ ਸਾਨੂੰ ਫੜ ਕੇ ਖੁਸ਼ ਹੋਏ ਜਾਂ ਨਿਰਾਸ਼। ਸ਼ਾਇਦ ਉਨ੍ਹਾਂ ਕਿਸੇ ਖਤਰਨਾਕ ਗੈਂਗ ਦੀ ਆਸ ਰੱਖੀ ਹੋਵੇ। ਸਾਨੂੰ ਜੋੜੀ-ਜੋੜੀ ਨੂੰ ਇੱਕ-ਇੱਕ ਹੱਥਕੜੀ ਲਾ ਕੇ ਮਕਾਨ 'ਚੋਂ ਬਾਹਰ ਲਿਆਂਦਾ ਗਿਆ। ਦੋ-ਤਿੰਨ ਪਾਸਪੋਰਟ ਵੀ ਮਿਲੇ, ਪਰ ਜਿਨ੍ਹਾਂ ਦੇ ਸਨ, ਉਹ ਖੜ੍ਹੇ ਪੈਰ ਮੁਕਰ ਗਏ। ਦੋ ਕੁ ਗਲੀਆਂ ਪੈਦਲ ਲੰਘਾ ਕੇ ਸਾਨੂੰ ਵੱਡੇ ਮਿਲਟਰੀ ਟਰੱਕ 'ਚ ਚਾੜ੍ਹ ਦਿੱਤਾ ਗਿਆ।

ਬੇਜਾਨ, ਮਿੱਟੀ ਹੋਏ ਸਰੀਰ, ਸਿਰ ਸੁੱਟੀ ਬੁਰੀ ਤਰ੍ਹਾਂ ਨਿਰਾਸ਼ਾ ਨਾਲ ਝੂਰਦੇ, ਅੱਡੀਆਂ ਅੱਖਾਂ ਨਾਲ ਵਕਤ ਦੇ ਕਰੂਰ ਮਜ਼ਾਕ ਨੂੰ ਸਮਝਣ ਦੀ ਕੋਸ਼ਿਸ਼ ਕਰ ਰਹੇ ਸਾਂ। ਆਧੁਨਿਕ ਹੱਥਕੜੀਆਂ 'ਚ ਹੱਥ ਜਿੰਨੀ ਹਿਲਜੁਲ ਕਰਦੇ, ਹੱਥਕੜੀ ਉਨੀ ਤੰਗ ਹੁੰਦੀ ਜਾਂਦੀ, ਮਾਸ 'ਚ ਖੁੱਭਦੀ ਜਾਂਦੀ। ਗਲੀਆਂ ਸੁੰਨਸਾਨ ਸਨ। ਲਾਈਟਾਂ ਜੀ-ਜਾਨ ਨਾਲ ਰਾਤ ਦੀ ਸਿਆਹੀ ਨੂੰ ਆਪਣੇ ਆਪ 'ਤੇ ਹਾਵੀ ਨਾ ਹੋਣ ਦੇਣ ਦੀ ਕੋਸ਼ਿਸ਼ 'ਚ ਡਟੀਆਂ ਸਨ। ਸ਼ਾਇਦ ਸ਼ਾਂਤ-ਖਾਮੋਸ਼ ਫਿਜ਼ਾ ਨੇ ਆਪਣੀ ਮੌਨ-ਸਮਾਧੀ ਵਿਚ ਖਲਲ ਪਾਉਂਦੀ ਸਾਡੀ ਭਗਦੜ ਦਾ ਬੁਰਾ ਮਨਾਇਆ ਹੋਵੇ। ਕੁਝ ਖਿੜਕੀਆਂ ਵਿਚੋਂ ਹੈਰਾਨ ਚਿਹਰੇ ਝਾਕ ਰਹੇ ਸਨ। ਇੱਕ ਮੋੜ 'ਤੋਂ ਉਂਗਲੀਆਂ ਸਾਡੇ ਵੱਲ ਉਠਦੀਆਂ ਨਜ਼ਰ ਆਈਆਂ। ਟਰੱਕ ਤੇ ਦੋ ਜੀਪਾਂ ਹੌਲੀ-ਹੌਲੀ ਸੜਕ 'ਤੇ ਰਿੜ੍ਹ ਪਈਆਂ।

ਸਾਨੂੰ ਅਜੇ ਵੀ ਯਕੀਨ ਨਹੀਂ ਸੀ ਹੋ ਰਿਹਾ ਕਿ ਸਿਰਾਂ 'ਤੇ ਇਹ ਹਨੇਰੀ ਝੁੱਲ ਚੁੱਕੀ ਏ। ਸਾਨੂੰ ਚਾਰ ਜਣਿਆਂ ਨੂੰ ਤਾਂ ਜਿਵੇਂ ਬੁਰੇ ਵਕਤ ਨੇ ਇੱਕ ਵਾਰ ਹਵਾ 'ਚ ਉਛਾਲ ਫਿਰ ਝੱਟ ਬੋਚ ਲਿਆ ਸੀ।

20 ਕੁ ਮਿੰਟ ਪਿਛੋਂ ਕਾਫਲਾ ਥਾਣੇ 'ਚ ਪਹੁੰਚਿਆ। ਇੱਕ ਵਾਰ ਫਿਰ ਤਲਾਸ਼ੀ ਪਿਛੋਂ, ਜੁੱਤੇ-ਬੈਲਟਾਂ ਲੁਹਾ ਕੇ ਸਾਨੂੰ ਸੀਖਾਂ ਵਾਲੇ ਕਮਰੇ 'ਚ ਡੱਕ ਦਿੱਤਾ। ਪੁਲਸੀਆਂ ਦੀ ਨਜ਼ਰ ਤੋਂ ਮੋਬਾਈਲ ਬਚਾਉਣ 'ਚ ਅਸੀਂ ਸਫਲ ਰਹੇ ਸਾਂ। ਛੋਟੇ ਜਿਹੇ ਕਮਰੇ ਵਿਚ ਸਭ ਫਸ-ਧਸ ਕੇ ਪੈ ਗਏ।

ਸਵੇਰੇ 'ਨੋ ਅਕਿਲ, ਥਰੀ ਡੇ, ਨੋ ਮੋਂਜੇ' ਦੀਆਂ ਅਵਾਜ਼ਾਂ ਨਾਲ ਮੇਰੀਆਂ ਪਲਕਾਂ ਖੁੱਲ੍ਹੀਆਂ। ਨਿੰਕਾ ਤੇ ਨਿੰਦਾ ਪੇਟ 'ਤੇ ਹੱਥ ਫੇਰਦੇ ਦੁਹਰਾ ਰਹੇ ਸਨ- ਤਿੰਨਾਂ ਦਿਨਾਂ ਤੋਂ ਖਾਣਾ ਨਹੀਂ ਖਾਧਾ। ਵਾਕਈ ਭੁੱਖ ਨਾਲ ਸਭ ਦੀ ਬੁਰੀ ਹਾਲਤ ਸੀ। ਘੰਟੇ ਕੁ ਬਾਅਦ ਚਾਹ ਤੇ ਮੱਖਣ ਨਾਲ ਲਥਪਥ ਤਾਜ਼ੇ ਖੋਬਸ ਆ ਗਏ। ਸਾਡੇ ਚਿਹਰਿਆਂ 'ਤੇ ਰੌਣਕ ਆ ਗਈ। ਇਹ ਸਾਡਾ ਇਨਸਾਨੀ ਤੇ ਕਾਨੂੰਨੀ ਹੱਕ ਸੀ। ਸਭ ਖਾਣੇ 'ਤੇ ਟੁੱਟ ਪਏ। ਕੁਝ ਤਸੱਲੀ ਹੋ ਗਈ ਸੀ।

ਬਿਆਨ ਲੈਣ ਲਈ ਸਭ ਨਾਲ ਸਿਰ-ਖਪਾਈ ਕਰਨ ਨਾਲੋਂ ਪੁਲਿਸ ਵਾਲਿਆਂ ਇੱਕ ਜਣੇ ਨੂੰ ਆਦੇਸ਼ ਕੀਤਾ। ਮੈਨੂੰ ਮੁੰਡਿਆਂ ਨੇ ਅੱਗੇ ਕੀਤਾ, ਕਿਉਂਕਿ 'ਅੰਨ੍ਹਿਆਂ ਵਿਚ ਕਾਣਾ ਰਾਜਾ' ਮੈਂ ਅੰਗਰੇਜ਼ੀ ਨੂੰ ਥੋੜ੍ਹਾ-ਬਹੁਤ ਮੂੰਹ ਮਾਰ ਲੈਂਦਾ ਸਾਂ। ਸਭ ਕੁਝ ਪਹਿਲਾਂ ਹੀ ਤੈਅ ਸੀ, ਸੱਚ-ਝੂਠ ਦਾ ਗੁਤਾਵਾ ਕਰ ਕੇ ਪੁਲਿਸ ਅੱਗੇ ਕਿਵੇਂ ਪਰੋਸਣਾ ਹੈ ਕਿ ਉਨ੍ਹਾਂ ਨੂੰ ਹਜ਼ਮ ਹੋ ਜਾਵੇ। ਸਭ ਦੀਆਂ ਫੋਟੋਆਂ ਖਿੱਚੀਆਂ ਗਈਆਂ, ਉਂਗਲਾਂ ਦੇ ਨਿਸ਼ਾਨ ਲਏ ਗਏ। ਇੱਕ ਆਫਿਸ ਵਿਚ ਮੈਨੂੰ ਬਿਠਾਇਆ ਗਿਆ। ਮੇਰੇ ਨਾਲ ਸਵਾਲ-ਜਵਾਬ ਕਰਨ ਵਾਲਾ ਦੁਭਾਸ਼ੀਆ ਮੋਰੱਕੀ ਨੌਜਵਾਨ ਮੈਨੂੰ ਕਾਲਜ ਵਿਦਿਆਰਥੀ ਲੱਗਾ। ਪਹਿਲੇ ਸਵਾਲ ਦੇ ਜਵਾਬ ਵਿਚ ਹੱਥੋਂ ਛੁੱਟਦਿਆਂ ਹੀ ਪਹਿਲਾ ਸਫੇਦ ਝੂਠ ਉਸ ਦੇ ਮੱਥੇ ਵਗ੍ਹਾ ਮਾਰਿਆ, "ਅਸੀ 6 ਮਹੀਨੇ ਪਹਿਲਾਂ ਇੰਡੀਆ ਤੋਂ ਸਿੱਧਾ ਮੋਰੱਕੋ ਉਤਰੇ ਸਾਂ।" (ਬਾਅਦ ਵਿਚ ਪਤਾ ਲੱਗਿਆ ਕਿ ਇੰਡੀਆ ਤੋਂ ਮੋਰੱਕੋ ਕੋਈ ਸਿੱਧੀ ਉਡਾਣ ਨਹੀਂ ਆਉਂਦੀ)।

ਮੋਰੱਕੀ: "ਫਲਾਈਟ ਕਿਹੜੀ ਸੀ... ਤਰੀਖ ਕੀ ਸੀ?"

ਮੈਂ: "ਯਾਦ ਨਹੀਂ... ਭੁੱਲ ਗਏ... ਪੁਰਾਣੀ ਗੱਲ ਹੈ।"

ਮੋਰੱਕੀ: "ਇੰਡੀਆ ਵਾਲੇ ਏਜੰਟ? ਏਜੰਟਾਂ ਦੇ ਨਾਂ-ਪਤੇ, ਕਿਥੇ ਮਿਲੇ? ਕਿਵੇਂ ਮਿਲੇ?"

ਮੈਂ: "ਨਾਂ-ਪਤੇ ਨਹੀਂ ਪਤਾ... ਘਰਦਿਆਂ ਨੂੰ ਮਿਲੇ ਸਨ, ਅਸੀਂ ਨਹੀਂ ਜਾਣਦੇ।"

ਮੋਰੱਕੀ: "ਛੇ ਮਹੀਨੇ ਕਿਥੇ-ਕਿਥੇ ਤੇ ਕਿਵੇਂ-ਕਿਵੇਂ ਰਹੇ? ਕਿਨ੍ਹਾਂ ਕੋਲ ਰਹੇ?"

ਮਨ ਹੀ ਮਨ 6 ਮਹੀਨਿਆਂ ਨੂੰ ਜ਼ਰਬ-ਤਕਸੀਮਾਂ ਕਰ ਵੱਖ ਵੱਖ ਥਾਂਵਾਂ, ਪਹਾੜੀਆਂ ਦੇ ਖਾਤੇ 'ਚ ਦਿਨ-ਹਫਤੇ ਗਿਣ ਕੇ ਕਿਹਾ, "ਇਥੇ ਰਹੇ... ਉਥੇ ਰਹੇ... ਫਿਰ ਉਥੇ ਰਹੇ...। ਏਜੰਟਾਂ ਦੇ ਨਾਂ ਅਤੇ ਘਰ ਬਿਲਕੁਲ ਨਹੀਂ ਸੀ ਪਤਾ।"

ਬਸ ਇਹੀ ਸੱਚ ਬੋਲਿਆ ਕਿ ਕਿਵੇਂ ਭੁੱਖੇ-ਪਿਆਸੇ ਮਰਦੇ ਰਹੇ। ਡੌਂਕਰ ਕੁੱਟਦੇ-ਮਾਰਦੇ।

ਮੋਰੱਕੀ: "ਇਹ ਤਿੰਨ ਪਾਸਪੋਰਟ ਕਿਸ ਦੇ ਹਨ?"

ਫੋਟੋਆਂ 'ਤੇ ਗੰਭੀਰ-ਜ਼ਿੰਮੇਦਾਰਾਨਾ ਭਾਵ ਨਾਲ ਨਜ਼ਰ ਮਾਰਦਿਆ ਮੈਂ ਝੂਠ ਦੁਹਰਾਇਆ, "ਸਾਡੇ 'ਚੋਂ ਕਿਸੇ ਦੇ ਨਹੀਂ, ਪੁਰਾਣੇ ਮੁੰਡਿਆਂ ਦੇ ਹੋਣਗੇ।"

ਸੱਚ ਇਹ ਸੀ ਕਿ ਪਾਸਪੋਰਟ ਮੰਗਲ ਅਤੇ ਨਿੱਕੇ ਦੇ ਸਨ, ਪਰ ਫੋਟੋਆਂ ਪੁਰਾਣੀਆਂ ਹੋਣ ਕਰ ਕੇ ਸ਼ਤ-ਪ੍ਰਤੀਸ਼ਤ ਪਛਾਣੇ ਨਹੀਂ ਸੀ ਜਾਂਦੇ।

ਮੋਰੱਕੀ: "ਮੌਜੂਦਾ ਏਜੰਟਾਂ ਬਾਰੇ ਦੱਸੋ, ਪਛਾਣ ਸਕੋਗੇ?"

ਮੈਂ: "ਗਈ ਰਾਤ ਹਨੇਰੇ 'ਚ ਆਉਂਦੇ ਸਨ, ਕਦੇ ਚਿਹਰੇ ਸਾਫ ਨਹੀਂ ਦੇਖੇ। ਸਾਡੇ ਇੰਡੀਅਨ ਏਜੰਟਾਂ ਦੇ ਕਹਿਣ 'ਤੇ ਇਥੇ ਰੱਖਿਆ ਸੀ ਤੇ ਉਹ ਕਿਥੇ ਨੇ? ਤੁਹਾਨੂੰ ਪਹਿਲਾਂ ਈ ਦੱਸਿਆ ਹੈ, ਪਤਾ ਨਹੀਂ।" ਕੁੱਲ ਮਿਲਾ ਕੇ ਮੈਂ ਕਿਸੇ ਵੀ ਤਰ੍ਹਾਂ ਪਰਾਂ 'ਤੇ ਪਾਣੀ ਨਹੀਂ ਪੈਣ ਦਿੱਤਾ।

ਇਸੇ ਦੌਰਾਨ ਪੁਲਿਸ ਤਿੰਨ ਬੰਦੇ ਫੜ ਲਿਆਈ (ਜੋ ਸਾਡੇ ਡੌਂਕਰ ਹੀ ਸਨ)। ਸਾਨੂੰ ਪੁੱਛਣ 'ਤੇ ਅਸੀਂ ਮੁੱਕਰ ਗਏ। ਇਹ ਡੌਂਕਰ ਨਾਲ ਦੇ ਕਮਰੇ ਵਿਚ ਬੰਦ ਸਨ। ਇੱਕ ਅਫਸਰ ਨੇ ਉਨ੍ਹਾਂ ਨੂੰ ਸਾਹਮਣੇ ਲਿਆ ਕੇ ਪੁੱਛਿਆ, "ਇਹ ਸਨ ਤੁਹਾਡੇ ਏਜੰਟ?" ਦਰਵਾਜ਼ੇ ਵਿਚ ਮੈਂ ਤੇ ਛਿਆਸੀ ਬੈਠੇ ਸਾਂ। ਅਸੀਂ ਗਹਿਰੀ ਨਿਗ੍ਹਾ ਨਾਲ ਦੇਖਦਿਆਂ ਤੇ ਸੋਚਣ ਦਾ ਨਾਟਕ ਕਰਦਿਆਂ ਜਵਾਬ ਦਿੱਤਾ, "ਨਹੀਂ!" ਸੁਣਦਿਆਂ ਸਾਰ ਅਫਸਰ ਨੇ ਗੁੱਸੇ ਵਿਚ ਸਾਡੇ ਦੋਹਾਂ ਦੇ ਠੁੱਡ ਮਾਰਨੇ ਸ਼ੁਰੂ ਕਰ ਦਿੱਤੇ।

ਮੋਰੱਕੋ 'ਚ ਡੌਂਕੀ ਲਵਾਉਣ ਜਾਂ ਗੈਰਕਾਨੂੰਨੀ ਬੰਦੇ ਲੁਕੋ ਕੇ ਰੱਖਣ ਵਾਲਿਆਂ ਲਈ ਸਖਤ ਸਜ਼ਾਵਾਂ ਸਨ। ਅਸੀਂ ਉਨ੍ਹਾਂ ਡੌਂਕਰਾਂ ਦੇ ਬਚਾਅ ਖਾਤਿਰ ਹੀ ਝੂਠ ਬੋਲ ਰਹੇ ਸਾਂ। ਪੁਲਿਸ ਦੋ ਦਿਨਾਂ ਤਕ ਉਨ੍ਹਾਂ ਨੂੰ ਕੁੱਟਦੀ-ਮਾਰਦੀ ਰਹੀ, ਚੀਕਾਂ ਥਾਣੇ 'ਚ ਗੂੰਜਦੀਆਂ ਰਹੀਆਂ। ਸਾਨੂੰ ਡਰ ਇਹ ਸੀ ਕਿਤੇ ਅਗਲਾ ਨੰਬਰ ਸਾਡਾ ਈ ਨਾ ਹੋਵੇ!

ਪੁਲਿਸ ਮਕਾਨ ਦੀ ਨਿਸ਼ਾਨਦੇਹੀ ਲਈ ਬੁੱਧੂ ਤੇ ਚਾਹਲ ਨੂੰ ਉਸ ਘਰ ਲੈ ਕੇ ਗਈ। ਉਨ੍ਹਾਂ ਵੀ ਢੀਠਪੁਣੇ ਨਾਲ ਦੁਚਿਤੀ ਜ਼ਾਹਰ ਕੀਤੀ, "ਸਾਨੂੰ ਹਨੇਰੇ ਵਿਚ ਲਿਆਏ ਸਨ, ਪੱਕਾ ਨਹੀਂ ਕਹਿ ਸਕਦੇ।" ਉਨ੍ਹਾਂ ਉਤੇ ਵੀ ਚਪੇੜਾਂ-ਮੁੱਕਿਆਂ ਦੀ ਵਾਛੜ ਹੋਣ ਲੱਗੀ। ਉਥੇ ਖੜ੍ਹੀਆਂ ਔਰਤਾਂ ਦੇ ਬੋਲਣ ਅਤੇ ਇਤਰਾਜ਼ ਕਰਨ 'ਤੇ ਪੁਲਿਸ ਵਾਲੇ ਠੰਢੇ ਪਏ। ਰਾਤ ਨੂੰ ਉਸੇ ਦੁਭਾਸ਼ੀਏ ਨੌਜਵਾਨ ਨੇ ਵੱਡੀ ਪਰਾਤ 'ਚ ਚੌਲ, ਮੀਟ, ਸਬਜ਼ੀ ਭਰ ਕੇ ਸਾਹਮਣੇ ਲਿਆ ਧਰੀ। ਸਾਡੇ ਹਾਲਾਤ ਨੇ ਉਸ ਦੇ ਮਨ ਵਿਚ ਸ਼ਾਇਦ ਦਇਆ ਜਗਾ ਦਿੱਤੀ ਸੀ।

ਡੌਂਕਰਾਂ ਅਤੇ ਸਨਿਚਰ-ਐਤਵਾਰ ਦੀ ਛੁੱਟੀ ਹੋਣ ਕਰ ਕੇ ਦੋ ਰਾਤਾਂ ਹੋਰ ਉਥੇ ਕੱਟਣੀਆਂ ਪਈਆਂ। ਉਨ੍ਹਾਂ ਦੋ ਦਿਨਾਂ ਵਿਚ ਸਾਡੇ 'ਤੇ ਖਾਣਿਆਂ ਦੀ ਅਜਿਹੀ ਧੂੰਆਂਧਾਰ ਬਰਸਾਤ ਹੋਈ ਕਿ ਦੁਹਾਈ ਰੱਬ ਦੀ! ਅਸੀਂ ਹੱਥ ਖੜ੍ਹੇ ਕਰ ਕੇ ਦੁਹਾਈਆ ਦੇਣ ਲੱਗੇ, 'ਨੋ ਮੋਂਜੇ, ਨੋ ਅਕਿਲ।' ਜਿਸ ਨੂੰ ਪਤਾ ਲੱਗਦਾ, ਕੁਝ ਇੰਡੀਅਨ ਮਜ਼ਲੂਮ ਭੁੱਖੇ-ਪਿਆਸੇ ਜੇਲ੍ਹ ਵਿਚ ਆਏ ਨੇ, ਉਹ ਖਾਣੇ-ਪਾਣੀ ਦੀ ਪੰਡ ਚੁੱਕੀ ਲਿਆਉਂਦਾ। ਪੀਣ ਲਈ ਜੂਸ, ਪੈਪਸੀ-ਕੋਕ, ਚਾਹ ਲੈ ਆਉਂਦਾ। ਉਹ ਭਲੇ ਲੋਕ ਜਿਵੇਂ ਸਵਾਬ ਖੱਟਣ ਲਈ ਹੁੰਮਹੁਮਾ ਕੇ ਆ ਰਹੇ ਸਨ। ਖਾਂਦਿਆਂ ਨੂੰ ਹਮਦਰਦੀ ਤੇ ਮੋਹ ਨਾਲ ਤੱਕਦੇ ਰਹਿੰਦੇ। ਅਸੀ 'ਸ਼ੁਕਰਾਣ-ਸ਼ੁਕਰਾਣ' ਕਹਿੰਦੇ, ਅਹਿਸਾਨਮੰਦੀ ਜਤਾਉਂਦੇ ਕੁਝ ਖਾ ਲੈਂਦੇ, ਬਾਕੀ ਸੰਭਾਲ ਲੈਂਦੇ। ਜ਼ਿਆਦਾ ਖਾਣ-ਪੀਣ ਨਾਲ ਟੌਇਲਟ ਜਾਣ ਲਈ ਵੀ ਘੜੀ-ਘੜੀ ਆਵਾਜ਼ਾਂ ਲਾਉਂਦੇ, 'ਪਿਸ ਪਰੌਬਲਮ', ਮਸੀਂ ਕਿਤੇ ਦਰਵਾਜ਼ਾ ਖੁੱਲ੍ਹਦਾ।

ਚੌਥੇ ਦਿਨ ਸਾਡੀ ਗੱਡੀ ਅਦਾਲਤ ਦੇ ਸਾਹਮਣੇ ਖੜ੍ਹੀ ਸੀ। ਕੁਝ ਨਵਾਂ ਜਾਂ ਚੰਗਾ ਹੋਣ ਦੀ ਉਮੀਦ 'ਚ ਬੈਠੇ ਸਾਂ, ਪਰ ਸਭ ਕੁਝ ਰਸਮ ਮਾਤਰ ਹੀ ਸੀ। ਫੈਸਲਾ ਉਹੀ ਹੋਇਆ ਜੋ ਹਮੇਸ਼ਾ ਹੁੰਦਾ ਸੀ। ਪਹਿਲਾਂ ਨਾਦੌਰ ਦੀ ਵੱਡੀ ਜੇਲ੍ਹ ਵਿਚ, ਫਿਰ ਉਥੋਂ ਉਜਦਾ ਜੇਲ੍ਹ ਤੋਂ ਹੁੰਦਿਆਂ 'ਫਰੰਟੀਅਰ ਫੌਜੀ ਚੌਕੀ' ਅਤੇ ਅਗਾਂਹ ਰੱਬ ਰਾਖਾ!

ਅਸੀਂ ਨਾਦੌਰ ਦੇ ਵੱਡੇ ਬੰਦੀਖਾਨੇ ਦੇ ਵੱਡੇ ਅੰਡਰਗਰਾਊਂਡ ਹਾਲ-ਕਮਰੇ ਵਿਚ ਬੰਦ ਸਾਂ। ਜੇਲ੍ਹ ਬਾਰੇ ਸੁਣਿਆ ਕਿ ਰੋਜ਼ਾਨਾ ਬੰਦੇ ਬਾਰਡਰ 'ਤੇ ਸੁੱਟੇ ਜਾਣ ਪਿਛੋਂ ਵੀ ਇਹ ਕਦੇ ਖਾਲੀ ਨਹੀਂ ਸੀ ਹੁੰਦੀ। ਸਪੇਨ ਦੇ ਸ਼ਹਿਰ 'ਮਲੀਲੀਆ' ਵਿਚ ਘੁਸਪੈਠ ਕਰਨ ਖ਼ਾਤਿਰ ਲੁਕੇ-ਛਿਪੇ, ਆਲੇ-ਦੁਆਲਿਓਂ ਨੀਗਰੋ ਫੜ-ਫੜ ਕੇ ਇਥੇ ਲਿਆਂਦੇ ਜਾਂਦੇ। ਫਿਰ ਇੱਕ-ਦੋ ਦਿਨ ਬਾਅਦ ਅਲਜੀਰੀਆ ਪਾਰ ਛੱਡ ਦਿੱਤੇ ਜਾਂਦੇ ਸਨ।

ਦੋ ਕੁ ਬੇਵਕੂਫ ਮੁੰਡਿਆਂ ਦੀ ਲਾਪਰਵਾਹੀ ਤੇ ਗੈਰਜ਼ਿੰਮੇਦਾਰੀ ਦੀ ਸਜ਼ਾ ਸਭ ਨੂੰ ਭੁਗਤਣੀ ਪਈ। ਇਸ ਵਾਰ ਤਾਂ ਮੰਜ਼ਿਲ ਦੇ ਬਿਲਕੁਲ ਕਰੀਬ ਤੋਂ ਮੋੜ ਲਿਆਂਦਾ ਸੀ। ਹਰ ਪਾਸਿਓਂ ਉਮੀਦ ਸੀ ਕਿ ਸਪੇਨ ਪਹੁੰਚਣ ਵਿਚ ਜ਼ਿਆਦਾ ਦੇਰੀ ਨਹੀਂ।



*ਨਾਦੌਰ ਸ਼ਹਿਰ ਦੀ ਬੀਚ ਦਾ ਨਜ਼ਾਰਾ। ਲਿਖਾਰੀ ਤੇ ਉਸ ਦੇ ਸਾਥੀ ਇਸੇ ਸ਼ਹਿਰ ਦੀ ਜੇਲ੍ਹ ਅੰਦਰ ਡੱਕੇ ਹੋਏ ਸਨ।*

ਇਸ ਵਾਰ ਮੈਂ ਅੰਦਰੋਂ ਬੁਰੀ ਤਰ੍ਹਾਂ ਟੁੱਟ ਗਿਆ ਸਾਂ, ਸਬਰ ਟੁੱਟ ਗਿਆ ਸੀ। ਬਹੁਤ ਨਿਰਾਸ਼ ਤੇ ਮਾਯੂਸ ਸਾਂ। ਕੁਝ ਦਿਨ ਹੀ ਤਾਂ ਹੋਏ ਸੀ 'ਉਜਦਾ' ਗੇੜਾ ਮਾਰਿਆਂ। ਫਿਰ ਵਾਪਿਸ ਉਥੇ ਜਾ ਰਹੇ ਸਾਂ।

ਸਾਡੇ ਹੱਥਾਂ ਵਿਚ ਬਤੌਰ ਵਿਦਾਇਗੀ ਤੋਹਫਾ ਇੱਕ-ਇੱਕ ਸੁੱਕਾ ਬਰੈਡ ਦੇ ਕੇ ਦੋ ਬੰਦ ਵੈਨਾਂ ਵਿਚ, ਕੁਝ ਕਾਲਿਆਂ ਤੇ ਅਲਜੀਰੀਆਈ ਬੰਦਿਆਂ ਸਮੇਤ ਬਿਠਾ ਦਿੱਤਾ ਗਿਆ। ਵੈਨਾਂ ਨੂੰ ਜਿੰਦਰੇ ਲਾ ਕੇ ਸਾਦਾ ਵਰਦੀਆਂ ਵਿਚ ਦੋ-ਦੋ ਅਧਿਕਾਰੀ ਅੱਗੇ ਬੈਠ ਗਏ। ਗੱਡੀਆਂ ਤੁਰ ਪਈਆਂ, ਮੰਜ਼ਿਲ ਦਾ ਤਾਂ ਸਭ ਨੂੰ ਬਿਨਾ ਪੁੱਛਿਆਂ-ਦੱਸਿਆਂ ਪਤਾ ਹੀ ਸੀ। ਉਜਦਾ ਦਾ ਰਸਤਾ 3-4 ਘੰਟੇ ਦਾ ਸੀ।

ਗੱਡੀ ਅਖੀਰ ਉਸੇ ਦੋ ਮੰਜ਼ਲੀ ਪੁਰਾਣੀ ਜਗ੍ਹਾ 'ਤੇ ਜਾ ਕੇ ਰੁਕੀ। ਫਿਰ ਪਿਛਿਓਂ ਹੋਰ ਕੈਦੀ ਆਉਣ ਕਾਰਨ ਗੱਡੀ ਵਿਚ ਬਿਠਾ ਕੇ ਫਰੰਟੀਅਰ ਫੌਜੀ ਚੌਕੀ 'ਤੇ ਲਿਜਾ ਸੁੱਟਿਆ। ਘੰਟੇ ਬਾਅਦ ਕਾਲਿਆਂ ਨਾਲ ਭਰੀ ਇੱਕ ਹੋਰ ਬੱਸ ਆ ਪਹੁੰਚੀ। ਦੋ ਕਾਲਿਆਂ ਨੇ ਇੰਗਲਿਸ਼ ਵਿਚ ਕਿਹਾ ਕਿ ਸਾਡੇ ਨਾਲ ਚੱਲਿਓ, ਏਜੰਟ ਥੋੜ੍ਹੇ ਪੈਸਿਆਂ ਵਿਚ ਛੇਤੀ ਸਪੇਨ ਪਹੁੰਚਾ ਦੇਣਗੇ। ਅਸੀਂ ਕਤਰਾਉਂਦੇ ਰਹੇ।

ਫੌਜੀਆਂ ਅੱਗੇ ਭੁੱਖ ਦੀ ਹਾਲ-ਦੁਹਾਈ ਪਾ ਕੇ ਨੇੜੇ ਲੱਗੇ ਸੰਤਰੇ-ਅਨਾਰਾਂ ਦੇ ਬੂਟਿਆਂ ਨੂੰ ਜਾ ਚਿੰਬੜੇ। ਕਾਫੀ ਸਾਰੇ ਖਾ ਲਏ ਤੇ ਕੁਝ ਸੰਭਾਲ ਲਏ। ਪਤਾ ਨਹੀਂ, ਅਜੇ ਮੋਰੱਕੋ ਦੇ ਕਿਹੜੇ ਕਿਹੜੇ ਥਾਂਈਂ ਸਾਡੇ ਨਸੀਬਾਂ ਦਾ ਰਿਜ਼ਕ ਰਹਿੰਦਾ ਸੀ!

ਸ਼ਾਮ 8-9 ਵਜੇ ਹਥਿਆਰਬੰਦ ਫੌਜੀਆਂ ਨੇ ਸਭ ਨੂੰ ਅੱਗੇ ਲਾ ਲਿਆ। ਅਸੀਂ ਘਬਰਾਏ ਕਿ ਕੋਈ ਡੌਂਕਰ ਨਹੀਂ ਆਇਆ, ਇਸ ਬਾਰ ਅਲਜੀਰੀਆ ਜਾਣੋਂ ਨਹੀਂ ਬਚਦੇ; ਭਾਵ ਹੋਰ ਪਿਛਾੜੀ ਪੈ ਜਾਵਾਂਗੇ। ਕਾਲਿਆਂ ਅਤੇ ਫੌਜੀਆਂ ਵਿਚ ਘਿਰੇ ਅਸੀਂ ਛੋਟੇ ਜਿਹੇ ਪਿੰਡ ਦੇ ਖੜ੍ਹੇ ਤਮਾਸ਼ਬੀਨਾਂ ਨੂੰ ਦੇਖਦੇ ਤੁਰਦੇ ਗਏ। ਅਚਾਨਕ ਇੱਕ ਚਿਹਰਾ ਮੈਂ ਪਛਾਣਿਆ ਅਤੇ ਹੌਲੀ ਜਿਹੀ ਪੁਕਾਰਿਆ- ਮੁਹੰਮਦ। ਉਸ ਨੇ ਮੂੰਹ 'ਤੇ ਉਂਗਲ ਰੱਖੀ ਤੇ ਤੇਜ਼ੀ ਨਾਲ ਇੱਕ ਪਾਸੇ ਨਿਕਲ ਗਿਆ। ਇਸੇ ਮੁਹੰਮਦ ਨੇ ਅੱਗੇ ਵੀ ਦੋ ਵਾਰ ਸਾਨੂੰ ਫੌਜੀਆਂ ਤੋਂ ਖਰੀਦਿਆ ਸੀ। ਮੈਂ ਖੁਦ ਅਤੇ ਦੂਜਿਆਂ ਨੂੰ ਤਸੱਲੀ ਦਿੱਤੀ ਕਿ ਹੁਣ ਅਲਜੀਰੀਆ ਨਹੀਂ ਜਾਂਦੇ।

ਫਿਰ ਸਾਨੂੰ 14 ਜਣਿਆਂ ਨੂੰ ਇੱਕ ਪਾਸੇ ਝਾੜੀਆਂ ਵਿਚ ਬਿਠਾ ਦਿੱਤਾ। ਬਾਕੀ ਫੌਜੀ ਕਾਲਿਆਂ ਨੂੰ ਲੈ ਅਗਾਂਹ ਵਧਦੇ ਗਏ। 10-15 ਮਿੰਟ ਬਾਅਦ ਤਿੰਨ ਡੌਂਕਰ ਆਏ, ਫੌਜੀਆਂ ਨਾਲ ਘੁਸਰ-ਮੁਸਰ ਕੀਤੀ। ਮੁਹੰਮਦ ਨੇ ਸਾਡੇ ਅੱਗੇ ਪਾਸਾ ਸੁੱਟਿਆ, "ਸਾਡੇ ਕੋਲ ਦਰ੍ਹਾਮ ਨਹੀਂ, ਫੌਜੀਆਂ ਨੂੰ ਆਪਣੇ ਕੋਲੋਂ 1000-1200 ਦਰ੍ਹਾਮ ਦਿਓ, ਨਹੀਂ ਤਾਂ ਇਹ ਤੁਹਾਨੂੰ ਅਲਜੀਰੀਆ ਛੱਡ ਆਉਣਗੇ।" ਸਾਡੇ ਕਿਸੇ ਕੋਲ ਵੀ, ਕੁਝ ਨਹੀਂ ਸੀ। ਮੋਹਕਮ ਦੇ 50 ਦਰ੍ਹਾਮ ਵੀ ਪਤਾ ਨਹੀਂ ਕਿੱਥੇ ਡਿੱਗ ਪਏ।

ਫਿਰ ਇੱਕ ਡੌਂਕਰ ਕਿਸੇ ਪਾਸੇ ਦੌੜ ਗਿਆ। ਕੁਝ ਮਿੰਟਾਂ ਬਾਅਦ ਮੁੜਿਆ, ਤੇ ਸਾਡੀ ਅਜ਼ਾਦੀ ਦਾ ਮੁੱਲ ਕੁਝ ਕੁ ਸੌ ਦਰ੍ਹਾਮ ਚੁੱਕਾ ਦਿੱਤਾ। ਫਿਰ ਵਾਪਸੀ ਦੇ ਰਸਤੇ ਉਹ ਸਾਨੂੰ ਖੇਤਾਂ ਵਿਚੋਂ ਲੰਘਾਉਂਦੇ ਕਿਸੇ ਅਗਿਆਤ ਦਿਸ਼ਾ ਵੱਲ ਵਧਦੇ ਗਏ। ਹਨੇਰਾ ਕਾਫੀ ਹੋ ਗਿਆ ਸੀ। ਡਿੱਗਦੇ-ਢਹਿੰਦੇ, ਕੰਡਿਆਲੀਆਂ ਝਾੜੀਆਂ ਨਾਲ ਖਹਿੰਦੇ ਡੌਂਕਰਾਂ ਪਿੱਛੇ ਤੁਰਦੇ ਆਬਾਦੀ ਤੋਂ ਕਾਫੀ ਦੂਰ ਖੇਤਾਂ ਵਿਚ ਬੂਟਿਆਂ-ਰੁੱਖਾਂ ਦੀ ਓਟ ਵਿਚ ਜਾ ਪਹੁੰਚੇ। ਸਾਡਾ ਖਿਆਲ ਸੀ, ਕੁਝ ਖਾਣੇ-ਪਾਣੀ ਦਾ ਤੇ ਸਿਰ ਛੁਪਾਉਣ ਦਾ ਇੰਤਜ਼ਾਮ ਹੋ ਜਾਵੇਗਾ ਜਾਂ ਫਿਰ ਹਮੇਸ਼ਾ ਵਾਂਗ ਰਸ਼ੀਦ ਆ ਕੇ ਲੈ ਜਾਵੇਗਾ। ਡੌਂਕਰਾਂ ਨੇ ਦੱਸਿਆ, ਖਾਨ ਦੇ ਸਭ ਫੋਨ ਬੰਦ ਸਨ ਤੇ ਰਸ਼ੀਦ ਕਿਤੇ ਬਾਹਰ ਗਿਆ ਹੈ। ਫਿਕਰ ਹੋਇਆ, ਹੁਣ ਕਿੰਜ ਬੀਤੂ। ਸਭ ਨੇ ਭੁੱਖ ਦੀ ਦੁਹਾਈ ਦਿੱਤੀ। ਉਹ ਤਸੱਲੀ ਦੇ ਕੇ ਨਿਕਲ ਗਏ।

11 ਕੁ ਵੱਜੇ ਸਨ। ਦੋ-ਤਿੰਨ ਲੋਈਆਂ ਵਿਚ ਅਸੀਂ 'ਕੱਠੇ ਜਿਹੇ ਹੋ ਕੇ ਬਹਿ ਗਏ। 12 ਵੱਜੇ, ਫਿਰ ਇਕ ਵੱਜਿਆ, ਕੋਈ ਨਹੀਂ ਆਇਆ। ਘੰਟਾ ਕੁ ਹੋਰ ਗੁਜ਼ਰ ਗਿਆ। ਮਸੀਂ ਕਿਤੇ ਡੌਂਕਰ ਮੁੜੇ, ਪਰ ਖਾਲੀ ਹੱਥ। ਬੜੀ ਨਿਰਾਸ਼ਾ ਹੋਈ। ਉਹ ਸਾਨੂੰ ਉਠਾ ਕੇ ਕਿਸੇ ਪਾਸੇ ਲੈ ਤੁਰੇ। ਕਾਫੀ ਦੇਰ ਬਾਅਦ ਬਾਗ ਜਿਹੇ ਵਿਚ ਅੱਪੜੇ ਜਿਥੇ ਦਿਨ ਚੜ੍ਹਦੇ ਤਕ ਬੈਠੇ ਰਹੇ। ਖੇਤ ਵਿਚ ਲੱਗਦੇ ਪਾਣੀ ਵਿਚ ਸਾਰੇ ਜਣੇ ਨਹਾਤੇ। ਖਾਨ ਦੇ ਤਿੰਨ-ਚਾਰ ਨੰਬਰ ਅਜੇ ਵੀ ਬੰਦ ਸਨ। ਜਦੋਂ ਕੁਝ ਮੁੰਡੇ ਪੁਲਿਸ ਹੱਥੇ ਚੜ੍ਹਦੇ ਤਾਂ ਖਾਨ ਸਾਵਧਾਨੀ ਵਰਤ ਕੇ ਵਕਤੀ ਤੌਰ 'ਤੇ ਸਾਰੇ ਨੰਬਰ ਬੰਦ ਕਰ ਦਿੰਦਾ ਸੀ। ਫਿਰ ਮੁੰਡਿਆਂ ਦੇ ਘਰਾਂ ਤੋਂ ਫੋਨ ਆਉਣੇ ਸ਼ੁਰੂ ਹੋ ਗਏ। ਸਭ ਨੇ ਬੁਰੇ ਹਾਲਾਤ ਦੱਸ ਕੇ ਕਿਹਾ ਕਿ ਫੌਰਨ ਹੀ ਖਾਨ ਅਤੇ ਏਜੰਟਾਂ 'ਤੇ ਦਬਾਅ ਬਣਾਓ।

ਮੇਰੇ ਘਰੋਂ ਵੀ ਫੋਨ ਆਇਆ। ਮੈਂ ਮੰਮੀ ਨੂੰ ਕਿਹਾ, "ਫਿਰ ਫੜੇ ਗਏ ਹਾਂ, ਹੁਣ ਤੁਰੰਤ ਏਜੰਟਾਂ ਨੂੰ ਫੋਨ ਕਰੋ, ਸਾਨੂੰ ਇਥੋਂ ਲੈ ਜਾਣ ਤੇ ਆਖਿਰੀ ਗੱਲ, ਜੇ ਮੈਂ ਹੁਣ ਕਿਤੇ ਫੜਿਆ ਗਿਆ ਤਾਂ ਪਿੱਛੇ ਮੰਗਵਾ ਲਿਓ, ਨਹੀਂ ਤਾਂ ਲੱਗਦਾ, ਮੈਂ ਇਥੇ ਹੀ ਮਰ ਜਾਵਾਂਗਾ...।" ਮੇਰਾ ਅੰਦਰ ਫਟ ਪਿਆ ਸੀ, ਮੈਂ ਰੋਣ ਲੱਗ ਪਿਆ। ਮੰਮੀ ਨੇ ਘਬਰਾ ਕੇ ਕਿਹਾ, "ਤੂੰ ਹੌਸਲਾ ਰੱਖ, ਘਬਰਾ ਨਾ, ਹੁਣੇ ਏਜੰਟਾਂ ਨੂੰ ਫੋਨ ਕਰਦੇ ਹਾਂ।" ਘੰਟੇ ਕੁ ਬਾਅਦ ਮੇਰੇ ਮੁੱਢਲੇ ਏਜੰਟ ਮੇਜਰ ਦਾ ਫੋਨ ਆ ਗਿਆ, "ਹੁਣੇ ਏਜੰਟਾਂ ਅਤੇ ਖ਼ਾਨ ਨੂੰ ਫੋਨ ਕਰਦੇ ਹਾਂ, ਤੂੰ ਘਬਰਾ ਨਾ, ਛੇਤੀ ਤੁਹਾਨੂੰ ਇਥੋਂ ਚੁਕਾਉਣਗੇ। ਤੂੰ ਘਰਦਿਆਂ ਨੂੰ ਕਾਹਤੋਂ ਡਰਾਉਂਦਾ ਏਂ, ਅੱਗੇ ਸਪੇਨ ਜਲਦੀ ਪਹੁੰਚ ਜਾਵੇਂਗਾ।" ਫਿਰ ਮੈਂ ਖ਼ਾਨ ਦੇ 700 ਯੂਰੋ ਵੱਧ ਲੈ ਕੇ ਪਹਿਲਾਂ ਨੰਬਰ ਪਾਉਣ ਦੀ ਗੱਲ ਦੱਸੀ ਤਾਂ ਉਸ ਨੇ ਦਿਲਾਸਾ ਦਿੱਤਾ, "ਹੋਰ ਪੈਸੇ ਨਹੀਂ ਦੇਣੇ, ਮੈਂ ਸਤਨਾਮ ਹੋਰਾਂ ਨਾਲ ਗੱਲ ਕਰਾਂਗਾ।"

ਸਾਡੇ ਜੱਦੀ ਪਿੰਡ ਬੁਤਾਲਾ ਨੇੜੇ ਮੁਗਲ ਚੱਕ ਪਿੰਡ ਦਾ ਵਸਨੀਕ ਸੀ ਇਹ ਏਜੰਟ ਮੇਜਰ। ਇਸ ਦੀ ਕਮੀਨਗੀ ਦਾ ਸਬੂਤ ਇਹੀ ਬਥੇਰਾ ਸੀ ਕਿ ਦਿੱਲੀ ਤੋਂ ਬਾਅਦ ਅੱਜ ਢਾਈ ਕੁ ਮਹੀਨੇ ਬਾਅਦ ਮੈਨੂੰ ਫੋਨ ਕੀਤਾ ਸੀ, ਉਹ ਵੀ ਘਰਦਿਆਂ ਦੇ ਦਬਾਅ ਪਾਉਣ 'ਤੇ।


ਰਾਤ ਨੂੰ ਫਿਰ ਸਾਨੂੰ ਤੋਰ ਲਿਆ। ਗੋਦਾਮ ਜਿਹੇ ਵਿਚ ਪਹੁੰਚੇ, ਜਿਥੇ ਡੰਗਰ ਬੰਨ੍ਹੇ ਜਾਂਦੇ ਸੀ। ਸਾਰੇ ਪਾਸੇ ਗੋਹਾ-ਗਾਰਾ ਭਰਿਆ ਪਿਆ ਸੀ। ਇੱਕ ਖੂੰਜੇ ਪਰਾਲੀ ਉਤੇ ਬੋਰੀਆਂ ਵਿਛਾ ਕੇ ਪੈ ਗਏ।

ਦੂਜੇ ਦਿਨ ਦੁਪਹਿਰੇ ਬਰੈਡ ਤੇ ਅੱਧੇ-ਅੱਧੇ ਕਿੱਲੋ ਦੇ ਦੁੱਧ ਦੇ ਪੈਕਟ ਮਿਲੇ। ਬਦਤਰ ਹਾਲਾਤ ਦੇ ਹਿਸਾਬ ਨਾਲ ਰੋਟੀ-ਪਾਣੀ ਗੁਜ਼ਾਰੇ ਜੋਗਾ ਠੀਕ ਸੀ। ਛੱਤ ਲੋਹੇ ਦੀਆਂ ਚਾਦਰਾਂ ਦੀ ਹੋਣ ਕਰ ਕੇ ਦੁਪਿਹਰ ਨੂੰ ਗਰਮੀ ਨਾਲ ਭਖ ਪਈ। ਬੂਹੇ-ਤਾਕੀਆਂ ਬੰਦ ਹੋਣ ਕਰ ਕੇ ਸਾਹ ਲੈਣਾ ਔਖਾ

***(ਬਾਕੀ ਅਗਲੇ ਸਫੇ 'ਤੇ)***

# ਬੈਂਗਣ ਲੈਣਾ?

## ਸ਼ਬਦ ਝਰੋਖਾ



ਬਲਜੀਤ ਬਾਸੀ

ਫੋਨ: 734-259-9353

ਜੀ ਹਾਂ, ਮੈਂ ਪਾਠਕਾਂ ਨੂੰ ਇਹ ਸਵਾਲ ਪੁੱਛ ਰਿਹਾ ਹਾਂ ਤੇ ਜਵਾਬ ਉਡੀਕੇ ਬਿਨਾ ਹੀ ਬੈਂਗਣ ਪੇਸ਼ ਕਰ ਰਿਹਾ ਹਾਂ। ਭਲਾ ਬੈਂਗਣ ਵੀ ਕੋਈ ਪੇਸ਼ ਕਰਨ ਵਾਲੀ ਚੀਜ਼ ਹੈ? ਜਾਮਨੀ ਕਾਲਾ ਜਿਹਾ ਇਸ ਦਾ ਰੰਗ, ਜਿਸ ਨੂੰ ਬੈਂਗਣ ਸ਼ਬਦ ਤੋਂ ਹੀ ਬੈਂਗਣੀ ਵੀ ਕਿਹਾ ਜਾਂਦਾ ਹੈ। ਕਿਸੇ ਦਾ ਕਾਲਾ ਜਿਹਾ ਰੰਗ ਹੋਵੇ ਤਾਂ ਉਸ ਨੂੰ ਨੀਲਾ ਜਾਂ ਬੈਂਗਣੀ ਵੀ ਕਹਿ ਦਿੱਤਾ ਜਾਂਦਾ ਹੈ, ਹਾਲਾਂਕਿ ਬੈਂਗਣ ਹਰੇ, ਚਿੱਟੇ ਅਤੇ ਚਿਤਕਬਰੇ ਵੀ ਹੁੰਦੇ ਹਨ। ਮੇਰੇ ਇਸ ਦੇਸ਼ (ਅਮਰੀਕਾ) 'ਚ ਆਉਣ ਤੋਂ ਕੁਝ ਸਮਾਂ ਪਿਛੋਂ ਇਕ ਵਿਆਹ ਪਾਰਟੀ ਵਿਚ ਜਾਣ ਦਾ ਮੌਕਾ ਮਿਲਿਆ। ਸ਼ਿਕਾਗੋ ਤੋਂ ਆਏ ਇਕ ਬੈਂਗਣੀ ਬੰਦੇ ਤੋਂ ਮੈਂ ਪੁੱਛਿਆ, ਕੀ ਕੰਮ ਕਰਦੇ ਹੋ? ਉਸ ਕਿਹਾ, 'ਬੈਂਗਣ ਬੀਜਿਆ ਨਹੀਂ, ਭੜਥਾ ਬਣਾ ਲਿਆ।'

ਮੈਂ ਆਊਂ ਬਤਾਊਂ, ਇਹ ਕੀ ਜਵਾਬ ਹੋਇਆ! ਸ਼ਾਇਦ ਉਸ ਕੋਈ ਕਹਾਵਤ ਕਥੀ ਸੀ ਜੋ ਮੈਂ ਨਹੀਂ ਸੀ ਸਮਝ ਸਕਿਆ। ਨਹੀਂ ਤਾਂ ਇਸ ਵਿਚ ਕਹਾਵਤ ਬਣਨ ਦੀ ਪੂਰੀ ਯੋਗਤਾ ਸੀ। ਜਦ ਵੀ ਮੈਂ ਮੁੜ ਮੁੜ ਉਸ ਨੂੰ ਪੁੱਛਾਂ ਤਾਂ ਉਹੀ ਰਹੱਸਵਾਦੀ ਤੋੜਾ, "ਬੈਂਗਣ ਬੀਜਿਆ ਨਹੀਂ, ਭੜਥਾ ਬਣਾ ਲਿਆ।" ਹਾਰ ਕੇ ਮੈਂ ਆਪਣੇ ਕੋਲ ਬੈਠੇ ਇਕ ਹੋਰ ਜਣੇ ਤੋਂ ਪੁਛਿਆ। ਉਸ ਨੇ ਕੁਝ ਗੁਣਨ ਗੁਣਨ ਕੀਤਾ ਜੋ ਦਾਰੂ ਨਾਲ ਘੁੰਮਦੇ ਸਿਰ, ਖੌਰੂ ਪਾਉਂਦੇ ਭੰਗੜੇ ਅਤੇ ਉਚੇ ਸੰਗੀਤ ਕਾਰਨ ਮੇਰੇ ਖੋਪਰੇ ਵਿਚ ਨਹੀਂ ਵੜਿਆ। ਪੰਜ ਸੱਤ ਵਾਰੀ ਗੁਣਨ-ਗੁਣਨ ਪਿਛੋਂ ਜੋ ਟੋਟਿਆਂ ਵਿਚ ਗ੍ਰਹਿਣ ਹੋਇਆ, ਉਸ ਨੂੰ ਜੋੜਨ ਪਿਛੋਂ ਮਤਲਬ ਇਹ ਨਿਕਲਿਆ ਕਿ ਇਹ ਸ਼ਖਸ ਇੱਲਲੀਗਲ ਆਇਆ ਹੈ ਤੇ ਜੋ ਵੀ ਕੰਮ ਕਰਦਾ ਹੈ, ਉਸ ਵਿਚ ਵਾਹਵਾ ਕਮਾਈ ਹੈ।

'ਫੜ੍ਹ ਲਓ ਬੈਂਗਣ' ਜਾਂ 'ਪੱਟ ਲਓ ਬੈਂਗਣ' ਜਿਹੀਆਂ ਉਕਤੀਆਂ ਰਾਹੀਂ ਬੈਂਗਣ ਦੀ ਚੋਖੀ ਬੇਇਜਤੀ ਕੀਤੀ ਜਾਂਦੀ ਹੈ। ਇਥੇ ਥੋੜ੍ਹੀ ਜਿਹੀ ਅਸ਼ਲੀਲਤਾ ਵੀ ਝਲਕਦੀ ਹੈ। 'ਬਿਨ ਪੈਂਦੇ ਦੇ ਲੋਟੇ' ਵਾਂਗ 'ਥਾਲੀ ਦੇ ਬੈਂਗਣ' ਨੂੰ ਖੂਬ ਫਿਟਕਾਰਿਆ ਜਾਂਦਾ ਹੈ। ਖਾਲਸਈ ਬੋਲਿਆਂ ਵਿਚ ਇਸ ਨਿਆਮਤ ਨੂੰ 'ਇਕ ਟੰਗੀ ਬਟੇਰਾ' ਜਾਂ ਸਿਰਫ ਬਟੇਰਾ ਹੀ ਕਿਹਾ ਜਾਂਦਾ ਹੈ। ਬੈਂਗਣ, ਗਾਜਰ, ਮੂਲੀ, ਸ਼ਲਗਮ, ਕੱਦੂ ਮਿਲਾ ਕੇ ਬਣਾਏ ਸਲੂਣੇ ਨੂੰ ਉਹ ਪੰਜ ਰਤਨਾ ਆਖਦੇ ਹਨ। ਦੋ ਸਬਜ਼ੀਆਂ-ਬੈਂਗਣ ਅਤੇ ਭਿੰਡੀ ਬਾਰੇ ਮੇਰਾ ਪ੍ਰਭਾਵ ਹੈ ਕਿ 59 ਫੀਸਦੀ ਪੰਜਾਬੀ ਇਨ੍ਹਾਂ ਨੂੰ ਬਹੁਤ ਪਸੰਦ ਕਰਦੇ ਹਨ ਤੇ ਬਾਕੀ ਦੇ 31 ਫੀਸਦੀ ਇਨ੍ਹਾਂ ਨੂੰ ਦੇਖ ਕੇ ਕਚਿਆਣ ਮਹਿਸੂਸ ਕਰਦੇ ਹਨ। ਇਨ੍ਹਾਂ ਸਬਜ਼ੀਆਂ ਵਿਚ ਬੀਜਾਂ ਦੀ ਭਰਮਾਰ ਕਈਆਂ ਨੂੰ ਸੁਖਾਉਂਦੀ ਨਹੀਂ। ਇਕ ਸੁਹਜਵਾਦੀ ਦਾ ਕਹਿਣਾ ਹੈ ਕਿ ਜਿਨ੍ਹਾਂ ਨੂੰ ਗੇਂਦੇ ਦਾ ਫੁੱਲ ਚੰਗਾ ਲਗਦਾ ਹੈ, ਉਨ੍ਹਾਂ ਨੂੰ ਹੀ ਬੈਂਗਣ ਚੰਗਾ ਲਗਦਾ ਹੈ। ਕੀੜਾ ਖਾਧੇ ਬੈਂਗਣ ਨੂੰ ਕਾਣਾ ਕਿਹਾ ਜਾਂਦਾ ਹੈ ਜੋ ਸ਼ਾਇਦ ਕਿਸੇ ਹੋਰ ਸਬਜ਼ੀ ਜਾਂ ਫਲ ਲਈ ਨਹੀਂ ਵਰਤਿਆ ਜਾਂਦਾ। ਮਿਸਾਲ ਵਜੋਂ ਕੀੜੇ ਖਾਧਾ ਅਮਰੂਦ ਕਾਣਾ ਨਹੀਂ ਹੁੰਦਾ।

ਇਕ ਵਾਰੀ ਅਕਬਰ ਬੀਰਬਲ ਦੇ ਸਾਹਮਣੇ ਬੈਂਗਣ ਦੀ ਤਾਰੀਫ ਕਰਨ ਲੱਗਾ ਤਾਂ ਬੀਰਬਲ ਨੇ ਬੈਂਗਣ ਦੀ ਉਸ ਤੋਂ ਵੀ ਵੱਧ ਤਾਰੀਫ ਕੀਤੀ। ਅਕਬਰ ਨੇ ਬੀਰਬਲ ਦੇ ਮਿਰਾਸੀਪੁਣੇ ਦਾ ਇਮਤਿਹਾਨ ਲੈਣਾ ਚਾਹਿਆ। ਉਸ ਨੇ ਬੈਂਗਣ ਦੀ ਬੁਰਾਈ ਕਰਨੀ ਸ਼ੁਰੂ ਕਰ ਦਿੱਤੀ ਤਾਂ ਬੀਰਬਲ ਬੈਂਗਣ ਖਾਣ ਨਾਲ ਹੁੰਦੀਆਂ ਬੀਮਾਰੀਆਂ ਗਿਣਾਉਣ ਲੱਗ ਪਿਆ। ਅਕਬਰ ਨੂੰ ਗੁੱਸਾ ਆਇਆ, "ਤੂੰ ਵੀ ਥਾਲੀ ਦਾ ਬੈਂਗਣ ਏਂ, ਜੇ ਮੈਂ ਬੈਂਗਣ ਦੀ



ਤਾਰੀਫ ਕਰਦਾਂ ਤਾਂ ਤੂੰ ਵੀ ਇਸ ਦੇ ਗੁਣ ਗਾਉਣ ਲਗਦਾ ਏਂ, ਜੇ ਬੁਰਾਈ ਕਰਦਾਂ ਤਾਂ ਬੁਰਾਈ ਕਰਨ ਲਗਦਾਂ, ਤੇਰੇ 'ਤੇ ਕੀ ਯਕੀਨ ਕੀਤਾ ਜਾਵੇ?" ਬੀਰਬਲ ਜ਼ਰਾ ਹਲੀਮੀ ਨਾਲ ਬੋਲਿਆ, "ਬਾਦਸ਼ਾਹ ਸਲਾਮਤ ਮੈਂ ਤੁਹਾਡਾ ਨੌਕਰ ਹਾਂ, ਬੈਂਗਣ ਦਾ ਨਹੀਂ।" ਇਸ ਪ੍ਰਸੰਗ ਵਿਚ ਰਈਸ ਅਮਰੋਹੀ ਦੀਆਂ ਚਾਰ ਸਤਰਾਂ ਸੁਣੋ:

ਅਗਰ ਸਰਕਾਰ ਬੈਂਗਨ ਕੇ ਮੁਖਾਲਿਫ ਹੈ
ਤੋ ਫਿਰ ਬੈਂਗਨ ਮੁਜ਼ਿਰ ਹੈ,
ਔਰ ਅਗਰ ਹਜ਼ਰਤ ਮੁਆਫਿਕ ਹੈਂ
ਤੋ ਹਾਜ਼ਿਮ ਹੈਂ।
ਬਹਰ ਸੂਰਤ ਨਮਕ ਖਵਾਰੋਂ ਕੋ
ਬੈਂਗਨ ਸੇ ਤਅਲੁਕ ਕਿਆ
ਕਿ ਹਮ ਸਰਕਾਰ ਕੇ ਨੌਕਰ ਹੈਂ
ਹਜ਼ਰਤ ਕੇ ਮੁਲਾਜ਼ਿਮ ਹੈਂ।

*(ਮੁਜ਼ਿਰ = ਨੁਕਸਾਨਦੇਹ)*

ਆਯੁਰਵੇਦ ਅਨੁਸਾਰ ਬੈਂਗਣ ਖਾਣ ਨਾਲ ਵਾਤ ਰੋਗ ਹੋ ਜਾਂਦੇ ਹਨ ਜਿਸ ਨੂੰ ਅਸੀਂ ਪੰਜਾਬੀ ਵਾਇ ਜਾਂ ਬਾਦੀ (ਦੁਆਬੀ ਵਿਚ ਬਾਇ) ਆਖਦੇ ਹਾਂ। ਇਕ ਘੜੰਤ ਵਿਉਤਪਤੀ ਅਨੁਸਾਰ ਬੈਂਗਣ ਸ਼ਬਦ ਬੇਗੁਣ ਅਰਥਾਤ 'ਬਿਨਾ ਗੁਣ' ਤੋਂ ਬਣਿਆ ਹੈ। ਕੁਝ ਲੋਕ ਇਸ ਨੂੰ ਬੰਗ (ਬੰਗਾਲ) ਨਾਲ ਜੋੜਦੇ ਹਨ, ਅਰਥਾਤ ਬੰਗਾਲ ਵਿਚ ਪੈਦਾ ਹੁੰਦੀ ਸਬਜ਼ੀ। ਨਿਰੁਕਤਸ਼ਾਸਤਰੀ ਅਜਿਤ ਵਡਨੇਰਕਰ ਅਨੁਸਾਰ ਬੈਂਗਣ ਸ਼ਬਦ ਦਾ ਸਬੰਧ ਵਾਯੂ ਅਰਥਾਤ ਹਵਾ ਨਾਲ ਹੈ। ਇਸ ਦਾ ਸੰਸਕ੍ਰਿਤ ਰੂਪ ਹੈ, ਵਾਤਿੰਗਮ। ਸ਼ਬਦ ਦੇ ਸ਼ੁਰੂ ਵਿਚ ਵਾਤ ਤਾਂ ਸਪੱਸ਼ਟ ਝਲਕਦਾ ਹੈ। ਦੂਜਾ ਅੰਸ਼ ਸੰਸਕ੍ਰਿਤ ਧਾਤੂ 'ਗਮ' ਨਾਲ ਜੁੜਿਆ ਹੋਇਆ ਹੈ। ਇਸ ਧਾਤੂ ਵਿਚ ਮੁਖ ਭਾਵ ਜਾਣ, ਚੱਲਣ, ਫਿਰਨ ਆਦਿ ਦਾ ਹੈ ਪਰ ਹੋਰ ਭਾਵ ਹੈ-ਭੋਗਣਾ, ਅਨੁਭਵ ਕਰਨਾ ਸਮਝੋ ਕਾਸੇ ਦੇ ਵਿਚ ਦੀ ਜਾਣਾ। ਸੋ ਵਾਤਿੰਗਮ ਦਾ ਅਰਥ ਹੋਇਆ, ਜਿਸ ਰਾਹੀਂ ਵਾਤ (ਹਵਾ) ਦਾ ਅਨੁਭਵ ਹੋਵੇ। ਸੰਸਕ੍ਰਿਤ ਦੇ ਇਸ ਸ਼ਬਦ ਨੇ ਸਹਿਜੇ ਸਹਿਜੇ ਵਾਤਿੰਗਣ ਦਾ ਰੂਪ ਧਾਰਿਆ ਤੇ ਫਾਰਸੀ ਵਿਚ ਬਾਦਿੰਜਨ ਦੇ ਤੌਰ 'ਤੇ ਦਾਖਲ ਹੋਇਆ।

ਅੰਗਰੇਜ਼ੀ The ਦੀ ਤਰ੍ਹਾਂ ਅਰਬੀ ਦੇ ਸ਼ਬਦਾਂ ਦੇ ਮੁਹਰੇ 'ਅਲ' ਆਰਟੀਕਲ ਲੱਗ ਜਾਂਦਾ ਹੈ। ਫਾਰਸੀ ਬਾਦਿੰਜਾਨ ਅਰਬੀ ਵਿਚ ਅਲਬਾਦਿੰਜਾਨ ਵਜੋਂ ਅਪਨਾਇਆ ਗਿਆ। ਬੈਂਗਣ ਦੀ ਇਹ ਵਿਆਖਿਆ ਹੀ ਸਵੀਕਾਰੀ ਜਾਂਦੀ ਹੈ। ਬਹੁਤ ਸਾਰੇ ਸ੍ਰੋਤਾਂ ਨੇ ਸੰਸਕ੍ਰਿਤ ਦੇ ਇਸ ਸ਼ਬਦ ਪਿਛੇ ਦ੍ਰਾਵੜੀ ਮੂਲ ਦੀ ਚਰਚਾ ਕੀਤੀ ਹੈ। ਇਸ ਬਾਰੇ ਕੁਝ ਖੋਜ ਦੀ ਜ਼ਰੂਰਤ ਹੈ। ਅਜਿਤ ਵਡਨੇਰਕਰ ਦੀ ਵਿਆਖਿਆ ਬਹੁਤੀ ਖਿੱਚ ਕੇ ਕੀਤੀ ਲਗਦੀ ਹੈ। ਇਹ ਸਹੀ ਹੈ ਕਿ ਪੁਰਾਣੇ ਸੰਸਕ੍ਰਿਤ ਵਿਦਵਾਨ ਦ੍ਰਾਵੜੀ ਜਾਂ ਹੋਰ ਭਾਸ਼ਾਵਾਂ ਤੋਂ ਅਪਨਾਏ ਸ਼ਬਦਾਂ ਦੀ ਵੀ ਅਜਿਹੀ ਵਿਆਖਿਆ ਕਰਦੇ ਸਨ ਕਿ ਉਹ ਮੌਲਿਕ ਸੰਸਕ੍ਰਿਤ ਦੇ ਹੀ ਲਗਦੇ ਸਨ। ਜਿੰਜਰ ਸ਼ਬਦ ਨਾਲ ਉਨ੍ਹਾਂ ਅਜਿਹਾ ਹੀ ਕੀਤਾ ਸੀ। ਤਾਮਿਲ ਵਿਚ ਬੈਂਗਣ ਲਈ ਵਰੁਤਲਾਈ ਜਿਹਾ ਸ਼ਬਦ ਹੈ। ਉਂਜ ਪ੍ਰਾਚੀਨ ਕਾਲ ਤੋਂ ਹੀ ਵੈਂਗਣ ਦੀ ਸਬਜ਼ੀ ਦੱਖਣੀ ਅਤੇ ਪੂਰਬੀ ਏਸ਼ੀਆਂ ਵਿਚ ਹੀ ਉਗਾਈ ਜਾਂਦੀ ਰਹੀ ਹੈ।

ਅੰਗਰੇਜ਼ੀ ਵਿਚ ਬੈਂਗਣ ਲਈ ਦੋ ਸ਼ਬਦ ਪ੍ਰਚਲਿਤ ਹਨ- Aubergine ਅਤੇ Brinjal. ਅੰਗਰੇਜ਼ੀ ਔਬਰਜੀਨ ਦੀ ਵਿਉਤਪਤੀ ਦੋ ਤਰ੍ਹਾਂ ਕੀਤੀ ਜਾਂਦੀ ਹੈ। ਇਕ ਅਨੁਸਾਰ ਇਹ ਫਰਾਂਸੀਸੀ ਸ਼ਬਦ Auberge ਤੋਂ ਬਣਿਆ ਜੋ ਖੁਦ ਸਪੇਨੀ Alberchigo ਦਾ ਬਦਲਿਆ ਰੂਪ ਹੈ। ਫਰਾਂਸੀਸੀ Auberge ਇਕ ਪ੍ਰਕਾਰ ਦਾ ਆੜੂ ਹੁੰਦਾ ਹੈ ਤੇ ਸਪੇਨੀ ਵਿਚ Alberchigo ਖੁਰਮਾਨੀ ਨੂੰ ਆਖਦੇ ਹਨ। ਪ੍ਰਸਿੱਧ ਅੰਗਰੇਜ਼ੀ ਨਿਰੁੱਕਤਕਾਰ ਕਲਾਇਨ ਅਨੁਸਾਰ ਇਹ ਸ਼ਬਦ ਸਪੇਨ ਦੇ ਉਤਰ-ਪੂਰਬੀ ਭਾਗ ਕੈਟਾਲੋਨੀਆ (ਪਿਛਲੇ ਦਿਨੀਂ ਇਥੋਂ ਦੇ ਬਹੁਤੇ ਲੋਕਾਂ ਨੇ ਸਪੇਨ ਤੋਂ ਵੱਖ ਹੋਣ ਲਈ ਵੋਟ ਪਾਈ ਹੈ) ਦੀ ਭਾਸ਼ਾ ਕੈਟਾਲੋਨ ਦੇ ਅਲਬਰਜੇਨਾ ਤੋਂ ਸਪੇਨੀ ਰਾਹੀਂ ਫਰਾਂਸੀਸੀ ਅਤੇ ਫਿਰ ਅੰਗਰੇਜ਼ੀ ਵਿਚ Aubergine ਵਜੋਂ ਪ੍ਰਚਲਿਤ ਹੋਇਆ। ਯਾਦ ਰਹੇ, ਅੱਠਵੀਂ ਸਦੀ ਤੋਂ ਹੀ ਸਪੇਨ ਵਿਚ ਅਰਬੀਆਂ-ਮੁਸਲਮਾਨਾਂ ਦਾ ਰਾਜ ਰਿਹਾ ਹੈ ਤੇ ਇਸ ਰਾਜ ਦੌਰਾਨ ਇਹ ਸ਼ਬਦ ਕੈਟਾਲੋਨ ਵਿਚ ਦਾਖਲ ਹੋਇਆ ਸਮਝਿਆ ਜਾਂਦਾ ਹੈ। ਅੱਜ ਇਸ ਵਿਉਤਪਤੀ ਨੂੰ ਵਧੇਰੇ ਮੰਨਣਯੋਗ ਸਮਝਿਆ ਜਾ ਰਿਹਾ ਹੈ। ਇਹ ਸ਼ਬਦ ਭਾਰਤ ਤੋਂ ਮਲਾਇਆ ਪੁੱਜਾ ਤੇ ਉਥੋਂ ਪੁਰਤਗੀਜ਼ ਭਾਸ਼ਾ ਵਿਚ ਇਹ ਸ਼ਬਦ Berinjela ਵਜੋਂ ਅਪਨਾਇਆ ਗਿਆ। ਇਥੋਂ ਅੰਗਰੇਜ਼ੀ ਨੇ ਇਸ ਨੂੰ ਬ੍ਰਿੰਜਲ (Brinjal) ਕਰਕੇ ਚੁੱਕਿਆ। ਹੈਰਾਨੀ ਦੀ ਗੱਲ ਹੈ ਕਿ ਇਤਾਲਵੀ ਵਿਚ ਇਸ ਨੂੰ Melanzana ਕਿਹਾ ਜਾਂਦਾ ਹੈ ਜਿਸ ਦਾ ਸ਼ਾਬਦਿਕ ਅਰਥ ਹੈ, ਜ਼ਹਿਰੀਲਾ ਫਲ। ਸਪੱਸ਼ਟ ਹੈ ਕਿ ਉਨ੍ਹਾਂ ਨੇ ਇਸ ਫਲ ਨੂੰ ਬਦਹਜ਼ਮੀ ਕਰਨ ਵਾਲਾ ਸਮਝਦਿਆਂ ਇਸ ਦਾ ਇਹ ਨਾਂ ਰੱਖਿਆ।

ਅਮਰੀਕਾ ਵਿਚ ਰਹਿੰਦੇ ਇਟਲੀ ਮੂਲ ਦੇ ਲੋਕ ਕਾਲੇ ਰੰਗ ਦੇ ਲੋਕਾਂ ਨੂੰ ਮਿਲਨਜ਼ਾਨੇ ਆਖਦੇ ਹਨ। ਸਿਸਲੀ ਵਿਚ ਹੈਜ਼ਾ ਫੈਲਣ ਸਮੇਂ ਬੈਂਗਣ ਤੋਂ ਪ੍ਰਹੇਜ਼ ਕਰਨ ਲਈ ਕਿਹਾ ਜਾਂਦਾ ਸੀ ਜਿਵੇਂ ਸਾਡੇ ਖਰਬੂਜ਼ਾ ਇਸ ਦੋਸ਼ ਦਾ ਭਾਗੀ ਬਣਦਾ ਹੈ। ਦਸਵੀਂ-ਗਿਆਰਵੀਂ ਸਦੀ ਵਿਚ ਇਰਾਨ ਦੇ ਮਸ਼ਹੂਰ ਹਕੀਮ ਅਬੂ ਅਲੀ ਸੀਨਾ ਅਨੁਸਾਰ ਬੈਂਗਣ ਖਾਣ ਨਾਲ ਮਾਲੀਖੌਲੀਆ ਹੋ ਸਕਦਾ ਹੈ। ਹੜੌਤੀ ਵਿਚ ਕਹਾਵਤ ਹੈ, 'ਭੜ ਜੀ ਭੱਟਾ ਖਾਵੈ, ਔਰੋਂ ਨੇ ਪਚ ਬਤਾਵੈ।' ਅਰਥਾਤ ਭਟ ਜੀ ਖੁਦ ਤਾਂ ਬੈਂਗਣ ਬੜੇ ਚਾਅ ਨਾਲ ਖਾਂਦੇ ਹਨ ਪਰ ਦੂਸਰਿਆਂ ਨੂੰ ਇਸ ਦੇ ਨੁਕਸਾਨ ਦੱਸਦੇ ਹੋਏ ਨਾ ਖਾਣ ਦੀ ਸਲਾਹ ਦਿੰਦੇ ਹਨ।

ਭਾਰਤ ਦੀਆਂ ਕੁਝ ਬੋਲੀਆਂ ਵਿਚ ਇਸ ਨੂੰ ਭੱਟਾ ਜਾਂ ਭੰਟਾ ਵੀ ਕਿਹਾ ਜਾਂਦਾ ਹੈ ਅਤੇ ਪੰਜਾਬੀ ਵਿਚ ਬਤਾਊਂ ਜਾਂ ਵਤਾਊਂ ਤੇ ਹਿੰਦੀ ਵਿਚ ਬਤੀਆ ਵੀ ਚਲਦਾ ਹੈ। ਇਹ ਸ਼ਬਦ ਸੰਸਕ੍ਰਿਤ ਵ੍ਰਿਤਮ ਦੇ ਵਿਗੜੇ ਰੂਪ ਹਨ। ਇਸ ਪਿਛੇ 'ਵ੍ਰਿ' ਧਾਤੂ ਕੰਮ ਕਰ ਰਿਹਾ ਹੈ ਜਿਸ ਦਾ ਅਰਥ ਹੈ, ਚੁਣਨਾ। ਇਸ ਤੋਂ ਬਣੇ ਵ੍ਰਿੰਤ ਸ਼ਬਦ ਦਾ ਇਕ ਅਰਥ ਹੈ, ਕਿਸੇ ਪੱਤੇ, ਫੁੱਲ ਜਾਂ ਫਲ ਦਾ ਡੰਡਲ। ਸੰਸਕ੍ਰਿਤ ਵਿਚ ਵ੍ਰਿੰਤ ਦਾ ਅਰਥ ਬੈਂਗਣ ਵੀ ਹੈ। ਅਜਿਤ ਵਡਨੇਰਕਰ ਅਨੁਸਾਰ ਕਿਸੇ ਪੌਦੇ ਤੋਂ ਫੁੱਲ ਜਾਂ ਫਲ ਨੂੰ ਚੁਣਨ ਲਈ ਉਸ ਦੇ ਡੰਡਲ ਨੂੰ ਹੀ ਚੁਣਿਆ ਜਾਂਦਾ ਹੈ ਅਤੇ ਉਥੋਂ ਹੀ ਤੋੜਿਆ ਜਾਂਦਾ ਹੈ। ਬੈਂਗਣ ਦੇ ਲੰਬੇ ਸਾਰੇ ਡੰਡਲ ਜਾਂ ਡੰਡੀ 'ਤੇ ਧਿਆਨ ਮਾਰਿਆਂ ਇਹ ਨਾਂ ਸਹੀ ਸਾਬਿਤ ਹੁੰਦਾ ਹੈ। ਇਸ ਡੰਡਲ ਦੀ ਵਜ੍ਹਾ ਕਰਕੇ ਹੀ ਇਸ ਨੂੰ 'ਏਕ ਟਾਂਗ ਕਾ ਮੁਰਗਾ' ਜਾਂ ਸਿੰਘ ਬੋਲਿਆਂ ਵਿਚ 'ਇਕ ਟੰਗੀ ਬਟੇਰਾ' ਕਿਹਾ ਜਾਂਦਾ ਹੈ। ਸੰਸਕ੍ਰਿਤ ਵਿਚ ਬੈਂਗਣ ਲਈ ਇਸੇ ਨਾਲ ਜੁੜਦਾ ਇਕ ਹੋਰ ਸ਼ਬਦ ਹੈ, ਵ੍ਰਿਤਾਂਕ। ਇਸ ਤੋਂ ਹੀ ਇਸ ਦਾ ਵਿਕਾਸ ਕੁਝ ਇਸ ਤਰ੍ਹਾਂ ਉਲੀਕਿਆ ਜਾ ਸਕਦਾ ਹੈ: ਵ੍ਰਿਤਾਕ>ਵੰਟਾਹ>ਭੰਟਾ>ਭਟਾ। ਵੰਟਾਹ ਤੋਂ ਹੀ ਵਤਾਊਂ ਬਣੇ ਹੋਣ ਦੀ ਕਲਪਨਾ ਕੀਤੀ ਜਾ ਸਕਦੀ ਹੈ।

---

# ਸਮੇਂ ਦੀਆਂ ਮਾਰਾਂ

**(ਪਿਛਲੇ ਸਫੇ ਦੀ ਬਾਕੀ)**

ਹੋਣ ਲੱਗਾ। ਸਭ ਦੇ ਕੱਪੜੇ ਉਤਰ ਗਏ। ਕੰਧਾਂ ਦੀਆਂ ਮੋਕਲੀਆਂ ਦਰਜਾਂ ਥਾਣੀਂ ਤਾਜ਼ੀ ਹਵਾ 'ਚ ਲੰਮੇ-ਲੰਮੇ ਸਾਹ ਖਿੱਚਦੇ ਰਹੇ। ਦਿਨ ਬਹੁਤ ਔਖਾ ਲੰਘਿਆ।

ਫਿਰ ਖ਼ਾਨ ਦਾ ਫੋਨ ਆ ਗਿਆ ਕਿ ਦੋ ਕੁ ਦਿਨਾਂ ਵਿਚ ਅੱਗੇ ਲਿਜਾਇਆ ਜਾਵੇਗਾ। ਅਸੀਂ ਸ਼ਾਂਤ ਸਾਂ ਕਿ ਹੁਣ ਰਸ਼ੀਦ ਕੋਲ ਨਹੀਂ ਸੀ ਜਾਣਾ। ਉਂਜ, ਖ਼ਾਨ ਅਤੇ ਡੌਂਕਰਾਂ ਦੀ ਬੇਦਿਲਾਸਾ 'ਅੱਜ ਕੱਲ੍ਹ' ਵਿਚ 9 ਰਾਤਾਂ ਅਤੇ 8 ਦਿਨ ਬਹੁਤ ਮੁਸ਼ਕਿਲ ਨਾਲ ਗੁਜ਼ਰੇ। ਖ਼ਾਨ ਉਜਦਾ ਤੋਂ ਮੁੰਡੇ ਤਰਲਿਆਂ-ਮਿੰਨਤਾਂ ਨਾਲ ਚੁੱਕਦਾ ਸੀ, ਪਰ ਇਸ ਵਾਰ ਤਾਂ ਜ਼ਿਆਦਾ ਹੀ ਬੇਪਰਵਾਹੀ ਵਰਤੀ ਸੀ।

ਪਿਛਲੀ ਰਾਤ ਕੋਈ ਡੌਂਕਰ 5 ਜਣਿਆਂ ਨੂੰ ਲਿਜਾਣ ਲਈ ਕਾਰ ਲੈ ਕੇ ਆਇਆ ਸੀ। ਖ਼ਾਨ ਨੇ ਫੋਨ 'ਤੇ ਆਦੇਸ਼ ਦਿੱਤਾ, 'ਜੇ ਸਭ ਨੂੰ ਲੈ ਜਾਣ ਤਾਂ ਜਾਣਾ, ਨਹੀਂ ਤਾਂ ਕਿਸੇ ਨੇ ਨਹੀਂ ਜਾਣਾ।' ਫਿਰ ਪੱਕਾ ਹੋਇਆ, ਅਗਲੀ ਰਾਤ ਹੋਰ ਡੌਂਕਰ ਆਉਣਗੇ।

ਕਾਫੀ ਰਾਤ ਗਏ ਡੌਂਕਰ ਆਏ। ਜਾਣ ਲਈ ਹਰ ਕੋਈ ਇੱਕ ਦੂਜੇ ਤੋਂ ਕਾਹਲਾ ਸੀ। ਡੌਂਕਰਾਂ ਨੇ 7 ਜਣੇ ਲਿਜਾਣ ਦੀ ਗੱਲ ਕਹੀ, ਰੌਲਾ ਬਣ ਗਿਆ। ਅਖੀਰ ਸਾਡੇ ਡੌਂਕਰਾਂ ਨੇ ਖ਼ੁਦ 7 ਜਣੇ ਚੁਣੇ। ਚਾਰ ਜਣੇ ਅਸੀ ਪੁਰਾਣੇ ਅਤੇ 3 ਜਣੇ ਨਵਿਆਂ ਵਿਚੋਂ। ਮਨ ਨੂੰ ਧਰਵਾਸ ਹੋਇਆ ਕਿ ਇਥੋਂ ਛੁਟਕਾਰਾ ਪਾ ਕੇ ਪਹਿਲਾਂ ਕਿਸੇ ਟਿਕਾਣੇ ਲੱਗਾਂਗੇ। ਸ਼ਾਇਦ ਨਵੇਂ ਡੌਂਕਰ, ਨਵੇਂ ਥਾਂ ਤੋਂ ਨਵੀਂ ਡੌਂਕੀ ਲਵਾ ਕੇ ਕਿਸੇ ਪਾਸੇ ਛੇਤੀ ਲਾ ਦੇਣ। ਰਵਾਇਤੀ ਢੰਗ ਅਨੁਸਾਰ, ਤਿੰਨ ਜਣੇ ਡਿੱਕੀ ਵਿਚ ਅਤੇ ਚਾਰ ਜਣੇ ਕਾਰ ਦੀ ਪਿਛਲੀ ਸੀਟ 'ਤੇ ਫਿੱਟ ਹੋ ਗਏ। ਅੱਗੇ ਦੋ ਜਵਾਨ ਡੌਂਕਰ ਤੇ ਇੱਕ ਖ਼ੂਬਸੂਰਤ ਕੁੜੀ ਉਨ੍ਹਾਂ ਦੀ ਸਾਥਣ।

ਕਾਰ ਪੂਰੀ ਸਾਵਧਾਨੀ ਨਾਲ ਕੱਚੇ-ਪੱਕੇ ਰਾਹਾਂ ਤੋਂ ਗੁਜ਼ਰਦਿਆਂ ਕਿਸੇ ਅਗਿਆਤ ਮੰਜ਼ਿਲ ਵੱਲ ਵਧਦੀ ਗਈ। ਡੇਢ ਕੁ ਘੰਟੇ ਬਾਅਦ ਉਨ੍ਹਾਂ ਸਾਨੂੰ ਉਜਾੜ ਜਿਹੇ ਵਿਚ, ਰੁੱਖਾਂ-ਝਾੜਾਂ ਦੇ ਓਹਲੇ ਛਿਪਾ ਕੇ ਬਿਠਾ ਦਿੱਤਾ ਤੇ ਚੁੱਪ-ਚਾਪ ਇੰਤਜ਼ਾਰ ਕਰਨ ਅਤੇ ਵਾਪਿਸ ਆਉਣ ਦਾ ਕਹਿ ਕੇ ਚਲੇ ਗਏ।

ਪਤਾ ਨਹੀਂ ਕਿੰਨੇ ਘੰਟਿਆਂ ਬਾਅਦ ਹਲਚਲ ਹੋਈ ਅਤੇ ਸਾਡੇ ਪਿਛਲੇ 6 ਸਾਥੀ ਸਾਡੇ ਸਾਹਮਣੇ ਆ ਖੜ੍ਹੇ ਹੋਏ। ਉਨ੍ਹਾਂ ਦੱਸਿਆ ਕਿ ਅਚਨਚੇਤ ਲੱਗੇ ਨਾਕੇ ਉਤੇ ਕਾਰ ਨਾ ਰੋਕਣ 'ਤੇ ਪੁਲਿਸ ਨੇ ਕੁਝ ਮਾਰ ਕੇ ਕਾਰ ਦਾ ਸ਼ੀਸ਼ਾ ਭੰਨ ਦਿੱਤਾ ਤੇ ਸੜਕ 'ਤੇ ਵਿਛਾਏ ਕਿੱਲਾਂ ਵਾਲੇ ਪਟਿਆਂ ਨਾਲ ਟਾਇਰ ਪੈਂਚਰ ਹੋ ਗਿਆ, ਪਰ ਡੌਂਕਰਾਂ ਨੇ ਅੰਨ੍ਹੇਵਾਹ ਕਾਰ ਭਜਾਉਂਦਿਆਂ ਇੱਕ-ਡੇਢ ਕਿਲੋਮੀਟਰ ਦੂਰ ਪਿੰਡ ਵਿਚ ਸਾਨੂੰ ਉਤਾਰ ਦਿੱਤਾ ਤੇ ਖ਼ੁਦ ਕਿਧਰੇ ਚਲੇ ਗਏ। ਜਲਦਬਾਜ਼ੀ ਵਿਚ ਡੌਂਕਰਾਂ ਨੂੰ ਡਿੱਕੀ ਵਿਚ ਪਏ ਚਾਹਲ ਦਾ ਯਾਦ ਨਹੀਂ ਸੀ। ਡੌਂਕਰਾਂ ਨੇ ਦੁਬਾਰਾ ਇਥੇ ਆ ਕੇ ਚਾਹਲ ਬਾਰੇ ਪੁੱਛਿਆ ਜਿਸ ਨੂੰ ਉਨ੍ਹਾਂ ਨੇ ਥੋੜ੍ਹਾ ਅਗਾਂਹ ਕਿਤੇ ਜਾ ਕੇ ਉਤਾਰਿਆ ਸੀ। ਫਿਰ ਡੌਂਕਰਾਂ ਨੇ ਬਥੇਰੀ ਭੱਜ-ਦੌੜ ਕੀਤੀ, ਪਰ ਚਾਹਲ ਨਹੀਂ ਲੱਭਿਆ। ਹਾਰ ਕੇ ਸਾਨੂੰ 6 ਜਣਿਆਂ ਨੂੰ ਹੀ ਲੈ ਕੇ ਆ ਗਏ।

ਡੌਂਕਰ ਸਾਨੂੰ ਸਮਝਾ ਕੇ ਤੁਰ ਗਏ ਕਿ ਇਥੋਂ ਕਿਸ ਰਸਤੇ ਕਿੰਦਾਂ ਸਿੱਧੇ ਤੁਰੇ ਜਾਣਾ ਸੀ ਤੇ ਅਗਿਓਂ ਕਾਰ ਸਾਨੂੰ ਚੱਕ ਲੈ ਜਾਵੇਗੀ, ਕਿਉਂਕਿ ਮੁੱਖ ਸੜਕ 'ਤੇ ਪੁਲਿਸ ਸੀ ਤੇ ਇਸ ਰਸਤੇ ਕਾਰ ਨਹੀਂ ਸੀ ਜਾ ਸਕਦੀ। ਅਸੀਂ 13 ਜਣੇ ਉਸ ਕੱਚੇ-ਖ਼ਰਾਬ ਰਸਤੇ ਤੁਰ ਪਏ। ਰਾਹ ਤੋਂ ਹਟਵੇਂ ਬਣੇ 10-12 ਘਰਾਂ ਦੇ ਇਕੱਠ ਵਿਚੋਂ ਨਿਕਲ ਕੇ ਕੁਝ ਕੁੱਤੇ ਸਾਡੇ ਮਗਰ ਲੱਗ ਗਏ, ਕੁਝ ਅਰਬੀ ਆਵਾਜ਼ਾਂ ਵੀ ਬੁਲੰਦ ਹੋਈਆਂ। ਅਸੀਂ ਬਚਦੇ-ਬਚਾਉਂਦੇ ਤੇਜ਼ੀ ਨਾਲ ਉਥੋਂ ਨਿਕਲੇ। ਤਕਰੀਬਨ ਘੰਟਾ ਕੁ ਪੈਦਲ ਮਾਰਚ ਤੋਂ ਬਾਅਦ ਅਗਿਓਂ ਕਾਰ ਨਾਲ ਟਾਕਰੇ ਹੋਏ। ਡੌਂਕਰਾਂ ਨੇ ਸਾਨੂੰ ਦੋ ਫੇਰਿਆਂ ਵਿਚ ਢੋਹਿਆ ਅਤੇ ਕਿਸੇ ਬਾਗ ਵਿਚ ਜਾ ਛੁਪਾਇਆ। ਬਚੀ-ਖੁਚੀ ਰਾਤ ਕੱਟਣ ਦਾ ਹੁਕਮ ਕਰ ਕੇ ਅਗਲੇ ਦਿਨ ਆਉਣ ਦਾ ਵਾਅਦਾ ਕਰ ਕੇ ਉਹ ਚਲੇ ਗਏ।

ਸਵੇਰ ਦੀ ਹਲਕੀ ਲੋਅ ਵਿਚ ਹੀ ਬੂਟਿਆਂ ਨਾਲ ਅਨਾਰ-ਆੜੂ ਲਮਕਦੇ ਦੇਖ ਸਾਡੀਆਂ ਅੱਖਾਂ ਚਮਕੀਆਂ। ਹੇੜ ਦੀ ਹੇੜ ਕੱਚੇ-ਪੱਕੇ ਫਲਾਂ 'ਤੇ ਟੁੱਟ ਪਈ। ਰੱਜ ਕੇ, ਨੇੜੇ ਵਗਦੀ ਆੜ 'ਚੋਂ ਪਾਣੀ ਪੀਤਾ। ਫਿਰ ਬਾਗ ਦੇ ਮਾਲਕ ਦੋ ਅਰਬੀ ਸਾਡੇ ਨਾਲ ਗੱਲੀਂ ਆ ਜੁੜੇ। ਅਸੀਂ ਹਮਦਰਦੀ ਦੀ ਆਸ ਵਿਚ ਝੂਠ ਬੋਲਿਆ ਕਿ ਪੈਸੇ ਨਾ ਹੋਣ ਕਰ ਕੇ ਸਾਡਾ ਕੋਈ ਏਜੰਟ ਨਹੀਂ, ਕਈ ਦਿਨਾਂ ਤੋਂ ਭੁੱਖੇ ਹਾਂ। ਉਨ੍ਹਾਂ ਭਲੇ ਲੋਕਾਂ ਨੇ ਥੋੜ੍ਹੀ ਦੇਰ ਵਿਚ ਸਾਨੂੰ ਬਰੈਡ ਲਿਆ ਦਿੱਤੇ। ਫਿਰ ਉਨ੍ਹਾਂ ਇਸ ਜਗ੍ਹਾ ਤੋਂ ਨਾਦੌਰ ਪਹੁੰਚ ਕੇ, ਮਲੀਲੀਆ ਦੀ ਡੌਂਕੀ ਬਾਰੇ ਕਾਫੀ ਕੁਝ ਨਕਸ਼ੇ ਬਣਾ-ਬਣਾ ਕੇ ਸਮਝਾਇਆ।

ਦੁਪਹਿਰ ਨੂੰ ਡੌਂਕਰ ਆਏ। ਅਸੀਂ 7 ਜਣੇ ਬੰਟੀ ਅਰਬੀ, ਸਿਆਸੀ, ਸਤਾਸੀ, ਮੈਂ, ਗਿਆਨੀ, ਬੁੱਧੂ, ਨਿੱਕਾ ਕਾਰ 'ਚ ਬਹਿ ਗਏ। ਕਾਰ ਕਾਫੀ ਦੇਰ ਚਲਦੀ ਰਹੀ। ਅਚਾਨਕ ਅੱਗੇ ਸੜਕ ਦੇ ਇੱਕ ਪਾਸੇ ਖੜ੍ਹੀ ਕਾਰ ਕੋਲ ਦੋ ਜਾਣੇ-ਪਛਾਣੇ ਬੰਦੇ ਨਜ਼ਰੀਂ ਪਏ। ਅਸੀਂ ਹੈਰਾਨ ਹੋਏ, ਫਿਰ ਸਦਮੇ ਨਾਲ ਪਰੇਸ਼ਾਨ ਹੋ ਗਏ। ਉਹ ਦੋ ਜਣੇ ਸਨ ਮੋਟਾ ਅਹਿਮਦ ਅਤੇ ਉਸ ਦਾ ਸਹਾਇਕ ਅਲੀ। ਅਹਿਮਦ ਟੁੰਡੇ ਦੇ ਹੱਥ ਦਾ ਪਲੱਸਤਰ ਖੁੱਲ੍ਹ ਚੁੱਕਿਆ ਸੀ। ਸਾਡੀ ਕਾਰ ਦੇਖ ਕੇ ਬੜੀ ਦ੍ਰਿੜ੍ਹਤਾ ਤੇ ਸਵੈ-ਵਿਸ਼ਵਾਸ ਨਾਲ ਹੱਥਾਂ ਨੂੰ ਆਪਸ ਵਿਚ ਰਗੜ ਰਿਹਾ ਸੀ।

ਉਨ੍ਹਾਂ ਆਪਣੀ ਕਾਰ ਅੱਗੇ ਲਾ ਲਈ। ਸਾਡੀਆਂ ਉਤਾਵਲੀਆਂ ਬੇਲਗਾਮ ਸੋਚਾਂ, ਸਾਰੇ ਖੁਸ਼ਫਹਿਮ ਅੰਦਾਜ਼ੇ ਬਿਲਕੁਲ ਗ਼ਲਤ ਤੇ ਨਿਰਰਥਕ ਹੋ ਗਏ ਸਨ। ਸਭ ਕੁਝ ਕੁਸੈਲੇ-ਬੇਸੁਆਦੇ ਹਾਦਸੇ ਵਾਂਗ ਸਾਫ ਹੋ ਗਿਆ ਸੀ, ਅਸੀਂ ਕਿਥੇ ਜਾਣਾ ਸੀ ਤੇ ਕਿਥੇ ਨਹੀਂ। ਮੋਟਾ ਅਹਿਮਦ ਫਿਰ ਫੈਕਟਰੀ ਵਿਚ ਲਿਜਾ ਸੁੱਟੇਗਾ। ਪਤਾ ਨਹੀਂ, ਹੁਣ ਫਿਰ ਕਿੰਨਾ ਚਿਰ ਉਥੇ ਸੜਦੇ-ਮਰਦੇ ਰਹਾਂਗੇ। ਨਿਰਾਸ਼ਾ ਨਾਲ ਸਾਡੇ ਉਦਾਸ ਚਿਹਰੇ ਹੋਰ ਲਟਕ ਗਏ। ਗਿਆਨੀ ਤੇ ਨਿੱਕਾ ਅਲੱਗ ਘਬਰਾਏ ਹੋਏ ਲੁਕਦੇ ਜਾ ਰਹੇ ਸਨ, ਕਿਉਂਕਿ ਉਹ ਮੋਟੇ ਨੂੰ ਕੁੱਟ ਕੇ ਮੋਬਾਇਲ ਖੋਹ ਕੇ ਦੌੜੇ ਸਨ। ਹੁਣ ਮੋਟੇ ਨੇ ਉਨ੍ਹਾਂ ਦੀ ਬੁਰੀ ਗਤ ਬਣਾਉਣੀ ਸੀ।

ਕਾਰਾਂ ਪਹਾੜੀਆਂ-ਟਿੱਲਿਆਂ ਵਿਚੋਂ ਹੁੰਦੀਆਂ ਸੁੰਨਸਾਨ ਥਾਂ 'ਤੇ ਰੁਕੀਆਂ। ਲੱਗਿਆ ਸ਼ਾਇਦ ਇਸ ਵਾਰ ਉਹ ਸਾਨੂੰ ਹੋਰ ਥਾਂ ਰੱਖੇਗਾ। ਡੌਂਕਰ ਬਾਕੀਆਂ ਨੂੰ ਲੈਣ ਤੁਰ ਗਏ। ਗਿਆਨੀ ਨੂੰ ਦੇਖ ਕੇ ਮੋਟੇ ਦੀਆਂ ਅੱਖਾਂ 'ਚ ਕਮੀਨਗੀ ਭਰੀ ਚਮਕ ਆ ਗਈ। ਉਹ ਭਿਅੰਕਰ ਰੌਅ ਵਿਚ ਗਾਲ੍ਹਾਂ ਉਗਲਦਾ ਗਿਆਨੀ ਨੂੰ ਆਣ ਚਿੰਬੜਿਆ। ਗਿਆਨੀ ਦੇ ਚਪੇੜਾਂ ਦੀ ਬਰਸਾਤ ਹੋਈ, ਨਿੱਕੇ 'ਤੇ ਰੋੜ੍ਹੇ-ਵੱਟੇ ਚਲਾਏ।

ਸਾਨੂੰ ਚਾਰਾਂ ਨੂੰ ਵੀ ਉਸ ਨੇ ਪਛਾਣ ਲਿਆ ਸੀ। ਫਿਰ ਪਿਛਲੇ 6 ਜਣੇ ਵੀ ਆ ਗਏ। ਮੋਟੇ ਨੇ ਜਿਸ ਨੂੰ ਵੀ ਭਗੌੜੇ, ਹਮਲਾਵਰ ਦੇ ਤੌਰ 'ਤੇ ਪਛਾਣਿਆ, ਉਸ ਦੇ ਛਿੱਤਰਪੋਲਾ ਕੀਤਾ, ਗਾਲ੍ਹਾਂ ਕੱਢੀਆਂ, ਵੱਟੇ ਮਾਰੇ, ਮੂੰਹਾਂ 'ਤੇ ਥੁੱਕਿਆ। ਫੋਨ 'ਤੇ ਪਹਿਲਾਂ ਹੀ ਉਸ ਨੇ ਕਬਜ਼ਾ ਕਰ ਲਿਆ ਸੀ। ਫਿਰ ਉਸ ਨੇ ਇਲਜ਼ਾਮ ਲਾਉਂਦਿਆਂ, ਕਿ ਉਸ ਦੀ ਛੋਟੀ ਜਿਹੀ ਕੁੜੀ ਨਾਲ ਗ਼ਲਤ ਹਰਕਤਾਂ ਕਰਦੇ ਸਨ, ਗਿਆਨੀ ਤੇ ਮੰਗੇ ਨੂੰ ਕੁੱਟਣਾ ਸ਼ੁਰੂ ਕੀਤਾ। ਪੂੰਨ ਖੱਟਣ ਵਾਂਗ ਦੂਜੇ ਡੌਂਕਰ ਵੀ ਉਸ ਦਾ ਹੱਥ ਵੰਡਾਉਣ ਆ ਜੁੜੇ ਸਨ।

ਮੰਗਲ ਨੇ ਦੱਸਿਆ, "ਜਦੋਂ ਮੋਟੇ ਦੇ ਘਰ ਹੁੰਦੇ ਸਾਂ, ਉਸ ਦੀ ਦੋ-ਤਿੰਨ ਸਾਲਾ ਬੱਚੀ ਨੂੰ ਮੋਹ ਨਾਲ ਗੋਦੀ ਚੁੱਕ ਲੈਂਦੇ ਸਾਂ, ਚੁੰਮ ਲੈਂਦੇ ਸਾਂ, ਇਹ ਕਮੀਨਾ ਝੂਠੀ ਤੁਹਮਤ ਲਾ ਰਿਹੈ।" ਫਿਰ ਮੋਟੇ ਨੇ ਸਿਆਸੀ, ਸਤਾਸੀ, ਬੰਟੀ ਅਰਬੀ, ਬੁੱਧੂ, ਜੱਗੀ, ਰਾਜਵੀਰ ਤੇ ਮੈਨੂੰ ਕਾਰ 'ਚ ਬਿਠਾਇਆ ਤੇ ਫੈਕਟਰੀ ਤੋਂ ਦੂਰ ਹੀ ਉਤਾਰ ਕੇ ਉਧਰ ਨੂੰ ਇਸ਼ਾਰਾ ਕਰ ਕੇ ਵਾਪਸ ਮੁੜ ਗਿਆ।

ਬਹੁਤ ਬਾਅਦ ਵਿਚ ਪਤਾ ਲੱਗਾ, ਮੋਟਾ ਬਾਕੀ ਮੁੰਡਿਆਂ ਨੂੰ ਘਰ ਲੈ ਗਿਆ ਸੀ ਤੇ ਕਈਆਂ ਨੂੰ ਉਸ ਨੇ ਬੁਰੀ ਤਰ੍ਹਾਂ ਕੁੱਟਿਆ-ਮਾਰਿਆ। ਆਪਣੇ ਨਵੇਂ ਬਣਦੇ ਮਕਾਨ ਲਈ ਉਹ ਘਰ ਵਿਚ ਮੁੰਡਿਆਂ ਤੋਂ ਮਜ਼ਦੂਰੀ ਕਰਾਉਂਦਾ ਸੀ। ਆਖ਼ਰ ਬਦਲੇ ਵਿਚ ਗ਼ੁਲਾਮਾਂ ਨੂੰ ਰੋਟੀ-ਪਾਣੀ ਤਾਂ ਦਿੰਦਾ ਹੀ ਸੀ!

ਫੈਕਟਰੀ ਦੇ ਪਿਛਲੇ ਉਜਾੜ ਵਿਚੋਂ ਲੰਘ ਕੇ, ਫੈਕਟਰੀ ਵੱਲ ਵਧਦਿਆਂ ਮੈਂ ਸੋਚ ਰਿਹਾ ਸਾਂ, ਤਕਰੀਬਨ ਮਹੀਨੇ ਕੁ ਬਾਅਦ ਇਥੇ ਵਾਪਸ ਪਹੁੰਚੇ ਹਾਂ, ਸ਼ਾਇਦ ਬਾਕੀ ਸਾਰੇ ਜਣੇ ਤਾਂ ਕਦੋਂ ਦੇ ਅੱਗੇ ਤੁਰ ਗਏ ਹੋਣੇ ਨੇ। ਅਸੀਂ ਦੱਬੇ ਪੈਰੀਂ ਕਮਰੇ ਵਿਚ ਦਾਖਿਲ ਹੋਏ ਤਾਂ ਥਮਕ ਕੇ ਖੜ੍ਹ ਗਏ। ਕਈ ਪੁਰਾਣੇ ਜਾਣਕਾਰ ਚਿਹਰੇ ਨਜ਼ਰ ਆਏ। ਅਸੀਂ ਹੈਰਾਨ-ਪਰੇਸ਼ਾਨ ਉਨ੍ਹਾਂ ਨੂੰ ਦੇਖ ਰਹੇ ਸਾਂ ਤੇ ਉਹ ਸਾਨੂੰ। ਉਥੇ ਸਨ- ਨੀਲਾ, ਟੈਂਪੂ, ਚਮਕੀਲਾ, ਰਣਜੀਤ ਅਤੇ ਮੋਹਕਮ। ਮੋਹਕਮ ਦਾ ਮਾਸੂਮ ਚਿਹਰਾ ਬੜੇ ਯਤਨ ਨਾਲ ਮੁਸਕਾਣ ਦੀ ਅਸਫਲ ਕੋਸ਼ਿਸ਼ ਕਰਦਾ ਮੈਨੂੰ ਦੇਖ ਰਿਹਾ ਸੀ। ਮੈਨੂੰ ਆਪਣੇ ਅੰਦਰ ਕੁਝ ਪਿਘਲਦਾ ਮਹਿਸੂਸ ਹੋਇਆ, ਕਾਲਜੇ ਦਾ ਰੁੱਗ ਭਰਿਆ ਗਿਆ। ਉਸ ਦੀ ਮੌਜੂਦਗੀ ਨਾਲ ਮੈਨੂੰ ਸਖ਼ਤ ਸਦਮਾ ਪਹੁੰਚਿਆ ਸੀ।

ਤਿੰਨ ਨਵੇਂ ਚਿਹਰੇ ਹੋਰ ਦਿਸੇ ਜੋ ਪੁਰਾਣੇ ਗਰੁੱਪਾਂ ਦੇ ਭਟਕਦੇ ਮੁਸਾਫਿਰ ਸਨ। ਉਹ ਸੋਚਦੇ ਸਨ, ਅਸੀਂ ਚਾਰੇ ਜਣੇ ਟਿਕਾਣੇ ਲੱਗ ਗਏ ਹੋਵਾਂਗੇ, ਤੇ ਅਸੀਂ ਵੀ ਉਨ੍ਹਾਂ ਬਾਰੇ ਇਹੀ ਸੋਚਦੇ ਸਾਂ। ਉਨ੍ਹਾਂ ਦੱਸਿਆ ਕਿ 13 ਵਿਚੋਂ, 4 ਜਣੇ- ਪ੍ਰਤਾਪ, ਮਾਣਕ, ਬੰਟੀ 2 ਤੇ ਛਿੰਦਾ ਹੀ ਰਬਾਤ ਗਏ ਸਨ। ਬਾਕੀ ਪਿਛਿਓਂ ਮੁੰਡੇ ਆਉਂਦੇ ਗਏ ਤੇ ਅੱਗੇ ਜਾਂਦੇ ਰਹੇ।

**(ਚਲਦਾ)**

ਕਹਾਣੀ

# ਵੰਡਰ ਵੂਮੈਨ

**ਸਾਡੇ ਸਮਾਜ ਵਿਚ ਅੱਜ ਵੀ ਧੀਆਂ ਨੂੰ ਪੱਥਰ ਸਮਝਣ ਦੀ ਕੁਰੀਤੀ ਮੁੱਕੀ ਨਹੀਂ। ਇਹ ਵੀ ਸੱਚ ਹੈ ਕਿ ਜੋ ਪਿਆਰ ਧੀਆਂ ਮਾਪਿਆਂ ਨੂੰ ਦਿੰਦੀਆਂ ਹਨ, ਪੁੱਤਰਾਂ ਦਾ ਪਿਆਰ ਉਸ ਦਾ ਸਾਨੀ ਨਹੀਂ। ਇਸ ਵਿਚ ਵੀ ਕੋਈ ਅਤਿਕਥਨੀ ਨਹੀਂ ਕਿ ਧੀਆਂ ਪਿਤਾ ਦੇ ਕਿਸੇ ਪੁੱਠੇ ਰਾਹ ਪੈ ਜਾਣ 'ਤੇ ਵੀ ਮਾਂ ਨੂੰ ਉਸ ਦੀ ਕਮੀ ਨਹੀਂ ਖਟਕਣ ਦਿੰਦੀਆਂ। ਧੀ ਦਾ 'ਮੰਮੀ ਅੱਦ ਮੈ ਤਾਹ ਬਾਵਾਂ ਤਾਡੇ ਲਈ' ਸਭ ਕੁਝ ਭੁਲਾ ਦਿੰਦਾ ਹੈ। ਪਾਠਕ ਵੀ ਇਹ ਪੜ੍ਹਦਿਆਂ ਭਾਵਨਾਵਾਂ ਦੇ ਦਰਿਆ ਵਿਚ ਵਹਿ ਜਾਂਦਾ ਹੈ। ਬੱਸ, ਇਸੇ ਦਾ ਵਿਖਿਆਨ ਆਪਣੀ ਇਸ ਕਹਾਣੀ ਵਿਚ ਅਮਰਜੀਤ ਕੌਰ ਪੰਨੂ ਨੇ ਕੀਤਾ ਹੈ। -ਸੰਪਾਦਕ**

"ਮੰਮੀ ਅੱਦ ਮੈ ਤਾਹ ਬਾਵਾਂ ਤਾਡੇ ਲਈ।" ਮੇਰੀ ਚਹੁੰ ਵਰ੍ਹਿਆਂ ਦੀ ਬੱਚੀ ਮੇਰੀ ਬਾਂਹ ਹਲੂਣ ਕੇ ਪੁੱਛਦੀ ਹੈ।

ਐਤਵਾਰ ਹੋਣ ਕਰਕੇ ਮੈਂ ਅਜੇ ਬਿਸਤਰੇ ਵਿਚੋਂ ਨਹੀਂ ਸਾਂ ਉਠੀ, ਜਾਗਦੀ ਹੋਈ ਵੀ ਅੱਖਾਂ ਮੀਟੀ ਬਾਹਰੋਂ ਆ ਰਹੀਆਂ ਪੰਛੀਆਂ ਦੀਆਂ ਅਵਾਜ਼ਾਂ ਸੁਣ ਰਹੀ ਸਾਂ। ਦੂਰ ਬੈਠੀ ਕਿਸੇ ਘੁੱਗੀ ਦੀ ਗੁਟਕੂੰ ਗੁਟਕੂੰ ਪੱਤਿਆਂ ਦੀ ਖੜ-ਖੜ ਵਿਚ ਕਦੇ ਗਵਾਚਦੀ ਤੇ ਕਦੇ ਫੇਰ ਸੁਣਨ ਲੱਗ ਪੈਂਦੀ। ਰੁੱਖ ਉਤੇ ਬੈਠੀਆਂ ਚਿੜੀਆਂ ਆਪਣਾ ਵੱਖਰਾ ਹੀ ਰਾਗ ਅਲਾਪ ਰਹੀਆਂ ਸਨ।

ਆਸ਼ੀ ਦੀ ਆਵਾਜ਼ ਸੁਣ ਕੇ ਮੈਂ ਅੱਖਾਂ ਖੋਲ੍ਹਦੀ ਹਾਂ। ਮੇਰੇ ਸਾਹਮਣੇ ਚੜ੍ਹਦੇ ਸੂਰਜ ਦੀ ਮੁਸਕਾਨ ਵਾਲੀ ਮੇਰੀ ਬੱਚੀ ਖੜ੍ਹੀ ਹੈ। ਮੇਰੇ ਕੁਝ ਆਖਣ ਤੋਂ ਪਹਿਲਾਂ ਹੀ ਆਸ਼ੀ ਆਪਣਾ 'ਟੈਡੀ ਬਿਅਰ' ਤੇ ਨਿੱਕਾ ਜਿਹਾ ਕੰਬਲ (ਜਿਸ ਨੂੰ ਉਹ 'ਬੈਕੀ' ਆਖਦੀ ਹੈ) ਸੰਭਾਲਦੀ ਹੋਈ ਮੇਰੇ ਬੈਡ 'ਤੇ ਆ ਬੈਠਦੀ ਹੈ। 'ਟੈਡੀ ਬਿਅਰ' ਨੂੰ ਮੇਰੇ ਅਤੇ

**ਅਮਰਜੀਤ ਕੌਰ ਪੰਨੂ**
amarjitpannu@sbcglobal.net

ਆਪਣੇ ਵਿਚਕਾਰ ਪਾ ਕੇ ਆਪਣਾ 'ਬੈਕੀ' ਉਸ ਉਤੇ ਦੇ ਦੇਂਦੀ ਹੈ ਅਤੇ ਮੈਨੂੰ ਪੁੱਛਦੀ ਹੈ, "ਮੰਮੀ ਮੈਂ ਤਾਹ ਬਾਵਾਂ?"

ਸੱਜਰੀ ਸਵੇਰ ਦੀਆਂ ਖੁਸ਼ਬੂ ਭਰੀਆਂ ਚਾਨਣ ਕਿਰਨਾਂ ਬਾਰੀ ਕੋਲ ਉਗੇ ਮੇਪਲ ਰੁੱਖ ਦੇ ਪੱਤਿਆਂ ਵਿਚੋਂ ਦੀ ਸਰਕਦੀਆਂ ਸਾਹਮਣੀ ਕੰਧ ਉਤੇ ਪੈ ਰਹੀਆਂ ਹਨ। ਟਾਹਣੀਆਂ ਦਾ ਪਰਛਾਵਾਂ ਕੰਧ ਉਤੇ ਪੈ ਰਹੇ ਆਸ਼ੀ ਦੇ ਪਰਛਾਵੇਂ ਦਵਾਲੇ ਜਿਵੇਂ ਚੌਰ ਕਰ ਰਿਹਾ ਹੋਵੇ। ਸਹਿਜੇ ਸਹਿਜੇ ਡੋਲਦਾ ਕਦੇ ਆਸ਼ੀ ਦਾ ਸਿਰ ਪਲੋਸਦਾ ਹੈ ਤੇ ਕਦੇ ਕੰਧ ਉਤੇ ਲੱਗੀ ਮੇਰੀ ਤੇ ਆਸ਼ੀ ਦੀ ਤਸਵੀਰ ਉਪਰੋਂ ਦੀ ਲੰਘਦਾ ਮੁੜ ਆਸ਼ੀ ਦੇ ਪਰਛਾਵੇਂ ਕੋਲ ਆ ਖਲੋਂਦਾ ਹੈ। ਪਰਛਾਵਿਆਂ ਦੀ ਇਸ ਖੇਡ ਤੋਂ ਬੇਖਬਰ ਆਸ਼ੀ ਮੇਰੇ ਮੂੰਹ ਵਲ ਵੇਖਦੀ ਹੈ। ਆਸ਼ੀ ਦਾ ਚਿਹਰਾ ਸਵੇਰ ਦੀ ਖੁਸ਼ਬੂ ਵਾਂਗ ਖਿੜਿਆ ਖਿੜਿਆ, ਭੋਲਾ ਭੋਲਾ, ਸਿਆਣਾ ਸਿਆਣਾ, ਤੇ ਮੈਂ ਆਸ਼ੀ ਨੂੰ ਗਲ ਨਾਲ ਲਾ ਲੈਂਦੀ ਹਾਂ, "ਅੱਛਾ, ਪਹਿਲਾਂ ਇਹ ਦੱਸ ਕਿ ਚਾਹ ਬਣਾਈਦੀ ਕਿਵੇਂ ਆ?"

ਆਸ਼ੀ ਝੱਟ ਆਪਣੇ ਨਿੱਕੇ-ਨਿੱਕੇ ਹੱਥਾਂ ਦੀਆਂ ਉਂਗਲਾਂ ਨਾਲ ਗਿਣਨ ਲੱਗ ਪੈਂਦੀ ਹੈ, "ਪਹਿਲਾਂ ਪਾਣੀ, ਫੇਰ ਜੌਂ ਗਲਾਫੀਆਂ ਨਾਲੇ ਸ਼ੂਗਰ...ਤੇ ਫੇਰ ਤਾਹ ਬਾਂਗੀ।"

ਉਹ ਤੋਤਲੀ ਜ਼ਬਾਨ 'ਚ ਦੱਸਦੀ ਚਾਹ ਪੱਤੀ ਬਾਰੇ ਉਕਾ ਹੀ ਭੁੱਲ ਜਾਂਦੀ ਹੈ। ਮੈਂ ਹੱਸ ਹੱਸ ਕੇ ਲੋਟ ਪੋਟ ਹੋਈ ਜਾਂਦੀ ਹਾਂ।

"ਆਸ਼ੀ, ਇਹ ਜੌਂ ਗਲਾਫੀਆਂ ਕੀ ਹੁੰਦੀਆਂ ਨੇ।"

ਆਸ਼ੀ ਝੱਟ ਰਸੋਈ ਵਿਚੋਂ ਲੌਂਗ-ਲਾਚੀਆਂ ਵਾਲਾ ਡੱਬਾ ਚੁੱਕ ਲਿਆਉਂਦੀ ਹੈ ਤੇ ਹੈਰਾਨ ਜਿਹੀ ਮੇਰੇ ਮੂੰਹ ਵੱਲ ਵੇਖਦੀ ਹੈ। ਜਿਵੇਂ ਸੋਚ ਰਹੀ ਹੋਵੇ ਕਿ ਮੰਮੀ ਨੂੰ ਜੌਂ ਗਲਾਫੀਆਂ ਦਾ ਚੇਤਾ ਕਿਵੇਂ ਭੁੱਲ ਗਿਆ। ਤੇ ਮੈਂ ਹੱਸਦਿਆਂ ਉਸ ਨੂੰ ਦੱਸਦੀ ਹਾਂ, "ਆਸ਼ੀ, ਇਨ੍ਹਾਂ ਨੂੰ ਲੌਂਗ-ਲਾਚੀਆਂ ਆਖੀਦਾ ਏ।"

ਅਚਾਨਕ ਵੱਡੀ ਭੈਣ ਦੀ ਪੋਲੀ ਜਿਹੀ ਝਿੜਕੀ, 'ਦੀਪੀ ਐਵੇਂ ਕਿਉਂ ਹੱਸੀ ਜਾਨੀ ਏਂ?' ਸੁਣ ਕੇ ਅਤੀਤ ਵਿਚੋਂ ਵਾਪਸ ਪਰਤਦੀ ਹਾਂ।

"ਵੇਖ ਸਨੀ ਕਿੰਨਾ ਸੁਹਣਾ ਲਗਦਾ ਪਿਆ ਏ।" ਉਹ ਆਖਦੀ ਹੈ।

ਤਾਬਿਆ ਬੈਠੇ ਗ੍ਰੰਥੀ ਜੀ ਦੇ ਆਖਣ 'ਤੇ ਸਨੀ ਗੁਰੂ ਗ੍ਰੰਥ ਸਾਹਿਬ ਦੇ ਸਾਹਮਣੇ ਆ ਕੇ ਬੈਠ ਗਿਆ ਹੈ। ਸੁਨਹਿਰੀ ਭਾਅ ਮਾਰਦੀ ਕਰੀਮ ਰੰਗ ਦੀ ਅਚਕਨ ਤੇ ਉਨਾਭੀ ਪੱਗ ਉਤੇ ਸਜਾਈ ਕਲਗੀ-ਸਚਮੁਚ ਕਿਸੇ ਸ਼ਹਿਜਾਦੇ ਵਰਗਾ ਲੱਗ ਰਿਹਾ ਹੈ, ਸਨੀ। ਹੁਣੇ ਹੀ ਆਪਣੇ ਖਿਆਲਾਂ ਵਿਚ ਚਹੁੰ ਵਰ੍ਹਿਆਂ ਦੀ ਆਸ਼ੀ ਨੂੰ ਵੇਖ ਰਹੀ ਸਾਂ ਤੇ ਹੁਣੇ ਹੀ ਪੰਝੀਆਂ ਵਰ੍ਹਿਆਂ ਦੀ ਮੁਟਿਆਰ ਆਸ਼ੀ ਵਲ ਧਿਆਨ ਜਾਂਦਾ ਹੈ ਜੋ ਵਿਆਹ ਦਾ ਜੋੜਾ ਪਹਿਨੀ ਸਹੇਲੀਆਂ ਨਾਲ ਉਪਰਲੇ ਕਮਰੇ ਵਿਚ ਬੈਠੀ ਉਡੀਕ ਰਹੀ ਹੈ।

ਹਾਲ ਲੋਕਾਂ ਨਾਲ ਭਰ ਚੁੱਕਾ ਹੈ। ਇੰਡੀਆ ਤੋਂ ਆਇਆ ਰਾਗੀ ਜਥਾ ਕੀਰਤਨ ਕਰ ਰਿਹਾ ਹੈ। ਮੇਰੇ ਇਕ ਪਾਸੇ ਵੱਡੀ ਭੈਣ ਦਰਸ਼ੀ ਬੈਠੀ ਹੈ ਤੇ ਦੂਜੇ ਪਾਸੇ ਛੋਟੀ ਭੈਣ ਪਰੀ। ਉਸ ਤੋਂ ਅੱਗੇ ਵੱਡੇ ਭਾਬੀ ਤੇ ਵਿਚਕਾਰਲੀ ਭੈਣ ਰਾਜੀ ਬੈਠੀਆਂ ਹਨ। ਹਾਲ ਦੇ ਦੂਜੇ ਪਾਸੇ ਨਜ਼ਰ ਮਾਰਦੀ ਹਾਂ। ਮੱਥਾ ਟੇਕਣ ਵਾਲਿਆਂ ਦੀ ਹਾਲੇ ਵੀ ਲੰਮੀ ਲਾਈਨ ਲੱਗੀ ਹੋਈ ਹੈ। ਵੱਡਾ ਵੀਰ ਫੇਰ ਹਾਲ ਵਿਚੋਂ ਉਠ ਕੇ ਬਾਹਰ ਨੂੰ ਜਾਂਦਾ ਨਜ਼ਰ ਆਇਆ ਹੈ, ਪਿਛਲੇ ਕਿੰਨੇ ਦਿਨਾਂ ਤੋਂ ਵਿਆਹ ਦੇ ਕੰਮ ਵਿਚ ਏਨਾ ਰੁੱਝਾ ਹੋਇਆ ਏ ਕਿ ਖਾਣ-ਪੀਣ ਦੀ ਸੁੱਧ-ਬੁੱਧ ਵੀ ਗਵਾਈ ਬੈਠਾ ਏ।

ਪਰਲੇ ਪਾਸੇ ਪਿਤਾ ਵਲ ਵੇਖਦੀ ਹਾਂ। ਉਹ ਹਾਲ ਵਿਚ ਬਣੇ ਥੰਮ ਨਾਲ ਢੋ ਲਾਈ ਬੈਠੇ ਹਨ। ਉਨ੍ਹਾਂ ਕੋਲੋਂ ਹੁਣ ਢੋ ਤੋਂ ਬਗੈਰ ਚੰਗੀ ਤਰ੍ਹਾਂ ਬੈਠਿਆ ਨਹੀਂ ਜਾਂਦਾ। ਪਰ ਚਿਹਰੇ ਉਤੇ ਅਜੇ ਵੀ ਰੌਣਕ ਹੈ। ਅੱਖਾਂ ਵਿਚ ਅਜੇ ਵੀ ਚਮਕ ਹੈ।

ਕਹਿੰਦੇ ਹਨ, ਪਹਿਲੀਆਂ ਵਿਚ ਮੇਰੇ ਪਿਤਾ ਜੀ ਨੂੰ ਛੋਟੇ ਹੁੰਦਿਆਂ ਸਾਰੇ 'ਕਾਕਾ ਜੀ' ਕਹਿ ਕੇ ਬੁਲਾਇਆ ਕਰਦੇ ਸਨ। ਵੱਡੇ ਵੀਰ ਤੋਂ ਬਾਅਦ ਜਦ ਦਰਸ਼ੀ ਭੈਣ ਦਾ ਜਨਮ ਹੋਇਆ ਤਾਂ ਲੋਕ ਮੇਰੀ ਦਾਦੀ ਨੂੰ ਆਖਣ, "ਕਾਕਾ ਜੀ ਦੇ ਸੁੱਖ ਨਾਲ ਗੁੱਡੀ ਆ ਗਈ, ਅਸੀਂ ਤਾਂ ਕਹਿੰਦੇ ਸੀ ਪਈ ਰੱਬ ਜੋੜੀ ਰਲਾ ਦਊ ਪਰ ਚੱਲੋ ਜਿੱਥੇ ਹਨੇਰੀ ਆਈ, ਮੀਂਹ ਵੀ ਮੁੜ ਕੇ ਜ਼ਰੂਰ ਆਊ!"

ਤੇ ਅਗਲੀ ਵੇਰ ਮੀਂਹ ਦੀ ਥਾਂ ਫੇਰ ਹਨੇਰੀ ਹੀ ਆਈ ਜਦ ਵੱਡੀਓਂ ਛੋਟੀ ਭੈਣ ਰਾਜੀ ਦਾ ਜਨਮ ਹੋਇਆ। ਤੇ ਲੋਕ ਮੇਰੇ ਪਿਤਾ ਜੀ ਨੂੰ ਕਾਕਾ ਜੀ ਕਹਿਣੋਂ ਹਟ ਗਏ। ਉਮਰੋਂ ਵੱਡੇ ਤਾਂ ਉਨ੍ਹਾਂ ਦਾ ਨਾਂ ਸੱਦਣ ਲੱਗ ਪਏ ਤੇ ਬਾਕੀ ਨੌਕਰ ਚਾਕਰ ਉਨ੍ਹਾਂ ਨੂੰ 'ਛੋਟਾ ਸਰਦਾਰ' ਆਖਣ ਲੱਗੇ। ਦਾਦਾ ਜੀ ਸਰਦਾਰ ਤੋਂ 'ਵੱਡਾ ਸਰਦਾਰ' ਬਣ ਗਏ ਤੇ ਪਿਤਾ ਜੀ 'ਕਾਕਾ ਜੀ' ਤੋਂ 'ਛੋਟਾ ਸਰਦਾਰ'। ਦੋਹਾਂ ਦੇ ਹੀ ਰੁਤਬੇ ਵਧ ਗਏ ਸਨ, ਰਾਜੀ ਭੈਣ ਦੇ ਆਉਣ ਨਾਲ।

ਪਰ ਮੇਰੀ ਵਾਰੀ ਤਾਂ ਹੱਦ ਹੀ ਹੋ ਗਈ, ਹਨੇਰੀ ਦੀ ਥਾਂ ਹਨੇਰ ਹੀ ਪੈ ਗਿਆ ਹੋਣਾ ਏ, ਹੈਅ! ਤੀਜੀ ਕੁੜੀ?

ਸਾਡੇ ਘਰ ਅਫਸੋਸ ਕਰਨ ਆਈ ਮੇਰੀ ਭੂਆ ਨੇ ਬੂਹਿਓਂ ਅੰਦਰ ਲੰਘਣ ਲੱਗਿਆਂ ਜਦ ਧਾਅ ਮਾਰੀ ਤਾਂ ਦੱਸਦੇ ਹਨ, ਮੇਰੇ ਬੀਜੀ ਨੇ ਪਹਿਲੀ ਵਾਰ ਉਸ ਅੱਗੇ ਆਪਣੀ ਜ਼ਬਾਨ ਖੋਲ੍ਹੀ, "ਬੀਬੀ ਤੇਰੀ ਮੱਤ ਤਾਂ ਨਹੀਂ ਮਾਰੀ ਗਈ, ਸਗੋਂ ਸੁੱਖਣਾ ਨਹੀਂ ਮਨਾਉਂਦੀ ਆਪਣੇ ਭਰਾ ਦੀਆਂ ਤੇ ਭਰਾ ਦੇ ਪਰਿਵਾਰ ਦੀਆਂ।"

ਤੇ ਕਹਿੰਦੇ ਹਨ, ਪਿਤਾ ਜੀ ਵੀ ਉਹਨੂੰ ਜ਼ਰਾ ਕੁ ਭੱਜ ਕੇ ਪਏ ਸਨ, "ਬੀਬੀ, ਐਵੇਂ ਕਿਉਂ ਰੋਣ ਡਹੀ ਏਂ, ਇਹ ਮੇਰੀ ਧੀ ਥੋਰੇ ਕਿੰਨੇ ਕੁ ਕਰਮਾਂ ਵਾਲੀ ਹੋਊ, ਤੂੰ ਲੈ ਜਾ ਤਾਂ, ਜਿਹੜੀ ਛੋਟੀ ਤੈਨੂੰ ਚੰਗੀ ਲਗਦੀ ਆ।"

ਤੇ ਫੇਰ ਭੂਆ ਨੂੰ ਬੂਰੀ ਝੋਟੀ, ਕੰਨਾਂ ਨੂੰ ਬੁੰਦੇ, ਲੱਡੂ ਤੇ ਹੋਰ ਨਿਕ-ਸੁਕ ਦੇ ਕੇ ਜਦ ਤੋਰਨ ਲੱਗੇ ਤਾਂ ਉਹ ਕਹਿਣ ਲੱਗੀ, "ਵੀਰਾ ਲੱਡੂ ਰਹਿਣ ਦੇਹ, ਮੈਂ ਆਪਣੀਆਂ ਸ਼ਰੀਕਣੀਆਂ ਨੂੰ ਤੀਜੀ ਕੁੜੀ ਹੋਈ ਦੇ ਲੱਡੂ ਥੋੜ੍ਹਾ ਵੰਡਣੇ ਆ।"

ਬਾਕੀ ਸਾਰਾ ਕੁਝ, ਸਣੇ ਝੋਟੀ ਦੇ 'ਵਾਗੁਰੂ' 'ਵਾਗੁਰ' ਕਰਦੀ ਲੈ ਗਈ ਸੀ। ਤੇ ਫੇਰ ਮੇਰੇ ਤੋਂ ਛੋਟੀ ਭੈਣ ਪਰੀ ਦੇ ਜਨਮ ਵੇਲੇ ਤਾਂ ਨਾ ਕੋਈ ਆਇਆ ਤੇ ਨਾ ਗਿਆ। ਸਾਰੇ ਚੁੱਪ ਦੇ ਚੁੱਪ।

ਪਰ ਪਿਤਾ ਜੀ ਚੌਥੀ ਧੀ ਨੂੰ 'ਪ੍ਰਿੰਸੈਸ' ਆਖਦੇ ਹੁੰਦੇ ਸਨ। ਫੇਰ ਹੌਲੀ ਹੌਲੀ ਪ੍ਰਿੰਸੈਸ ਤੋਂ ਪ੍ਰਮਿੰਦਰ ਤੇ ਫੇਰ ਪ੍ਰਮਿੰਦਰ ਤੋਂ ਸਾਰੇ ਉਸ ਨੂੰ 'ਪਰੀ' ਆਖਣ ਲੱਗ ਪਏ ਕਿਉਂਕਿ ਉਹ ਸੋਹਣੀ ਜੁ ਪਰੀਆਂ ਵਰਗੀ ਸੀ।

ਆਸ਼ੀ ਹੋਈ ਤੋਂ ਵੀ ਸਾਰੇ ਆਖਦੇ, 'ਇਹ ਤਾਂ ਆਪਣੀ ਪਰੀ ਮਾਸੀ 'ਤੇ ਗਈ ਆ।' ਪਰ ਪਿੰਡੋਂ ਇਹਦੀ ਦਾਦੀ ਦਾ ਖਤ ਆਇਆ ਸੀ, ਜਿਵੇਂ ਰੋ-ਰੋ ਕੇ ਲਿਖਿਆ ਹੋਵੇ, 'ਜੇ ਰੱਬ ਮੁੰਡਾ ਦੇ ਦਿੰਦਾ ਤਾਂ ਮੇਰੇ ਪੁੱਤ ਦੀਆਂ ਬਾਹਵਾਂ ਬਣਦਾ।'

ਸਾਰੀ ਚਿੱਠੀ ਵਿਚ ਉਸ ਨੇ ਇਕ ਲਫਜ਼ ਵੀ ਆਸ਼ੀ ਬਾਰੇ ਨਹੀਂ ਸੀ ਲਿਖਿਆ। ਚਿੱਠੀ ਪੜ੍ਹਦਿਆਂ ਹੀ ਮੇਰੀ ਸਾਰੀ ਦੇਹ ਕੰਬ ਉਠੀ ਸੀ। ਹਜ਼ਾਰਾਂ ਮੀਲਾਂ ਦੀ ਦੂਰੀ ਤੋਂ ਆਏ ਇਸ ਕਾਗਜ਼ ਦੇ ਟੁਕੜੇ ਨੇ ਮੇਰੇ ਅੰਦਰੋਂ ਕੁਝ ਹਿਲਾ ਸੁਟਿਆ ਤੇ ਮੈਂ ਕੋਲ ਪਈ ਆਸ਼ੀ ਨੂੰ ਚੁੱਕ ਕੇ ਆਪਣੀ ਛਾਤੀ ਨਾਲ ਲਾ ਲਿਆ ਸੀ। ਉਸ ਦੇ ਚਿਹਰੇ ਵਲ ਤੱਕਦਿਆਂ ਮੈਨੂੰ ਇੰਜ ਜਾਪਿਆ ਜਿਵੇਂ ਮੈਂ ਇਸ ਨੂੰ ਜੁੱਗਾਂ-ਜੁਗਾਂਤਰਾਂ ਤੋਂ ਜਾਣਦੀ ਹੋਵਾਂ, ਤੇ ਸਦੀਆਂ ਤੋਂ ਗਵਾਚੀ ਸਭ ਤੋਂ ਵਡਮੁੱਲੀ ਚੀਜ਼ ਨਾਲ ਮੇਰੀ ਝੋਲੀ ਭਰ ਗਈ



ਹੋਵੇ। ਜਨਵਰੀ ਮਹੀਨੇ ਦੀ ਠੰਡੀ ਸੀਤ ਹਵਾ ਵੀ ਜਿਵੇਂ ਨਿੱਘੀ ਹੋ ਗਈ ਜਾਪੀ। ਇਸ ਦੀ ਛਾਤੀ ਵਿਚ ਧੜਕਦਾ ਨਿੱਕਾ ਜਿਹਾ ਦਿਲ ਮੇਰੀ ਆਪਣੀ ਛਾਤੀ ਵਿਚ ਧੜਕਦਾ ਮਹਿਸੂਸ ਹੋਇਆ ਤੇ ਮੇਰੇ ਧੁਰ ਅੰਦਰੋਂ ਇਕ ਨਜ਼ਮ ਜਿਹੀ ਵਰਗੇ ਕੁਝ ਬੋਲ ਉਠ ਨਿਕਲੇ ਸਨ:

ਰੂਹ ਮੇਰੀ ਦੇ ਅੰਬਰ ਉਤੇ
ਨਿੱਕਾ ਜਿਹਾ ਇਕ ਸੂਰਜ ਚੜ੍ਹਿਆ
ਠੁਰ ਠੁਰ ਕੰਬਦੀ ਦੇਹ ਮੇਰੀ 'ਤੇ
ਨਿੱਘਾ ਜਿਹਾ ਉਸ ਫੰਬਾ ਧਰਿਆ
ਆ ਨੀ ਭੈਣੇਂ, ਆ ਨੀ ਪੌਣੇ
ਮੈਨੂੰ ਦੇਹ ਵਧਾਈ...।
ਅੰਬਰੋਂ ਉਤਰ ਚੰਨ ਟੁਕੜੀ
ਮੇਰੀ ਰੂਹ ਰੁਸ਼ਨਾਵਣ ਆਈ।

ਇਹ ਸਤਰਾਂ ਚੇਤੇ ਆਉਂਦਿਆਂ ਹੀ ਇਕ ਵਾਰ ਫੇਰ ਮੈਨੂੰ ਆਪਣੀ ਝੋਲੀ ਭਰੀ-ਭਰੀ ਮਹਿਸੂਸ ਹੋਈ। ਮੇਰਾ ਧਿਆਨ ਫੇਰ ਹੋ ਰਹੇ ਕੀਰਤਨ ਵੱਲ ਪਰਤਿਆ। 'ਗੁਰਮੁਖ ਵਿਆਹਵਣ ਆਇਆ...' ਸ਼ਬਦ ਦੇ ਖਤਮ ਹੁੰਦਿਆਂ ਹੀ ਗ੍ਰੰਥੀ ਨੇ ਕੁਝ ਆਖਿਆ ਜਿਸ ਦੀ ਮੈਨੂੰ ਅੱਧੀ ਕੁ ਹੀ ਸਮਝ ਪਈ।

"ਦੀਪੀ ਉਠ, ਉਪਰੋਂ ਆਸ਼ੀ ਨੂੰ ਲੈ ਆਈਏ।" ਛੋਟੀ ਭੈਣ ਪਰੀ ਮੈਨੂੰ ਆਖਦੀ ਹੈ, ਤੇ ਮੈਂ ਜਿਵੇਂ ਗਵਾਚੀ-ਗਵਾਚੀ ਜਿਹੀ ਉਸ ਨਾਲ ਉਠ ਕੇ ਤੁਰ ਪੈਂਦੀ ਹਾਂ। ਆਪਣੇ ਖਿਆਲਾਂ ਵਿਚ ਤਾਂ ਮੈਂ ਨਿੱਕੀ ਜਿਹੀ ਆਸ਼ੀ ਨੂੰ ਆਪਣੀ ਝੋਲੀ ਵਿਚ ਪਾਈ ਬੈਠੀ ਸਾਂ।

ਉਪਰ ਵਾਲੇ ਕਮਰੇ 'ਚ ਬੈਠੀਆਂ ਕੁੜੀਆਂ ਨੇ ਸ਼ਾਇਦ 'ਅਨਾਊਂਸਮੈਂਟ' ਸੁਣ ਲਈ ਸੀ ਤੇ ਉਹ ਆਸ਼ੀ ਨੂੰ ਹਾਲ ਵਿਚ ਲਿਆਉਣ ਵਾਸਤੇ ਤਿਆਰ ਖੜ੍ਹੀਆਂ ਸਨ।

ਆਸ਼ੀ ਵਲ ਵੇਖਦਿਆਂ ਹੀ ਮੈਂ ਆਪਣਾ ਮੂੰਹ ਇਕ ਵਾਰ ਪਰੇ ਫੇਰ ਲੈਂਦੀ ਹਾਂ, ਕਿਤੇ ਇਸ ਨੂੰ ਮੇਰੀ ਨਜ਼ਰ ਨਾ ਲੱਗ ਜਾਵੇ। ਕਹਿੰਦੇ ਹਨ ਮਾਂ ਦੀ ਨਜ਼ਰ ਹੀ ਜ਼ਿਆਦਾ ਲਗਦੀ ਏ ਬੱਚੇ ਨੂੰ। ਅੱਗੇ ਤਾਂ ਕਦੇ ਕਿਸੇ ਗੱਲ ਦਾ ਵਹਿਮ ਨਹੀਂ ਸੀ ਆਇਆ, ਅੱਜ ਇਹ ਖਿਆਲ ਪਤਾ ਨਹੀਂ ਕਿਉਂ ਅਚਾਨਕ ਹੀ ਮੇਰੇ ਮਨ ਵਿਚ ਆ ਵੜਿਆ।

ਆਸ਼ੀ ਮੇਰੇ ਗਲ ਵਿਚ ਬਾਹਵਾਂ ਪਾ ਲੈਂਦੀ ਹੈ, "ਮੇਰੀ ਪਿਆਰੀ ਮੰਮੀ!"

ਤੇ ਮੈਂ ਆਪਣੀਆਂ ਭਰੀਆਂ-ਭਰੀਆਂ ਅੱਖਾਂ ਉਸ ਕੋਲੋਂ ਲੁਕਾਉਣ ਦੀ ਕੋਸ਼ਿਸ਼ ਕਰਦੀ ਹਾਂ।

ਆਸ਼ੀ ਦੇ ਇਕ ਪਾਸੇ ਮੈਂ, ਦੂਸਰੇ ਪਾਸੇ ਪਰੀ ਤੇ ਪਿੱਛੇ ਉਸ ਦੀਆਂ ਸਹੇਲੀਆਂ-ਕੁਝ ਪੰਜਾਬੀ ਤੇ ਕੁਝ ਅਮਰੀਕਨਾਂ ਉਸ ਨੂੰ ਦਰਬਾਰ ਹਾਲ ਵਿਚ ਲਿਆ ਰਹੀਆਂ ਹਨ। ਸਾਡੇ ਅੱਗੇ ਅੱਗੇ ਮੂਵੀ ਬਣਾਉਣ ਵਾਲਾ ਫੋਟੋਗ੍ਰਾਫਰ ਪਿਛਲੇ ਪੈਰੀਂ ਚੱਲ ਰਿਹਾ ਹੈ ਅਤੇ ਸਾਨੂੰ 'ਮੁਸਕਰਾਉਣ' ਵਾਸਤੇ ਆਖ ਰਿਹਾ ਹੈ।

ਸਾਰਾ ਕੁਝ ਜਿਵੇਂ ਇਕ ਸੁਪਨੇ ਵਾਂਗ ਵਾਪਰ ਰਿਹਾ ਹੋਵੇ। ਕੀ ਸਚਮੁਚ ਹੀ ਅੱਜ ਮੇਰੀ ਧੀ ਦਾ ਵਿਆਹ ਹੋ ਰਿਹਾ ਹੈ? ਮੈਨੂੰ ਤਾਂ ਇੰਜ ਜਾਪਦਾ ਹੈ ਜਿਵੇਂ ਅਜੇ ਕੱਲ੍ਹ ਹੀ ਇਸ ਨੂੰ ਉਂਗਲ ਲਾ ਕੇ ਪਹਿਲੇ ਦਿਨ ਸਕੂਲ ਛੱਡਣ ਗਈ ਹੋਵਾਂ। ਉਸ ਦਿਨ ਸਵੇਰੇ ਤਿਆਰ ਕਰਦਿਆਂ ਜਦ ਮੈਂ ਪੁੱਛਿਆ ਕਿ ਅੱਜ ਕਿਹੜੀ ਫਰਾਕ ਪਾਉਣੀ ਹੈ ਤਾਂ ਕਹਿਣ ਲੱਗੀ, "ਸਾਰੇ ਰੰਗਾਂ ਵਾਲੀ।" ਉਸ ਦਿਨ ਸਾਰੇ ਰੰਗਾਂ ਵਾਲੀ ਫਰਾਕ ਪਤਾ ਨਹੀਂ ਇਸ ਨੇ ਕਿਉਂ ਚੁਣੀ ਸੀ। ਇਸ ਦੀਆਂ 'ਫੇਵਰਟ' ਫਰਾਕਾਂ ਤਾਂ ਹੋਰ ਸਨ-ਪਿੰਕ, ਵ੍ਹਾਈਟ ਤੇ ਲਾਈਟ ਬਲੂ। ਸਾਰੇ ਰੰਗਾਂ ਵਾਲੀ ਫਰਾਕ ਨੂੰ ਤਾਂ ਇਸ ਨੇ ਆਪਣੇ ਕਲੋਜ਼ੈਟ ਵਿਚ ਪਿੱਛੇ ਜਿਹੇ ਕਰਕੇ ਰੱਖਿਆ ਹੋਇਆ ਸੀ।

ਉਦੋਂ ਨਹੀਂ ਸਾਂ ਸਮਝ ਸਕੀ ਪਰ ਹੁਣ ਸੋਚਦੀ ਹਾਂ, ਸਕੂਲ ਵਿਚ ਬੱਚੇ ਵੀ ਤਾਂ ਬਗੀਚੇ ਦੇ ਫੁੱਲਾਂ ਵਾਂਗ ਹੀ ਹੁੰਦੇ ਹਨ, ਵੱਖੋ-ਵੱਖਰੇ ਪਰ ਇਕੱਠੇ ਇੱਕੋ ਥਾਂਵੇਂ।

ਆਸ਼ੀ ਸਕੂਲ ਦਾ ਸਾਰਾ ਰਾਹ ਮੇਰੇ ਤੋਂ ਅੱਗੇ ਅੱਗੇ ਦੌੜਦੀ ਰਹੀ ਸੀ ਪਰ ਜਦ ਗੇਟ ਦੇ ਨੇੜੇ ਪਹੁੰਚੇ ਤਾਂ ਮੇਰੀ ਉਂਗਲ ਘੁੱਟ ਕੇ ਫੜ ਲਈ। ਕਲਾਸ ਰੂਮ ਤਾਈਂ ਪਹੁੰਚਣ ਤਕ ਮੈਨੂੰ ਫਿਕਰ ਜਿਹਾ ਹੋ ਗਿਆ ਸੀ ਕਿ ਕਿਤੇ ਇਸ ਨੂੰ ਰੋਂਦੀ ਨੂੰ ਹੀ ਨਾ ਛੱਡ ਕੇ ਆਉਣਾ ਪਵੇ। ਪਰ ਦੂਸਰੇ ਬੱਚਿਆਂ ਵੱਲ ਵੇਖ ਕੇ ਇਹ ਤਾਂ ਝਟਪਟ ਹੀ ਉਨ੍ਹਾਂ ਵਿਚ ਰਚ ਮਿਚ ਗਈ, ਤੇ ਮੈਂ ਆਪਣੇ ਅੱਥਰੂ ਬੜੀ ਮੁਸ਼ਕਿਲ ਨਾਲ ਸਾਂਭਦੀ ਮੁੜੀ।

ਆਸ਼ੀ ਨੂੰ ਸਕੂਲ ਛੱਡ ਕੇ ਜਦ ਮੈਂ ਘਰ ਪਹੁੰਚੀ ਤਾਂ ਇੰਜ ਜਾਪਿਆ ਸੀ ਜਿਵੇਂ ਮੇਰੇ ਆਪੇ ਦਾ ਇਕ ਹਿੱਸਾ ਉਥੇ ਹੀ ਰਹਿ ਗਿਆ ਹੋਵੇ। ਸਿਰਫ ਘਰ ਹੀ ਖਾਲੀ-ਖਾਲੀ ਨਹੀਂ ਸੀ ਜਾਪਿਆ, ਮੇਰਾ ਆਪਣਾ ਆਪ ਹੀ ਜਿਵੇਂ ਖਾਲੀ ਜਿਹਾ ਹੋ ਗਿਆ ਸੀ। ਆਖਦੇ ਹਨ, 'ਦਿਲ ਤਾਂ ਛਾਤੀ ਵਿਚ ਪਿਆ ਵੀ ਸਾਂਭਣਾ ਔਖਾ ਹੁੰਦਾ ਹੈ।'

ਪਰ ਜਦ ਤੁਹਾਡਾ ਦਿਲ ਛਾਤੀ ਵਿਚੋਂ ਨਿਕਲ ਕੇ ਬਾਹਰ ਗਲੀ ਵਿਚ ਦੌੜਨ ਲਗਦਾ ਹੈ, ਜਾਂ ਦੂਰ ਚਲਿਆ ਜਾਂਦਾ ਹੈ ਤਾਂ ਇਕ ਮਾਂ ਹੀ ਇਸ ਅਹਿਸਾਸ ਨੂੰ ਸਮਝ ਸਕਦੀ ਹੈ।

ਵੱਡੀ ਹੋ ਕੇ ਆਸ਼ੀ ਜਦ ਕਾਲਜ ਚਲੀ ਗਈ ਤਾਂ ਮੈਂ ਇਸ ਦੀਆਂ ਸਾਰੀਆਂ ਪੁਰਾਣੀਆਂ ਹੋ ਚੁੱਕੀਆਂ 'ਡੌਲਜ਼' ਗੈਰੇਜ ਵਿਚ ਪਏ ਬਕਸੇ ਵਿਚੋਂ ਚੁੱਕ ਲਿਆਈ ਸਾਂ। ਨਵ੍ਹਾ-ਧਵ੍ਹਾ ਕੇ ਉਨ੍ਹਾਂ ਦੇ ਵਾਲ ਵਾਹੇ, ਕਈਆਂ ਨੂੰ ਨਵੀਆਂ ਡਰੈਸਾਂ ਲਿਆ ਕੇ ਪਾ ਦਿੱਤੀਆਂ। ਇਹਦੇ ਆਉਣ ਤਕ ਇਹਦੇ ਕਮਰੇ ਵਿਚ ਸਜਾਉਂਦਿਆਂ ਮੈਂ ਥੋੜ੍ਹੇ ਆਪ ਹੀ ਗੁੱਡੀਆਂ-ਪਟੋਲਿਆਂ ਨਾਲ ਖੇਡਣ ਲੱਗ ਪਈ ਸਾਂ। ਸਾਰੀਆਂ ਡੌਲਜ਼ ਦੇ ਨਾਂ ਮੈਨੂੰ ਫੇਰ ਚੇਤੇ ਆ ਗਏ-ਬਾਰਬੀ, ਰੇਨਬੋ ਬਰਾਈਟ, ਸਿੰਡੀ, ਚੈਟੀ-ਪੈਟੀ ਤੇ ਕਿੰਨੀਆਂ ਹੀ ਹੋਰ ਕੁਝ ਨਾਂਵਾਂ ਵਾਲੀਆਂ ਤੇ ਕੁਝ ਬਗੈਰ ਨਾਂਵਾਂ ਤੋਂ ਵੀਹ-ਬਾਈ ਸਾਲ ਪੁਰਾਣੀ ਚੈਟੀ-ਪੈਟੀ ਤਾਂ ਅਜੇ ਵੀ ਬਟਨ ਦੱਬਿਆਂ ਗੱਲਾਂ ਕਰਦੀ ਹੈ।

ਪੌੜੀਆਂ ਉਤਰ ਕੇ ਅਸੀਂ ਦਰਬਾਰ ਹਾਲ ਵਿਚ ਆ ਗਈਆਂ ਹਾਂ, ਕੀਰਤਨ ਦਾ ਪਰਵਾਹ ਜਾਰੀ ਹੈ। ਆਸ਼ੀ ਮੱਥਾ ਟੇਕ ਕੇ ਸਨੀ ਦੇ ਖੱਬੇ ਪਾਸੇ ਬੈਠ ਜਾਂਦੀ ਹੈ ਤੇ ਉਸ ਦੇ ਪਿੱਛੇ ਵੱਡੀ ਭੈਣ ਦੀ ਨੂੰਹ ਅਤੇ ਆਸ਼ੀ ਦੀਆਂ ਸਹੇਲੀਆਂ।

ਮੇਰੇ ਵਾਪਸ ਆ ਕੇ ਬੈਠਦਿਆਂ ਹੀ ਮਾਂਵਾਂ ਜਿਹੀ ਵੱਡੀ ਭਾਬੀ ਮੇਰਾ ਮੋਢਾ ਪਲੋਸਦੀ ਹੈ। ਜਿਸ ਦਿਨ ਤੋਂ ਵੀਰ ਤੇ ਭਾਬੀ ਜੀ ਆ ਗਏ ਸਨ, ਵਿਆਹ ਦਾ ਸਾਰਾ ਕੰਮ ਉਨ੍ਹਾਂ ਨੇ ਸਾਂਭ ਲਿਆ ਸੀ ਤੇ ਕੁਝ ਵੱਡੀਆਂ ਭੈਣਾਂ ਨੇ, ਤੇ ਮੇਰਾ ਆਪਣਾ ਹਰ ਜਾਗਦਾ ਪਲ ਆਸ਼ੀ ਨਾਲ ਬੀਤ ਰਿਹਾ ਸੀ। ਸਾਡੀਆਂ ਤਾਂ ਨਿੱਕੀਆਂ-ਨਿੱਕੀਆਂ ਗੱਲਾਂ ਮੁੱਕਣ ਵਿਚ ਹੀ ਨਹੀਂ ਸੀ ਆਉਂਦੀਆਂ।

ਦਰਬਾਰ ਸਾਹਿਬ ਅੱਗੇ ਬੈਠੇ ਸਨੀ ਤੇ ਆਸ਼ੀ ਵੱਲ ਵੇਖਦੀ ਹਾਂ। ਉਹ ਤਾਂ ਦੋਵੇਂ ਜਣੇ ਜਿਵੇਂ ਇਕ ਮਨ ਇਕ ਚਿੱਤ ਹੋ ਕੇ ਕੀਰਤਨ ਸੁਣ ਰਹੇ ਹੋਣ ਪਰ ਮੇਰਾ ਧਿਆਨ ਮੁੜ ਆਸ਼ੀ ਦੇ ਬਚਪਨ ਵਿਚ ਪਹੁੰਚ ਜਾਂਦਾ ਹੈ, ਜਦ ਮੈਂ ਇਸ ਨੂੰ ਨੁਹਾ ਧੁਆ ਕੇ ਤਿਆਰ ਕਰ ਦੇਂਦੀ ਤਾਂ ਇਹ ਕਿੰਨਾ-ਕਿੰਨਾ ਚਿਰ 'ਬੈਕਯਾਰਡ' ਵਿਚ ਖੇਡਦੀ ਰਹਿੰਦੀ। ਕਦੇ ਫੁੱਲਾਂ ਨਾਲ ਗੱਲਾਂ ਕਰਦੀ, ਕਦੇ ਪੱਤਿਆਂ ਨਾਲ, ਕਦੇ ਬੱਦਲਾਂ ਵੱਲ ਵੇਖ ਕੇ ਕੁਝ ਆਖਦੀ ਤੇ ਕਦੇ ਉਡਦੇ ਜਾਂਦੇ ਪੰਛੀਆਂ ਵੱਲ।

ਇਕ ਦਿਨ ਮੈਂ ਪੁੱਛਿਆ, ਆਸ਼ੀ ਤੂੰ ਫੁੱਲਾਂ ਨਾਲ ਕੀ ਗੱਲਾਂ ਕਰਦੀ ਏਂ? ਤਾਂ ਝੱਟ ਕਹਿਣ ਲੱਗੀ, "ਮੰਮੀ ਦ ਫਾਵਰ (ਫਲਾਵਰ) ਸੈਡ, 'ਯੂ ਆਰ ਪਰਿਟੀ।'" ਜਦ ਮੈਂ ਖਿੜ-ਖਿੜਾ ਕੇ ਹੱਸਣ ਲੱਗ ਪਈ ਤਾਂ ਬੜੀ ਸੀਰੀਅਸ ਹੋ ਗਈ, "ਨੋ ਮਾਮ, ਦ ਫਾਵਰ ਟਾਕਸ ਟੂ ਮੀਂ।"

ਤੇ ਮੈਂ ਇਸ ਵਲ ਵੇਖਦੀ ਰਹਿ ਗਈ ਕਿ ਕੀ ਸੱਚਮੁਚ ਹੀ ਫੁੱਲ ਬੂਟੇ ਇਸ ਨਾਲ ਗੱਲਾਂ ਕਰ ਲੈਂਦੇ ਸਨ? ਉਸ ਦਿਨ ਪਿਛੋਂ ਮੈਂ ਕਈ ਵੇਰ ਇਸ ਨੂੰ ਕੁਤਕੁਤਾੜੀਆਂ ਕੱਢਦੀ ਗਾਉਣ ਲੱਗ ਪੈਂਦੀ,

ਮਾਈ ਆਸ਼ੀ ਇਜ਼,
ਪਰਿਟੀਅਰ ਦੈਨ ਦਾ ਫਲਾਵਰ
ਐਂਡ ਲਾਈਟਰ ਦੈਨ ਦਾ ਵਿੰਡ
ਮਾਈ ਆਸ਼ੀ ਇਜ਼,
ਵਾਈਟਰ ਦੈਨ ਦਾ ਸਨੋ
ਐਂਡ ਬਰਾਈਟਰ ਦੈਨ ਦਾ ਰੇਨਬੋ।

ਲਾਵਾਂ ਦਾ ਪਾਠ ਹੋ ਰਿਹਾ ਹੈ। ਮੈਂ ਮਨ ਹੀ ਮਨ ਰੱਬ ਦਾ ਸ਼ੁਕਰਾਨਾ ਕਰਦੀ ਹਾਂ। ਉਸ ਅੱਗੇ ਆਪਣਾ ਸਿਰ ਝੁਕਾਉਂਦੀ ਹਾਂ। ਜਿਸ ਰੱਬ ਤੱਤੜੇ ਨਾਲ ਪਹਿਲਾਂ ਕਿੰਨੀ ਕੁ ਵਾਰ ਤਾਅਨੇ-ਮਿਹਣੇ ਹੋ ਲੈਂਦੀ ਸਾਂ, ਉਸ ਉਤੇ ਆਪਣਾ ਗੁੱਸਾ ਵੀ ਕੱਢ ਲੈਂਦੀ ਸਾਂ ਪਰ ਅੱਜ ਉਸੇ ਰੱਬ ਅੱਗੇ ਆਪਣਾ ਸਿਰ ਝੁਕਾਉਂਦੀ ਹਾਂ, ਉਸ ਦਾ ਲੱਖ ਲੱਖ ਸ਼ੁਕਰ ਕਰ ਰਹੀ ਹਾਂ।

ਸਾਰਾ ਵਾਤਾਵਰਣ ਕਿੰਨਾ ਸ਼ਾਂਤ ਲੱਗ ਰਿਹਾ ਹੈ। ਆਸ਼ੀ ਤੇ ਸਨੀ ਦੇ ਚਿਹਰਿਆਂ ਤੇ ਜਿਵੇਂ ਕੋਈ ਰੱਬੀ ਨੂਰ ਫੈਲ ਗਿਆ ਹੋਵੇ, ਇਕ ਰੂਹਾਨੀ ਰੰਗਤ ਵਿਚ ਰੰਗੇ ਗਏ ਜਾਪਦੇ ਹਨ ਦੋਵੇਂ ਜਣੇ। ਦਰਬਾਰ ਹਾਲ ਵਿਚ ਏਨੇ ਲੋਕਾਂ ਦੇ ਹੁੰਦਿਆਂ ਵੀ ਚੁੱਪ-ਚਾਪ ਹੈ। ਸਾਜ਼ਾਂ ਦੇ ਨਾਲ ਆ ਰਹੀ ਸਿਰਫ ਗੁਰਬਾਣੀ ਦੀ ਆਵਾਜ਼ ਸੁਣਾਈ ਦੇਂਦੀ ਹੈ, ਜੋ ਹੌਲੀ ਹੌਲੀ ਮੱਧਮ ਪੈ ਰਹੀ ਜਾਪਦੀ ਹੈ। ਇੰਜ ਲਗਦਾ ਹੈ ਜਿਵੇਂ ਕਿਤੇ ਬਹੁਤ ਦੂਰ ਤੋਂ ਆ ਰਹੀ ਹੋਵੇ, ਆ ਨਹੀਂ, ਜਿਵੇਂ ਬਰਸ ਰਹੀ ਹੋਵੇ ਤੇ ਮੇਰਾ ਤਨ-ਮਨ ਉਸ ਰੱਬੀ ਬਾਣੀ ਦੀ ਆਵਾਜ਼ ਵਿਚ ਘੁਲ ਜਾਂਦਾ ਹੈ। ਸਾਰੇ ਵਾਤਾਵਰਣ ਵਿਚ ਇਕ ਖਾਸ ਕਿਸਮ ਦੀ ਖਾਮੋਸ਼ੀ ਹੈ, ਸਥਿਰਤਾ ਹੈ ਅਤੇ ਸਕੂਨ ਹੈ। ਇੰਜ ਜਾਪਦਾ ਹੈ ਜਿਵੇਂ ਵਾਹੋਦਾਹੀ ਦੌੜਦਾ ਵਕਤ ਵੀ ਕੁਝ ਪਲਾਂ ਵਾਸਤੇ ਖਲੋ ਗਿਆ ਹੋਵੇ।

*(ਅਗਲੇ ਸਫੇ 'ਤੇ ਜਾਰੀ)*

ਇਕ ਸੁਪਨੇ ਜਿਹੇ ਵਾਂਗ ਹੀ ਲਾਵਾਂ ਦਾ ਪਾਠ ਸੰਪੂਰਨ ਹੋਇਆ ਹੈ। ਆਸ਼ੀ ਤੇ ਸਨੀ ਚੌਥੀ ਲਾਂਵ ਪੂਰੀ ਹੋਣ ਤੋਂ ਬਾਅਦ ਮੱਥਾ ਟੇਕ ਕੇ ਬੈਠ ਰਹੇ ਹਨ ਅਤੇ ਰਾਗੀ 'ਵਿਆਹ ਹੋਆ ਮੇਰੇ ਬਾਬਲਾ' ਦਾ ਗਾਇਨ ਕਰ ਰਹੇ ਹਨ।

ਮੈਂ ਵੱਡੀ ਭੈਣ ਵਲ ਵੇਖਦੀ ਹਾਂ, ਉਹ ਅੱਖਾਂ ਪੂੰਝ ਰਹੀ ਹੈ। ਵੱਡੇ ਵੀਰ ਵੱਲ ਵੇਖਿਆ, ਉਸ ਦੀਆਂ ਅੱਖਾਂ ਵੀ ਭਰੀਆਂ-ਭਰੀਆਂ, ਤੇ ਮੇਰੀ ਸੁੱਧ-ਬੁੱਧ ਜਿਵੇਂ ਕਿਸੇ ਹੋ ਰਹੇ ਚਮਤਕਾਰ ਵਿਚ ਵਲ੍ਹੇਟੀ ਗਈ ਹੋਵੇ। ਰਾਜੀ ਭੈਣ ਖਿਸਕ ਕੇ ਥੋੜ੍ਹਾ ਜਿਹਾ ਮੇਰੇ ਨੇੜੇ ਹੋ ਜਾਂਦੀ ਹੈ ਤੇ ਮੈਂ ਜਿਵੇਂ ਕਿਸੇ ਨੀਂਦ ਵਿਚੋਂ ਜਾਗੀ ਹੋਵਾਂ, ਇਕ ਵਾਰ ਫੇਰ ਦਰਬਾਰ ਹਾਲ ਦੇ ਵਾਤਾਵਰਣ ਵਿਚ ਵਾਪਸ ਪਰਤ ਆਉਂਦੀ ਹਾਂ।

ਪਤਾ ਨਹੀਂ ਕਿਉਂ ਮੇਰੀਆਂ ਅੱਖਾਂ ਭਰ ਆਈਆਂ ਹਨ ਪਰ ਰਾਜੀ ਭੈਣ ਮੇਰਾ ਸਿਰ ਆਪਣੇ ਮੋਢੇ ਨਾਲ ਲਾ ਲੈਂਦੀ ਹੈ।

"ਦੀਪੀ ਦਿਲ ਛੋਟਾ ਨਹੀਂ ਕਰਨ।" ਉਹ ਆਖਦੀ ਹੈ, ਤੇ ਮੈਂ ਆਪਣੇ ਮਨ ਨੂੰ ਸਮਝਾਉਣ ਦੀ ਕੋਸ਼ਸ਼ ਕਰਦੀ ਹਾਂ। ਮਨ ਵਿਚ ਆ ਰਹੀਆਂ ਸੋਚਾਂ ਨੂੰ ਪਰੇ ਧਕੇਲਣ ਦਾ ਨਿਸਫਲ ਜਿਹਾ ਯਤਨ ਕਰਦੀ ਹਾਂ।

ਬਾਈ-ਤੇਈ ਵਰ੍ਹੇ ਪਹਿਲਾਂ ਆਪਣੇ ਮਨ ਨਾਲ ਫੈਸਲਾ ਕੀਤਾ ਸੀ ਕਿ ਕਦੇ ਉਸ ਦਾ ਨਾਂ ਨਹੀਂ ਲੈਣਾ। ਪਰ ਅੱਜ ਪਤਾ ਨਹੀ ਕਿਉਂ ਬਾਰ-ਬਾਰ ਧਿਆਨ ਉਸ ਵੱਲ ਚਲੇ ਜਾਂਦਾ ਰਿਹਾ ਸੀ। ਸੋਚਦੀ ਹਾਂ, ਜੋ ਆਪਣੀ ਧੀ ਦਾ ਬਾਪ ਨਾ ਬਣ ਸਕਿਆ, ਉਸ ਮੇਰਾ ਜਾਂ ਕਿਸੇ ਹੋਰ ਦਾ ਕਿੱਥੋਂ ਬਣ ਜਾਣਾ ਸੀ। ਉਸ ਦੀਆਂ ਤਾਂ ਇੰਡੀਆ ਤੋਂ ਆਉਂਦਿਆਂ ਹੀ ਗੋਰੇ ਮਾਸ ਨਾਲ ਅੱਖਾਂ ਚੁੰਧਿਆ ਗਈਆਂ ਸਨ, ਚਿੱਟੀ ਚਮੜੀ ਨੇ ਪਤਾ ਨਹੀਂ ਕੀ ਧੂੜ ਸੁਟਿਆ ਸੀ ਉਸ ਦੇ ਸਿਰ ਵਿਚ।

ਬਾਅਦ ਵਿਚ ਤਾਂ ਪਤਾ ਨਹੀਂ ਰਬੈਕਾ ਉਸ ਦੀ ਨਹੀਂ ਸੀ ਬਣੀ ਜਾਂ ਉਹ ਰਬੈਕਾ ਦਾ ਨਾ ਬਣਿਆ ਪਰ ਜਿਹੜੀ ਮਲੂਕੜੀ ਜਿਹੀ ਤੀਸਰੀ ਵੇਰ ਇੰਡੀਆ ਤੋਂ ਵਿਆਹ ਕੇ ਲਿਆਇਆ ਸੀ, ਉਸ ਨਿਕਰਮੀ ਦਾ ਹੀ ਹੋ ਕੇ ਰਹਿੰਦਾ।

ਪਰ 'ਨਿਕਰਮਾ' ਤਾਂ ਸ਼ਾਇਦ ਉਹ ਆਪ ਹੀ ਸੀ।

'ਚੰਦਰਿਆ, ਇਕ ਵਾਰ ਤਾਂ ਆਪਣੀ ਬੱਚੀ ਦੇ ਸਿਰ 'ਤੇ ਹੱਥ ਰੱਖਦਾ।'

ਇਹ ਕਿਹੜੀਆਂ ਸੋਚਾਂ ਵਿਚ ਪੈ ਗਈ ਹਾਂ ਮੈਂ? ਅੱਜ ਤਾਂ ਖੁਸ਼ੀ ਦਾ ਦਿਨ ਏ, ਆਸ਼ੀ ਮੇਰੀ ਆਸ ਦੀ ਕਿਰਨ ਤੇ ਸਨੀ ਮੇਰੇ ਦਿਨਾਂ ਦਾ ਸੂਰਜ।

ਆਸ਼ੀ ਹੀ ਤਾਂ ਸੀ ਜੋ ਜ਼ਿੰਦਗੀ ਦੇ ਘੋਰ ਹਨੇਰੇ ਬੱਦਲਾਂ ਜਿਹੇ ਪਲਾਂ ਦੀ ਕੰਨੀ ਉਤੇ ਚਾਨਣ ਦੀਆਂ ਲਕੀਰਾਂ ਵਾਂਗਰ ਵਹਿ ਜਾਂਦੀ ਸੀ, ਤੇ ਮੇਰੀ ਉਂਗਲ ਫੜ ਕੇ ਮੈਨੂੰ ਗਮਾਂ ਦੇ ਘੁੱਪ ਹਨੇਰੇ ਵਿਚੋਂ ਕੱਢ ਲਿਆਉਂਦੀ ਸੀ।

ਆਸ਼ੀ ਦੇ ਆਉਣ ਨਾਲ ਜ਼ਿੰਦਗੀ ਵਿਚ ਜਿਵੇਂ ਸਾਰਾ ਕੁਝ ਹੀ ਦੁੱਗਣਾ ਹੋ ਗਿਆ ਸੀ- ਮੇਰੀਆਂ ਸੱਧਰਾਂ, ਮੇਰੇ ਚਾਅ ਤੇ ਮੇਰਾ ਹਾਸਾ, ਜੋ ਕਿ ਭੁੱਲ ਹੀ ਗਈ ਸਾਂ, ਦੁੱਗਣਾ ਹੋ ਕੇ ਪਰਤ ਆਇਆ ਸੀ, ਪਰ ਨਾਲ ਹੀ ਮੇਰੇ ਫਿਕਰ ਵੀ ਦੁੱਗਣੇ, ਤੇ ਉਸ ਦਾ ਘਰੋਂ ਬਾਹਰ ਰਹਿਣਾ ਵੀ ਦੁੱਗਣਾ ਹੋ ਗਿਆ ਸੀ।

ਫੇਰ ਤਾਂ ਉਹ ਰਾਤਾਂ ਵੀ ਪਤਾ ਨਹੀਂ ਕਿੱਥੇ ਕੱਟਣ ਲੱਗ ਪਿਆ ਸੀ, ਤੇ ਮੈਂ ਨਿੱਕੀ ਜਿਹੀ ਆਸ਼ੀ ਨੂੰ 'ਬੇਬੀ ਸਿਟਰ' ਕੋਲ ਛੱਡ ਕੇ ਮੁੜ ਕੰਮ 'ਤੇ ਜਾਣ ਲੱਗ ਪਈ ਸਾਂ।

ਜਦ ਹਰ ਚੀਜ਼ ਦੇ ਦੁੱਗਣੇ ਭਾਰ ਹੇਠ ਦੱਬੀ ਹੋਈ ਮੇਰੀ ਜਿੰਦ ਛਟਪਟਾ ਰਹੀ ਹੁੰਦੀ ਤਾਂ ਮੇਰੀਆਂ ਸੋਚਾਂ ਦੀ ਛਾਤੀ ਵਿਚ ਅੱਖਰਾਂ ਦੀਆਂ ਲਾਟਾਂ ਵੀ ਦੁੱਗਣੀਆਂ ਹੋ-ਹੋ ਬਲ ਉਠਦੀਆਂ, ਜੋ ਕਾਗਜ਼ ਨੂੰ ਪਾਣੀ ਵਾਂਗਰ ਪੀਂਦੀਆਂ ਸ਼ਾਂਤ ਹੁੰਦੀਆਂ ਜਾਂਦੀਆਂ ਤੇ ਇੱਕ ਨਜ਼ਮ ਕਾਗਜ਼ ਦੇ ਪਾਣੀਆਂ ਉਤੇ ਇਕ ਨਿੱਕੀ ਜਿਹੀ ਬੇੜੀ ਵਾਂਗ ਤਰਨ ਲੱਗ ਪੈਂਦੀ।

ਸ਼ਾਮ ਨੂੰ ਜਦ ਆਸ਼ੀ ਨੂੰ ਬੇਬੀ ਸਿਟਰ ਕੋਲੋਂ ਲੈਣ ਜਾਂਦੀ ਤਾਂ ਇੰਜ ਲਗਦਾ ਜਿਵੇਂ ਸਵੇਰ ਦੀਆਂ ਵਿਛੜੀਆਂ ਅਸੀਂ ਕਈ ਵਰ੍ਹਿਆਂ ਪਿੱਛੋਂ ਮਿਲੀਆਂ ਹੋਈਏ, ਤੇ ਮੇਰੀ ਰੂਹ ਦੀ ਛਾਤੀ ਵਿਚ ਬਲਦੀਆਂ ਮਮਤਾ ਦੀਆਂ ਲਾਟਾਂ ਆਸ਼ੀ ਨੂੰ ਆਪਣੇ ਗਲ ਨਾਲ ਲਾ ਕੇ ਸ਼ਾਂਤ ਹੁੰਦੀਆਂ।

ਪਰ ਜਦ ਕਦੇ ਤਨ ਦੀ ਛਾਤੀ ਵਿਚ ਧੜਕ ਰਹੇ ਦਿਲ ਵਿਚੋਂ ਹੂਕ ਜਿਹੀ ਵਾਂਗ ਉਠਦੀ ਲਾਟ ਨਾਲ ਦਿਹ ਅੰਗਿਆਰੇ ਵਾਂਗਰ ਭਖਣ ਲਗਦੀ ਤਾਂ ਸਿਆਲੀ ਰੁੱਤ ਦੀ ਬਰਫਾਂ ਲੱਦੀ ਚਾਨਣੀ ਰਾਤੇ ਕੂਲੀ ਬਰਫ ਦੀਆਂ ਮੁੱਠਾਂ ਭਰ-ਭਰ ਕੇ ਆਪਣੇ ਮੱਥੇ 'ਤੇ ਮਲਦੀ, ਆਪਣੇ ਪੈਰਾਂ ਦੀਆਂ ਤਲੀਆਂ ਝੱਸਦੀ।

ਇਹ ਕਿਹੋ ਜਿਹਾ ਰਿਸ਼ਤਾ ਸੀ ਮੇਰੇ ਮਨ ਦਾ, ਮੇਰੀ ਰੂਹ ਤੇ ਮੇਰੇ ਤਨ ਦਾ?

ਤੇ ਹੁਣ ਵੀ ਇਹ ਕਿਹੋ ਜਿਹੀ ਘੜੀ ਹੈ ਜਦ ਮੈਂ ਇੱਕੋ ਵੇਲੇ ਹੀ ਖੁਸ਼ ਵੀ ਹਾਂ, ਤੇ ਉਦਾਸ ਵੀ, ਸਾਰਿਆਂ ਦੇ ਵਿਚ ਵੀ ਬੈਠੀ ਹਾਂ, ਪਰ ਕਿੰਨੀ ਇਕੱਲੀ ਵੀ ਹਾਂ।

ਜਨੇਤ ਨਾਲ ਆਇਆ ਕੋਈ ਬੁਲਾਰਾ ਸਪੀਚ ਦੇ ਰਿਹਾ ਹੈ। ਬੱਚੇ ਅਤੇ ਬੱਚੀ ਨੂੰ ਸਿੱਖਿਆ ਦੇਣ ਦੇ ਨਾਲ-ਨਾਲ ਉਹ ਕਈ ਵਾਰੀ ਆਖ ਚੁਕਾ ਹੈ ਕਿ ਇਨ੍ਹਾਂ ਨੂੰ ਸਿੱਖਿਆ ਦੇਣ ਦੀ ਲੋੜ ਨਹੀਂ, ਬੱਚੇ ਪੜ੍ਹੇ ਲਿਖੇ ਹਨ। ਪਰ ਉਸ ਦੀਆਂ ਕਈ ਗੱਲਾਂ ਤੋਂ ਰੋਂਦੇ-ਰੋਂਦੇ ਵੀ ਹਾਸਾ ਜਿਹਾ ਆ ਜਾਂਦਾ ਹੈ।

ਕੱਲ੍ਹ ਸ਼ਾਮ ਅਸੀਂ ਵੀ ਸਾਰਾ ਪਰਿਵਾਰ ਇਕੱਠੇ ਬੈਠੇ ਕਿੰਨਾ ਹੱਸਦੇ ਰਹੇ ਸਾਂ। ਬਚਪਨ ਦੀਆਂ ਗੱਲਾਂ ਕਰਕੇ ਇਕ ਦੂਜੇ ਨੂੰ ਛੇੜਦੇ ਰਹੇ ਸਾਂ। ਪਰੀ ਆਖਣ ਲੱਗੀ, "ਵੀਰੇ, ਦੀਪੀ ਦੀ ਗੁੜ ਵਾਲੀ ਗੱਲ ਸੁਣਾ।"

ਸਾਰੇ ਤਾੜੀਆਂ ਮਾਰਨ ਲੱਗ ਪਏ ਤੇ ਮੈਂ ਉਠ ਕੇ ਵੀਰ ਦੇ ਮੂੰਹ ਅੱਗੇ ਹੱਥ ਦੇਈ ਜਾਵਾਂ, "ਵੀਰੇ ਏਨੀ ਵਾਰੀ ਤਾਂ ਸੁਣ ਹਟੇ ਆਂ ਇਹ ਗੱਲ।"

ਪਰ ਮੇਰੀ ਉਸ ਵੇਲੇ ਕੌਣ ਸੁਣਦਾ ਸੀ। ਵੀਰ ਸੁਣਾਉਂਦਾ ਰਿਹਾ ਤੇ ਬਾਕੀ ਹੱਸਦੇ ਰਹੇ। ਦੂਜੀ ਤੀਜੀ ਵਿਚ ਪੜ੍ਹਦੀ ਹੋਣੀ ਆਂ ਮੈਂ ਉਦੋਂ, ਸ਼ਾਇਦ ਚੌਥੀ ਵਿਚ ਹੀ ਹੋਵਾਂ, ਪਿਤਾ ਜੀ ਰਾਤ ਦੀ ਰੋਟੀ ਖਾਣ ਮਗਰੋਂ ਗੁੜ ਦੀ ਡਲੀ ਜਰੂਰ ਖਾਂਦੇ ਹੁੰਦੇ ਸਨ ਤੇ ਉਹ ਹਮੇਸ਼ਾਂ ਮੈਨੂੰ ਹੀ ਅੰਦਰੋਂ ਗੁੜ ਲਿਆਉਣ ਵਾਸਤੇ ਆਖਦੇ। ਪਰ ਮੈਨੂੰ ਤਾਂ ਗੁੜ ਦੀ ਸ਼ਕਲ ਵੀ ਨਹੀਂ ਸੀ ਚੰਗੀ ਲਗਦੀ। ਮੈਂ ਖਿਝਦੀ ਕਿ ਸਿਰਫ ਮੈਨੂੰ ਹੀ ਕਿਉਂ ਆਖਿਆ ਜਾਂਦਾ ਏ ਗੁੜ ਲਿਆਉਣ ਲਈ। ਪਤਾ ਨਹੀਂ ਕਿਉਂ ਇਹ ਡਿਊਟੀ ਸਿਰਫ ਮੇਰੀ ਹੀ ਲੱਗੀ ਹੋਈ ਸੀ।

ਇਕ ਦਿਨ ਪਤਾ ਨਹੀਂ ਕਿਵੇਂ ਮੈਂ ਗੁੜ ਲਿਆਉਂਦੀ ਹੋਈ ਨੇ ਇਕ ਨਿੱਕੀ ਜਿਹੀ ਢੇਲੀ ਚੁੱਕ ਕੇ ਮੂੰਹ ਵਿਚ ਪਾ ਲਈ, ਤੇ ਅਗਲੇ ਦਿਨ ਫੇਰ ਉਸੇ ਤਰ੍ਹਾਂ, ਤੇ ਫੇਰ ਮੈਂ ਵੀ ਰੋਜ਼ ਹੀ ਰੋਟੀ ਖਾਣ ਮਗਰੋਂ ਉਡੀਕਣ ਲੱਗ ਪਈ ਕਿ ਕਦੋਂ ਪਿਤਾ ਜੀ ਮੈਨੂੰ ਗੁੜ ਲਿਆਉਣ ਵਾਸਤੇ ਆਖਣ।

ਉਨ੍ਹਾਂ ਦਿਨਾਂ ਵਿਚ ਹੀ ਰੇਡੀਓ ਤੇ ਇਕ ਗੀਤ ਸੁਣਿਆ, 'ਜਾਚ ਮੈਨੂੰ ਆ ਗਈ ਗਮ ਖਾਣ ਦੀ।'

ਗਮ ਲਫਜ਼ ਦੀ ਤਾਂ ਮੈਨੂੰ ਸਮਝ ਨਾ ਲੱਗੀ ਪਰ ਮੈਨੂੰ ਜਾਪਿਆ ਜਿਵੇਂ ਗਾਉਣ ਵਾਲਾ ਆਖ ਰਿਹਾ ਹੋਵੇ, 'ਜਾਚ ਮੈਨੂੰ ਆ ਗਈ ਗੁੜ ਖਾਣ ਦੀ' ਤੇ ਮੈਂ ਵੀ ਉਸੇ ਵਾਂਗਰ ਹੀ ਹੇਕ ਲਾ ਕੇ 'ਜਾਚ ਮੈਨੂੰ ਆ ਗਈ ਗੁੜ ਖਾਣ ਦੀ' ਗਾਉਣ ਲੱਗ ਪਈ।

ਸਾਰੇ ਜਣੇ ਹੱਸ-ਹੱਸ ਦੋਹਰੇ ਹੋਈ ਜਾਣ। ਵੱਡੀਆਂ ਦੋਵੇਂ ਭੈਣਾਂ ਇੱਕੋ ਵਾਰ ਬੋਲ ਪਈਆਂ, "ਗੁੜ ਨਹੀਂ, ਦੀਪੀ ਗਮ, ਜਾਚ ਮੈਨੂੰ ਆ ਗਈ ਗਮ ਖਾਣ ਦੀ।" ਤੇ ਮੈਂ ਸੋਚਾਂ, ਪਈ ਇਹ ਗਮ ਕੀ ਹੁੰਦਾ ਏ? ਤੇ ਕਿਵੇਂ ਖਾਈਦਾ ਏ?

ਉਹ ਤਾਂ ਬੜੇ ਵਰ੍ਹੇ ਪਿੱਛੋਂ ਜਾ ਕੇ ਪਤਾ ਲੱਗਾ, ਜਦ ਗਮ ਸਿਰਫ ਖਾਣਾ ਹੀ ਨਾ ਪਿਆ ਸਗੋਂ ਗਮ ਹੀ ਪਹਿਨਣਾ, ਹੰਢਾਉਣਾ ਤੇ ਗਮ ਹੀ ਜਿਉਣਾ ਪਿਆ।

ਪਰ ਕੱਲ੍ਹ ਤਾਂ ਸਾਰਿਆਂ ਦੇ ਸਾਹਮਣੇ ਆਪਣੇ ਮੂੰਹ ਉਤੇ ਭੋਰਾ ਵੀ ਨਿਸ਼ਾਨ ਨਹੀਂ ਸੀ ਆਉਣ ਦਿੱਤਾ, ਗਮ ਦੀਆਂ ਗੱਲਾਂ ਨੂੰ ਮਨ ਦੇ ਕਿਸੇ ਖੂੰਜੇ ਵਿਚ ਦੱਬ ਕੇ ਸਾਰਿਆਂ ਦੇ ਨਾਲ ਬੈਠੀ ਮੈਂ ਵੀ ਹੱਸਦੀ ਰਹੀ ਸਾਂ।

ਕਹਿੰਦੇ ਹਨ, ਵੱਡੀ ਭੈਣ ਦਾ ਨਿੱਕੀ ਜਿਹੀ ਹੁੰਦੀ ਦਾ ਹੀ ਵਿਆਹ ਕਰ ਦਿੱਤਾ ਸੀ। ਮਸਾਂ ਸੋਲਾਂ ਸਾਲਾਂ ਦੀ ਹੋਣੀ ਆ ਉਦੋਂ ਉਹ। ਉਧਰੋਂ ਭੈਣ ਨੇ ਦਸਵੀਂ ਦਾ ਇਮਤਿਹਾਨ ਦਿੱਤਾ, ਉਧਰੋਂ ਉਹਦੇ ਵਿਆਹ ਦੀ ਤਰੀਕ ਪੱਕੀ ਹੋ ਗਈ। ਜਦ ਉਸ ਦੇ ਵਿਆਹ ਦੀਆਂ ਤਿਆਰੀਆਂ ਹੋ ਰਹੀਆਂ ਸਨ, ਘਰ ਵਿਚ ਗਹਿਮਾ ਗਹਿਮ ਲੱਗੀ ਹੋਈ ਸੀ, ਤਾਂ ਰਾਜੀ ਭੈਣ ਆਖਣ ਲੱਗੀ, "ਬੀਜੀ, ਮੈਂ ਵੀ ਲੈਣੀਆਂ ਨੇ ਸੂਟ ਤੇ ਸਾੜੀਆਂ, ਤੇ ਨਾਲੇ ਰਾਣੀ ਹਾਰ।"

ਤਾਂ ਬੀਜੀ ਉਹਨੂੰ ਕਹਿੰਦੇ, "ਤੈਨੂੰ ਵੀ ਪੁੱਤ ਲੈ ਕੇ ਦੇਵਾਂਗੇ ਸਾਰਾ ਕੁਝ, ਜਦ ਤੇਰਾ ਵਿਆਹ ਕਰਾਂਗੇ।"

ਲਾਗੇ ਈ ਪਏ ਛਾਬੇ ਵਿਚ ਪਈਆਂ ਭਿੰਡੀਆਂ ਵਲ ਵੇਖ ਕੇ ਪਿਤਾ ਜੀ ਰਾਜੀ ਭੈਣ ਨੂੰ ਆਖਣ ਲੱਗੇ, "ਚਲ ਰਾਜੀ ਤੂੰ ਛੇਤੀ-ਛੇਤੀ ਭਿੰਡੀਆਂ ਬਣਾਉਣੀਆਂ ਸਿੱਖ ਲੈ ਤਾਂ ਫੇਰ ਤੇਰਾ ਵੀ ਵਿਆਹ ਕਰ ਦੇਵਾਂਗੇ।" ਤਾਂ ਉਹ ਭੋਲੇ ਭਾ ਈ ਇਕ ਦਮ ਕਹਿ ਉਠੀ, "ਉਹ ਤਾਂ ਪਿਤਾ ਜੀ ਮੈਂ ਕਦੋਂ ਦੀਆਂ ਸਿੱਖ ਲਈਆਂ।"

ਤੇ ਫੇਰ ਰਾਜੀ ਭੈਣ ਨੂੰ ਸਮਝ ਨਾ ਪਵੇ ਪਈ ਸਾਰੇ ਹੱਸੀ ਕਿਉਂ ਜਾਂਦੇ ਸਨ। ਜਦ ਆਸ਼ੀ ਦੀ 'ਅੰਗੇਜਮੈਂਟ' ਹੋਈ ਤਾਂ ਮੈਨੂੰ ਪਤਾ ਨਹੀਂ ਕਿੱਥੋਂ ਰਾਜੀ ਭੈਣ ਵਾਲੀ ਗੱਲ ਚੇਤੇ ਆ ਗਈ। ਇਕ ਦਿਨ ਮੈਂ ਵੀ ਹੱਸਦੀ-ਹੱਸਦੀ ਨੇ ਆਸ਼ੀ ਨੂੰ ਕਿਹਾ, "ਆਸ਼ੀ ਜਦ ਤੈਨੂੰ ਭਿੰਡੀਆਂ ਬਣਾਉਣੀਆਂ ਆ ਗਈਆਂ ਤਾਂ ਤੇਰਾ ਵਿਆਹ ਕਰ ਦੇਵਾਂਗੇ।"

ਉਹ ਹੈਰਾਨ ਜਹੀ ਹੋਈ ਆਖਣ ਲੱਗੀ, "ਪਿੰਡੀਆਂ?" ਤਾਂ ਮੈਂ ਉਸ ਨੂੰ ਦੱਸਿਆ, "ਪਿੰਡੀਆਂ ਨਹੀਂ, ਆਸ਼ੀ ਭਿੰਡੀਆਂ!"

ਉਹ ਜ਼ੋਰ ਲਾ ਕੇ ਭਿੰਡੀਆਂ ਆਖਣ ਦੀ ਕੋਸ਼ਸ਼ ਕਰਨ ਲੱਗੀ, "ਪਿਇੰਡੀਆਂ?"

ਭਲਾ ਅਮਰੀਕਾ ਦੀ ਜੰਮੀ ਨੂੰ 'ਭੱਬਾ' ਕਿੱਥੋਂ ਬੋਲਣਾ ਆਵੇ, ਤੇ ਮੈਂ ਹੱਸ-ਹੱਸ ਦੋਹਰੀ ਹੋਈ ਜਾਵਾਂ।

"ਅੱਛਾ ਬਾਬਾ, ਜੇ ਬਣਾਉਣੀਆਂ ਨਹੀਂ ਤਾਂ ਚੱਲ 'ਭਿੰਡੀਆਂ' ਕਹਿਣਾ ਹੀ ਸਿੱਖ ਲੈ' ਤਾਂ ਉਹ ਆਖਣ ਲੱਗੀ, "ਓ ਮਾਅਮ, ਉਦੋਂ ਤਕ ਤਾਂ ਮੈਂ ਬੁੱਡੀ ਹੋ ਜਾਊਂ।"

ਤੇ ਫੇਰ ਬੁੱਢੀ ਆਖਣ ਵਾਸਤੇ ਵੀ 'ਢੱਡਾ' ਕਹਿਣ ਦੀ 'ਪ੍ਰੌਬਲਮ' ਆ ਗਈ, ਤੇ ਅਸੀਂ ਦੋਵੇਂ ਸਹੇਲੀਆਂ ਵਾਂਗਰ ਗੱਲਾਂ ਕਰਦੀਆਂ ਕਿੰਨਾ ਚਿਰ ਹੱਸਦੀਆਂ ਰਹੀਆਂ ਸਾਂ, ਕੀ ਇਸ ਨੂੰ ਆਖਦੇ ਹਨ, 'ਮਾਂਵਾਂ ਤੇ ਧੀਆਂ ਦੀ ਦੋਸਤੀ!"

ਮੇਰਾ ਮਨ ਫੇਰ ਭਰ ਆਉਂਦਾ ਹੈ। ਆਪਣੇ ਆਪ ਉਤੇ ਕੰਟਰੋਲ ਕਰਨਾ ਵੀ ਔਖਾ ਲੱਗ ਰਿਹਾ ਹੈ, ਜਿਵੇਂ ਮੇਰੀਆਂ ਆਂਦਰਾਂ ਨੂੰ ਕੋਈ ਫੜ ਕੇ ਧੂਹ ਰਿਹਾ ਹੋਵੇ, ਪਰ ਮੈਨੂੰ ਤਾਂ ਸਗੋਂ ਖੁਸ਼ ਹੋਣਾ ਚਾਹੀਦਾ ਹੈ ਕਿ ਧੀ ਦੇ ਨਾਲ ਅੱਜ ਰੱਬ ਨੇ ਮੈਨੂੰ ਪੁੱਤਰ ਵੀ ਦੇ ਦਿੱਤਾ ਹੈ।

ਪਤਾ ਨਹੀਂ ਕਿਹੜੇ ਰਿਸ਼ੀ ਦੇ ਆਖੇ ਹੋਏ ਬੋਲ ਹੁਣੇ ਜਿਹੇ ਹੀ ਇਕ ਕਿਤਾਬ ਵਿਚ ਪੜ੍ਹੇ ਸਨ। ਲਿਖਿਆ ਸੀ, ਕੋਈ ਰਿਸ਼ੀ ਆਖਦਾ ਹੈ, 'ਤੁਹਾਡੇ ਪਿਛਲੇ ਜਨਮ ਦੇ ਦੁਸ਼ਮਣ ਇਸ ਜਨਮ ਵਿਚ ਬਦਲਾ ਲੈਣ ਲਈ ਤੁਹਾਡੇ ਬੱਚੇ ਬਣ ਕੇ ਪੈਦਾ ਹੋਣਗੇ।'

ਫੋਟ ਇਹੋ ਜਹੇ ਰਿਸ਼ੀ ਦਾ, ਜਿਹੜਾ ਆਪ ਤਾਂ ਸਾਰੀ ਉਮਰ ਜੰਗਲਾਂ ਵਿਚ ਫਿਰਦਾ ਰਿਹਾ, ਮੰਗ-ਤੰਗ ਕੇ ਆਪਣਾ ਢਿੱਡ ਭਰਦਾ ਰਿਹਾ, ਉਹਨੂੰ ਕੀ ਸਾਰ ਕਿ ਬੱਚੇ ਕੀ ਚੀਜ਼ ਹੁੰਦੇ ਹਨ।

ਤੇ ਫੇਰ ਆਪੇ ਹੀ ਮੇਰਾ ਹਾਸਾ ਜਿਹਾ ਨਿਕਲ ਗਿਆ। ਮੈਨੂੰ ਜਾਪਿਆ ਕਿ ਉਸ ਰਿਸ਼ੀ ਨੇ ਕਿਸੇ ਪਿੰਡ ਮੰਗਣ ਗਿਆਂ ਗਲੀ ਵਿਚ ਖੇਡਦੇ ਬੱਚਿਆਂ ਵੱਲ ਵੇਖ ਕੇ ਆਖ ਦਿੱਤਾ ਹੋਣਾ ਏ, ਆਪਣੇ ਆਪ ਨੂੰ ਧਰਵਾਸ ਦੇਣ ਲਈ, ਜਿਵੇਂ 'ਥੂਹ ਕੌੜੀ' ਆਖ ਦੇਈਦਾ ਏ।

ਸਟੇਜ ਉਤੇ ਹੁਣ ਕੋਈ ਦੂਸਰਾ ਬੁਲਾਰਾ ਸਪੀਚ ਦੇ ਰਿਹਾ ਹੈ। ਦੋਹਾਂ ਪਰਿਵਾਰਾਂ ਦੀਆਂ ਸਿਫਤਾਂ ਦੇ ਪੁਲ ਬੱਝ ਰਹੇ ਹਨ, ਤੇ ਮੈਨੂੰ ਕਦੇ-ਕਦਾਈਂ ਕੋਈ ਅੱਖਰ ਸਮਝ ਪੈਂਦਾ ਹੈ ਤੇ ਕਦੇ ਫੇਰ ਮੈਂ ਮਨ ਹੀ ਮਨ ਆਸ਼ੀ ਨਾਲ ਗੱਲਾਂ ਕਰਨ ਲੱਗ ਪੈਂਦੀ ਹਾਂ।

ਛੋਟੀ ਹੁੰਦੀ ਨੂੰ ਜਦ ਪੁੱਛਦੇ, ਆਸ਼ੀ ਤੂੰ ਵੱਡੀ ਹੋ ਕੇ ਕੀ ਬਣਨਾ ਹੈ ਤਾਂ ਇਹ ਝੱਟ ਬਾਹਵਾਂ ਉਤਾਂਹ ਚੁੱਕ ਕੇ ਆਖਦੀ, "ਵੰਡਰ ਵੁਮੈਨ!" ਉਨ੍ਹਾਂ ਦਿਨਾਂ 'ਚ ਟੀ.ਵੀ. 'ਤੇ ਇਕ ਪ੍ਰੋਗਰਾਮ ਆਇਆ ਕਰਦਾ ਸੀ ਜਿਸ ਦਾ ਨਾਂ ਸੀ, 'ਵੰਡਰ ਵੁਮੈਨ।' ਇੱਕ ਬਹੁਤ ਹੀ ਸੁਹਣੀ ਲੰਮੇ ਕੱਦ ਵਾਲੀ ਕੁੜੀ ਇੱਕ ਖਾਸ ਕਿਸਮ ਦੀ ਪੁਸ਼ਾਕ ਪਹਿਨਦੀ ਹੈ। ਉਸ ਦੇ ਸਿਰ ਉਤੇ ਤਾਜ ਵਾਂਗਰ ਇੱਕ ਟਿਆਰਾ (Tiara) ਹੁੰਦਾ ਹੈ, ਹੱਥਾਂ ਵਿਚ ਖਾਸ ਕਿਸਮ ਦੇ ਕੰਗਣ ਤੇ ਪੈਰਾਂ ਵਿਚ ਪਿੰਜਣੀਆਂ ਤੀਕਰ 'ਮੈਜਿਕ' ਬੂਟ ਹੁੰਦੇ ਹਨ, ਤੇ ਉਹ 'ਵੰਡਰ ਵੁਮੈਨ' ਜਿੱਥੇ ਕਿਤੇ ਵੀ ਕਿਸੇ ਨਾਲ ਅਨਿਆਂ ਹੋ ਰਿਹਾ ਹੋਵੇ, ਜਾਂ ਤਕੜਾ ਮਾੜੇ ਨੂੰ ਮਾਰ ਰਿਹਾ ਹੋਵੇ, ਉਥੇ ਹੀ ਉਡ ਕੇ ਪਹੁੰਚ ਜਾਂਦੀ ਹੈ, ਜ਼ਾਲਮ ਦਾ ਨਾਸ਼ ਕਰਦੀ ਹੈ ਤੇ ਨਿਹੱਥੇ ਲੋਕਾਂ ਨੂੰ ਬਚਾਉਂਦੀ ਹੈ।

ਆਸ਼ੀ ਉਹ ਪ੍ਰੋਗਰਾਮ ਜ਼ਰੂਰ ਵੇਖਿਆ ਕਰਦੀ ਸੀ। ਫੇਰ ਆਪਣੇ ਖਿਡੌਣਿਆਂ ਵਿਚੋਂ ਕਿਸੇ ਨੂੰ ਚੰਗਾ ਤੇ ਕਿਸੇ ਨੂੰ 'ਈਵਲ' ਮਿਥ ਲੈਂਦੀ ਤੇ ਆਪ 'ਵੰਡਰ ਵੁਮੈਨ' ਬਣ ਕੇ ਚੰਗਿਆਂ ਨੂੰ ਬੁਰਿਆਂ ਕੋਲੋਂ ਬਚਾਉਂਦੀ।

ਇੱਕ ਵੇਰ ਇਹਦੀ ਪਰੀ ਮਾਸੀ ਮਿਲਣ ਆਈ ਇਹਦੇ ਲਈ ਵੰਡਰ ਵੁਮੈਨ ਵਰਗੀ ਡਰੈਸ ਲੈ ਆਈ। ਆਸ਼ੀ ਨੂੰ ਜਾਪਿਆ ਕਿ ਵੰਡਰ ਵੁਮੈਨ ਵਾਲੀ ਪੁਸ਼ਾਕ ਪਾ ਕੇ ਇਹ ਸਚਮੁਚ ਹੀ ਵੰਡਰ ਵੁਮੈਨ ਬਣ ਗਈ ਹੈ। ਇਹਦੀਆਂ ਬਾਹਵਾਂ ਜਿਵੇਂ ਖੰਭ ਬਣ ਗਈਆਂ ਹੋਣ। ਬਾਹਵਾਂ ਉਤਾਂਹ ਚੁੱਕੀ 'ਦੌੜਦੀ' 'ਉਡਦੀ' ਇਹ ਸਾਰੇ ਕਮਰਿਆਂ ਵਿਚ ਭੱਜੀ ਫਿਰੇ, "ਮੰ...ਅ...ਮੀ, ਆਇ ਐਮ ਗੋਇੰਗ ਟੂ ਸੇਵ ਯੂ।" "ਪਰੀ ਮਾਸੀ, ਆਇ ਐਮ ਕਮਿੰਗ, ਆਇ ਐਮ ਵੰਡਰ ਵੁਮੈਨ।"

ਮੈਨੂੰ ਜਾਪਦਾ ਹੈ, ਇਹ ਸੱਚਮੁੱਚ ਦੀ ਹੀ ਵੰਡਰ ਵੁਮੈਨ ਹੈ, ਦਰਦਾਂ ਨੂੰ ਵੰਡਾਉਣ ਤੇ ਰੋਂਦਿਆਂ ਨੂੰ ਹਸਾਉਣ ਵਾਲੀ, ਮਨੋਰੋਗਾਂ ਦੀ ਡਾਕਟਰ, ਮੇਰੀ ਵੰਡਰ ਵੁਮੈਨ ਧੀ, ਮੇਰੀ ਬੱਚੀ, ਮੇਰੀ ਦੋਸਤ!

#

# ਬੱਬਰ ਮੁਨਸ਼ਾ ਸਿੰਘ ਜੌਹਲ

ਵਾਸਦੇਵ ਸਿੰਘ ਪਰਹਾਰ
ਫੋਨ: 206-434-1155

ਬੱਬਰ ਮੁਨਸ਼ਾ ਸਿੰਘ ਪੁੱਤਰ ਸ. ਬੇਲਾ ਸਿੰਘ, ਪਿੰਡ ਜੌਹਲਾਂ ਦਾ ਵਸਨੀਕ ਸੀ। ਪਿੰਡ ਦੀ ਹੱਦਬਸਤ ਨੰਬਰ 201 ਅਤੇ ਰਕਬਾ ਜਮੀਨ 139 ਹੈਕਟੇਅਰ ਹੈ ਜੋ ਜਲੰਧਰ ਛਾਉਣੀ ਤੋਂ ਹੁਸ਼ਿਆਰਪੁਰ ਜਾਣ ਵਾਲੀ ਸੜਕ 'ਤੇ ਤਿੰਨ ਕੁ ਮੀਲ 'ਤੇ ਇਕ ਕਿਲੋਮੀਟਰ ਚੜ੍ਹਦੇ ਪਾਸੇ ਹੈ। ਬੱਬਰ ਜਵਾਨ ਹੋ ਕੇ ਮਿਲਟਰੀ ਵਿਚ 28 ਸਿੱਖ ਰੈਜਮੈਂਟ ਵਿਚ ਭਰਤੀ ਹੋ ਗਿਆ, ਜਿਥੇ ਉਸ ਨੇ ਥੋੜ੍ਹੀ ਬਹੁਤੀ ਗੁਰਮੁਖੀ ਪੜ੍ਹਨੀ ਸਿੱਖੀ। ਉਹ ਪੂਰਨ ਗੁਰਸਿੱਖ ਸੀ ਅਤੇ ਆਪਣੀ ਡਿਊਟੀ ਤਨ, ਮਨ ਨਾਲ ਕਰਦਾ, ਜਿਸ ਕਰ ਕੇ ਉਸ ਦੇ ਅਫਸਰ ਉਸ ਦੇ ਕੰਮ ਤੋਂ ਖੁਸ਼ ਸਨ, ਪਰ ਜਦੋਂ ਅੰਗਰੇਜ਼ ਸਰਕਾਰ ਦੀਆਂ ਸਿੱਖਾਂ ਵਿਰੁਧ ਵਧੀਕੀਆਂ ਬਾਰੇ ਸੁਣਦਾ ਤਾਂ ਉਸ ਦਾ ਖੂਨ ਖੌਲ ਉਠਦਾ। ਛੇਤੀ ਹੀ ਉਸ ਨੇ ਫੌਜ ਵਿਚੋਂ ਡਿਸਚਾਰਜ ਲੈ ਲਿਆ ਅਤੇ ਆਪਣੇ ਪਿੰਡ ਆ ਕੇ ਖੇਤੀ ਕਰਨ ਲੱਗ ਪਿਆ।

ਬੱਬਰ ਅਕਾਲੀ ਲਹਿਰ ਦੇ ਬਾਨੀ ਮਾਸਟਰ ਮੋਤਾ ਸਿੰਘ ਦਾ ਪਿੰਡ ਪਤਾਰਾ, ਬੱਬਰ ਦੇ ਪਿੰਡ ਦੇ ਨਾਲ ਹੀ ਸੀ। ਇਸ ਲਈ ਉਹ ਉਨ੍ਹਾਂ ਦੇ ਸੰਪਰਕ ਵਿਚ ਆ ਕੇ ਬੱਬਰ ਅਕਾਲੀ ਜਥੇ ਦਾ ਮੈਂਬਰ ਬਣ ਗਿਆ। ਬੱਬਰ ਕਿਸ਼ਨ ਸਿੰਘ ਗੜਗੱਜ ਦੇ ਸੰਪਰਕ 'ਚ ਆ ਕੇ ਉਸ ਨੇ ਬੱਬਰਾਂ ਨੂੰ ਅਸਲਾ ਲਿਆ ਕੇ ਦਿੱਤਾ ਜੋ ਬੱਬਰਾਂ ਲਈ ਪ੍ਰਾਪਤ ਕਰਨਾ ਬੜਾ ਔਖਾ ਸੀ। ਉਸ ਨੇ ਸਕੇ ਭਰਾ ਜਵੰਦ ਸਿੰਘ ਦੇ ਹੱਥੀਂ, ਜਦੋਂ ਉਹ ਬਨੂੰ ਵਿਖੇ ਤਾਇਨਾਤ ਸੀ, ਪੱਕੀ ਰਫਲ ਦੀਆਂ ਕੁਝ ਗੋਲੀਆਂ ਬੱਬਰ ਕਿਸ਼ਨ ਸਿੰਘ ਗੜਗੱਜ ਨੂੰ ਦੇਣ ਲਈ ਭੇਜੀਆਂ ਅਤੇ ਨਾਲ ਹੀ ਦੋ ਬੰਬ ਤੇ ਚਾਰ ਡੈਟੋਨੇਟਰ ਬਾਬੂ ਸੰਤਾ ਸਿੰਘ ਨੂੰ ਦੇਣ ਲਈ ਭੇਜੇ। ਇਹ ਗੱਲ ਜਵੰਦ ਸਿੰਘ ਨੇ ਬਤੌਰ ਸਰਕਾਰੀ ਗਵਾਹ ਟਰਾਇਲ ਕੇਸ 1924 'ਚ ਆਖੀ ਸੀ।

ਸੰਤ ਕਰਤਾਰ ਸਿੰਘ ਵਾਇਦਾ ਮੁਆਫ ਗਵਾਹ ਨੇ ਕੇਸ ਦੀ ਟਰਾਇਲ ਸਮੇਂ ਆਖਿਆ ਕਿ ਉਸ ਨੂੰ ਬੱਬਰ ਕਿਸ਼ਨ ਸਿੰਘ ਗੜਗੱਜ ਨੇ ਬੱਬਰ ਮੁਨਸ਼ਾ ਸਿੰਘ ਨੂੰ ਸੁਨੇਹਾ ਦੇਣ ਲਈ ਕਿਹਾ ਸੀ ਕਿ ਬੱਬਰ ਸੰਤਾ ਸਿੰਘ ਤੇ ਬੱਬਰ ਸੱਧਾ ਸਿੰਘ ਨਾਲ ਅਰਜਨ ਸਿੰਘ ਪਟਵਾਰੀ ਪਿੰਡ ਹਰੀਪੁਰ ਨੂੰ ਮਾਰਨ ਲਈ ਜੰਡੂ ਸਿੰਘਾ ਰੇਲਵੇ ਸਟੇਸ਼ਨ 'ਤੇ ਪਹੁੰਚੇ, ਪਰ ਉਸ ਦਿਨ ਪਟਵਾਰੀ ਜਲੰਧਰ ਸ਼ਹਿਰ ਹੀ ਠਹਿਰ ਗਿਆ ਤੇ ਇਹ ਵਾਰਦਾਤ ਨਾ ਕਰ ਸਕੇ। ਬੱਬਰ ਸੱਧਾ ਸਿੰਘ ਦੀ ਸੈਂਟਰਲ ਜੇਲ੍ਹ ਲਾਹੌਰ ਵਿਚ ਮੌਤ ਹੋ ਗਈ ਸੀ।

ਬੱਬਰ ਮੁਨਸ਼ਾ ਸਿੰਘ ਨੇ ਆਪਣੇ ਪਿੰਡ ਦੀ ਅਮਨ ਸਭਾ ਨੂੰ ਨੋਟਿਸ ਦਿੱਤਾ ਸੀ ਕਿ ਅਸੀਂ ਬੱਬਰ ਅਕਾਲੀ ਜਥਾ, ਅਮਨ ਸਭਾ ਦੀ ਮੀਟਿੰਗ ਨਹੀਂ ਹੋਣ ਦੇਵਾਂਗੇ। ਸੁਲਤਾਨੀ ਗਵਾਹ ਨਰੰਜਣ ਸਿੰਘ ਪੁੱਤਰ ਦੇਵਾ ਸਿੰਘ ਪਿੰਡ ਬੋਲੀਨਾ ਨੇ ਵੀ ਮੁਨਸ਼ਾ ਸਿੰਘ ਖਿਲਾਫ ਗਵਾਹੀ ਦਿੱਤੀ ਕਿ ਬੱਬਰ ਕਿਸ਼ਨ ਸਿੰਘ ਗੜਗੱਜ ਨੇ ਉਸ ਰਾਹੀਂ ਬੱਬਰ ਮੁਨਸ਼ਾ ਸਿੰਘ ਨੂੰ ਸੁਨੇਹਾ ਭੇਜਿਆ ਸੀ ਕਿ ਉਸ ਨੂੰ ਆਪਣੇ ਪਿੰਡ ਬਿੜਿੰਗ ਜਾਣ ਵਿਚ ਖਤਰਾ ਹੈ, ਇਸ ਲਈ ਮੁਨਸ਼ਾ ਸਿੰਘ ਉਸ ਦੀ ਪਤਨੀ ਨੂੰ ਆਪਣੇ ਘਰ ਜੌਹਲੀਂ ਲੈ ਆਵੇ ਤਾਂ ਕਿ ਪਤੀ-ਪਤਨੀ ਦੀ ਮੁਲਾਕਾਤ ਹੋ ਸਕੇ।

ਇਕ ਸੁਲਤਾਨੀ ਗਵਾਹ ਜੈਮਲ ਸਿੰਘ ਨੇ ਬਿਆਨ ਦਿੱਤਾ ਕਿ ਬੱਬਰ ਮੁਨਸ਼ਾ ਸਿੰਘ ਮਾਸਟਰ ਮੋਤਾ ਸਿੰਘ ਦੇ ਬਣ ਰਹੇ ਮਕਾਨ ਲਈ ਕਈ ਦਿਨ ਆਪਣੇ ਗੱਡੇ 'ਤੇ ਇੱਟਾਂ ਢੋਂਹਦਾ ਰਿਹਾ। ਇਸ ਗਵਾਹ ਨੇ ਇਹ ਵੀ ਆਖਿਆ ਕਿ ਉਸ ਨੇ ਮੁਨਸ਼ਾ ਸਿੰਘ ਦੇ ਘਰ ਬੱਬਰ ਕਿਸ਼ਨ ਸਿੰਘ ਗੜਗੱਜ, ਬੱਬਰ ਕਰਮ ਸਿੰਘ ਝਿੰਗੜ, ਬੱਬਰ ਸੁੰਦਰ ਸਿੰਘ ਮਖਸੂਸਪੁਰੀ ਬੈਠੇ ਦੇਖੇ ਤੇ ਉਹ ਮੁਨਸ਼ਾ ਸਿੰਘ ਤੋਂ ਅਸਲਾ ਤੇ ਦਾਰੂ ਸਿੱਕਾ ਮੰਗ ਰਹੇ ਸਨ ਤਾਂ ਬੱਬਰ ਨੇ ਕਿਹਾ ਸੀ ਕਿ ਉਹ ਆਪਣੇ ਭਰਾ ਜਵੰਦ ਸਿੰਘ ਤੋਂ ਲਿਆ ਕੇ ਦੇਵੇਗਾ।

ਵਸਾਖ ਜਾਂ ਜੇਠ ਦਾ ਮਹੀਨਾ ਸੀ ਕਿ ਕੁਝ ਬੱਬਰਾਂ ਨੇ ਮੁਨਸ਼ਾ ਸਿੰਘ ਨੂੰ ਹਜ਼ਾਰਾ ਸਿੰਘ ਦੀ ਹਵੇਲੀ ਬੁਲਾ ਕੇ ਪੁੱਛਿਆ ਕਿ ਅਸਲੇ ਦਾ ਕੁਝ ਪ੍ਰਬੰਧ ਹੋਇਆ ਕਿ ਨਹੀਂ; ਮੁਨਸ਼ਾ ਸਿੰਘ ਨੇ ਕਿਹਾ ਕਿ ਅਜੇ ਨਹੀਂ, ਤਾਂ ਉਨ੍ਹਾਂ ਕਿਹਾ ਕਿ ਜਲਦੀ ਕਰ। ਬੱਬਰ ਆਪਣੇ ਭਰਾ ਜਵੰਦ ਸਿੰਘ ਕੋਲ ਬਨੂੰ (ਹੁਣ ਪਾਕਿਸਤਾਨ) ਗਿਆ ਅਤੇ ਉਸ ਤੋਂ ਪੱਕੀ ਰਫਲ ਦੀਆਂ 20 ਗੋਲੀਆਂ ਅਤੇ ਪੰਜ ਬੰਬ ਖਰੀਦ ਲਿਆਇਆ। 20 ਗੋਲੀਆਂ ਤਾਂ ਬੱਬਰ ਕਿਸ਼ਨ ਸਿੰਘ ਗੜਗੱਜ ਨੇ ਆਪਣੇ ਬੈਗ ਵਿਚ ਪਾ ਲਈਆਂ ਤੇ ਬੰਬ ਆਪਣੇ ਪਾਸ ਰੱਖਣ ਲਈ ਕਿਹਾ। ਕੁਝ ਦਿਨ ਪਿਛੋਂ ਬਾਬੂ ਸੰਤਾ ਸਿੰਘ ਦੋ ਬੰਬ ਲੈ ਗਿਆ। ਬਾਬੂ ਸੰਤਾ ਸਿੰਘ ਬਾਕੀ ਤਿੰਨ ਬੰਬ ਲੈਣ ਆਇਆ ਤਾਂ ਮੁਨਸ਼ਾ ਸਿੰਘ ਨੇ ਕਿਹਾ ਕਿ ਉਸ ਦੇ ਭਰਾ ਜਵੰਦ ਸਿੰਘ ਨੇ ਕਿਤੇ ਲੁਕੋ ਦਿੱਤੇ ਹਨ।

ਬੱਬਰ ਦੇ ਕੇਸ ਦਾ ਫੈਸਲਾ ਐਡੀਸ਼ਨਲ ਸੈਸ਼ਨ ਜੱਜ ਮਿਸਟਰ ਜੇ.ਕੇ. ਟੱਪ ਨੇ ਸੁਣਾਇਆ ਕਿ ਇੰਡੀਅਨ ਪੀਨਲ ਕੋਡ ਦੀਆਂ ਧਾਰਾਵਾਂ 120-ਬੀ/115 ਅਧੀਨ ਮੁਨਸ਼ਾ ਸਿੰਘ ਨੂੰ ਦੋਸ਼ੀ ਠਹਿਰਾਇਆ ਜਾਂਦਾ ਹੈ। ਮੁਲਜ਼ਮ ਨੇ ਬੱਬਰ ਅਕਾਲੀ ਸਾਜ਼ਿਸ਼ ਵਿਚ ਹਿੱਸਾ ਲਿਆ ਹੈ, ਇਸ ਲਈ ਇਸ ਨੂੰ ਪੰਜ ਸਾਲ ਸਖਤ ਕੈਦ ਦੀ ਸਜ਼ਾ ਦਿੱਤੀ ਜਾਂਦੀ ਹੈ। ਇਹ ਪਹਿਲੇ ਤਿੰਨ ਮਹੀਨੇ ਕੋਠੜੀ ਵਿਚ ਬੰਦ ਰਹੇਗਾ। ਇਕ ਸੌ ਰੁਪਏ ਜੁਰਮਾਨਾ ਕੀਤਾ ਜਾਂਦਾ ਹੈ। ਜੇ ਜੁਰਮਾਨਾ ਨਾ ਅਦਾ ਕਰੇ, ਤਾਂ ਇਕ ਸਾਲ ਹੋਰ ਸਜ਼ਾ ਭੁਗਤੇਗਾ। ਆਰਮਜ਼ ਐਕਟ ਤਹਿਤ ਮਿਲਟਰੀ ਸਟੋਰ ਤੋਂ ਗੋਲੀਆਂ ਅਤੇ ਹੋਰ ਦਾਰੂ ਸਿੱਕਾ ਰੱਖਣ ਦੀ ਪੰਜ ਸਾਲ ਸਖਤ ਕੈਦ ਅਤੇ ਇਕ ਸੌ ਰੁਪਏ ਜੁਰਮਾਨਾ ਕੀਤਾ ਜਾਂਦਾ ਹੈ। ਪਹਿਲੇ ਤਿੰਨ ਮਹੀਨੇ ਕੋਠੜੀ ਵਿਚ ਬੰਦ ਰਹੇਗਾ। ਜੁਰਮਾਨਾ ਨਾ ਭਰਨ ਦੀ ਸੂਰਤ ਵਿਚ ਇਕ ਸਾਲ ਹੋਰ ਸਜ਼ਾ ਭੁਗਤਣੀ ਪਵੇਗੀ।

ਬੱਬਰ ਮੁਨਸ਼ਾ ਸਿੰਘ ਨੇ ਅਪੀਲ ਕੀਤੀ ਤਾਂ ਉਸ ਦੀ ਸਜ਼ਾ ਉਮਰ ਕੈਦ ਵਿਚ ਬਦਲ ਦਿੱਤੀ ਗਈ। ਬੱਬਰ 11 ਜੂਨ 1936 ਨੂੰ ਉਮਰ ਕੈਦ ਭੁਗਤ ਕੇ ਆਇਆ ਤਾਂ ਇਲਾਕੇ ਦੇ ਲੋਕਾਂ ਨੇ ਉਨ੍ਹਾਂ ਦਾ ਬੜੇ ਜੋਸ਼-ਓ-ਖਰੋਸ਼ ਨਾਲ ਸਵਾਗਤ ਕੀਤਾ। ਜੇਲ੍ਹਾਂ ਭੁਗਤ ਕੇ ਆਏ ਬਾਕੀ ਬੱਬਰਾਂ ਵਾਂਗ ਉਹ ਵੀ ਜਨਤਕ ਜਥੇਬੰਦੀਆਂ ਦੀ ਉਸਾਰੀ ਵਿਚ ਪੂਰੀ ਤਨਦੇਹੀ ਨਾਲ ਕੁੱਦ ਪਿਆ। 5 ਜੁਲਾਈ 1938 ਨੂੰ ਗੁਰਦੁਆਰਾ ਬੰਦਾ ਸਿੰਘ ਬਹਾਦਰ (ਨੇੜੇ ਪਤਾਰਾ) ਵਿਚ ਕਿਸਾਨ ਸਭਾ ਦੀ ਸਥਾਪਨਾ ਦੇ ਸਬੰਧ ਵਿਚ ਇਲਾਕੇ ਦੇ ਦੇਸ਼ ਭਗਤਾਂ ਅਤੇ ਕਿਸਾਨ ਆਗੂਆਂ ਦਾ ਇਕੱਠ ਹੋਇਆ ਜਿਸ ਵਿਚ ਬੱਬਰ ਮੁਨਸ਼ਾ ਸਿੰਘ ਤਹਿਸੀਲ ਜਲੰਧਰ ਦੇ ਪ੍ਰਧਾਨ ਚੁਣੇ ਗਏ।

ਦੂਜੇ ਸੰਸਾਰ ਯੁੱਧ ਸਮੇਂ ਅੰਗਰੇਜ਼ ਸਰਕਾਰ ਨੇ ਦੇਸ਼ ਭਰ ਦੇ ਇਨਕਲਾਬੀਆਂ ਨੂੰ ਧੜਾ-ਧੜ ਗ੍ਰਿਫਤਾਰ ਕਰ ਕੇ ਦਿਉਲੀ ਕੈਂਪ ਜੇਲ੍ਹ ਵਿਚ ਬੰਦ ਕਰ ਦਿੱਤਾ। ਬੱਬਰ ਮੁਨਸ਼ਾ ਸਿੰਘ ਨੂੰ ਵੀ ਇਸ ਜੇਲ੍ਹ ਵਿਚ ਬੰਦ ਕੀਤਾ ਗਿਆ। ਜੇਲ੍ਹਾਂ ਦੀਆਂ ਮਾੜੀਆਂ ਹਾਲਤਾਂ, ਭੁੱਖ ਹੜਤਾਲਾਂ ਅਤੇ ਪੁਲਿਸ ਤਸ਼ੱਦਦ ਕਾਰਨ ਉਨ੍ਹਾਂ ਦੀ ਸਿਹਤ ਵਿਗੜ ਗਈ। ਸੰਨ 1944 ਦੇ ਦੁਸਹਿਰੇ ਵਾਲੇ ਦਿਨ ਉਨ੍ਹਾਂ ਦੀ ਮੌਤ ਹੋ ਗਈ। ਬੱਬਰ ਗੁਜਰਾਤ ਜੇਲ੍ਹ (ਪਾਕਿਸਤਾਨ) 'ਚ ਸ਼ਹੀਦ ਹੋ ਗਿਆ ਸੀ। ਉਸ ਦੀ ਦੇਹ ਪਿੰਡ ਜੌਹਲੀਂ ਲਿਆਂਦੀ ਗਈ ਤੇ ਲੋਕਾਂ ਨੇ ਪਿੰਡ ਦੇ ਸ਼ਮਸ਼ਾਨਘਾਟ ਉਨ੍ਹਾਂ ਦਾ ਅੰਤਿਮ ਸਸਕਾਰ ਕੀਤਾ।

ਗਦਰ ਲਹਿਰ ਅਤੇ ਬੱਬਰ ਅਕਾਲੀ ਲਹਿਰ ਦੇ ਇਤਿਹਾਸ ਦਾ ਖਜ਼ਾਨਾ, ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਦੇ ਸਕੱਤਰ ਚਰੰਜੀ ਲਾਲ ਨੇ ਮੇਰੀ ਪੁਸਤਕ 'ਬੱਬਰ ਅਕਾਲੀਆਂ ਦੀਆਂ ਜੀਵਨੀਆਂ' ਦੇ ਪੰਨਾ 27 ਉਤੇ ਲਿਖੀ ਭੂਮਿਕਾ ਵਿਚ ਇਸ ਤਰ੍ਹਾਂ ਲਿਖਿਆ ਹੈ, "ਜਲੰਧਰ ਛਾਉਣੀ ਵੱਲੋਂ ਹੁਸ਼ਿਆਰਪੁਰ ਵਾਲੀ ਸੜਕ ਤੋਂ ਕੁੱਲੀ ਵਾਲੇ ਮਸਤ ਕਲੰਦਰ (ਜੈਤੇਵਾਲੀ) ਤੱਕ ਜਾਂਦੀ ਸੜਕ ਦਾ ਨਾਂ ਸ਼ਹੀਦ ਮੁਨਸ਼ਾ ਸਿੰਘ ਜੌਹਲ ਰੱਖਿਆ ਗਿਆ ਸੀ ਜੋ ਸਰਕਾਰੀ ਰਿਕਾਰਡ ਵਿਚ ਅਜੇ ਵੀ ਦਰਜ ਹੈ, ਪਰ ਸਿਆਸੀ ਪਹੁੰਚ ਵਾਲੇ ਕੁਝ ਸਥਾਨਕ ਵਿਅਕਤੀਆਂ ਨੇ ਇਸ ਨੂੰ ਸੰਤ ਕਪੂਰ ਸਿੰਘ ਮਾਰਗ ਬਣਾ ਦਿੱਤਾ ਹੈ। ਉਨ੍ਹਾਂ ਮਹਾਨ ਸ਼ਹੀਦਾਂ ਪ੍ਰਤੀ ਇਹ ਅਕ੍ਰਿਤਘਣਤਾ ਦਾ ਪ੍ਰਮਾਣ ਹੈ।"

# ਜਿਉਂਦੀਆਂ ਰਹਿਣ ਜੀਆ ਔਰ ਜੀਆ

ਗੁਰਬੀਰ ਚਾਨਾ

ਫ਼ਿਲਮ 'ਜੀਆ ਔਰ ਜੀਆ' ਹੋਣਹਾਰ ਕੋਰੀਓਗ੍ਰਾਫ਼ਰ ਹਾਵਰਡ ਰੋਜ਼ਮੇਅਰ ਦੀ ਪਲੇਠੀ ਫਿਲਮ ਹੈ। ਇਹ ਫਿਲਮ ਉਸ ਨੇ ਮਸ਼ਹੂਰ ਅਦਾਕਾਰ ਦੇਵ ਅਨੰਦ ਅਤੇ ਉਘੇ ਗਾਇਕ ਮੁਹੰਮਦ ਰਫ਼ੀ ਨੂੰ ਸਮਰਪਿਤ ਕੀਤੀ ਹੈ। ਇਸ ਸਮਰਪਣ ਦੀ ਅਸਲ ਕਹਾਣੀ ਅਦਾਕਾਰ ਦੇਵ ਆਨੰਦ ਅਤੇ ਅਦਾਕਾਰਾ ਆਸ਼ਾ ਪਾਰਿਖ ਦੀ 1961 ਵਿਚ ਬਣੀ ਫਿਲਮ 'ਜਬ ਪਿਆਰ ਕਿਸੀ ਸੇ ਹੋਤਾ ਹੈ' ਨਾਲ ਸਬੰਧਤ ਹੈ। ਇਸ ਫਿਲਮ ਦਾ ਗੀਤ ਹਾਵਰਡ ਰੋਜ਼ਮੇਅਰ ਨੇ ਆਪਣੀ ਫਿਲਮ 'ਜੀਆ ਔਰ ਜੀਆ' ਵਿਚ ਖੂਬ ਵਰਤਿਆ ਹੈ। ਇਹ ਗੀਤ ਮੁਹੰਮਦ ਰਫ਼ੀ ਨੇ ਗਾਇਆ ਸੀ ਅਤੇ ਇਸ ਦਾ ਸੰਗੀਤ ਤਿਆਰ ਕੀਤਾ ਸੀ ਉਘੇ ਸੰਗੀਤਕਾਰ ਸ਼ੰਕਰ ਜੈਕਿਸ਼ਨ ਨੇ। ਹਾਵਰਡ ਰੋਜ਼ਮੇਅਰ ਮੁਤਾਬਕ, ਉਹ ਇਸ ਗੀਤ ਨੂੰ ਕਿਸੇ ਨਾ ਕਿਸੇ ਢੰਗ ਨਾਲ ਆਪਣੀ ਫਿਲਮ ਦਾ ਆਧਾਰ ਬਣਾਉਣਾ ਚਾਹੁੰਦਾ ਸੀ ਅਤੇ ਹੁਣ ਆਣ ਕੇ ਉਸ ਦਾ ਇਹ ਸੁਪਨਾ 'ਜੀਆ ਔਰ ਜੀਆ' ਫਿਲਮ ਬਣਾ ਕੇ ਪੂਰਾ ਹੋਇਆ ਹੈ। ਇਸ ਫਿਲਮ ਵਿਚ ਇਹ ਗੀਤ ਜਿਓਤਿਕਾ ਤਾਂਗੜੀ ਅਤੇ ਰਾਸ਼ਿਦ ਅਲੀ ਨੇ ਗਾਇਆ ਹੈ। ਇਸ ਦਾ ਫਿਲਮਾਂਕਣ ਮੁੰਬਈ ਵਿਚ ਹੀ ਕੀਤਾ ਗਿਆ ਹੈ। ਇਸ ਫਿਲਮ ਵਿਚ ਮੁੱਖ ਭੂਮਿਕਾਵਾਂ ਰਿਚਾ ਚੱਢਾ ਅਤੇ ਕਾਲਕੀ ਕੋਇਚਲਿਨ ਦੀਆਂ ਹਨ ਅਤੇ ਇਹ ਫਿਲਮ 27 ਅਕਤੂਬਰ ਨੂੰ ਰਿਲੀਜ਼ ਹੋ ਰਹੀ ਹੈ। ਯਾਦ ਰਹੇ ਕਿ ਦੋਵੇਂ ਅਦਾਕਾਰਾਵਾਂ ਫਿਲਮ ਸਨਅਤ ਵਿਚ ਆਪਣੀ ਵੱਖਰੀ, ਨਿਆਰੀ ਤੇ ਨਿਵੇਕਲੀ ਥਾਂ ਰੱਖਦੀਆਂ ਹਨ। ਫਿਲਮ ਦੀ ਕਹਾਣੀ ਦੋ ਕੁੜੀਆਂ ਦੁਆਲੇ ਘੁੰਮਦੀ ਹੈ। ਦੋਵੇਂ ਇਕ ਸਫ਼ਰ ਦੌਰਾਨ ਸਹੇਲੀਆਂ ਬਣਦੀਆਂ ਹਨ ਅਤੇ ਇਕਫਾਕਵਸ ਉਨ੍ਹਾਂ ਨੂੰ ਇਕੱਠਿਆਂ ਵੀ ਰਹਿਣਾ ਪੈਂਦਾ ਹੈ। ਦੋਹਾਂ ਕੁੜੀਆਂ ਦੇ ਸੁਭਾਅ ਕਿਉਂਕਿ ਐਨ ਇਕ ਦੂਜੇ ਤੋਂ ਉਲਟ ਹਨ, ਇਸ ਲਈ ਦੋਹਾਂ ਵਿਚਕਾਰ ਕੋਈ ਨਾ ਕੋਈ ਰੱਫੜ ਪਿਆ ਹੀ ਰਹਿੰਦਾ ਹੈ। ਬੱਸ ਇਨ੍ਹਾਂ ਦੋਹਾਂ ਦੇ ਤਕਰਾਰ, ਪਿਆਰ ਅਤੇ ਇਕ ਦੂਜੀ ਨੂੰ ਸਮਝਣ-ਸਮਝਾਉਣ ਨੂੰ ਆਧਾਰ ਬਣਾ ਕੇ ਹੀ ਹਾਵਰਡ ਰੋਜ਼ਮੇਅਰ ਨੇ ਇਹ ਕਹਾਣੀ ਬਣਾਈ ਹੈ। ਜਿਥੇ ਕਿਤੇ ਵੀ ਇਹ ਫਿਲਮ ਦਿਖਾਈ ਗਈ , ਦੋਹਾਂ ਅਦਾਕਾਰਾਵਾਂ ਦੇ ਨਾਲ ਨਾਲ ਫਿਲਮਸਾਜ਼ ਦੀ ਵੀ ਭਰਵੀਂ ਸ਼ਲਾਘਾ ਹੋਈ ਹੈ। ਇਹ ਫਿਲਮ ਕਰ ਕੇ ਕਾਲਕੀ ਕੋਇਚਲਿਨ ਅਤੇ ਰਿਚਾ ਚੱਢਾ ਵੀ ਬਹੁਤ ਖੁਸ਼ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਉਹ ਮਹਿਜ਼ ਫਿਲਮਾਂ ਬਣਾਉਣ ਲਈ ਫਿਲਮਾਂ ਵਿਚ ਕੰਮ ਨਹੀਂ ਕਰਦੀਆਂ, ਸਗੋਂ ਫਿਲਮ ਵਿਚ ਕੋਈ ਨਾ ਕੋਈ ਸੁਨੇਹਾ ਵੀ ਹੋਣਾ ਚਾਹੀਦਾ ਹੈ। ਦੋਹਾਂ ਅਦਾਕਾਰਾਵਾਂ ਦਾ ਰਿਕਾਰਡ ਦੱਸਦਾ ਹੈ ਕਿ ਉਨ੍ਹਾਂ ਨੇ ਆਪਣੇ ਇਨ੍ਹਾਂ ਵਿਚਾਰਾਂ ਉਤੇ ਸਦਾ ਪਹਿਰਾ ਦਿੱਤਾ ਹੈ ਅਤੇ ਦਰਸ਼ਕਾਂ ਨੂੰ ਵਧੀਆ ਫਿਲਮਾਂ ਦੇਖਣ ਲਈ ਦਿੱਤੀਆਂ ਹਨ। ਪਿਛੇ ਜਿਹੇ ਰਿਚਾ ਚੱਢਾ ਦੀ ਫਿਲਮ 'ਮਸਾਨ' ਦੀ ਖੂਬ ਤਾਰੀਫ ਹੋਈ ਸੀ ਅਤੇ ਉਸ ਨੂੰ ਇਸ ਫਿਲਮ ਵਿਚ ਅਦਾਕਾਰੀ ਬਦਲੇ 'ਸਟਾਰਡਸਟ ਇਨਾਮ' ਵੀ ਮਿਲਿਆ ਸੀ। ਇਸੇ ਤਰ੍ਹਾਂ ਕਾਲਕੀ ਕੋਇਚਲਿਨ ਦੀ ਫਿਲਮ 'ਮਾਰਗਰੀਟਾ ਵਿਦ ਏ ਸਟਰਾਅ' ਦੀ ਵੀ ਖੂਬ ਪ੍ਰਸ਼ੰਸਾ ਹੋਈ ਸੀ। ਇਹ ਫਿਲਮ ਉਸ ਅਪਾਹਜ ਕੁੜੀ ਦੀ ਕਹਾਣੀ ਹੈ ਜੋ ਜ਼ਿੰਦਗੀ ਨੂੰ ਪੂਰੀ ਭਰਪੂਰਤਾ ਨਾਲ ਜਿਊਣਾ ਲੋਚਦੀ ਹੈ। ਆਪਣੀ ਇਹੀ ਇੱਛਾ ਪੂਰੀ ਕਰਨ ਲਈ ਉਹ ਸਫ਼ਰ ਉਤੇ ਨਿਕਲ ਪੈਂਦੀ ਹੈ। ਅੱਜ ਕੱਲ੍ਹ ਰਿਚਾ ਅਤੇ ਕਾਲਕੀ 'ਜੀਆ ਔਰ ਜੀਆ' ਦੇ ਪ੍ਰਚਾਰ ਲਈ ਨਿਕਲੀਆਂ ਹੋਈਆਂ ਹਨ ਅਤੇ ਇਸ ਸਫ਼ਰ ਦੌਰਾਨ ਵੀ ਇਹ ਇਕ ਦੂਜੇ ਤੋਂ ਵਾਹਵਾ ਕੁਝ ਸਿੱਖ ਰਹੀਆਂ ਹਨ। ਰਿਚਾ ਚੱਢਾ ਕਾਲਕੀ ਕੋਇਚਲਿਨ ਤੋਂ ਫਰਾਂਸੀਸੀ ਅਤੇ ਕਾਲਕੀ ਰਿਚਾ ਤੋਂ ਪੰਜਾਬੀ ਸਿੱਖ ਰਹੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਫਿਲਮ ਦੇ ਪ੍ਰਚਾਰ ਦਾ ਇਹ ਸਫਰ ਵੀ ਉਨ੍ਹਾਂ ਨੂੰ ਫਿਲਮ ਵਿਚਲੀਆਂ ਦੋਹਾਂ ਕੁੜੀਆਂ ਦੇ ਕਿਰਦਾਰਾਂ ਵਾਂਗ ਹੀ ਉਤਸ਼ਾਹ ਦੇ ਰਿਹਾ ਹੈ।



ਫਿਲਮ 'ਜੀਆ ਔਰ ਜੀਆ' ਦਾ ਨਿਰਦੇਸ਼ਕ ਹਾਵਰਡ ਰੋਜ਼ਮੇਅਰ।



# ਹੁਣ ਅਨੂਪਮ ਖੇਰ ਦੀ ਵਾਰੀ



ਜਗਜੀਤ ਸਿੰਘ ਸੇਖੋਂ

ਪੂਣੇ ਦੀ ਭਾਰਤੀ ਫਿਲਮ ਤੇ ਟੈਲੀਵਿਜ਼ਨ ਇੰਸਟੀਚਿਊਟ (ਐਫ.ਟੀ.ਆਈ.ਆਈ.) ਦੇ ਵਿਦਿਆਰਥੀਆਂ ਨੇ ਨਵ ਨਿਯੁਕਤ ਚੇਅਰਮੈਨ ਅਨੂਪਮ ਖੇਰ ਨੂੰ ਖੁੱਲ੍ਹੀ ਚਿੱਠੀ ਲਿਖ ਕੇ ਇਸ ਸੰਸਥਾ ਵਿਚ ਥੋੜ੍ਹ ਚਿਰੇ ਕੋਰਸ ਸ਼ੁਰੂ ਕਰਨ ਦਾ ਵਿਰੋਧ ਕੀਤਾ ਹੈ ਅਤੇ ਹੋਰ ਮੁੱਦਿਆਂ ਵੱਲ ਧਿਆਨ ਦਿਵਾਇਆ ਹੈ। ਅਨੂਪਮ ਖੇਰ (62) ਨੂੰ ਸੂਚਨਾ ਤੇ ਪ੍ਰਸਾਰਨ ਮੰਤਰਾਲੇ ਅਧੀਨ ਚੱਲਦੀ ਇਸ ਖੁਦਮੁਖਤਾਰ ਸੰਸਥਾ ਦਾ ਚੇਅਰਮੈਨ ਨਿਯੁਕਤ ਕੀਤਾ ਗਿਆ ਹੈ। ਉਨ੍ਹਾਂ ਭਾਰਤੀ ਜਨਤਾ ਪਾਰਟੀ ਨਾਲ ਜੁੜੇ ਗਜੇਂਦਰ ਚੌਹਾਨ ਦੀ ਥਾਂ ਲਈ ਹੈ ਜਿਸ ਦੀ ਨਿਯੁਕਤੀ 'ਤੇ ਬਹੁਤ ਰੌਲਾ ਪਿਆ ਸੀ ਅਤੇ ਵਿਦਿਆਰਥੀਆਂ ਨੇ 139 ਦਿਨ ਲੰਮੀ ਹੜਤਾਲ ਚਲਾਈ ਸੀ।

ਹੁਣ ਵਿਦਿਆਰਥੀਆਂ ਨੇ ਚਿੱਠੀ ਵਿਚ ਲਿਖਿਆ ਕਿ ਐਫ.ਟੀ.ਆਈ.ਆਈ. ਨੂੰ ਫਿਲਮ ਨਿਰਮਾਣ ਦੇ ਵੱਖ ਵੱਖ ਪਹਿਲੂ ਸਿਖਾਉਣ ਲਈ ਸ਼ੁਰੂ ਕੀਤਾ ਗਿਆ ਸੀ, ਪਰ ਹੁਣ ਫੰਡ ਜੁਟਾਉਣ ਲਈ ਇਸ ਨੂੰ ਹੌਲੀ ਹੌਲੀ ਥੋੜ੍ਹ ਚਿਰੇ ਕੋਰਸ ਕਰਵਾਉਣ ਵਾਲੇ ਸਕੂਲ ਵਿਚ ਤਬਦੀਲ ਕੀਤਾ ਜਾ ਰਿਹਾ ਹੈ। ਚਿੱਠੀ ਉਤੇ ਐਫ.ਟੀ.ਆਈ.ਆਈ. ਸਟੂਡੈਂਟਸ ਐਸੋਸੀਏਸ਼ਨ (ਐਫ.ਐਸ.ਏ.) ਦੇ ਪ੍ਰਧਾਨ ਰੌਬਿਨ ਜੌਇ ਅਤੇ ਜਨਰਲ ਸਕੱਤਰ ਰੋਹਿਤ ਕੁਮਾਰ ਦੇ ਦਸਤਖ਼ਤ ਹਨ। ਵਿਦਿਆਰਥੀਆਂ ਨੇ ਕਿਹਾ ਹੈ, "ਸਾਡਾ ਮੰਨਣਾ ਹੈ ਕਿ ਥੋੜ੍ਹ ਚਿਰੇ ਕੋਰਸਾਂ ਵਿਚ ਫਿਲਮ ਨਿਰਮਾਣ ਦੀ ਸਮੁੱਚੀ ਜਾਣਕਾਰੀ ਹਾਸਲ ਨਹੀਂ ਕੀਤੀ ਜਾ ਸਕਦੀ।" ਐਸੋਸੀਏਸ਼ਨ ਨੇ ਕਿਹਾ ਕਿ ਸਮਾਜ ਦੇ ਸਾਰੇ ਵਰਗਾਂ ਦੇ ਵਿਦਿਆਰਥੀਆਂ ਨੂੰ ਸਿੱਖਿਆ ਦੇ ਰਹੀ ਸਰਕਾਰੀ ਸੰਸਥਾ ਨੂੰ ਫੰਡ ਇਕੱਠੇ ਕਰਨ ਦੇ ਏਜੰਡੇ ਨਾਲ ਨਹੀਂ ਚਲਾਇਆ ਜਾਣਾ ਚਾਹੀਦਾ। ਉਨ੍ਹਾਂ ਸਥਾਪਨਾ ਦਿਵਸ ਅਤੇ ਅਕਾਦਮਿਕ ਵਰ੍ਹੇ ਦੀ ਸ਼ੁਰੂਆਤ ਵਾਲੇ ਸਮਾਰੋਹਾਂ ਉਤੇ ਵੀ ਇਤਰਾਜ਼ ਜ਼ਾਹਰ ਕੀਤਾ ਹੈ।

ਦੂਜੇ ਬੰਨੇ, ਅਨੂਪਮ ਖੇਰ ਨੇ ਕਿਹਾ ਕਿ ਉਹ ਇਸ ਸੰਸਥਾ ਦੇ ਵਿਦਿਆਰਥੀਆਂ ਨਾਲ ਉਨ੍ਹਾਂ ਦੀਆਂ ਸਾਰੀਆਂ ਮੁਸ਼ਕਲਾਂ ਸਬੰਧੀ ਵਿਚਾਰ-ਵਟਾਂਦਰੇ ਲਈ ਤਿਆਰ ਹਨ। ਯਾਦ ਰਹੇ ਕਿ ਅਨੂਪਮ ਖੇਰ 1978 ਵਿਚ ਇਸ ਸੰਸਥਾ ਦੇ ਵਿਦਿਆਰਥੀ ਰਹਿ ਚੁੱਕੇ ਹਨ ਅਤੇ ਉਨ੍ਹਾਂ ਅਦਾਕਾਰੀ ਦੇ ਖੇਤਰ ਵਿਚ ਵੀ ਚੋਖਾ ਨਾਂ ਕਮਾਇਆ ਹੈ, ਪਰ ਸੱਤਾਧਾਰੀ ਭਾਰਤੀ ਜਨਤਾ ਪਾਰਟੀ ਨਾਲ ਜੁੜਨ ਕਰ ਕੇ ਉਨ੍ਹਾਂ ਉਤੇ ਲਗਾਤਾਰ ਸਵਾਲਾਂ ਦੀ ਵਾਛੜ ਹੋ ਰਹੀ ਹੈ। ਪਿਛੇ ਜਿਹੇ ਜਦੋਂ ਅਸਹਿਣਸ਼ੀਲਤਾ ਦੇ ਖਿਲਾਫ ਲਿਖਾਰੀ ਉਠ ਖਲੋਏ ਸਨ ਅਤੇ ਫਿਲਮੀ ਕਲਾਕਾਰਾਂ ਨੇ ਵੀ ਇਨ੍ਹਾਂ ਦਾ ਸਾਥ ਦਿੱਤਾ ਸੀ, ਤਾਂ ਅਨੂਪਮ ਖੇਰ ਨੇ ਸਰਕਾਰ ਦੇ ਹੱਕ ਵਿਚ ਦਿੱਲੀ ਵਿਚ ਮਾਰਚ ਕੱਢਿਆ ਸੀ ਜਿਸ ਵਿਚ ਬਾਕਾਇਦਾ ਐਲਾਨ ਕਤਿਾ ਗਿਆ ਸੀ ਕਿ ਅਸਹਿਣਸ਼ੀਲਤਾ ਦਾ ਬਹਾਨਾ ਬਣਾ ਕੇ ਹਾਲਾਤ ਕਾਂਗਰਸ ਦੇ ਹੱਕ ਵਿਚ ਭੁਗਤਾਉਣ ਦੇ ਯਤਨ ਕੀਤੇ ਜਾ ਰਹੇ ਹਨ। ਉਨ੍ਹਾਂ ਦੀ ਇਸ ਸੌੜੀ ਪਹੁੰਚ ਦੀ ਉਦੋਂ ਨੁਕਤਾਚੀਨੀ ਹੋਈ ਸੀ।

# ਬੌਬੀ ਦਿਓਲ: ਹੁਣ ਸਿਰਫ ਇਕ ਫਿਲਮ ਦੀ ਖੁਸ਼ੀ

ਗੁਰਜੰਟ ਸਿੰਘ

ਸਲਮਾਨ ਖ਼ਾਨ ਦੀ ਨਵੀਂ ਫਿਲਮ 'ਰੇਸ 3' ਜੋ ਅਗਲੇ ਸਾਲ ਈਦ ਮੌਕੇ ਰਿਲੀਜ਼ ਹੋਣੀ ਹੈ, ਵਿਚ ਬੌਬੀ ਦਿਓਲ ਵੀ ਅਹਿਮ ਭੂਮਿਕਾ ਨਿਭਾਏਗਾ। 'ਪੋਸਟਰ ਬੁਆਇਜ਼' ਨਾਲ ਵੱਡੇ ਪਰਦੇ 'ਤੇ ਮੁੜ ਪਰਤੇ ਬੌਬੀ ਨੇ ਫਿਲਮ ਦਾ ਹਿੱਸਾ ਬਣਾਉਣ ਲਈ ਟਵਿਟਰ ਉਤੇ ਫਿਲਮਸਾਜ਼ ਰਮੇਸ਼ ਤੋਰਾਨੀ ਦਾ ਧੰਨਵਾਦ ਕੀਤਾ। ਇਸ ਤੋਂ ਪਹਿਲਾਂ ਤੋਰਾਨੀ ਨੇ ਟਵੀਟ ਕਰ ਕੇ ਬੌਬੀ ਦਿਓਲ ਨੂੰ 'ਰੇਸ 3' ਦਾ ਹਿੱਸਾ ਬਣਨ ਦੀ ਜਾਣਕਾਰੀ ਦਿੱਤੀ ਸੀ। ਸਲਮਾਨ ਅਤੇ ਬੌਬੀ ਤੋਂ ਇਲਾਵਾ ਜੈਕੁਲੀਨ ਫਰਨਾਂਡਿਜ਼ ਵੀ ਫਿਲਮ ਵਿਚ ਭੂਮਿਕਾ ਨਿਭਾਏਗੀ। ਇਸ ਐਕਸ਼ਨ ਥ੍ਰਿਲਰ ਫਿਲਮ ਵਿਚ ਸੈਫ਼ ਅਲੀ ਖ਼ਾਨ ਦੀ ਥਾਂ ਸਲਮਾਨ ਮੁੱਖ ਕਿਰਦਾਰ ਨਿਭਾਉਣਗੇ। ਜੈਕੁਲੀਨ ਨੇ 2013 ਵਿਚ ਆਈ 'ਰੇਸ 2' ਵਿਚ ਵੀ ਕੰਮ ਕੀਤਾ ਸੀ। ਪਿਛਲੀਆਂ ਫਿਲਮਾਂ ਦਾ ਅੱਬਾਸ-ਮਸਤਾਨ ਨੇ ਨਿਰਦੇਸ਼ਨ ਕੀਤਾ ਸੀ, ਤੀਜੀ ਫਿਲਮ ਰੇਮੋ ਡੀਸੂਜ਼ਾ ਬਣਾਉਣਗੇ।




ਬੌਬੀ ਦਾ ਫਿਲਮੀ ਕਰੀਅਰ 1985 ਵਿਚ ਫਿਲਮ 'ਬਰਸਾਤ' ਨਾਲ ਸ਼ੁਰੂ ਹੋਇਆ ਸੀ, ਪਰ ਪਿਛਲੇ 20-22 ਸਾਲਾਂ ਵਿਚ ਉਹ ਫਿਲਮ ਸਨਅਤ ਵਿਚ ਆਪਣਾ ਨਾਂ ਬਣਾਉਣ ਵਿਚ ਅਸਫ਼ਲ ਹੀ ਰਿਹਾ। ਉਸ ਦੇ ਪਿਤਾ ਧਰਮਿੰਦਰ ਅਤੇ ਵੱਡੇ ਭਰਾ ਸਨੀ ਦਿਓਲ ਨੇ ਉਸ ਦੇ ਕਰੀਅਰ ਨੂੰ ਠੁੰਮਣਾ ਦੇਣ ਦੀ ਬੜੀ ਕੋਸ਼ਿਸ਼ ਕੀਤੀ, ਪਰ ਉਹ ਕੁਝ ਖਾਸ ਨਹੀਂ ਕਰ ਸਕਿਆ। ਇਸੇ ਸਾਲ ਉਸ ਦੀ ਫਿਲਮ 'ਪੋਸਟਰ ਬੁਆਇਜ਼' ਰਿਲੀਜ਼ ਹੋਈ, ਪਰ ਇਹ ਫਿਲਮ ਸਿਰਫ਼ 18 ਕਰੋੜ ਰੁਪਏ ਹੀ ਕਮਾ ਸਕੀ। ਦਰਸ਼ਕਾਂ ਨੂੰ ਇਸ ਫਿਲਮ ਦੀ ਕਹਾਣੀ ਵੀ ਪਸੰਦ ਨਹੀਂ ਆਈ। ਇਸ ਵਿਚ ਸਨੀ ਦਿਓਲ ਵੀ ਸੀ। ਹੁਣ ਅਗਲੇ ਸਾਲ ਉਸ ਦੀ ਫਿਲਮ 'ਯਮਲਾ ਪਗਲਾ ਦੀਵਾਨਾ' ਆ ਰਹੀ ਹੈ। ਅਸਲ ਵਿਚ ਅੱਜ ਦੇ ਭਿਅੰਕਰ ਮੁਕਾਬਲੇ ਵਿਚ ਬੌਬੀ ਦਿਓਲ ਦੇ ਪੈਰ ਨਹੀਂ ਲੱਗ ਰਹੇ। ਇਸੇ ਕਰ ਕੇ ਹੁਣ ਉਸ ਨੂੰ 'ਰੇਸ 3' ਵਰਗੀਆਂ ਫਿਲਮਾਂ ਮਿਲਣ 'ਤੇ ਅਪਾਰ ਖੁਸ਼ੀ ਜ਼ਾਹਿਰ ਕਰਨੀ ਪੈ ਰਹੀ ਹੈ।




Sikh Sports Association of USA proudly holding



11TH ANNIVERSARY

# Guru Nanak Marathon

## November 11, 2017

## Quarry Lakes

2100 Isherwood Way, Fremont, CA 94536

**Events**

- 13 miles race • 5K race
- 2 miles walk • 2 miles race Age group (12 and 14)

Race will start at 9am.

**Register: www.sikhsports.com 1-866-499-0032**

Sikh sports is non-profit organization. Please mail your donation check to:
Sikh Sports 4430 Deer Field Way Danville, CA 94506

## GRAND SPONSORS

Inder S. Dosanjh, Southport Marketing ,Inc
Lachman S. Mangat, A1 Armor Self Storage, LLC
Dr. Jasbir S. Gill, M.D.
Jaggi Kapoor, Bonfare Markets
Monu Singh, CEO, Golden Gate Restaurant Group, Inc.
Habans S. Ahluwalia, Collective Management Services
MTC Distributing, Modesto
Parvinder Singh Hundal, Hundal Farms
Gakhal Brothers, A&I Trucking & Gold Gym
Indian Care Association
Mann Brothers, Mann Insurance Brokers, Inc.
Jaswinder S. Gill, Golden State Realty Fremont

## DIAMOND SPONSORS

- Ajay Pal S Dhillon Pleasanton
- Akki Patel Subway Development San Rafeal
- Baljit Billy Bath CEO Iron Systems Pleasanton
- Bhupinder Singh & Balbir Kaur Sull San Ramon
- Captain Karanjit S Aulakh
- Dr. Charanjit Singh Uppal - Uppal Dental Care Hayward
- Kuljit Singh Tracy
- Dr. Gurpartap S Basrai Fremont Haller's Pharmacy Fremont
- Dr. Baljeet S Grewal
- Harpreet (Harry) Sidhu
- Jas Dhaliwal
- Naveep S Grewal Pleasanton
- Raja Sweets & Indian Cuisine Union City
- Sanjiv Kumar Garg ITBOONS LLC
- Sardool Singh Samra Subway Development SF
- Sundeep S Virk Union City
- Surjit s Tutt Lassen Farms LLC

Davinder S Bhella, Dr. R.K. Janmeja Singh PH.D Dublin, Alok Bhatia Canvas InfoTech INC Fremont, Amrit pal S Tiwana , Avtar & Harry Singh Gill Gill Insurance Agency, Avtar Singh Heerey Pleasanton, Bahadur Singh, Baljinder Singh Randhawa, Balwinder Singh Brar Brar & Brar Lic Fresno, Bergquist, Wood, Mcintosh & Seto ,LLP, Bhagwant S Mangat , Bhandal Bros, INC, Bhupinder Singh Fremont, Peter L. Kutrubes, Daljit Singh Khehra, Darsan Singh Mundy, Davinder Chana , ChanaConstruction Union City, Dhoot Bros Partnership INC Joe Travel Plaza, Dr J. S . Natt, Serra Veterinary Hospital , INC Sunnyvale, Dr. Manider Nijjar & Dr. Ruchi Sahota, Dr. Dalvir Pannu DDS, Inc, Dr. Kanwaljit S Mann Fremont, Dr.Rajesh Sam Suri Fremont, Ghai Management Services Fremont, Gurdawar Singh Mann, Gursharn S Cheema, Gursharan Singh Sekhon San Jose, Hakam Singh Roneer Enterprises INC Danville, Hardeep S. Aulakh Union City, Harjeet Singh Bhangoo, Annapurna Holding, Inc, Harmit Singh Toor Bay East Brokers, Inc, Harvinder S Dhaliwal, Inderjit Singh IJS Micro INC, J.P. Marvaha Tri Valley Medical Center San Ramon, Jagraj S Sahota, Jang Badesha, Jaitinder Kaur Insurance Services Inc , Jaspreet Singh Attorney At Law Fremont, Jassie Singh Dhillon Benicia, Joe Johal Pleasanton, Harminder S Hundal, Kabila Restaurant, Karan S Khalon Monty's Liquor , Khehra Holdings INC, Kuldip Singh Sidhu, Kalwant S Nijjer, Sukhbir S Nijjar, Manjit S Sandhu, Manjit Singh Gill, Gill Fanancial and Insurance Services, Manraj S Natt San Jose, Manoj Sahni, Moon Restaurant Inc Hayward, Narinder S Sahota Sahota Petroleum LLC, Paul Sahota, Paul S Dhariwal, Parminder Singh Moutain Mikes's Pizza, Pritam Singh Grewal, Pritam Singh Grewal Gilroy, Rajinderpal S Dhillon, Rana Singh Kahlon Fremont, Robin Singh Fremont, Sakoon Restaurant INC, Sam Chahal Golden State Realty, Shamsher Singh Braich Pleasanton, Sukhdev Singh Bainiwal San Jose, Malkit Singh Bhoparai Vanco Truck & Auto Plaza, Satinder & David Hayer, Tony Judge, Raghbir S Mangat Gold River, Avninder S Mangat

**Food Sewa By Upkar Kaur Mangat and Lachman Singh Mangat**

**Food Service By Moon Indian Cuisine**


sling TELEVISION
AS DESI AS YOU
7 DAY
FREE TRIAL
PUNJABI
SUPER PACK
$25
A MONTH
PTC PUNJABI
jus punjabi
WILLOW HD
+More
Sling.com/Punjabi | 1-855-321-3952
Promotional Offers: Available to new customers upon account activation. Must provide email address and credit card. Billing and Cancellation: After 7 days your credit card will be charged monthly for applicable subscription until you cancel your service. Cancel on sling.com or by calling 1(877) 811-4788. Programming fees are charged monthly in advance and no credits or refunds will be issued for partial months after cancellation.
Equipment Requirements: Requires Internet-connected compatible device. Compatible devices include: PC or Mac, Roku, iOS 7.0 and higher, Android 4.0.3, Amazon Fire TV, Amazon Fire Stick, Google Nexus and Xbox One.
Miscellaneous: Access on one device is included in the monthly programming package price except HBO (3 devices at a time). A $5/mo. fee will apply for additional International streams. Limit three International streams per account. Certain programs may be unavailable due to programmer restrictions or blackouts. Only available within the United States. State and local taxes apply. All prices, packages, programming and offers subject to change without notice. Other restrictions may apply. See sling.com website for details. Offer ends 12/31/17. ©2017 Sling TV L.L.C. All rights reserved